**Thinking Real Estate?**
BUYERS we'll find the right home for you.
We have a common goal: Making you a homeowner.
SELLERS we know your local markets
Pradeep Singh
847-322-5832
COLDWELL BANKER
Residential Brokerage
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193

**BIG BAZAAR**
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
Buffet
Mon to Sat. 11am to 3pm
Sunday 2pm to 7pm
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery

**Buying/Selling in Michigan**
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150,
Plymouth, MI 48170
Call: 734-751-4455 Raj Shergill
rajsshergill@yahoo.com Associate Broker

Twenty First Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 21, Issue 25, June 20, 2020
2451 N. Plum Grove Rd., Palatine, IL 60074
Ph:847-359-0746, Fax:847-705-9388

# ਚੀਨ ਨੇ ਭਾਰਤ ਦੀ ਸਫਾਰਤੀ ਨੀਤੀ ਦੀਆਂ ਧੱਜੀਆਂ ਉਡਾਈਆਂ

## ਡੋਕਲਾਮ ਤੋਂ ਬਾਅਦ ਹੁਣ ਲੱਦਾਖ ਵਿਚ ਦਖਲ

**ਨਵੀਂ ਦਿੱਲੀ:** ਲੱਦਾਖ ਦੀ ਗਲਵਾਨ ਘਾਟੀ ਵਿਚ ਚੀਨੀ ਫੌਜਾਂ ਨਾਲ ਹਿੰਸਕ ਟਕਰਾਅ ਦੌਰਾਨ ਭਾਰਤੀ ਫੌਜ ਦੇ ਕਰਨਲ, ਸੂਬੇਦਾਰ ਸਮੇਤ 20 ਫੌਜੀ ਮਾਰੇ ਗਏ ਜਦ ਕਿ ਵੱਡੀ ਗਿਣਤੀ ਜ਼ਖਮੀ ਹੋਏ ਹਨ। 45 ਸਾਲਾਂ ਬਾਅਦ ਇਹ ਪਹਿਲਾ ਮੌਕਾ



ਹੈ ਜਦੋਂ ਚੀਨ ਦੀ ਸਰਹੱਦ 'ਤੇ ਕੋਈ ਭਾਰਤੀ ਜਵਾਨ ਮਾਰਿਆ ਗਿਆ ਹੈ। ਇਸ ਤੋਂ ਪਹਿਲਾਂ 1975 ਵਿਚ ਅਰੁਣਾਚਲ ਪ੍ਰਦੇਸ਼ ਦੇ ਤੁਲੁੰਗ-ਲਾ ਵਿਚ ਚੀਨੀ ਹਮਲੇ ਵਿਚ 4 ਸੈਨਿਕ ਮਾਰੇ ਗਏ ਸਨ।

ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਦੋਵੇਂ ਫੌਜਾਂ ਗਲਵਾਨ ਵਾਦੀ ਤੋਂ ਪਿੱਛੇ ਹਟ ਰਹੀਆਂ ਸਨ। ਇਸ ਖੂਨੀ ਝੜਪ ਵਿਚ ਚੀਨੀ ਫੌਜ ਦੇ ਜਾਨੀ ਨੁਕਸਾਨ ਦੀ ਗੱਲ ਆਖੀ ਜਾ ਰਹੀ ਹੈ। ਇਹ ਵੀ ਪਤਾ ਲੱਗਾ ਹੈ ਕਿ ਦੋਵਾਂ ਪਾਸਿਆਂ ਤੋਂ ਕੋਈ ਗੋਲੀਬਾਰੀ ਨਹੀਂ ਸਗੋਂ ਇਕ ਦੂਜੇ 'ਤੇ ਪੱਥਰਾਂ, ਲੋਹੇ ਦੀਆਂ ਰਾਡਾਂ ਅਤੇ ਡਾਂਗਾਂ ਨਾਲ ਹਮਲਾ ਕੀਤਾ ਗਿਆ। ਚੀਨ ਦਾ ਦਾਅਵਾ ਹੈ ਕਿ ਭਾਰਤੀ ਫੌਜੀਆਂ ਦੇ ਆਪਣਾ ਵਾਅਦਾ ਤੋੜਦਿਆਂ ਗਲਵਾਨ ਘਾਟੀ ਵਿਚ ਅਸਲ ਕੰਟਰੋਲ ਰੇਖਾ ਪਾਰ ਕੀਤੀ ਹੈ। 'ਗਲੋਬਲ ਟਾਇਮਜ਼' ਵਿਚ ਪ੍ਰਕਾਸ਼ਿਤ ਚੀਨੀ ਫੌਜ ਦੇ ਬਿਆਨ ਮੁਤਾਬਕ ਭਾਰਤੀ ਫੌਜ ਨੇ ਜਾਣਬੁੱਝ ਕੇ ਭੜਕਾਹਟ ਪੈਦਾ ਕਰਨ ਲਈ ਹਮਲੇ ਕੀਤੇ ਜਿਸ ਨਾਲ ਝੜਪਾਂ ਦੌਰਾਨ ਕਈ ਮੌਤਾਂ ਹੋਈਆਂ।

ਯਾਦ ਰਹੇ ਕਿ ਇਹ ਘਟਨਾ ਉਸ ਸਮੇਂ ਵਾਪਰੀ ਹੈ ਜਦੋਂ ਭਾਰਤ ਦਾ ਰੱਖਿਆ ਮੰਤਰੀ ਬਿਆਨ ਦੇ ਰਿਹਾ ਸੀ ਕਿ ਸਾਡਾ ਮੁਲਕ ਹੁਣ ਪਹਿਲਾਂ ਵਾਂਗੂ ਕਮਜ਼ੋਰ ਨਹੀਂ ਰਿਹਾ ਹੈ। ਭਾਰਤ ਤੇ ਚੀਨ ਵਿਚਾਲੇ ਲੱਦਾਖ ਵਿਚ ਪਿਛਲੇ ਕਾਫੀ ਦਿਨਾਂ ਤੋਂ ਤਣਾਅ ਚੱਲ ਰਿਹਾ ਹੈ, ਦੋਵੇਂ ਦੇਸ਼ਾਂ ਦੀਆਂ ਫੌਜਾਂ ਆਹਮੋ-ਸਾਹਮਣੇ ਹਨ। ਹਾਲਾਂਕਿ ਭਾਰਤ ਵਲੋਂ ਦਾਅਵਾ ਕੀਤਾ ਜਾ ਰਿਹਾ ਸੀ ਕਿ ਮੋਦੀ ਸਰਕਾਰ ਦੀ ਦਾਬੇ ਪਿੱਛੋਂ ਚੀਨੀ ਫੌਜਾਂ ਭਾਰਤੀ ਸਰਹੱਦ ਤੋਂ ਪਿੱਛੇ ਹਟ ਗਈਆਂ ਹਨ ਤੇ ਹੁਣ ਸਭ ਕੁਝ ਠੀਕ ਹੈ। ਇਸ ਘਟਨਾ ਪਿੱਛੋਂ ਜਿਥੇ ਦੋਵਾਂ ਦੇਸ਼ਾਂ ਵਿਚ ਤਣਾਅ ਸਿਖਰਾਂ ਉਤੇ ਹੈ, ਉਥੇ ਵਿਰੋਧੀ ਧਿਰਾਂ ਮੋਦੀ ਸਰਕਾਰ ਨੂੰ 56 ਇੰਚ ਦੇ ਸੀਨੇ ਬਾਰੇ ਸਵਾਲ ਕਰ ਰਹੀਆਂ ਹਨ। ਸਿਆਸੀ ਮਾਹਿਰ ਵੀ ਸਵਾਲ ਕਰ ਰਹੇ ਹਨ ਕਿ ਚੀਨ ਵੱਲੋਂ ਭਾਰਤੀ ਸਰਹੱਦ ਵਿਚ ਤੰਬੂ ਗੱਡਣ ਦੀਆਂ ਤਸਵੀਰਾਂ ਲਗਾਤਾਰ ਸਾਹਮਣੇ ਆ ਰਹੀਆਂ ਹਨ।


ਡੋਕਲਾਮ ਤੋਂ ਬਾਅਦ ਚੀਨ ਲੱਦਾਖ ਵਾਲੇ ਪਾਸੇ ਘੁਸਪੈਠ ਕਰ ਰਿਹਾ ਹੈ ਪਰ ਕਮਜ਼ੋਰ ਮੁਲਕ ਪਾਕਿਸਤਾਨ ਖਿਲਾਫ ਸਰਜੀਕਲ ਸਟ੍ਰਾਈਕ ਕਰਕੇ ਛਾਤੀ ਠੋਕਣ ਵਾਲੀ ਮੋਦੀ ਸਰਕਾਰ ਇਸ ਪਾਸੇ ਮੂੰਹ ਕਰਨ ਲਈ ਤਿਆਰ ਨਹੀਂ। ਸਵਾਲ ਮੋਦੀ ਸਰਕਾਰ ਦੀ ਵਿਦੇਸ਼ ਨੀਤੀ ਉਤੇ ਵੀ ਉਠ ਰਹੇ ਹਨ। ਸੱਤਾ ਸਾਂਭਣ ਪਿੱਛੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਗੁਆਂਢੀ ਮੁਲਕਾਂ ਨੂੰ ਵਿਸਾਰ ਪੱਛਮੀ ਦੇਸ਼ਾਂ ਪਿੱਛੇ ਭੱਜਣ ਦੀ ਰਣਨੀਤੀ ਅਪਣਾਈ ਹੋਈ ਹੈ। ਭਾਰਤ ਦੇ ਗਵਾਂਢੀ ਮੁਲਕਾਂ- ਪਾਕਿਸਤਾਨ, ਚੀਨ ਅਤੇ ਨੇਪਾਲ ਨਾਲ ਸਬੰਧਾਂ ਵਿਚ ਵੱਡਾ ਤਣਾਅ ਆਇਆ ਹੈ। ਪਿਛਲੇ ਦਿਨੀਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ ਸਾਰੇ ਗੁਆਂਢੀ ਮੁਲਕਾਂ ਨੂੰ ਭਾਰਤ ਦੀਆਂ

*(ਬਾਕੀ ਸਫਾ 6 ਉਤੇ)*

# ਹੁਣ ਯੋਗੀ ਸਰਕਾਰ ਸਿੱਖ ਕਿਸਾਨਾਂ ਨੂੰ ਉਜਾੜਨ ਲੱਗੀ

**ਚੰਡੀਗੜ੍ਹ:** ਕਰੋਨਾ ਮਹਾਮਾਰੀ ਤੋਂ ਬਾਅਦ ਉਤਰ ਪ੍ਰਦੇਸ਼ ਦੀ ਸਿੱਖ ਵਸੋਂ ਨੂੰ ਇਕ ਹੋਰ ਬਿਪਤਾ ਆ ਪਈ ਹੈ। ਉਤਰ ਪ੍ਰਦੇਸ਼ ਦੀ ਯੋਗੀ ਸਰਕਾਰ ਇਥੇ ਤਿੰਨ ਪੀੜ੍ਹੀਆਂ ਤੋਂ ਜ਼ਮੀਨਾਂ ਆਬਾਦ ਕਰ ਕੇ ਬੈਠੇ ਹਜ਼ਾਰਾਂ ਸਿੱਖ ਕਿਸਾਨਾਂ ਨੂੰ ਉਜਾੜਨ ਦੇ ਰਾਹ ਪਈ ਹੋਈ ਹੈ। ਪਿਛਲੇ ਦਿਨੀਂ ਸਿੱਖ ਵਸੋਂ ਵਾਲੇ ਇਥੋਂ ਦੇ ਤਰਾਈ ਖੇਤਰ ਦੇ ਜ਼ਿਲ੍ਹਾ ਰਾਮਪੁਰ ਦੇ 15 ਪਿੰਡਾਂ, ਜ਼ਿਲ੍ਹਾ ਬਿਜਨੌਰ ਦੀ ਨਗੀਨਾ ਤਹਿਸੀਲ 'ਚ ਪੈਂਦੇ ਪਿੰਡ ਚੰਪਤਪੁਰ ਅਤੇ ਜ਼ਿਲ੍ਹਾ ਲਖੀਮਪੁਰ ਖੀਰੀ ਦੀ ਤਹਿਸੀਲ ਨਿਗਾਸਨ ਦੇ ਪਿੰਡ ਰਣਨਗਰ ਵਿਚਲੇ ਕਿਸਾਨਾਂ ਨੂੰ ਪੁਲਿਸ ਦੇ ਜ਼ੋਰ ਨਾਲ ਪ੍ਰਸ਼ਾਸਨ ਨੇ ਉਜਾੜਨਾ ਸ਼ੁਰੂ ਕੀਤਾ ਹੈ।





ਇਸ ਖੇਤਰ ਦੇ ਸਾਰੇ ਹੀ ਸਿੱਖ ਪਰਿਵਾਰ 1947 ਵੀ ਵੰਡ ਸਮੇਂ ਪਾਕਿਸਤਾਨ ਤੋਂ ਉਠ ਕੇ ਸਿੱਧੇ ਇਥੇ ਆ ਕੇ ਵਸੇ ਸਨ। ਇਸ ਖੇਤਰ ਦੇ ਰੋਹੀ ਬੀਆਬਾਨਾਂ ਤੇ ਜੰਗਲ ਬੇਲਿਆਂ 'ਚ ਅਤਿਅੰਤ ਔਖਿਆਈ ਝੱਲਦਿਆਂ ਇਨ੍ਹਾਂ ਲੋਕਾਂ ਨੇ ਇਥੇ ਕਈ ਦਹਾਕਿਆਂ ਦੀ ਮਿਹਨਤ ਬਾਅਦ ਜ਼ਮੀਨਾਂ ਆਬਾਦ ਕੀਤੀਆਂ ਹਨ। ਜ਼ਮੀਨਾਂ ਆਬਾਦ ਕਰ ਕੇ ਵਸਦਿਆਂ ਇਨ੍ਹਾਂ ਦੀ ਤੀਜੀ ਪੀੜ੍ਹੀ ਚੱਲ ਰਹੀ ਹੈ। 1980 'ਚ ਹੋਈ ਚੱਕਬੰਦੀ ਸਮੇਂ 20 ਸਾਲਾਂ ਦੇ ਕਾਬਜ਼ ਹੋਣ ਕਾਰਨ ਇਥੇ ਵਸੇ ਕਿਸਾਨਾਂ ਨੂੰ ਹੱਕ ਮਾਲਕੀ ਵੀ ਮਿਲ ਗਏ ਸਨ ਪਰ ਉਤਰ ਪ੍ਰਦੇਸ਼ ਸਰਕਾਰ ਨੇ ਇਨ੍ਹਾਂ ਪਰਿਵਾਰਾਂ ਨੂੰ ਕਰੋਨਾ ਆਫਤ ਵੇਲੇ ਉਜਾੜਨ ਦੀ ਤਿਆਰੀ ਕਰ ਲਈ ਹੈ।

ਉਧਰ, ਚੁਫੇਰਿਉਂ ਅਲੋਚਨਾ ਤੋਂ ਬਾਅਦ ਪੰਜਾਬ ਦੀਆਂ ਸਿਆਸੀ ਧਿਰਾਂ ਵੀ ਇਨ੍ਹਾਂ ਸਿੱਖਾਂ ਦੇ ਹੱਕ ਵਿਚ ਨਿੱਤਰ ਆਈਆਂ ਹਨ, ਸ਼੍ਰੋਮਣੀ ਕਮੇਟੀ ਨੇ ਵੀ ਇਸ ਘਟਨਾ ਉਤੇ ਚਿੰਤਾ ਜ਼ਾਹਿਰ ਕਰਦਿਆਂ ਮਸਲੇ ਦੇ ਹੱਲ ਲਈ ਤਿੰਨ ਮੈਂਬਰੀ ਸਬ-ਕਮੇਟੀ ਬਣਾ ਦਿੱਤੀ ਹੈ। ਹਾਲਾਂਕਿ ਇਥੋਂ ਦੇ ਕਿਸਾਨਾਂ ਦਾ ਗਿਲਾ ਹੈ ਕਿ ਪਾਣੀ ਸਿਰੋਂ ਲੰਘਣ ਤੋਂ ਬਾਅਦ ਉਨ੍ਹਾਂ ਦੇ ਆਪਣੇ ਮਦਦ ਲਈ ਬੋਹੜੇ ਹਨ। ਪ੍ਰਸ਼ਾਸਨ ਨੇ ਫਸਲਾਂ ਬਰਬਾਦ ਕਰਕੇ ਉਨ੍ਹਾਂ ਦਾ ਵੱਡਾ ਨੁਕਸਾਨ ਕੀਤਾ ਹੈ।

*(ਬਾਕੀ ਸਫਾ 6 ਉਤੇ)*

**India Palace Restaurant**
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
**Amber Indian Restaurant**
Restaurant-Fine Indian Cuisine
12510 N. Meridian St.,
Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

**WorldWide Travel, Inc**
ਅੱਜ ਹੀ ਕਾਲ ਕਰੋ
24 ਘੰਟੇ ਐਮਰਜੈਂਸੀ ਸੇਵਾ
ਦਿੱਲੀ $895
ਟੈਕਸ ਸਮੇਤ
734 838 9998
Fare shown above is for departure from Jan 15th, 2020 and subject to availability, other conditions apply. Please call for more details

**Regal Jewels**
2625 W. Devon Ave. Chicago, IL 60659
773-262-4377 773-517-0517
WWW.REGALJEWELS.COM
Open 11am to 8pm Closed on Tuesday

# ਕਰੋਨਾ ਵਾਇਰਸ: ਪੰਜਾਬ ਸਰਕਾਰ ਮੁੜ ਸਖਤੀ ਵਾਲੇ ਰੌਂਅ ਵਿਚ

**ਚੰਡੀਗੜ੍ਹ:** ਲੌਕਡਾਊਨ ਵਿਚ ਢਿੱਲ ਤੋਂ ਬਾਅਦ ਪੰਜਾਬ ਵਿਚ ਕਰੋਨਾ ਵਾਇਰਸ ਦਾ ਕਹਿਰ ਵਧ ਗਿਆ ਹੈ। ਜਿਸ ਕਾਰਨ ਸਰਕਾਰ ਮੁੜ ਸਖਤੀ ਵਰਤਣ ਦੇ ਰੌਂਅ ਵਿਚ ਹੈ। ਪੰਜਾਬ ਸਰਕਾਰ ਨੇ ਲੌਕਡਾਊਨ ਦੀ ਵਾਪਸੀ ਤਹਿਤ ਹੁਣ ਗੈਰ-ਜ਼ਰੂਰੀ ਵਸਤਾਂ ਦੀਆਂ ਦੁਕਾਨਾਂ 'ਤੇ ਬੰਦਸ਼ਾਂ ਲਾ ਦਿੱਤੀਆਂ ਹਨ।



ਪੰਜਾਬ ਵਿਚ ਅੰਤਰ ਜ਼ਿਲ੍ਹਾ ਆਵਾਜਾਈ 'ਤੇ ਵੀ ਰੋਕ ਲਗਾ ਦਿੱਤੀ ਗਈ ਹੈ। ਜ਼ਰੂਰੀ ਵਸਤਾਂ ਅਤੇ ਮੈਡੀਕਲ ਲੋੜਾਂ ਨੂੰ ਛੱਡ ਕੇ ਕੇਵਲ ਈ-ਪਾਸ ਧਾਰਕਾਂ ਨੂੰ ਹੀ ਆਉਣ-ਜਾਣ ਦੀ ਪ੍ਰਵਾਨਗੀ ਹੋਵੇਗੀ। ਮੁੱਖ ਮੰਤਰੀ ਨੇ ਹਫਤੇ ਦੇ ਅੰਤਲੇ ਦਿਨਾਂ (ਸਨਿੱਚਰਵਾਰ ਤੇ ਐਤਵਾਰ) ਅਤੇ ਛੁੱਟੀ ਵਾਲੇ ਦਿਨਾਂ ਦੀਆਂ ਪਾਬੰਦੀਆਂ ਬਾਬਤ ਵਿਸਥਾਰਤ ਦਿਸ਼ਾ-ਨਿਰਦੇਸ਼ ਜਾਰੀ ਕਰ ਦਿੱਤੇ ਹਨ। ਨਵੀਆਂ ਸੇਧਾਂ ਵਿਚ ਸਿਰਫ ਜ਼ਰੂਰੀ ਵਸਤਾਂ ਦੀਆਂ ਦੁਕਾਨਾਂ ਅਤੇ ਸੇਵਾਵਾਂ ਨੂੰ ਹੀ ਹਫਤੇ ਦੇ ਸਾਰੇ ਦਿਨ ਖੋਲ੍ਹਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਲੌਕਡਾਊਨ 5/ਅਨਲੌਕ 1 ਸਬੰਧੀ ਪਹਿਲਾਂ ਹੀ ਨੋਟੀਫਿਕੇਸ਼ਨ ਜਾਰੀ ਕੀਤਾ ਜਾ ਚੁੱਕਾ ਹੈ। ਦਿਸ਼ਾ-ਨਿਰਦੇਸ਼ ਅਗਲੇ ਹੁਕਮਾਂ ਤੱਕ ਹਫਤੇ ਦੇ ਅੰਤਲੇ ਦਿਨਾਂ ਅਤੇ ਗਜ਼ਟਿਡ ਛੁੱਟੀ ਵਾਲੇ ਦਿਨਾਂ ਲਈ ਲਾਗੂ ਰਹਿਣਗੇ।

ਪੰਜਾਬ-ਹਰਿਆਣਾ ਸੀਮਾ ਵਾਲੇ ਜ਼ਿਲ੍ਹਾ ਬਠਿੰਡਾ, ਮਾਨਸਾ, ਸੰਗਰੂਰ, ਪਟਿਆਲਾ ਤੇ ਮੁਹਾਲੀ 'ਚ ਅੰਤਰਰਾਜੀ ਨਾਕਾਬੰਦੀ ਸਖਤ ਕਰ ਦਿੱਤੀ ਗਈ ਹੈ। ਈ-ਪਾਸ ਤੋਂ ਬਿਨਾਂ ਕਿਸੇ ਨੂੰ ਵੀ ਲੰਘਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਬਾਹਰੀ ਸੂਬਿਆਂ ਤੋਂ ਆਉਣ ਵਾਲਿਆਂ ਦੀ ਚੈਕਿੰਗ ਵਧਾ ਦਿੱਤੀ ਗਈ ਹੈ। ਸੰਗਰੂਰ-ਦਿੱਲੀ ਮੁੱਖ ਸੜਕ ਮਾਰਗ 'ਤੇ ਅੰਤਰਰਾਜੀ ਨਾਕੇ ਉਤੇ ਪੁਲਿਸ ਦੀ ਸਖਤੀ ਵੇਖਣ ਨੂੰ ਮਿਲੀ। ਅੰਮ੍ਰਿਤਸਰ ਦੇ ਬਾਹਰੀ 17 ਦਾਖਲਾ ਪੁਆਇੰਟਾਂ 'ਤੇ ਪੁਲਿਸ ਨੇ ਸਖਤੀ ਵਰਤੀ। ਲੋਕ ਜੁਰਮਾਨੇ ਦੇ ਡਰੋਂ ਮਾਸਕ ਪਾਉਣ ਲੱਗੇ ਹਨ।

ਨਵੇਂ ਹੁਕਮਾਂ ਅਨੁਸਾਰ ਜ਼ਰੂਰੀ ਵਸਤਾਂ ਤੇ ਸੇਵਾਵਾਂ ਨਾਲ ਸਬੰਧਤ ਦੁਕਾਨਾਂ ਹਫਤੇ ਦੇ ਸਾਰੇ ਦਿਨ ਸ਼ਾਮ ਸੱਤ ਵਜੇ ਤੱਕ ਖੁੱਲ੍ਹੀਆਂ ਰਹਿਣਗੀਆਂ। ਇਸੇ ਤਰ੍ਹਾਂ ਰੈਸਟੋਰੈਂਟ (ਸਿਰਫ ਘਰ ਲਿਜਾਣ/ਹੋਮ ਡਲਿਵਰੀ ਲਈ) ਅਤੇ ਸ਼ਰਾਬ ਦੀਆਂ ਦੁਕਾਨਾਂ ਸਾਰੇ ਦਿਨ ਸ਼ਾਮ 8 ਵਜੇ ਤੱਕ ਖੁੱਲ੍ਹੀਆਂ ਰਹਿਣਗੀਆਂ।

ਹਦਾਇਤਾਂ ਅਨੁਸਾਰ ਸ਼ਾਪਿੰਗ ਮਾਲਜ਼ ਵਿਚਲੀਆਂ ਅਤੇ ਇਕੱਲੀਆਂ ਦੁਕਾਨਾਂ ਐਤਵਾਰ ਨੂੰ ਬੰਦ ਰਹਿਣਗੀਆਂ ਜਦੋਂ ਕਿ ਸਨਿੱਚਰਵਾਰ ਨੂੰ ਇਹ ਸ਼ਾਮ ਨੂੰ ਪੰਜ ਵਜੇ ਤੱਕ ਖੁੱਲ੍ਹੀਆਂ ਰਹਿਣਗੀਆਂ। ਜ਼ਿਲ੍ਹਾ ਪ੍ਰਸ਼ਾਸਨ ਇਨ੍ਹਾਂ ਸੇਧਾਂ ਦੀ ਸਖਤੀ ਨਾਲ ਪਾਲਣਾ ਯਕੀਨੀ ਬਣਾਏਗਾ। ਸੇਧਾਂ ਮੁਤਾਬਕ ਜ਼ਿਲ੍ਹਾ ਪ੍ਰਸ਼ਾਸਨ ਆਪਣੇ ਪੱਧਰ ਉਤੇ ਜੋਖਮ ਵਾਲੇ ਇਲਾਕਿਆਂ ਵਿਚ ਸਥਾਨਕ ਮਾਰਕੀਟ ਐਸੋਸੀਏਸ਼ਨਾਂ ਨਾਲ ਮੀਟਿੰਗ ਕਰਕੇ ਗੈਰ-ਜ਼ਰੂਰੀ ਵਸਤਾਂ ਦੀਆਂ ਦੁਕਾਨਾਂ ਹਫਤੇ ਦੇ ਹੋਰਨਾਂ ਦਿਨਾਂ ਵਿਚ ਵੀ ਬੰਦ ਕਰਨ ਦਾ ਫੈਸਲਾ ਲੈ ਸਕਦਾ ਹੈ। ਮੁੱਖ ਮੰਤਰੀ ਨੇ ਵੀਡੀਓ ਕਾਨਫਰੰਸ ਜ਼ਰੀਏ ਕਿਹਾ ਕਿ ਆਉਂਦੇ ਦੋ ਮਹੀਨੇ ਮਹਾਮਾਰੀ ਦਾ ਸਿਖਰ ਹੋ ਸਕਦੇ ਹਨ। ਨਿਰਦੇਸ਼ਾਂ ਅਨੁਸਾਰ ਹੁਣ ਅੰਤਰ-ਜ਼ਿਲ੍ਹਾ ਆਵਾਜਾਈ ਈ-ਪਾਸ ਨਾਲ ਹੋ ਸਕੇਗੀ ਜਿਹੜਾ ਸਿਰਫ ਜ਼ਰੂਰੀ ਕੰਮਾਂ ਲਈ ਜਾਰੀ ਹੋਵੇਗਾ। ਮੈਡੀਕਲ ਐਮਰਜੈਂਸੀ ਮੌਕੇ ਆਉਣ-ਜਾਣ ਲਈ ਅਜਿਹੇ ਕਿਸੇ ਪਾਸ ਦੀ ਲੋੜ ਨਹੀਂ ਹੋਵੇਗੀ। ਵਿਆਹ ਸਮਾਗਮਾਂ ਲਈ ਈ-ਪਾਸ ਲੋੜੀਂਦਾ ਹੋਵੇਗਾ ਅਤੇ ਇਹ 50 ਵਿਸ਼ੇਸ਼ ਵਿਅਕਤੀਆਂ ਨੂੰ ਹੀ ਜਾਰੀ ਹੋਵੇਗਾ। ਸਕੂਲੀ ਪ੍ਰੀਖਿਆਵਾਂ ਲਈ ਕੋਈ ਪਾਬੰਦੀ ਨਹੀਂ ਹੋਵੇਗੀ ਅਤੇ ਵਿਦਿਆਰਥੀ ਦੇ ਐਂਟਰੀ ਪਾਸ ਹੀ ਈ-ਪਾਸ ਵਜੋਂ ਪ੍ਰਵਾਨਿਤ ਹੋਣਗੇ। ਮੁੱਖ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕੋਵਿਡ ਪ੍ਰੋਟੋਕਾਲ ਦੀ ਪਾਲਣਾ ਕਰਨ ਵਿਚ ਕੁਤਾਹੀ ਨਾ ਵਰਤਣ।

## ਮੁੱਖ ਮੰਤਰੀ ਵੱਲੋਂ 'ਘਰ ਘਰ ਨਿਗਰਾਨੀ' ਐਪ ਜਾਰੀ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੋਵਿਡ ਦੇ ਸਮਾਜਿਕ ਫੈਲਾਅ ਨੂੰ ਰੋਕਣ ਲਈ ਮੋਬਾਈਲ ਆਧਾਰਿਤ ਐਪ 'ਘਰ ਘਰ ਨਿਗਰਾਨੀ' ਲਾਂਚ ਕੀਤੀ। ਇਸ ਐਪ ਜ਼ਰੀਏ ਸੂਬੇ ਦੇ ਹਰ ਘਰ 'ਤੇ ਮਹਾਮਾਰੀ ਦੇ ਖਾਤਮੇ ਤੱਕ ਨਿਗਰਾਨੀ ਰੱਖੀ ਜਾਵੇਗੀ। ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਦੀ ਹਾਜ਼ਰੀ ਵਿਚ ਵੀਡੀਓ ਕਾਨਫਰੰਸ ਰਾਹੀਂ ਮੁੱਖ ਮੰਤਰੀ ਨੇ ਇਹ ਐਪ ਜਾਰੀ ਕੀਤੀ। ਇਹ ਐਪ ਕਰੋਨਾ ਵਾਇਰਸ ਦੀ ਛੇਤੀ ਸ਼ਨਾਖਤ ਅਤੇ ਟੈਸਟਿੰਗ ਵਿਚ ਮਦਦਗਾਰ ਬਣੇਗੀ। ਵਧੀਕ ਮੁੱਖ ਸਕੱਤਰ (ਸਿਹਤ) ਅਨੁਰਾਗ ਅਗਰਵਾਲ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ 30 ਸਾਲ ਤੋਂ ਵੱਧ ਉਮਰ ਦੀ ਪੰਜਾਬ ਦੀ ਸਾਰੀ ਸ਼ਹਿਰੀ ਤੇ ਪੇਂਡੂ ਵਸੋਂ ਦਾ ਸਰਵੇਖਣ ਕੀਤਾ ਜਾਵੇਗਾ।

## ਕਰੋਨਾ ਖਿਲਾਫ ਹੌਸਲੇ ਨਾਲ ਲੜਨੀ ਪਵੇਗੀ ਜੰਗ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਕਰੋਨਾ ਜੁਲਾਈ ਤੋਂ ਸਤੰਬਰ ਤੱਕ ਸਿਖਰਾਂ ਉਤੇ ਹੋਵੇਗਾ ਤੇ ਸਾਨੂੰ ਇਹ ਜੰਗ ਹੌਸਲੇ ਨਾਲ ਲੜਨੀ ਪਵੇਗੀ। ਉਨ੍ਹਾਂ ਕਿਹਾ ਕਿ ਕੈਮਬ੍ਰਿਜ ਯੂਨੀਵਰਸਿਟੀ ਦੀ ਇਕ ਰਿਪੋਰਟ ਮੁਤਾਬਕ ਸਿਰਫ ਮਾਸਕ ਪਾ ਕੇ 75 ਤੋਂ 80 ਫੀਸਦੀ ਤੱਕ ਇਸ ਵਾਇਰਸ ਤੋਂ ਬਚਾਅ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਟੈਸਟਾਂ ਦੀ ਗਿਣਤੀ ਵਧਾ ਕੇ ਇਕ ਦਿਨ 'ਚ 20000 ਕਰਨ ਲਈ ਆਧੁਨਿਕ ਮਸ਼ੀਨਾਂ ਦੀ ਖਰੀਦ ਕਰਨ ਦੀ ਪ੍ਰਕਿਰਿਆ ਅਧੀਨ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ 'ਚ ਫਿਲਮਾਂ ਦੀ ਸ਼ੂਟਿੰਗ ਕਰਨ ਦੀ ਇਜਾਜ਼ਤ ਹੈ, ਜਿਸ ਸਬੰਧੀ ਡਿਪਟੀ ਕਮਿਸ਼ਨਰਾਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ।

# ਭਾਰਤ ਵਿਚ ਮੱਧ ਨਵੰਬਰ ਤੱਕ ਸਿਖਰ 'ਤੇ ਪੁੱਜ ਸਕਦਾ ਹੈ ਕਰੋਨਾ

ਨਵੀਂ ਦਿੱਲੀ: ਇਕ ਤਾਜ਼ਾ ਸਰਵੇਖਣ 'ਚ ਦੱਸਿਆ ਗਿਆ ਹੈ ਕਿ ਭਾਰਤ ਵਿਚ 8 ਹਫਤਿਆਂ ਦੀ ਤਾਲਾਬੰਦੀ ਤੇ ਜਨਤਕ ਸਿਹਤ ਉਪਾਵਾਂ ਦੇ ਚਲਦਿਆਂ ਕਰੋਨਾ ਮਹਾਮਾਰੀ ਦੇ ਸਿਖਰਲੀ ਅਵਸਥਾ ਤੱਕ ਪੁੱਜਣ 'ਚ ਦੇਰੀ ਹੋਈ ਹੈ, ਜੋ ਹੁਣ ਨਵੰਬਰ ਅੱਧ ਤੱਕ ਆਪਣੇ ਸਿਖਰ ਉਤੇ ਪੁੱਜ ਸਕਦੀ ਹੈ ਅਤੇ ਇਸ ਦੌਰਾਨ ਆਈ.ਸੀ.ਯੂ. ਬਿਸਤਰਿਆਂ, ਵੈਂਟੀਲੇਟਰਾਂ ਦੀ ਵੱਡੀ ਕਮੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।



ਭਾਰਤੀ ਮੈਡੀਕਲ ਰਿਸਰਚ ਕੌਂਸਲ (ਆਈ.ਸੀ.ਐਮ.ਆਰ.) ਦੇ ਆਪਰੇਸ਼ਨਜ਼ ਰਿਸਰਚ ਗਰੁੱਪ ਦੇ ਖੋਜਕਾਰਾਂ ਵਲੋਂ ਕੀਤੇ ਗਏ ਅਧਿਐਨ 'ਚ ਦੱਸਿਆ ਗਿਆ ਹੈ ਕਿ ਤਾਲਾਬੰਦੀ ਦੇ ਚਲਦਿਆਂ ਅੰਦਾਜ਼ਨ 34 ਤੋਂ 76 ਦਿਨਾਂ ਤੱਕ ਮਹਾਮਾਰੀ ਨੂੰ ਸਿਖਰ ਉਤੇ ਪੁੱਜਣ ਤੋਂ ਰੋਕਿਆ ਜਾ ਸਕਿਆ ਹੈ ਅਤੇ ਇਸ ਦੌਰਾਨ 69 ਤੋਂ 97 ਫੀਸਦੀ ਤੱਕ ਲਾਗਾਂ (ਇੰਫੈਕਸ਼ਨ) ਨੂੰ ਘੱਟ ਕਰਨ ਦੇ ਚਲਦਿਆਂ ਸਿਹਤ ਸੇਵਾ ਪ੍ਰਣਾਲੀ ਨੂੰ ਬਿਹਤਰ ਬਣਾਉਣ ਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ 'ਚ ਮਦਦ ਮਿਲੀ ਹੈ। ਅਧਿਐਨ ਅਨੁਸਾਰ ਤਾਲਾਬੰਦੀ ਬਾਅਦ 60% ਪ੍ਰਭਾਵਸ਼ੀਲਤਾ ਨਾਲ ਜਨਤਕ ਸਿਹਤ ਮਾਪਦੰਡਾਂ ਨਾਲ ਨਵੰਬਰ ਦੇ ਪਹਿਲੇ ਹਫਤੇ ਤੱਕ ਮੰਗ ਪੂਰੀ ਕੀਤੀ ਜਾ ਸਕੇਗੀ ਅਤੇ ਇਸ ਤੋਂ ਬਾਅਦ 5 ਮਹੀਨਿਆਂ ਲਈ ਅਲੱਗ ਬਿਸਤਰਿਆਂ ਦੀ ਘਾਟ ਹੋ ਸਕਦੀ ਹੈ। ਇਸ ਦੇ ਨਾਲ ਆਈ.ਸੀ.ਯੂ. ਬੈਡ 4.6 ਮਹੀਨਿਆਂ ਤੇ ਵੈਂਟੀਲੇਟਰਾਂ ਦੀ 3.9 ਮਹੀਨਿਆਂ ਲਈ ਕਮੀ ਹੋ ਸਕਦੀ ਹੈ। ਭਾਵੇਂ ਤਾਲਾਬੰਦੀ ਤੇ ਜਨਤਕ ਸਿਹਤ ਉਪਾਵਾਂ ਦੇ ਚਲਦਿਆਂ ਇਹ ਕਮੀ 83 ਫੀਸਦੀ ਘੱਟ ਹੋਈ ਹੈ।

## ਮੌਤਾਂ ਦੇ ਮਾਮਲੇ 'ਚ ਭਾਰਤ ਦਾ 9ਵਾਂ ਸਥਾਨ

**ਨਵੀਂ ਦਿੱਲੀ:** ਕਰੋਨਾ ਲਾਗ ਕਾਰਨ ਮੌਤਾਂ ਦੇ ਮਾਮਲੇ 'ਚ ਭਾਰਤ ਦੁਨੀਆਂ ਦਾ ਨੌਵਾਂ ਸਭ ਤੋਂ ਵੱਧ ਪੀੜਤ ਮੁਲਕ ਬਣ ਗਿਆ ਹੈ। ਦੇਸ਼ 'ਚ ਇਸ ਲਾਗ ਨਾਲ ਮਰਨ ਵਾਲਿਆਂ ਦਾ ਅੰਕੜਾ 10 ਹਜ਼ਾਰ ਨੂੰ ਪਾਰ ਕਰ ਗਿਆ ਹੈ। ਜੌਹਨ ਹਾਪਕਿਨਜ਼ ਯੂਨਵਰਸਿਟੀ, ਜੋ ਕਿ ਦੁਨੀਆਂ ਭਰ ਦੇ ਕੋਵਿਡ-19 ਕੇਸਾਂ ਨੂੰ ਇਕੱਠਾ ਕਰ ਰਹੀ ਹੈ, ਮੁਤਾਬਕ ਭਾਰਤ ਮੌਤਾਂ ਦੇ ਮਾਮਲੇ 'ਚ ਸੰਸਾਰ ਵਿਚੋਂ 9ਵੇਂ ਜਦਕਿ ਕੇਸਾਂ ਦੇ ਮਾਮਲੇ 'ਚ ਚੌਥੇ ਸਥਾਨ ਉਤੇ ਹੈ। ਸਿਹਤ ਮੰਤਰਾਲੇ ਵੱਲੋਂ ਦੱਸਿਆ ਗਿਆ ਕਿ ਦੇਸ਼ 'ਚ ਰੋਜ਼ਾਨਾਂ 10 ਹਜ਼ਾਰ ਤੋਂ ਵੱਧ ਕੇਸ ਸਾਹਮਣੇ ਆ ਰਹੇ ਹਨ।

## ਚੇਨੱਈ ਵਿਚ 19 ਤੋਂ 30 ਜੂਨ ਤੱਕ ਮੁੜ ਲੌਕਡਾਊਨ

**ਚੇਨੱਈ:** ਤਾਮਿਲਨਾਡੂ ਦੇ ਮੁੱਖ ਮੰਤਰੀ ਕੇ.ਪਲਾਨੀਸਵਾਮੀ ਨੇ ਕਿਹਾ ਹੈ ਕਿ ਚੇਨੱਈ ਤੇ ਨਾਲ ਲੱਗਦੇ ਖੇਤਰਾਂ ਵਿਚ 19 ਜੂਨ ਤੋਂ ਲੈ ਕੇ 30 ਜੂਨ ਤੱਕ ਮੌਜੂਦਾ ਛੋਟਾਂ ਵਾਪਸ ਲੈ ਕੇ ਲੌਕਡਾਊਨ ਕੀਤਾ ਜਾਵੇਗਾ। ਇਥੇ ਕਰੋਨਾ ਵਾਇਰਸ ਦੇ ਲਗਾਤਾਰ ਵਧ ਰਹੇ ਕੇਸਾਂ ਵਿਚਾਲੇ ਮਾਹਿਰਾਂ ਦੇ ਇਕ ਪੈਨਲ ਨਾਲ ਮੀਟਿੰਗ ਕਰਨ ਤੋਂ ਬਾਅਦ ਸ੍ਰੀ ਪਲਾਨੀਸਵਾਮੀ ਨੇ ਕਿਹਾ ਕਿ ਲੌਕਡਾਊਨ ਚੇਨੱਈ ਅਤੇ ਗ੍ਰੇਟਰ ਚੇਨੱਈ ਪੁਲਿਸ ਦੇ ਅਧਿਕਾਰ ਖੇਤਰ ਅਤੇ ਤਿਰੂਵੱਲੂਰ, ਚੇਂਗਲਪੈਟ ਤੇ ਕਾਂਚੀਪੁਰਮ ਜ਼ਿਲ੍ਹਿਆਂ 'ਚ ਪੈਂਦੇ ਕਈ ਖੇਤਰਾਂ ਵਿਚ ਲਾਗੂ ਹੋਵੇਗਾ। ਉਨ੍ਹਾਂ ਕਿਹਾ ਕਿ 12 ਦਿਨਾਂ ਦੇ ਇਸ ਲੌਕਡਾਊਨ ਦੌਰਾਨ ਸਿਰਫ ਜ਼ਰੂਰੀ ਸੇਵਾਵਾਂ ਨੂੰ ਪਾਬੰਦੀਆਂ ਸਮੇਤ ਮਨਜ਼ੂਰੀ ਦਿੱਤੀ ਜਾਵੇਗੀ।

# ਪੁਲਿਸ ਹੱਥੋਂ ਇਕ ਹੋਰ ਸਿਆਹਫਾਮ ਦੀ ਮੌਤ ਪਿੱਛੋਂ ਅਮਰੀਕਾ 'ਚ ਰੋਹ ਭਖਿਆ

**ਕੈਲੀਫੋਰਨੀਆ:** ਅਫਰੀਕੀ ਮੂਲ ਦੇ ਅਮਰੀਕੀ ਨਾਗਰਿਕ ਜੌਰਜ ਫਲਾਇਡ ਦੀ ਪੁਲਿਸ ਹਿਰਾਸਤ 'ਚ ਮੌਤ ਨੂੰ ਲੈ ਕੇ ਪ੍ਰਦਰਸ਼ਨਾਂ ਦਾ ਸਿਲਸਿਲਾ ਅਜੇ ਰੁਕਿਆ ਨਹੀਂ ਕਿ ਇਸ ਦਰਮਿਆਨ ਇਕ ਹੋਰ ਕਾਲੇ ਵਿਅਕਤੀ ਦੀ ਪੁਲਿਸ ਗੋਲੀ ਨਾਲ ਮੌਤ ਹੋਣ ਪਿੱਛੋਂ ਲੋਕ ਰੋਹ ਭਖ ਗਿਆ ਹੈ।



ਇਹ ਘਟਨਾ ਐਟਲਾਂਟਾ (ਜਾਰਜੀਆ) ਦੇ ਇੰਡੀਜ਼ 'ਚ ਵਾਪਰੀ ਜਿਸ ਉਪਰੰਤ ਪ੍ਰਦਰਸ਼ਨਕਾਰੀਆਂ ਤੇ ਪੁਲਿਸ ਵਿਚਾਲੇ ਝੜਪਾਂ ਹੋਈਆਂ। ਰੋਸ 'ਚ ਐਟਲਾਂਟਾ ਦੇ ਸੈਂਟੇਨੀਅਲ ਉਲੰਪਿਕ ਪਾਰਕ 'ਚ ਲੋਕ ਇਕੱਠੇ ਹੋਏ ਤੇ ਵਿਰੋਧ ਪ੍ਰਦਰਸ਼ਨ ਕਰਨ ਲੱਗੇ। ਇਕ ਰੈਸਟੋਰੈਂਟ ਦੇ ਬਾਹਰ ਪੁਲਿਸ ਤੇ ਨੈਸ਼ਨਲ ਗਾਰਡ ਦੇ ਜਵਾਨਾਂ ਨਾਲ ਪ੍ਰਦਰਸ਼ਨਕਾਰੀ ਭਿੜ ਗਏ ਜਿਨ੍ਹਾਂ ਉਪਰ ਕਾਬੂ ਪਾਉਣ ਲਈ ਪੁਲਿਸ ਨੂੰ ਭਾਰੀ ਮੁਸ਼ੱਕਤ ਕਰਨੀ ਪਈ। ਇਸ ਘਟਨਾ ਤੋਂ ਬਾਅਦ ਐਟਲਾਂਟਾ ਦੇ ਪੁਲਿਸ ਮੁਖੀ ਈਰਿਕਾ ਸ਼ੀਲਡ ਨੇ ਤੁਰਤ ਅਸਤੀਫਾ ਦੇ ਦਿੱਤਾ ਜਦੋਂ ਕਿ ਕਾਲੇ ਵਿਅਕਤੀ ਨੂੰ ਗੋਲੀ ਮਾਰਨ ਵਾਲੇ ਪੁਲਿਸ ਅਧਿਕਾਰੀ ਗੈਰਟ ਰੋਲਫ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ।

ਜਾਣਕਾਰੀ ਅਨੁਸਾਰ ਰੇਸ਼ਰਡ ਬਰੁੱਕਸ ਨਾਂ ਦਾ 27 ਸਾਲਾ ਕਾਲਾ ਵਿਅਕਤੀ ਇੰਡੀਜ਼ ਦੀ ਸੜਕ 'ਤੇ ਆਪਣੀ ਕਾਰ 'ਚ ਸੁੱਤਾ ਪਿਆ ਸੀ ਜਿਸ ਕਾਰਨ ਹੋਰ ਕਾਰ ਸਵਾਰਾਂ ਨੂੰ ਅਸੁਵਿਧਾ ਹੋ ਰਹੀ ਸੀ। ਜਾਂਚ ਬਿਊਰੋ ਅਨੁਸਾਰ ਪੁਲਿਸ ਰਾਤ 10.30 ਵਜੇ ਮੌਕੇ ਉਪਰ ਪੁੱਜੀ। ਰੇਸ਼ਰਡ ਬਰੁੱਕਸ ਦਾ ਨਸ਼ਾ ਕੀਤਾ ਹੋਣ ਸਬੰਧੀ ਟੈਸਟ ਲਿਆ ਗਿਆ ਜਿਸ 'ਚ ਉਹ ਫੇਲ੍ਹ ਹੋ ਗਿਆ। ਗ੍ਰਿਫਤਾਰੀ ਵੇਲੇ ਉਹ ਪੁਲਿਸ ਨਾਲ ਉਲਝ ਗਿਆ ਅਤੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ ਜਿਸ ਦੌਰਾਨ ਪੁਲਿਸ ਅਧਿਕਾਰੀ ਵਲੋਂ ਚਲਾਈ ਗੋਲੀ ਕਾਰਨ ਉਹ ਜ਼ਖਮੀ ਹੋ ਗਿਆ ਤੇ ਹਸਪਤਾਲ 'ਚ ਦਮ ਤੋੜ ਗਿਆ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਮਾਹੌਲ ਉਦੋਂ ਵਿਗੜਿਆ ਜਦੋਂ ਬਰੁੱਕਸ ਨੇ ਇਕ ਅਧਿਕਾਰੀ ਦੀ ਅਚਾਨਕ ਬੰਦੂਕ ਫੜ ਲਈ। ਅਮਰੀਕਾ ਦੇ ਨਿਊ ਓਰਲੀਨਜ਼ ਵਿਚ ਮੁਜ਼ਾਹਰਾਕਾਰੀਆਂ ਨੇ ਪੁਰਾਣੇ ਸਮਿਆਂ ਦੌਰਾਨ ਗੁਲਾਮੀ ਕਰਵਾਉਣ ਵਾਲੀ ਇਕ ਸ਼ਖਸੀਅਤ ਦਾ ਬੁੱਤ ਤੋੜ ਕੇ ਇਸ ਨੂੰ ਮਿਸੀਸਿਪੀ ਦਰਿਆ ਵਿਚ ਰੋੜ੍ਹ ਦਿੱਤਾ।

ਲੋਕਾਂ ਨੇ ਬੁੱਤ ਤੋੜ ਕੇ ਟਰੱਕਾਂ ਵਿਚ ਲੱਦ ਲਿਆ ਤੇ ਨਦੀ ਵਿਚ ਸੁੱਟ ਦਿੱਤਾ। ਪੁਲਿਸ ਨੇ ਦੋ ਟਰੱਕ ਚਾਲਕਾਂ ਨੂੰ ਗ੍ਰਿਫਤਾਰ ਵੀ ਕੀਤਾ ਹੈ। ਬੁੱਤ ਜੌਹਨ ਮੈਕਡੋਨੋ ਦਾ ਦੱਸਿਆ ਜਾ ਰਿਹਾ ਹੈ। ਪੈਰਿਸ ਸਣੇ ਫਰਾਂਸ ਦੇ ਕਈ ਸ਼ਹਿਰਾਂ ਵਿਚ ਵੀ ਹਜ਼ਾਰਾਂ ਲੋਕਾਂ ਨੇ ਕਰੋਨਾ ਵਾਇਰਸ ਦੀਆਂ ਰੋਕਾਂ ਦੀ ਉਲੰਘਣਾ ਕਰ ਕੇ ਸੜਕਾਂ ਉਤੇ ਰੋਸ ਮੁਜ਼ਾਹਰੇ ਕੀਤੇ। ਲੋਕਾਂ ਨੇ ਪੁਲਿਸ ਤਸ਼ੱਦਦ ਅਤੇ ਨਸਲਵਾਦ ਖਿਲਾਫ ਜੰਮ ਕੇ ਨਾਅਰੇ ਮਾਰੇ। ਲੋਕ ਪੈਰਿਸ ਦੇ ਰਿਪਬਲਿਕ ਸਕੁਏਅਰ ਵਿਚ ਇਕੱਤਰ ਹੋਏ ਤੇ ਚਾਰ ਸਾਲ ਪਹਿਲਾਂ ਪੁਲਿਸ ਹਿਰਾਸਤ ਵਿਚ ਮਰੇ 24 ਸਾਲਾ ਨੌਜਵਾਨ ਲਈ ਇਨਸਾਫ ਮੰਗਿਆ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਘਟਨਾ ਵੀ ਜੌਰਜ ਫਲਾਇਡ ਮਾਮਲੇ ਵਰਗੀ ਸੀ।

ਮੇਅਰ ਕੀਸ਼ਾ ਲਾਂਸ ਬੌਟਮਜ਼ ਨੇ ਗੋਲੀ ਚਲਾਉਣ ਵਾਲੇ ਪੁਲਿਸ ਅਧਿਕਾਰੀ ਦੀਆਂ ਸੇਵਾਵਾਂ ਖਤਮ ਕਰਨ ਤੇ ਉਸ ਦੀ ਜਗ੍ਹਾ ਹੋਰ ਪੁਲਿਸ ਅਧਿਕਾਰੀ ਤਾਇਨਾਤ ਕਰਨ ਦਾ ਆਦੇਸ਼ ਦਿੱਤਾ ਹੈ। ਮੇਅਰ ਨੇ ਕਿਹਾ ਕਿ ਪੁਲਿਸ ਦੀ ਕਾਰਵਾਈ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਮੇਅਰ ਨੇ ਪੀੜਤ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਮੇਰੇ ਕੋਲ ਅਫਸੋਸ ਪ੍ਰਗਟ ਕਰਨ ਲਈ ਸ਼ਬਦ ਨਹੀਂ ਹਨ। ਅਸੀਂ ਪਰਿਵਾਰ ਦੇ ਨਾਲ ਹਾਂ।

## ਗੁਟੇਰੇਜ਼ ਦਾ 'ਨਸਲਵਾਦ ਦੀ ਪਲੇਗ' ਖਤਮ ਕਰਨ ਦਾ ਸੱਦਾ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਮੁਖੀ ਅੰਤੋਨੀਓ ਗੁਟੇਰੇਜ਼ ਨੇ ਯੂ.ਐਨ. ਵਿਚ ਨਸਲਵਾਦ ਦੀ ਹੋਂਦ ਨੂੰ ਕਬੂਲਦਿਆਂ ਨਸਲੀ ਪੱਖਪਾਤ ਦੀ 'ਪਲੇਗ' ਨੂੰ ਖਤਮ ਕਰਨ ਦਾ ਸੱਦਾ ਦਿੱਤਾ ਹੈ। ਯੂ.ਐਨ. ਮੁਖੀ ਨੇ ਅਫਰੀਕੀ-ਅਮਰੀਕੀ ਜੌਰਜ ਫਲਾਇਡ ਦੀ ਮੌਤ ਨੂੰ ਵੱਡਾ ਝਟਕਾ ਦੱਸਦਿਆਂ ਇਸ ਨੂੰ 'ਪੁਲੀਸ ਬੇਰਹਿਮੀ ਦੀ ਕਾਤਲਾਨਾ ਕਾਰਵਾਈ' ਕਰਾਰ ਦਿੱਤਾ ਹੈ। ਗੁਟੇਰੇਜ਼ ਨੇ ਪਿਛਲੇ ਹਫਤੇ ਟਾਊਨ ਹਾਲ ਮੀਟਿੰਗ ਦੌਰਾਨ ਕਿਹਾ, 'ਨਸਲਵਾਦ ਅੱਜ ਕੱਲ੍ਹ ਹਰ ਥਾਂ 'ਤੇ ਹੈ। ਨਸਲਵਾਦ ਦੀ ਹੋਂਦ ਸੰਯੁਕਤ ਰਾਸ਼ਟਰ ਵਿਚ ਵੀ ਹੈ....ਅਸੀਂ ਪੱਖਪਾਤ ਖਿਲਾਫ ਕਈ ਸਖਤ ਨੀਤੀਆਂ ਬਣਾਈਆਂ ਹਨ....ਪਰ ਜਦੋਂ ਜਥੇਬੰਦੀ ਦੇ ਅੰਦਰ ਹੀ ਨਸਲਵਾਦ ਤੇ ਨਸਲੀ ਵਿਤਕਰੇ ਦੀ ਗੱਲ ਤੁਰਦੀ ਹੈ ਤਾਂ ਅਸੀਂ ਇਸ ਪਾਸੇ ਬਹੁਤਾ ਧਿਆਨ ਨਹੀਂ ਦਿੰਦੇ।'

## ਲੰਡਨ ਵਿਚ ਹਿੰਸਕ ਰੋਸ ਮੁਜ਼ਾਹਰੇ ਹੋਏ

**ਲੰਡਨ:** ਲੰਡਨ ਵਿਚ ਸੱਜੇ ਪੱਖੀਆਂ ਵੱਲੋਂ ਕੀਤੇ ਰੋਸ ਮੁਜ਼ਾਹਰਿਆਂ ਦੌਰਾਨ ਹਿੰਸਾ ਹੋਈ ਤੇ ਸਕਾਟਲੈਂਡ ਯਾਰਡ ਮੁਤਾਬਕ ਕਰੀਬ 100 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਥੇ ਛੇ ਪੁਲਿਸ ਅਧਿਕਾਰੀਆਂ ਸਣੇ 19 ਜਣੇ ਫੱਟੜ ਹੋਏ ਹਨ। ਗ੍ਰਿਫਤਾਰ ਲੋਕਾਂ ਉਤੇ ਹਿੰਸਾ ਕਰਨ, ਪੁਲਿਸ ਉਤੇ ਹਮਲਾ ਕਰਨ, ਹਥਿਆਰ ਤੇ ਡਰੱਗ ਵਰਤਣ, ਸ਼ਰਾਬ ਪੀ ਕੇ ਸ਼ਾਂਤੀ ਭੰਗ ਕਰਨ ਦਾ ਦੋਸ਼ ਲਾਇਆ ਗਿਆ ਹੈ। ਸੱਜੇ ਪੱਖੀਆਂ ਦੇ ਮੁਜ਼ਾਹਰੇ ਪਹਿਲਾਂ ਤੋਂ ਨਸਲਵਾਦ ਖਿਲਾਫ ਜਾਰੀ ਪ੍ਰਦਰਸ਼ਨਾਂ ਤੋਂ ਬਾਅਦ ਕੀਤੇ ਗਏ ਹਨ।

# ਜੀ.ਐਸ.ਟੀ. ਉਗਰਾਹੀ: ਕੇਂਦਰ ਦੇ ਦਾਅਵੇ ਨੇ ਕੈਪਟਨ ਸਰਕਾਰ ਦਾ ਤ੍ਰਾਹ ਕੱਢਿਆ

**ਚੰਡੀਗੜ੍ਹ:** ਪਹਿਲਾਂ ਤੋਂ ਹੀ ਵਿੱਤੀ ਸੰਕਟ ਨਾਲ ਜੂਝ ਰਹੇ ਪੰਜਾਬ ਨੂੰ ਕੇਂਦਰ ਵੱਲੋਂ ਜੀ.ਐਸ.ਟੀ. ਮੁਆਵਜ਼ਾ ਘੱਟ ਦਿੱਤੇ ਜਾਣ ਦੀਆਂ ਸੰਭਾਵਨਾਵਾਂ ਨੇ ਚਿੰਤਾਵਾਂ ਹੋਰ ਵਧਾ ਦਿੱਤੀਆਂ ਹਨ। ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਵਲੋਂ ਨਵੀਂ ਦਿੱਲੀ ਵਿਚ ਜੀ.ਐਸ.ਟੀ. ਕੌਂਸਲ ਦੀ ਬੈਠਕ ਮਗਰੋਂ ਕੀਤੇ ਦਾਅਵੇ ਅਨੁਸਾਰ ਭਾਰਤ ਸਰਕਾਰ ਦਾ ਜੀ.ਐਸ.ਟੀ. ਮਾਲੀਆ ਇਸ ਵਿੱਤੀ ਵਰ੍ਹੇ ਦੇ ਪਹਿਲੇ ਦੋ ਮਹੀਨਿਆਂ ਦੌਰਾਨ 45 ਫੀਸਦ ਹੇਠਾਂ ਡਿੱਗ ਗਿਆ ਹੈ।

ਇਸ ਦਾ ਅਰਥ ਹੈ ਕਿ ਆਉਣ ਵਾਲੇ ਸਮੇਂ ਵਿਚ ਪੰਜਾਬ ਸਣੇ ਬਾਕੀ ਸਾਰੇ ਸੂਬਿਆਂ ਨੂੰ ਜੀ.ਐਸ.ਟੀ. ਮੁਆਵਜ਼ਾ ਦਿੱਤੇ ਜਾਣ ਦੀ ਸਮੱਸਿਆ ਹੋਰ ਵਧੇਗੀ। ਪੰਜਾਬ ਸਰਕਾਰ ਦਾ ਅਨੁਮਾਨ ਸੀ ਕਿ ਸਾਲ 2019-20 ਦੇ 13443.23 ਕਰੋੜ ਰੁਪਏ ਦੇ ਮੁਕਾਬਲੇ ਸਾਲ 2020-21 ਦੌਰਾਨ ਕੇਂਦਰ ਤੋਂ ਮਿਲਣ ਵਾਲਾ ਜੀ.ਐਸ.ਟੀ. ਮੁਆਵਜ਼ਾ 15858.68 ਕਰੋੜ ਤੱਕ ਪਹੁੰਚ ਜਾਵੇਗਾ। ਪਿਛਲੇ ਹਫਤੇ ਭਾਰਤ ਸਰਕਾਰ ਵਲੋਂ ਪੰਜਾਬ ਲਈ ਦਸੰਬਰ, ਜਨਵਰੀ ਅਤੇ ਫਰਵਰੀ ਮਹੀਨੇ ਦਾ 2,866 ਕਰੋੜ ਰੁਪਏ ਜੀ.ਐਸ.ਟੀ. ਮੁਆਵਜ਼ਾ ਜਾਰੀ ਕੀਤਾ ਗਿਆ ਸੀ। ਦੱਸਣਯੋਗ ਹੈ ਕਿ ਪਿਛਲੇ ਮਹੀਨਿਆਂ ਦੌਰਾਨ ਤਾਲਾਬੰਦੀ ਕਾਰਨ ਸੂਬੇ ਦੀ ਆਮਦਨ ਦੇ ਸਾਰੇ ਸਰੋਤ ਲਗਭਗ ਸੁੱਕਣ ਲੱਗੇ ਹਨ ਅਤੇ ਜੀ.ਐਸ.ਟੀ. ਮੁਆਵਜ਼ਾ ਹੀ ਆਮਦਨ ਦਾ ਮੁੱਖ ਸਰੋਤ ਰਹਿ ਗਿਆ ਹੈ।

ਇਸ ਮੰਦੀ ਦੇ ਦੌਰ ਵਿਚ ਜੇਕਰ ਕੇਂਦਰ ਸਰਕਾਰ (ਕਿਉਂਕਿ ਉਸ ਦਾ ਆਪਣਾ ਜੀ.ਐਸ.ਟੀ. ਮਾਲੀਆ ਘਟ ਗਿਆ ਹੈ) ਵਲੋਂ ਜੀ.ਐਸ.ਟੀ. ਮੁਆਵਜ਼ਾ ਘਟਾਇਆ ਜਾਂਦਾ ਹੈ ਤਾਂ ਸੂਬੇ ਲਈ ਹੋਰ ਮੁਸ਼ਕਲਾਂ ਖੜ੍ਹੀਆਂ ਹੋਣਗੀਆਂ। ਸਰਕਾਰੀ ਸੂਤਰਾਂ ਅਨੁਸਾਰ ਸੂਬੇ ਵਲੋਂ ਕੇਂਦਰ ਕੋਲ ਮਾਰਚ ਮਹੀਨੇ ਦਾ ਜੀ.ਐਸ.ਟੀ. ਬਕਾਇਆ ਜਲਦੀ ਜਾਰੀ ਕੀਤੇ ਜਾਣ ਦਾ ਮੁੱਦਾ ਚੁੱਕਿਆ ਗਿਆ ਹੈ। ਸਿਰਫ ਮਾਰਚ ਮਹੀਨੇ ਦਾ ਹੀ 1500 ਕਰੋੜ ਰੁਪਏ ਦਾ ਜੀ.ਐਸ.ਟੀ. ਬਕਾਇਆ ਖੜ੍ਹਾ ਹੈ।

ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਕੇਂਦਰ ਨੇ ਸੂਬਿਆਂ ਨੂੰ ਜੀ.ਐਸ.ਟੀ. ਮੁਆਵਜ਼ਾ ਦੇਣ ਦਾ ਮੁੱਦਾ ਜੁਲਾਈ 'ਚ ਹੋਣ ਵਾਲੀ ਜੀ.ਐਸ.ਟੀ. ਕੌਂਸਲ ਦੀ ਬੈਠਕ 'ਤੇ ਪਾ ਦਿੱਤਾ ਹੈ, ਇਸ ਕਰਕੇ ਅਗਲੀ ਬੈਠਕ ਤੋਂ ਪਹਿਲਾਂ ਸਾਰੇ ਮੁੱਦਿਆਂ ਉਤੇ ਚਰਚਾ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਪੰਜਾਬ ਸਣੇ ਜ਼ਿਆਦਾਤਰ ਸੂਬਿਆਂ ਦੀ ਨਿਰਭਰਤਾ ਕੇਂਦਰ ਵਲੋਂ ਆਉਂਦੇ ਵਿੱਤ 'ਤੇ ਕਈ ਗੁਣਾਂ ਵਧ ਗਈ ਹੈ।



## ਹੁਣ ਸ਼ਰਾਬ ਤੇ ਪੈਟਰੋਲ ਤੋਂ ਕਮਾਈ ਦਾ ਸਹਾਰਾ

**ਜਲੰਧਰ:** ਵਿੱਤੀ ਤੰਗੀ ਨਾਲ ਦੋ-ਦੋ ਹੱਥ ਕਰ ਰਹੀ ਕੈਪਟਨ ਸਰਕਾਰ ਦਾ ਸਹਾਰਾ ਸ਼ਰਾਬ ਤੇ ਪੈਟਰੋਲ ਉਤੇ ਲਗਾਇਆ ਗਿਆ ਮੋਟਾ ਸੈੱਸ ਹੀ ਹੈ। ਪੰਜਾਬ 'ਚ ਢਾਈ ਮਹੀਨੇ ਬਾਅਦ ਕਰਫਿਊ ਖੁੱਲ੍ਹਣ ਤੋਂ ਬਾਅਦ ਪੈਟਰੋਲ ਤੇ ਸ਼ਰਾਬ ਦੀ ਵਿਕਰੀ ਕਾਫੀ ਵਧੀ ਹੈ। ਪੰਜਾਬ ਦੇ ਜੀ.ਐਸ.ਟੀ. ਵਿਭਾਗ ਨੂੰ ਪੰਜਾਬ ਦੇ 3500 ਦੇ ਕਰੀਬ ਪੈਟਰੋਲ ਪੰਪਾਂ ਤੋਂ 4000 ਕਰੋੜ ਤੋਂ ਜ਼ਿਆਦਾ ਦੀ ਵੈਟ ਵਸੂਲੀ ਪ੍ਰਾਪਤ ਹੁੰਦੀ ਹੈ। ਵਿਰੋਧੀ ਪਾਰਟੀਆਂ ਚਾਹੇ ਪੈਟਰੋਲ, ਡੀਜ਼ਲ ਮਹਿੰਗਾ ਕਰਨ ਦੀ ਨਿਖੇਧੀ ਕਰਦੀਆਂ ਹਨ ਪਰ ਜਦੋਂ ਵੀ ਤੇਲ ਕੰਪਨੀਆਂ ਪੈਟਰੋਲ ਤੇ ਡੀਜ਼ਲ ਮਹਿੰਗਾ ਕਰਦੀਆਂ ਹਨ ਤਾਂ ਵਧਾਈ ਕੀਮਤ ਵਿਚੋਂ ਤੀਜਾ ਹਿੱਸਾ ਰਾਜ ਸਰਕਾਰ ਨੂੰ ਮਾਲੀਏ ਦੇ ਰੂਪ 'ਚ ਖਜ਼ਾਨੇ 'ਚ ਆ ਜਾਂਦਾ ਹੈ। 7 ਮਈ ਤੋਂ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਸਰਕਾਰ ਨੇ ਵੈਟ 'ਚ ਵਾਧਾ ਕਰਕੇ ਪੈਟਰੋਲ ਤੇ ਡੀਜ਼ਲ ਦੀ ਕੀਮਤ 'ਚ 2-2 ਰੁਪਏ ਕੀਮਤ ਵਧਾਈ ਸੀ।

## ਟਰੰਪ ਐਚ1-ਬੀ ਤੇ ਹੋਰ ਵੀਜ਼ੇ ਮੁਅੱਤਲ ਕਰਨ ਦੇ ਰੌਂਅ ਵਿਚ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਐਚ1-ਬੀ ਵੀਜ਼ਾ ਸਮੇਤ ਹੋਰ ਰੁਜ਼ਗਾਰ ਵੀਜ਼ੇ ਮੁਅੱਤਲ ਕਰਨ ਉਤੇ ਵਿਚਾਰ ਕਰ ਰਹੇ ਹਨ। ਇਸ ਦਾ ਮੁੱਖ ਕਾਰਨ ਅਮਰੀਕਾ ਵਿਚ ਵਧ ਰਹੀ ਬੇਰੁਜ਼ਗਾਰੀ ਹੈ। ਭਾਰਤ ਐਚ1-ਬੀ ਵੀਜ਼ਾ ਦੀ ਮੁਅੱਤਲੀ ਕਾਰਨ ਸਭ ਤੋਂ ਵੱਧ ਪ੍ਰਭਾਵਿਤ ਦੇਸ਼ਾਂ ਵਿਚੋਂ ਇਕ ਹੋਵੇਗਾ, ਕਿਉਂਕਿ ਸੂਚਨਾ ਤਕਨਾਲੋਜੀ ਦੇ ਪੇਸ਼ੇਵਰ ਇਸ ਵੀਜ਼ੇ ਦੀ ਸਭ ਤੋਂ ਵੱਧ ਮੰਗ ਕਰਦੇ ਹਨ।

ਦਿ ਵਾਲ ਸਟ੍ਰੀਟ ਜਰਨਲ ਵਿਚ ਪ੍ਰਕਾਸ਼ਤ ਰਿਪੋਰਟ ਦੇ ਅਨੁਸਾਰ ਅਮਰੀਕੀ ਸਰਕਾਰ ਅਗਲੇ ਵਿੱਤੀ ਸਾਲ 'ਚ ਇਸ ਨੂੰ ਮਨਜ਼ੂਰੀ ਦੇ ਸਕਦੀ ਹੈ। ਅਮਰੀਕਾ ਦਾ ਵਿੱਤੀ ਸਾਲ ਪਹਿਲੀ ਅਕਤੂਬਰ ਤੋਂ ਸ਼ੁਰੂ ਹੁੰਦਾ ਹੈ ਅਤੇ ਫਿਰ ਬਹੁਤ ਸਾਰੇ ਨਵੇਂ ਵੀਜ਼ੇ ਜਾਰੀ ਕੀਤੇ ਜਾਂਦੇ ਹਨ।

# ਕੇਂਦਰ ਤੋਂ ਹੋਰ ਛੇ ਮਹੀਨਿਆਂ ਲਈ ਰਾਸ਼ਨ ਦੀ ਮੰਗ ਕੀਤੀ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ 'ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ' (ਪੀ. ਐਮ. ਜੀ. ਕੇ. ਏ. ਵਾਈ.) ਦਾ ਲਾਭ ਛੇ ਮਹੀਨੇ ਹੋਰ ਵਧਾਉਣ ਦੀ ਮੰਗ ਕੀਤੀ ਹੈ ਤਾਂ ਜੋ ਕੌਮੀ ਖੁਰਾਕ ਸੁਰੱਖਿਆ ਐਕਟ (ਐਨ.ਐਫ.ਐਸ.ਏ.) ਦੇ ਲਾਭਪਾਤਰੀਆਂ ਨੂੰ ਮੁਫਤ ਕਣਕ ਅਤੇ ਦਾਲਾਂ ਦੀ ਸਹੂਲਤ ਮੁਹੱਈਆ ਕਰਵਾਈ ਜਾ ਸਕੇ। ਕੋਵਿਡ ਸੰਕਟ ਦੌਰਾਨ ਗਰੀਬ ਲੋਕਾਂ ਵਾਸਤੇ ਅਨਾਜ ਯਕੀਨੀ ਬਣਾਉਣ ਲਈ ਸਰਕਾਰ ਨੇ ਕੇਂਦਰ ਤੋਂ ਛੇ ਮਹੀਨੇ ਲਈ ਹੋਰ ਅਨਾਜ ਦੀ ਮੰਗ ਕੀਤੀ ਹੈ।

ਮੁੱਖ ਮੰਤਰੀ ਨੇ ਦੱਸਿਆ ਕਿ ਤਾਲਾਬੰਦੀ ਦੇ ਤਿੰਨ ਮਹੀਨਿਆਂ ਦੌਰਾਨ ਪੰਜਾਬ ਵਿਚ ਉਦਯੋਗਿਕ ਗਤੀਵਿਧੀ ਬਹਾਲ ਨਹੀਂ ਹੋ ਸਕੀ ਹੈ। ਇਸ ਕਰ ਕੇ ਗਰੀਬ ਲੋਕਾਂ ਦੀ ਮਾਲੀ ਸਥਿਤੀ ਵਿਚ ਬਹੁਤਾ ਸੁਧਾਰ ਨਹੀਂ ਹੋਇਆ ਹੈ। ਉਨ੍ਹਾਂ ਦੱਸਿਆ ਕਿ ਰਾਜ ਵਿਚ 2.60 ਲੱਖ ਉਦਯੋਗਿਕ ਯੂਨਿਟਾਂ ਵਿਚੋਂ 2.32 ਲੱਖ ਤੋਂ ਵੱਧ ਯੂਨਿਟ ਚਾਲੂ ਹੋ ਗਏ ਹਨ ਪਰ ਪਿਛਲੇ ਤਨਖਾਹਾਂ ਦੇ ਘਾਟੇ ਕਾਰਨ ਗਰੀਬ ਲੋਕਾਂ ਦੀ ਖਰੀਦ ਸ਼ਕਤੀ ਪ੍ਰਭਾਵਿਤ ਹੋਈ ਹੈ।


ਮਾਹੌਲ ਨੂੰ ਦੇਖਦੇ ਹੋਏ ਅੱਗੇ ਤਾਲਾਬੰਦੀ ਅਤੇ ਬੰਦਿਸ਼ਾਂ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਜਿਸ ਕਰ ਕੇ ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ 'ਚ ਛੇ ਮਹੀਨੇ ਦਾ ਹੋਰ ਵਾਧਾ ਕੀਤਾ ਜਾਵੇ।

# ਅਫਰੀਕੀਆਂ ਨੂੰ ਨੀਗਰੋ ਕਹਿਣ 'ਤੇ ਪੰਜਾਬ ਪੁਲਿਸ ਦੀ ਖਿਚਾਈ

**ਚੰਡੀਗੜ੍ਹ:** 'ਅਫਰੀਕੀਆਂ ਨੂੰ 'ਨੀਗਰੋ' ਕਹਿਣਾ ਆਪਣੇ ਦੇਸ਼ ਲਈ ਸ਼ਰਮ ਵਾਲੀ ਗੱਲ ਹੈ ਅਤੇ ਅਜਿਹੇ ਲਫਜ਼ ਦੀ ਵਰਤੋਂ ਕਰ ਕੇ ਭਾਰਤ ਦੀ ਮਹਿਮਾਨ ਨਿਵਾਜੀ ਵਾਲੀ ਮਾਣਮੱਤੀ ਸ਼ਾਨ ਨੂੰ ਢਾਹ ਨਹੀਂ ਲੱਗਣ ਦੇਣੀ ਚਾਹੀਦੀ।'

ਪੰਜਾਬ ਪੁਲਿਸ ਵੱਲੋਂ ਨਸ਼ੇ ਦੇ ਇਕ ਕੇਸ 'ਚ ਅਦਾਲਤ ਵਿਚ ਦਾਖਲ ਦੋਸ਼ ਪੱਤਰ 'ਚ ਇਕ ਅਫਰੀਕੀ ਨੂੰ ਨੀਗਰੋ ਲਿਖਣ 'ਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਪੁਲਿਸ ਨੂੰ ਇਹ ਨਸੀਹਤ ਤਾਂ ਦਿੱਤੀ ਹੀ ਹੈ, ਨਾਲ ਹੀ ਸਬੰਧਤ ਪੁਲਿਸ ਵਾਲੇ 'ਤੇ ਕਾਰਵਾਈ ਕਰਨ ਦਾ ਹੁਕਮ ਜਾਰੀ ਕਰਦਿਆਂ ਡੀ.ਜੀ.ਪੀ. ਨੂੰ ਕਿਹਾ ਹੈ ਕਿ ਅੱਗੇ ਲਈ ਅਜਿਹੇ ਲਫਜ਼ਾਂ ਦੀ ਵਰਤੋਂ ਤੋਂ ਗੁਰੇਜ਼ ਕਰਨ ਲਈ ਬਕਾਇਦਾ ਵਿਭਾਗ ਨੂੰ ਹੁਕਮ ਜਾਰੀ ਕੀਤੇ ਜਾਣ।

ਜਲੰਧਰ ਦੇ ਥਾਣਾ ਮਕਸੂਦਾਂ 'ਚ ਦਸੰਬਰ 19 ਵਿਚ ਦਰਜ ਕੇਸ 'ਚ ਰੈਗੂਲਰ ਜ਼ਮਾਨਤ ਲਈ ਦਾਖਲ ਅਰਜ਼ੀ ਦੀ ਸੁਣਵਾਈ ਦੌਰਾਨ ਜਸਟਿਸ ਆਰ.ਐਨ. ਰੈਨਾ ਨੇ ਦੋਸ਼ ਪੱਤਰ 'ਚ ਇਕ ਅਫਰੀਕੀ ਬਾਰੇ ਨੀਗਰੋ ਲਿਖੇ ਜਾਣ 'ਤੇ ਇਥੋਂ ਤੱਕ ਕਿਹਾ ਕਿ ਪੰਜਾਬ ਪੁਲਿਸ ਇਥੇ ਰਹਿੰਦੇ ਹਰੇਕ ਅਫਰੀਕੀ ਨੂੰ ਨਸ਼ਾ ਤਸਕਰ ਸਮਝਦੀ ਹੈ ਅਤੇ ਉਸ ਨਾਲ ਉਹੋ ਜਿਹਾ ਵਤੀਰਾ ਅਪਣਾਉਂਦੀ ਹੈ। ਬੈਂਚ ਨੇ ਕਿਹਾ ਕਿ ਅਫਰੀਕੀ ਵਿਦਿਆਰਥੀ ਸਾਡੇ ਮਹਿਮਾਨ ਹਨ ਤੇ ਮਹਿਮਾਨ ਨਿਵਾਜੀ ਸਾਡੇ ਅਮੀਰ ਵਿਰਸੇ ਦਾ ਹਿੱਸਾ ਹੈ, ਲਿਹਾਜ਼ਾ ਉਨ੍ਹਾਂ ਨਾਲ ਅਜਿਹਾ ਵਤੀਰਾ ਠੀਕ ਨਹੀਂ ਹੈ। ਇਸ ਦੇ ਨਾਲ ਹਾਈਕੋਰਟ ਨੇ ਪੁਲਿਸ ਤੋਂ ਅਗਲੀ ਸੁਣਵਾਈ 'ਤੇ ਉਨ੍ਹਾਂ ਮੁਲਾਜ਼ਮਾਂ ਉਤੇ ਕਾਰਵਾਈ ਕਰਨ ਦੀ ਰਿਪੋਰਟ ਤਲਬ ਕਰ ਲਈ ਹੈ।

Madan Khatri

**Want to Buy/Sell Homes, THs, Condos!**

Call Madan Khatri

**Ph: 847-530-1550**

www.PropertyZoo.com

*CALL TO BUY / SELL HOME TODAY!*

Top Producer at the office in 2011-2013-2014

*****A Broker who can work with you from Beginning to End, Call Now!!!*****

BERKSHIRE HATHAWAY BH HS HOMESERVICES

**BHHS American Heritage**

1010 Rohwing Road, Elk Grove Village, IL

**Grocery Store For Sale!**

*in Greenwood, Indiana*

**Bombay Market Indian Grocery Store**

2801 Fairview Place Set C, Greenwood, Indiana 46142

Big Indian population in the area. Lots of room to grow. The store currently has room in the back to turn into a kitchen as well.

**Asking price: $25,000.**

Includes: All Inventory, 7 New 3-Door Coolers, 2 Freezers, POS System as well as all the shelving.

The Store is located on a very busy intersection on state route 135 across from LA Fitness and many other shopping plazas like Kroger.

*Please contact:*

Sunny, Ph: 317-987-5602

Aman, Ph: 317-656-7051

23-

Personalized Service-Committed To Quality

Solutions Financial Mortgage Company

**Purchase & Refinance Your Home Loans**



**Cell 312-608-0006**

2700 Patriot Blvd., Suite 110

Glenview IL 60026. Direct 312-608-0006

Office: 847-834-0100, Fax: 847-834-0106

AMRIK P. SINGH

Mortgage Loan Originator

NMLS # 232904

Illinois Residential Mortgage Licensee.

Email: asingh@gosfmc.com

Web: www.gosfmc.com

# ਜਥੇਦਾਰ ਵਲੋਂ ਸਿੱਖ ਸੰਸਥਾਵਾਂ ਨੂੰ ਵਿੱਤੀ ਸਰੋਤ ਮਜ਼ਬੂਤ ਕਰਨ ਦੀ ਸਲਾਹ

**ਅੰਮ੍ਰਿਤਸਰ:** ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਸੰਸਥਾਵਾਂ ਨੂੰ ਆਖਿਆ ਹੈ ਕਿ ਉਹ ਆਪਣੇ ਵਿੱਤੀ ਸਰੋਤਾਂ ਨੂੰ ਮਜ਼ਬੂਤ ਕਰਨ ਤਾਂ ਜੋ ਭਵਿੱਖ 'ਚ ਕਰੋਨਾ ਵਰਗੇ ਸੰਕਟ ਆਉਣ ਉਤੇ ਵੀ ਲੰਗਰ ਜਾਂ ਮਨੁੱਖ ਦੀ ਭਲਾਈ ਸਬੰਧੀ ਸੇਵਾਵਾਂ ਕਦੇ ਪ੍ਰਭਾਵਿਤ ਨਾ ਹੋਣ।



ਕਰੋਨਾ ਸੰਕਟ ਵੇਲੇ ਸ਼ਰਧਾਲੂਆਂ ਦੀ ਆਮਦ ਘਟ ਜਾਣ ਕਾਰਨ ਗੁਰਦੁਆਰਿਆਂ ਦੀ ਗੋਲਕ ਵੀ ਪ੍ਰਭਾਵਿਤ ਹੋਈ ਹੈ, ਜਿਸ ਦਾ ਅਸਰ ਸਿੱਖ ਸੰਸਥਾਵਾਂ ਦੀ ਆਮਦਨ ਉਤੇ ਵੀ ਪਿਆ ਹੈ। ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ, ਤਖਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ, ਤਖਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਅਤੇ ਹੋਰ ਸਥਾਨਕ ਗੁਰਦੁਆਰਾ ਕਮੇਟੀਆਂ ਦੀ ਆਮਦਨ ਦਾ ਵੱਡਾ ਸਰੋਤ ਗੁਰਦੁਆਰਿਆਂ ਦੀ ਗੋਲਕ ਹੈ। ਕਰੋਨਾ ਸੰਕਟ ਕਾਰਨ ਪਿਛਲੇ ਮਹੀਨਿਆਂ ਤੋਂ ਲੋਕ ਘਰਾਂ ਵਿਚ ਬੰਦ ਹਨ ਅਤੇ ਧਰਮ ਅਸਥਾਨਾਂ 'ਤੇ ਜਾਣ ਦੀ ਲੋਕਾਂ ਨੂੰ ਆਗਿਆ ਨਹੀਂ ਦਿੱਤੀ ਗਈ ਸੀ।

ਸ਼੍ਰੋਮਣੀ ਕਮੇਟੀ ਸੂਤਰਾਂ ਮੁਤਾਬਕ ਪਿਛਲੇ ਦਿਨਾਂ ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਗੋਲਕ ਅਤੇ ਹੋਰ ਭੇਟਾ ਰਕਮ ਸਿਰਫ ਦਸ ਤੋਂ 15 ਹਜ਼ਾਰ ਪ੍ਰਤੀ ਦਿਨ ਹੀ ਰਹਿ ਗਈ ਸੀ। ਪਹਿਲਾਂ ਆਮ ਦਿਨਾਂ ਵਿਚ ਇਹ ਗੋਲਕ ਲੱਖਾਂ ਰੁਪਏ ਵਿਚ ਹੁੰਦੀ ਸੀ। ਪਿਛਲੇ ਵਰ੍ਹੇ ਸ਼੍ਰੋਮਣੀ ਕਮੇਟੀ ਦੇ ਸਿੱਧੇ ਪ੍ਰਬੰਧ ਹੇਠ ਆਉਂਦੇ ਲਗਭਗ 80 ਤੋਂ ਵੱਧ ਗੁਰਦੁਆਰਿਆਂ ਦੀ ਗੋਲਕ ਤੋਂ ਸਾਲਾਨਾ ਆਮਦਨ ਕਰੀਬ 690 ਕਰੋੜ ਰੁਪਏ ਸੀ। ਇਸ ਵਿਚ ਵੱਡਾ ਹਿੱਸਾ ਹਰਿਮੰਦਰ ਸਾਹਿਬ ਦੀ ਗੋਲਕ ਦਾ ਸੀ। ਇਸੇ ਆਮਦਨ ਵਿਚੋਂ ਹੀ ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਹਰਿਮੰਦਰ ਸਾਹਿਬ ਸਮੇਤ ਹੋਰ ਗੁਰਦੁਆਰਿਆਂ ਦੇ ਪ੍ਰਬੰਧ ਚਲਾਏ ਜਾਂਦੇ ਹਨ, ਨਿਰੰਤਰ ਲੰਗਰ ਚਲਾਇਆ ਜਾਂਦਾ ਹੈ, ਸ਼੍ਰੋਮਣੀ ਕਮੇਟੀ ਦੇ ਕਰਮਚਾਰੀਆਂ ਨੂੰ ਤਨਖਾਹਾਂ ਦਿੱਤੀਆਂ ਜਾਂਦੀਆਂ ਹਨ ਅਤੇ ਹੋਰ ਭਲਾਈ ਦੇ ਕੰਮ ਕੀਤੇ ਜਾਂਦੇ ਹਨ। ਕਰੋਨਾ ਸੰਕਟ ਦੌਰਾਨ ਸ਼੍ਰੋਮਣੀ ਕਮੇਟੀ ਨੇ ਲੋੜਵੰਦ ਲੋਕਾਂ ਨੂੰ ਲੰਗਰ ਮੁਹੱਈਆ ਕਰਾਉਣ ਲਈ ਪੰਜ ਕਰੋੜ ਤੋਂ ਵੱਧ ਦੀ ਰਕਮ ਖਰਚ ਕੀਤੀ ਹੈ।

ਕਰੋਨਾ ਸੰਕਟ ਕਾਰਨ ਪੈਦਾ ਹੋਏ ਹਾਲਾਤ ਦੌਰਾਨ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸੰਗਤ ਨੂੰ ਲੰਗਰ ਸੇਵਾ ਵਾਸਤੇ ਕਣਕ, ਰਸਦ ਅਤੇ ਮਾਇਆ ਭੇਟ ਕਰਨ ਦੀ ਅਪੀਲ ਕੀਤੀ ਸੀ। ਮੌਜੂਦਾ ਸਥਿਤੀ ਨੂੰ ਧਿਆਨ ਵਿਚ ਰਖਦਿਆਂ ਜਥੇਦਾਰ ਨੇ ਆਖਿਆ ਕਿ ਸਿੱਖ ਸੰਸਥਾਵਾਂ ਨੂੰ ਗੁਰਦੁਆਰਿਆਂ ਦੀ ਗੋਲਕ ਤੋਂ ਨਿਰਭਰਤਾ ਨੂੰ ਖਤਮ ਕਰਦਿਆਂ ਆਪਣੇ ਹੋਰ ਵਿੱਤੀ ਸਰੋਤ ਸਥਾਪਤ ਕਰਨੇ ਚਾਹੀਦੇ ਹਨ। ਉਨ੍ਹਾਂ ਆਖਿਆ ਕਿ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਨੂੰ ਪਹਿਲ ਕਰਨੀ ਚਾਹੀਦੀ ਹੈ। ਅਜਿਹੇ ਵਿੱਤੀ ਸਰੋਤਾਂ ਦੀ ਸਥਾਪਨਾ ਕਰਨ ਦੀ ਲੋੜ ਹੈ, ਜਿਸ ਰਾਹੀਂ ਸਿੱਖ ਨੌਜਵਾਨਾਂ ਨੂੰ ਰੁਜ਼ਗਾਰ ਵੀ ਮਿਲੇ। ਉਨ੍ਹਾਂ ਮਿਸਾਲ ਦਿੱਤੀ ਕਿ ਸਿੱਖ ਕਕਾਰਾਂ ਵਿਚ ਸ਼ਾਮਲ ਸ੍ਰੀ ਸਾਹਿਬ (ਵੱਡੀ ਛੋਟੀ), ਕੜੇ, ਕੰਘੇ, ਗਾਤਰੇ, ਕਛਹਿਰੇ, ਪਟਕੇ, ਦਸਤਾਰਾਂ ਆਦਿ ਹੋਰ ਅਜਿਹੀਆਂ ਵਸਤਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ। ਇਸੇ ਤਰ੍ਹਾਂ ਸਿੱਖੀ ਅਤੇ ਗੁਰੂ ਘਰ ਦੀਆਂ ਲੋੜਾਂ ਨਾਲ ਜੁੜੇ ਕੰਮ ਸਥਾਪਤ ਕਰ ਕੇ ਵਾਧੂ ਵਿੱਤੀ ਸਰੋਤ ਬਣਾਏ ਜਾ ਸਕਦੇ ਹਨ।

## ਸੰਗਤ ਦੀ ਸੁਰੱਖਿਆ ਲਈ ਸ਼੍ਰੋਮਣੀ ਕਮੇਟੀ ਸੰਜੀਦਾ

**ਅੰਮ੍ਰਿਤਸਰ:** ਕਰੋਨਾ ਦੇ ਲਗਾਤਾਰ ਵਧ ਰਹੇ ਕੇਸਾਂ ਕਾਰਨ ਸ੍ਰੀ ਦਰਬਾਰ ਸਾਹਿਬ ਆ ਰਹੀ ਸੰਗਤ ਦੀ ਸਿਹਤ ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਸ਼੍ਰੋਮਣੀ ਕਮੇਟੀ ਵਲੋਂ ਸਮੂਹ ਕਰਮਚਾਰੀਆਂ ਨੂੰ ਚੌਕਸ ਕੀਤਾ ਹੈ। ਸ਼੍ਰੋਮਣੀ ਕਮੇਟੀ ਨੇ ਇਸ ਸਬੰਧੀ ਵਿਸ਼ੇਸ਼ ਮੀਟਿੰਗ ਕੀਤੀ। ਸਰਕਾਰ ਵਲੋਂ ਤਾਲਾਬੰਦੀ ਦੇ ਇਸ ਨਵੇਂ ਪੜਾਅ ਦੌਰਾਨ 8 ਜੂਨ ਤੋਂ ਸ਼ਰਧਾਲੂਆਂ ਨੂੰ ਧਰਮ ਅਸਥਾਨਾਂ 'ਤੇ ਜਾਣ ਦੀ ਆਗਿਆ ਦਿੱਤੀ ਗਈ ਹੈ, ਜਿਸ ਤਹਿਤ ਸ੍ਰੀ ਦਰਬਾਰ ਸਾਹਿਬ ਵਿਖੇ ਵੀ ਸੰਗਤ ਦੀ ਆਮਦ ਨਿਰੰਤਰ ਵਧ ਰਹੀ ਹੈ।

# ਬੇਅਦਬੀ ਮਾਮਲਾ: ਸੀ.ਬੀ.ਆਈ. ਅਦਾਲਤ 'ਚ ਸੁਣਵਾਈ ਟਲੀ

**ਮੁਹਾਲੀ:** ਪਿੰਡ ਬਰਗਾੜੀ ਸਮੇਤ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ (ਕਲੋਜ਼ਰ ਰਿਪੋਰਟ ਅਤੇ ਨਵੇਂ ਸਿਰਿਉਂ ਜਾਂਚ) ਦੀ ਸੁਣਵਾਈ 10 ਜੁਲਾਈ ਲਈ ਟਲ ਗਈ ਹੈ। ਇਸ ਮਾਮਲੇ ਦੀ ਸੁਣਵਾਈ ਮੁਹਾਲੀ ਸਥਿਤ ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਜੀ.ਐਸ. ਸੇਖੋਂ ਦੀ ਅਦਾਲਤ ਵਿਚ ਚੱਲ ਰਹੀ ਹੈ ਪਰ ਕਰੋਨਾ ਵਾਇਰਸ ਕਾਰਨ ਅਦਾਲਤਾਂ ਵਿਚ ਛੁੱਟੀਆਂ ਹੋਣ ਕਾਰਨ ਇਸ ਕੇਸ ਦੀ ਸੁਣਵਾਈ ਨਹੀਂ ਹੋ ਸਕੀ।

ਸਰਕਾਰੀ ਵਕੀਲ ਸੰਜੀਵ ਬੱਤਰਾ ਨੇ ਦੱਸਿਆ ਕਿ ਹੁਣ ਇਸ ਕੇਸ ਦੀ ਸੁਣਵਾਈ ਦਸ ਜੁਲਾਈ ਨੂੰ ਹੋਵੇਗੀ। ਕਰੋਨਾ ਮੱਦੇਨਜ਼ਰ ਮੁਹਾਲੀ ਦੀਆਂ ਸਾਰੀਆਂ ਅਦਾਲਤਾਂ ਵਿਚ ਛੁੱਟੀਆਂ ਹਨ ਅਤੇ ਜੱਜ ਘਰੋਂ ਅਦਾਲਤਾਂ ਚਲਾ ਰਹੇ ਹਨ। ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਅਤੇ ਜੁਡੀਸ਼ਲ ਮੈਜਿਸਟਰੇਟ ਨੂੰ ਅਦਾਲਤੀ ਕੰਮ ਲਈ ਡਿਊਟੀ ਮੈਜਿਸਟਰੇਟ ਵਜੋਂ ਤਾਇਨਾਤ ਕੀਤਾ ਗਿਆ ਹੈ, ਜਦੋਂਕਿ ਨਾਇਬ ਕੋਰਟ ਮੁਲਾਜ਼ਮਾਂ ਸਮੇਤ ਹੋਰ ਕਰਮਚਾਰੀਆਂ ਨੂੰ ਅਗਲੇ ਹੁਕਮਾਂ ਤੱਕ ਲੋੜ ਅਨੁਸਾਰ ਵੱਖ-ਵੱਖ ਥਾਣਿਆਂ ਵਿਚ ਤਾਇਨਾਤ ਕੀਤਾ ਗਿਆ ਹੈ। ਉਧਰ, ਪੰਜਾਬ ਸਰਕਾਰ ਨੇ ਸ਼ਿਕਾਇਤਕਰਤਾ ਰਣਜੀਤ ਸਿੰਘ ਵਾਸੀ ਪਿੰਡ ਬੁਰਜ ਸਿੰਘ ਵਾਲਾ ਅਤੇ ਗੁਰਦੁਆਰੇ ਦੇ ਗ੍ਰੰਥੀ ਗੋਰਾ ਸਿੰਘ ਤੋਂ ਪੁਲਿਸ ਸੁਰੱਖਿਆ ਵਾਪਸ ਲੈ ਗਈ ਹੈ। ਸ਼ਿਕਾਇਤਕਰਤਾ ਦਾ ਕਹਿਣਾ ਹੈ ਕਿ ਪਹਿਲਾਂ ਵੀ ਉਨ੍ਹਾਂ ਨੇ ਪੁਲਿਸ ਜਾਂ ਸਰਕਾਰ ਤੋਂ ਕੋਈ ਸੁਰੱਖਿਆ ਨਹੀਂ ਮੰਗੀ ਸੀ। ਇਸੇ ਦੌਰਾਨ ਬਰਗਾੜੀ ਪੁਲਿਸ ਦੇ ਨਵੇਂ ਇੰਚਾਰਜ ਅਤੇ ਬਾਜਾਖਾਨਾ ਥਾਣਾ ਦੇ ਨਵੇਂ ਥਾਣਾ ਮੁਖੀ ਨੇ ਸ਼ਿਕਾਇਤਕਰਤਾ ਨਾਲ ਤਾਲਮੇਲ ਕਰਕੇ ਸਮੁੱਚੇ ਘਟਨਾਕ੍ਰਮ ਬਾਰੇ ਮੁਢਲੀ ਜਾਂਚ ਹਾਸਲ ਕੀਤੀ।

ਰਣਜੀਤ ਸਿੰਘ ਬੁਰਜ ਸਿੰਘ ਵਾਲਾ ਅਤੇ ਗ੍ਰੰਥੀ ਗੋਰਾ ਸਿੰਘ ਨੇ ਕਿਹਾ ਕਿ ਉਹ ਇਸ ਮਾਮਲੇ ਵਿਚ ਜਲਦੀ ਇਨਸਾਫ ਚਾਹੁੰਦੇ ਹਨ। ਉਨ੍ਹਾਂ ਨੂੰ ਇਸ ਗੱਲ ਤੋਂ ਕੁਝ ਨਹੀਂ ਲੈਣਾ ਹੈ ਕਿ ਮਾਮਲੇ ਦੀ ਜਾਂਚ ਸੀ.ਬੀ.ਆਈ. ਜਾਂ ਪੰਜਾਬ ਪੁਲਿਸ ਕਰੇ, ਜਿਹੜੀ ਵੀ ਏਜੰਸੀ ਮਾਮਲੇ ਦੀ ਜਾਂਚ ਕਰੇ ਉਹ ਪੂਰੀ ਇਮਾਨਦਾਰੀ ਨਾਲ ਇਸ ਕੇਸ ਨੂੰ ਛੇਤੀ ਕਿਸੇ ਕੰਢੇ ਲਾਵੇ, ਕਿਉਂਕਿ ਵਿਸ਼ਵ ਭਰ ਦੇ ਸਿੱਖ ਬੜੀ ਬੇਸਬਰੀ ਨਾਲ ਫੈਸਲੇ ਦੀ ਉਡੀਕ ਕਰ ਰਹੇ ਹਨ।

# ਲੰਗਰ ਲਈ ਸਿੱਖਾਂ ਦੀ ਚਾਰ-ਚੁਫੇਰਿਉਂ ਸ਼ਲਾਘਾ

**ਅੰਮ੍ਰਿਤਸਰ:** ਅਮਰੀਕਾ ਵਿਚ ਕਰੋਨਾ ਸੰਕਟ ਦੌਰਾਨ ਗੁਰਦੁਆਰਿਆਂ 'ਚੋਂ ਕੀਤੀ ਜਾ ਰਹੀ ਲੰਗਰ ਦੀ ਸੇਵਾ ਨਾਲ ਸਿੱਖ ਭਾਈਚਾਰੇ ਦੀ ਨਾ ਸਿਰਫ ਪਛਾਣ ਵਿਚ ਵਾਧਾ ਹੋਇਆ ਹੈ, ਸਗੋਂ ਵੱਡੇ ਪੱਧਰ ਉਤੇ ਇਨ੍ਹਾਂ ਉਪਰਾਲਿਆਂ ਦੀ ਸ਼ਲਾਘਾ ਵੀ ਹੋ ਰਹੀ ਹੈ।

ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਵੱਖ-ਵੱਖ ਗੁਰਦੁਆਰਿਆਂ ਵਿਚ ਲੰਗਰ ਤਿਆਰ ਕਰਕੇ ਲੋੜਵੰਦਾਂ ਨੂੰ ਪੈਕੇਟ ਵੰਡੇ ਗਏ ਹਨ ਤੇ ਸੇਵਾ ਅਜੇ ਵੀ ਜਾਰੀ ਹੈ। ਹੁਣ ਅਮਰੀਕਾ ਵਿਚ ਨਸਲੀ ਨਫਰਤ ਖਿਲਾਫ ਹੋ ਰਹੇ ਰੋਸ ਵਿਖਾਵਿਆਂ (ਬਲੈਕ ਲਾਈਵਜ਼ ਮੈਟਰ) ਦੌਰਾਨ ਵੀ ਸਿੱਖ ਭਾਈਚਾਰਾ ਲੰਗਰ ਵੰਡ ਰਿਹਾ ਹੈ। ਭਾਈਚਾਰੇ ਦੀ ਇਸ ਸੇਵਾ ਨੂੰ ਅਮਰੀਕਾ ਦੇ ਮੀਡੀਆ ਵਿਚ ਵੱਡੇ ਪੱਧਰ 'ਤੇ ਸਲਾਹਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪ੍ਰਮੁੱਖ ਅਖਬਾਰ 'ਨਿਊ ਯਾਰਕ ਟਾਈਮਜ਼' ਵਲੋਂ ਇਸ ਬਾਰੇ ਇਕ ਵੱਡਾ ਲੇਖ ਪ੍ਰਕਾਸ਼ਿਤ ਕੀਤਾ ਗਿਆ ਹੈ। ਇਹ ਸਿੱਖ ਹਲਕਿਆਂ ਵਿਚ ਵਿਸ਼ੇਸ਼ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਤੇ ਭਾਈਚਾਰੇ ਦੀ ਸ਼ਲਾਘਾ ਹੋ ਰਹੀ ਹੈ।

ਉਨ੍ਹਾਂ ਦੱਸਿਆ ਕਿ ਵੱਖ-ਵੱਖ ਗੁਰਦੁਆਰਾ ਕਮੇਟੀਆਂ ਵਲੋਂ ਰੋਜ਼ਾਨਾ ਸ਼ਾਕਾਹਾਰੀ ਲੰਗਰ ਦੇ ਪੈਕੇਟ ਤਿਆਰ ਕੀਤੇ ਜਾ ਰਹੇ ਹਨ। ਲੰਗਰ ਵਿਚ ਰਾਜਮਾਹ, ਚੌਲ, ਮਟਰ, ਪਨੀਰ, ਦਾਲ, ਖੀਰ, ਪਿੱਜ਼ਾ, ਬਰਗਰ, ਪਾਸਤਾ, ਪਾਣੀ ਤੇ ਸੋਢਾ ਵਰਤਾਇਆ ਜਾ ਰਿਹਾ ਹੈ।

ਹੁਣ ਤੱਕ ਲੱਖਾਂ ਦੀ ਗਿਣਤੀ ਵਿਚ ਅਜਿਹੇ ਲੰਗਰ ਰੂਪੀ ਭੋਜਨ ਦੇ ਪੈਕੇਟ ਵੰਡੇ ਜਾ ਚੁੱਕੇ ਹਨ ਤੇ ਹਰੇਕ ਧਰਮ, ਫਿਰਕੇ, ਨਸਲ ਦੇ ਵਿਅਕਤੀ ਨੂੰ ਇਹ ਵੰਡਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਲੋਕ ਖੁਦ ਵੀ ਲੰਗਰ ਲੈਣ ਲਈ ਪਹੁੰਚ ਕਰ ਰਹੇ ਹਨ। ਜਿਹੜੇ ਲੋਕ ਨਹੀਂ ਪਹੁੰਚ ਸਕਦੇ, ਉਨ੍ਹਾਂ ਤੱਕ ਗੁਰਦੁਆਰਾ ਕਮੇਟੀਆਂ ਵਲੋਂ ਲੰਗਰ ਪਹੁੰਚਾਇਆ ਜਾ ਰਿਹਾ ਹੈ।


SERVING
Wisconsin & Illinois State
Residential or Commercial
Buying, Selling, Renting or Investing
Buy thru us Get Best Service
+ Thousands of Dollars cash back.
Buying: Have access to more than 60 websites to find your dream home or future investment!
New constructions homes-Get 60% cash back.
Affordable Listing Commission.
Selling: Your listing will be posted to 60 websites and 80 interconnected websites as well as on social media. Have opportunities to market through Pro-photo, Video Open Houses and many more options!

For the best deal call:
Jesse Singh (e-PRO, SFR, CIAS)
Broker/Realtor
Cell: 847-606-3664
Email: jsingh@remax.net
Web Site: jsingh.illinoisproperty.com
12 years experience (Full time service)
Sold: #780 Homes and #82 Commercials.
RE/MAX COMMERCIAL · RE/MAX PLATINUM CLUB · e-PRO REALTOR · SFR SHORT SALES & FORECLOSURE RESOURCE · CIAS Certified Investor Agent Specialist

Sistar Mortgage
Minimizing Cost, Maximizing Investment
www.SistarMortgage.com

Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

Michigan Truck Driving School
6405 Middlebelt Road, Romulus, MI 48174
ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ



*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇੰਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298

# ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਵਲੋਂ ਖੁਦਕੁਸ਼ੀ

**ਮੁੰਬਈ:** ਬੌਲੀਵੁੱਡ ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ (34) ਨੇ ਆਪਣੀ ਬਾਂਦਰਾ ਸਥਿਤ ਰਿਹਾਇਸ਼ ਵਿਚ ਖੁਦਕੁਸ਼ੀ ਕਰ ਲਈ। ਕਾਬਲੇਗੌਰ ਹੈ ਕਿ ਸੁਸ਼ਾਂਤ ਆਖਰੀ ਵਾਰ ਨਿਤੇਸ਼ ਤਿਵਾੜੀ ਦੇ ਨਿਰਦੇਸ਼ਨ ਵਾਲੀ ਫਿਲਮ 'ਛਿਛੋਰੇ' ਵਿਚ ਨਜ਼ਰ ਆਇਆ ਸੀ, ਜਿਸ ਵਿਚ ਉਸ ਨੇ ਇਕ ਪਿਤਾ ਦਾ ਕਿਰਦਾਰ ਨਿਭਾਇਆ ਸੀ, ਜੋ ਖੁਦਕੁਸ਼ੀ ਦੀ ਕੋਸ਼ਿਸ਼ ਕਰਨ ਵਾਲੇ ਆਪਣੇ ਪੁੱਤਰ 'ਚ ਮੁੜ ਜਿਊਣ ਦੀ ਆਸ ਜਗਾਉਂਦਾ ਹੈ।

ਬਾਂਦਰਾ ਪੁਲਿਸ ਦੇ ਸੂਤਰਾਂ ਨੇ ਕਿਹਾ ਕਿ ਸ਼ੁਰੂਆਤੀ ਜਾਂਚ ਦੇ ਅਧਾਰ 'ਤੇ ਮੌਤ ਨੂੰ ਹਾਦਸਾ ਮੰਨ ਕੇ ਕੇਸ ਦਰਜ ਕੀਤਾ ਜਾਵੇਗਾ। ਪੁਲਿਸ ਨੂੰ ਮੌਕੇ ਤੋਂ ਕੋਈ ਖੁਦਕੁਸ਼ੀ ਨੋਟ ਨਹੀਂ ਮਿਲਿਆ। ਰਿਪੋਰਟਾਂ ਮੁਤਾਬਕ ਅਦਾਕਾਰ ਦੇ ਨੌਕਰ ਨੇ ਪੁਲਿਸ ਨੂੰ ਇਸ ਦੀ ਜਾਣਕਾਰੀ ਦਿੱਤੀ। ਨੌਕਰ ਨੇ ਦੱਸਿਆ ਕਿ ਸੁਸ਼ਾਂਤ ਬੀਤੇ ਦਿਨ ਤੋਂ ਹੀ ਪਰੇਸ਼ਾਨ ਸੀ। ਉਸ ਨੇ ਜਦੋਂ ਦਰਵਾਜ਼ਾ ਨਹੀਂ ਖੋਲ੍ਹਿਆ ਤਾਂ ਉਸ ਨੇ ਦੂਜੀ ਚਾਬੀ ਨਾਲ ਮੇਨ ਗੇਟ ਖੋਲ੍ਹਿਆ। ਅੰਦਰ ਜਾ ਕੇ ਦੇਖਿਆ ਤਾਂ ਸੁਸ਼ਾਂਤ ਦੀ ਲਾਸ਼ ਕਮਰੇ ਦੇ ਪੱਖੇ ਨਾਲ ਲਟਕ ਰਹੀ ਸੀ।

ਦੱਸਣਾ ਬਣਦਾ ਹੈ ਕਿ ਕੁਝ ਦਿਨ ਪਹਿਲਾਂ 9 ਜੁਲਾਈ ਨੂੰ ਸੁਸ਼ਾਂਤ ਦੀ ਮੈਨੇਜਰ ਦੀਸ਼ਾ ਸਾਲਿਆਨ (28) ਨੇ ਮੁੰਬਈ ਦੀ ਮਲਾਡ ਇਮਾਰਤ ਦੀ 14ਵੀਂ ਮੰਜ਼ਿਲ ਤੋਂ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ ਸੀ। ਸੁਸ਼ਾਂਤ ਨੇ ਉਦੋਂ ਸਾਲਿਆਨ ਦੀ ਮੌਤ 'ਤੇ ਦੁਖ ਜਤਾਉਂਦਿਆਂ ਇਸ ਨੂੰ 'ਸਦਮੇ ਵਾਲੀ ਖਬਰ' ਕਰਾਰ ਦਿੱਤਾ ਸੀ। 21 ਜਨਵਰੀ 1986 ਨੂੰ ਪਟਨਾ ਵਿਚ ਜੰਮੇ ਤੇ ਚਾਰ



ਭੈਣਾਂ ਦੇ ਇਕਲੌਤੇ ਭਰਾ ਸੁਸ਼ਾਂਤ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਗੁਜਰਾਤ ਦੰਗਿਆਂ 'ਤੇ ਅਧਾਰਿਤ 'ਕਾਈ ਪੋ ਚੇ' ਨਾਲ ਕੀਤੀ ਸੀ। ਜਾਣਕਾਰੀ ਮੁਤਾਬਕ ਅਦਾਕਾਰ ਛੇ ਮਹੀਨਿਆਂ ਤੋਂ ਡਿਪਰੈਸ਼ਨ ਦੀ ਦਵਾਈ ਖਾ ਰਿਹਾ ਸੀ, ਜਿਸ ਸਮੇਂ ਉਸ ਨੇ ਆਤਮਹੱਤਿਆ ਕੀਤੀ ਉਸ ਦੇ ਕੁੱਝ ਦੋਸਤ ਘਰ ਵਿਚ ਸਨ। ਹੁਣ ਪੁਲਿਸ ਸਾਰਿਆਂ ਤੋਂ ਪੁੱਛ-ਪੜਤਾਲ ਕਰ ਸਕਦੀ ਹੈ। ਫਿਲਮ 'ਧੋਨੀ: ਐਨ ਅਨਟੋਲਡ ਸਟੋਰ' ਵਿਚ ਉਸ ਦੇ ਕੰਮ ਦੀ ਕਾਫੀ ਪ੍ਰਸ਼ੰਸਾ ਹੋਈ ਸੀ। ਉਸ ਨੇ ਫਿਲਮ, 'ਪੀਕੇ' ਤੇ 'ਕੇਦਾਰਨਾਥ' ਵਿਚ ਵੀ ਸ਼ਾਨਦਾਰ ਭੂਮਿਕਾਵਾਂ ਨਿਭਾਈਆਂ ਸਨ। 'ਸ਼ੁੱਧ ਦੇਸੀ ਰੋਮਾਂਸ' ਤੇ 'ਸੋਨ ਚਿੜੀਆ' ਵਿਚ ਉਸ ਦੀ ਲੀਡ ਭੂਮਿਕਾ ਸੀ। ਸੁਸ਼ਾਂਤ ਨੇ ਸੋਸ਼ਲ ਮੀਡੀਆ 'ਤੇ ਪਾਈ ਆਖਰੀ ਪੋਸਟ ਆਪਣੀ ਮਾਂ, ਜੋ 2002 ਵਿਚ ਗੁਜ਼ਰ ਗਈ ਸੀ, ਨੂੰ ਸਮਰਪਿਤ ਕੀਤੀ ਸੀ।


ਇੰਜੀਨੀਅਰਿੰਗ ਦੇ ਵਿਦਿਆਰਥੀ ਰਹੇ ਰਾਜਪੂਤ ਦੀ ਡਾਂਸ ਵਿਚ ਖਾਸੀ ਦਿਲਚਸਪੀ ਸੀ। ਉਸ ਨੇ ਆਪਣੇ ਇਸ ਝੱਸ ਨੂੰ ਪੂਰਾ ਕਰਨ ਲਈ ਕੋਰੀਓਗ੍ਰਾਫਰ ਸ਼ਿਆਮਕ ਡਾਵਰ ਦੀਆਂ ਡਾਂਸ ਕਲਾਸਾਂ ਵੀ ਲਾਈਆਂ ਤੇ ਮਗਰੋਂ ਐਕਟਿੰਗ ਗੁਰੂ ਬੈਰੀ ਜੌਹਨ ਦੀਆਂ ਕਲਾਸਾਂ ਨਾਲ ਜੁੜ ਗਿਆ। ਉਸ ਨੇ ਫਿਲਮ 'ਧੂਮ-2' ਵਿਚ ਰਿਤਿਕ ਰੌਸ਼ਨ ਤੇ ਐਸ਼ਵਰਿਆ ਰਾਏ ਨਾਲ ਗੀਤ 'ਧੂਮ ਅਗੇਨ' ਵਿਚ ਬੈਕਗਰਾਊਂਡ ਡਾਂਸਰ ਵਜੋਂ ਵੀ ਕੰਮ ਕੀਤਾ। ਅਦਾਕਾਰ ਨੂੰ ਅਸਲ ਪਛਾਣ ਏਕਤਾ ਕਪੂਰ ਦੇ ਲੜੀਵਾਰ 'ਪਵਿੱਤਰ ਰਿਸ਼ਤਾ' ਵਿਚ ਮਾਨਵ ਦੇ ਕਿਰਦਾਰ ਤੋਂ ਮਿਲੀ।

# ਅਮਰੀਕੀ ਫੌਜ 'ਚ ਪਹਿਲੀ ਸਿੱਖ ਮਹਿਲਾ ਵਜੋਂ ਸ਼ਾਮਲ ਹੋਈ ਅਨਮੋਲ ਨਾਰੰਗ

**ਰੋਜ਼ਵੈੱਲ, ਜਾਰਜੀਆ:** ਵੈਸਟ ਪੁਆਇੰਟ ਦੀ ਅਮਰੀਕੀ ਮਿਲਟਰੀ ਅਕੈਡਮੀ ਤੋਂ ਪਹਿਲੀ ਸਿੱਖ ਮਹਿਲਾ ਆਪਣੀ ਚਾਰ ਸਾਲ ਦੀ ਡਿਗਰੀ ਪੂਰੀ ਕਰਕੇ ਨਵਾਂ ਇਤਿਹਾਸ ਸਿਰਜਣ ਜਾ ਰਹੀ ਹੈ। ਜਾਰਜੀਆ ਦੇ ਰੋਜ਼ਵੈੱਲ ਵਿਚ ਜੰਮੀ ਅਤੇ ਪਲੀ ਅਨਮੋਲ ਨਾਰੰਗ ਸੈਕਿੰਡ ਲੈਫਟੀਨੈਂਟ ਬਣ ਗਈ ਹੈ।

ਵੈਸਟ ਪੁਆਇੰਟ ਤੋਂ ਪਰਮਾਣੂ ਇੰਜੀਨੀਅਰਿੰਗ ਦੀ ਗਰੈਜੂਏਟ ਡਿਗਰੀ ਕਰਨ ਤੋਂ ਪਹਿਲਾਂ ਅਨਮੋਲ ਨੇ ਜੌਰਜੀਆ ਇੰਸਟੀਚਿਊਟ ਆਫ ਟੈਕਨਾਲੋਜੀ ਵਿਚ ਇਕ ਵਰ੍ਹੇ ਦੀ ਅੰਡਰ-ਗਰੈਜੂਏਟ ਪੜ੍ਹਾਈ ਕੀਤੀ। ਉਹ ਹਵਾਈ ਰੱਖਿਆ ਦੇ ਖੇਤਰ 'ਚ ਕਰੀਅਰ ਬਣਾਉਣ ਦੀ ਇਛੁੱਕ ਹੈ।

ਅਨਮੋਲ ਨੇ ਦੱਸਿਆ, "ਵੈਸਟ ਪੁਆਇੰਟ ਤੋਂ ਗਰੈਜੂਏਟ ਡਿਗਰੀ ਕਰਨ ਦਾ ਸੁਪਨਾ ਪੂਰਾ ਹੋਣ 'ਤੇ ਮੈਂ ਬੇਹੱਦ ਖ਼ੁਸ਼ੀ ਅਤੇ ਮਾਣ ਮਹਿਸੂਸ ਕਰ ਰਹੀ ਹਾਂ। ਮੇਰੇ ਭਾਈਚਾਰੇ ਦਾ ਵਿਸ਼ਵਾਸ ਅਤੇ ਸਹਿਯੋਗ ਮੇਰੇ ਲਈ ਬਹੁਤ ਮਾਇਨੇ ਰੱਖਦਾ ਹੈ ਅਤੇ ਮੈਂ ਸ਼ੁਕਰਗੁਜ਼ਾਰ ਹਾਂ ਕਿ ਮੈਂ ਆਪਣੀ ਮੰਜ਼ਿਲ ਪਾ ਕੇ ਹੋਰ ਸਿੱਖ ਅਮਰੀਕੀਆਂ ਨੂੰ ਇਹ ਦਿਖਾ ਸਕੀ ਹਾਂ ਕਿ ਜੇਕਰ ਇਨਸਾਨ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਹੋਵੇ ਤਾਂ ਕੋਈ ਵੀ ਕਰੀਅਰ ਅਸੰਭਵ ਨਹੀਂ ਹੈ।" ਅਨਮੋਲ



ਨਾਰੰਗ ਵਲੋਂ ਓਕਲਾਹੋਮਾ ਦੇ ਫੋਰਟ ਸਿੱਲ ਤੋਂ ਆਪਣਾ ਬੇਸਿਕ ਆਫੀਸਰ ਲੀਡਰਸ਼ਿਪ ਕੋਰਸ ਕੀਤਾ ਜਾਵੇਗਾ, ਜਿਸ ਤੋਂ ਬਾਅਦ ਉਹ ਜਨਵਰੀ ਵਿਚ ਆਪਣੀ ਪਹਿਲੀ ਤਾਇਨਾਤੀ ਲਈ ਜਪਾਨ ਦੇ ਓਕੀਨਾਵਾ ਵਿਚ ਜਾਵੇਗੀ।

# ਜੀ. ਐਸ. ਟੀ. ਰਿਟਰਨ ਨਾ ਭਰਨ ਵਾਲੇ ਕਾਰੋਬਾਰੀਆਂ ਨੂੰ ਰਾਹਤ

**ਨਵੀਂ ਦਿੱਲੀ:** ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਤਾਲਾਬੰਦੀ ਤੋਂ ਬਾਅਦ ਪਹਿਲੀ ਵਾਰ ਜੀ.ਐਸ.ਟੀ. ਕੌਂਸਲ ਦੀ ਮੀਟਿੰਗ ਦੀ ਅਗਵਾਈ ਕਰਦਿਆਂ ਰਿਟਰਨ ਨਾ ਭਰਨ ਵਾਲੀਆਂ ਕੰਪਨੀਆਂ ਲਈ ਕਈ ਐਲਾਨ ਕੀਤੇ, ਜਿਨ੍ਹਾਂ 'ਚੋਂ ਕੁਝ ਐਲਾਨ ਕੋਵਿਡ-19 ਦੇ ਦੌਰ ਤੋਂ ਪਹਿਲਾਂ ਨਾਲ ਵੀ ਸਬੰਧ ਰੱਖਦੇ ਹਨ।

ਵਿੱਤ ਮੰਤਰੀ ਨੇ ਕੌਂਸਲ ਦੀ 40ਵੀਂ ਮੀਟਿੰਗ ਤੋਂ ਬਾਅਦ ਕੀਤੀ ਪ੍ਰੈੱਸ ਕਾਨਫਰੰਸ 'ਚ ਐਲਾਨ ਕਰਦਿਆਂ ਕਿਹਾ ਕਿ ਅਜਿਹੀਆਂ ਕੰਪਨੀਆਂ ਜਿਨ੍ਹਾਂ ਨੇ ਜੁਲਾਈ 2017 ਤੋਂ ਜਨਵਰੀ 2020 ਤੱਕ ਦੇ ਸਮੇਂ 'ਚ ਜੀ. ਐਸ. ਟੀ. ਰਿਟਰਨ ਦਾਖਲ ਨਹੀਂ ਕੀਤੀ ਅਤੇ ਜਿਨ੍ਹਾਂ 'ਤੇ ਕੋਈ ਵੀ ਟੈਕਸ ਬਕਾਇਆ ਨਹੀਂ ਹੈ, ਉਨ੍ਹਾਂ ਨੂੰ ਹੁਣ ਰਿਟਰਨ ਫਾਈਲ ਕਰਨ ਉਤੇ ਕੋਈ ਜੁਰਮਾਨਾ ਨਹੀਂ ਅਦਾ ਕਰਨਾ ਪਏਗਾ। ਸੀਤਾਰਮਨ ਨੇ ਕੋਵਿਡ-19 ਦੇ ਦੌਰ ਤੋਂ ਪਹਿਲਾਂ ਦੇ ਸਮੇਂ ਲਈ ਇਸ ਰਾਹਤ ਦਾ ਐਲਾਨ ਕਰਦਿਆਂ ਕਿਹਾ ਕਿ ਰਿਟਰਨ ਫਾਈਲ ਕਰਨ ਸਬੰਧੀ ਕਈ ਮੁੱਦੇ ਅਜੇ ਬਕਾਇਆ ਪਏ ਹਨ ਜਿਨ੍ਹਾਂ ਨੂੰ ਸੁਲਝਾਉਣ ਦੀ ਕਵਾਇਦ ਤਹਿਤ ਇਹ ਫੈਸਲਾ ਲਿਆ ਗਿਆ।



ਸੀਤਾਰਮਨ ਨੇ ਇਸ ਦੇ ਨਾਲ ਹੀ ਇਹ ਵੀ ਕਿਹਾ ਕਿ ਜਿਨ੍ਹਾਂ ਕੰਪਨੀਆਂ ਉਤੇ ਇਸ ਦੌਰਾਨ ਟੈਕਸ ਬਕਾਇਆ ਹੈ, ਅਤੇ ਉਨ੍ਹਾਂ ਰਿਟਰਨ ਨਹੀਂ ਭਰੀ ਹੈ, ਉਨ੍ਹਾਂ ਨੂੰ ਹਰ ਬਕਾਇਆ ਰਿਟਰਨ ਭਰਨ ਲਈ 500 ਰੁਪਏ ਦਾ ਜੁਰਮਾਨਾ ਅਦਾ ਕਰਨਾ ਪਏਗਾ। ਸੀਤਾਰਮਨ ਨੇ ਬਕਾਇਆ ਰਿਟਰਨ ਭਰਨ ਲਈ 1 ਜੁਲਾਈ ਤੋਂ 30 ਸਤੰਬਰ 2020 ਦੀ ਸਮਾਂ ਹੱਦ ਨਿਸ਼ਚਿਤ ਕਰਦਿਆਂ ਕਿਹਾ ਕਿ 30 ਸਤੰਬਰ, 2020 ਤੱਕ ਬਕਾਇਆ ਰਿਟਰਨਾਂ ਭਰੀਆਂ ਜਾ ਸਕਦੀਆਂ ਹਨ। ਇਸ ਤੋਂ ਇਲਾਵਾ 5 ਕਰੋੜ ਰੁਪਏ ਤੱਕ ਦੇ ਕਾਰੋਬਾਰੀ ਜੋ ਫਰਵਰੀ, ਮਾਰਚ ਅਤੇ ਅਪਰੈਲ 2020 ਦੇ ਜੀ.ਐਸ.ਟੀ. ਰਿਟਰਨ ਨਹੀਂ ਭਰ ਸਕੇ, ਉਨ੍ਹਾਂ ਨੂੰ ਸਾਲਾਨਾ 9 ਫੀਸਦੀ ਵਿਆਜ ਦਰ ਨਾਲ ਰਿਟਰਨ ਭਰਨ ਦੀ ਛੋਟ ਹੋਵੇਗੀ। ਪਹਿਲਾਂ ਬਕਾਇਆ ਟੈਕਸ ਉਤੇ ਸਾਲਾਨਾ ਵਿਆਜ ਦਰ 18 ਫੀਸਦੀ ਤੈਅ ਸੀ। ਅਜਿਹੇ ਟੈਕਸ ਭਰਨ ਵਾਲਿਆਂ ਨੂੰ ਉਸ ਹਾਲਾਤ 'ਚ ਜੁਰਮਾਨਾ ਅਤੇ ਵਿਆਜ ਨਹੀਂ ਭਰਨਾ ਹੋਵੇਗਾ ਜੋ ਮਈ, ਜੂਨ ਅਤੇ ਜੁਲਾਈ ਦੇ ਮਹੀਨੇ 'ਚ ਸਪਲਾਈ ਪ੍ਰਭਾਵਿਤ ਹੋਣ ਕਾਰਨ ਸਤੰਬਰ ਤੱਕ ਜੀ.ਐਸ.ਟੀ. ਅਦਾ ਕਰ ਦੇਣਗੇ।



The Law Firm
Of Fatima Johnson
3737 N. Meridian St., Ste 106, Indianapolis, IN 46208
vitalvisa
THE LAW FIRM OF FATIMA JOHNSON
ਤੁਸੀਂ ਸਾਡੇ ਲਈ ਬਹੁਤ ਅਹਿਮ ਹੋ
Are you planning on going to your immigration interview or court alone? Don't do it!
ਕੀ ਤੁਸੀਂ ਇਕੱਲੇ ਇਮੀਗ੍ਰੇਸ਼ਨ ਇੰਟਰਵਿਊ ਜਾਂ ਅਦਾਲਤ ਜਾਣਾ ਚਾਹੁੰਦੇ ਹੋ? ਇੰਜ ਨਾ ਕਰੋ!
Did you enter the U.S. without a visa?
ਕੀ ਤੁਸੀਂ ਯੂਨਾਈਟਿਡ ਸਟੇਟ ਵਿਚ ਕਿਸੇ ਵੀਜ਼ੇ ਦੇ ਬਿਨਾ ਦਾਖਲ ਹੋਏ ਹੋ?
Do you have family members outside the U.S.?
ਕੀ ਤੁਹਾਡੇ ਪਰਿਵਾਰ ਦੇ ਮੈਂਬਰ ਅਮਰੀਕਾ ਤੋਂ ਬਾਹਰ ਹਨ?
Does your application keep getting denied?
ਕੀ ਤੁਹਾਡੀ ਦਰਖਾਸਤ ਵਾਰ ਵਾਰ ਰੱਦ ਹੋ ਰਹੀ ਹੈ?
We are experienced in.
•Deportation Defense •VAWA •Asylum •Work Permit
•Family and Marriage Based •Investor Visa (H1B, E-2, EB-5)
•SIJS (Special Immigration Juvenile Status)
Come talk to an experienced immigration attorany. Call to schedule an appointment today
ਇੱਕ ਤਜਰਬੇਕਾਰ ਇਮੀਗ੍ਰੇਸ਼ਨ ਅਟਾਰਨੀ ਨਾਲ ਗੱਲ ਕਰੋ। ਅੱਜ ਇਕ ਮੁਲਾਕਾਤ ਤੈਅ ਕਰਨ ਲਈ ਕਾਲ ਕਰੋ
Languages Spoken
•English •Hindi •Punjabi •Urdu •Spanish •French •Arabic •Chinese
ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ, ਉਰਦੂ, ਸਪੈਨਿਸ਼, ਫਰੈਂਚ, ਅਰਬੀ ਤੇ ਚੀਨੀ ਬੋਲਦੇ ਹਾਂ
Licensed to Practice Immigration Law in all 50 States.
Ph: 317-252-0013
info@vitalvisa.com
*This is an attorney advertisement*






MIDWAY Business Broker
We Build Your Dreams
For All Your Commercial Real Estate Needs
*Gas Station *Commercial
*Liquor Store *Hotel/Motel
*Miscellaneous Store
MIDWAY REALTY GROUP
We Build Your Dreams
MIDWAY REALTY GROUP
For all your Residential Real Estate Needs
Join our team, we are hiring real estate agents.
We help you to
▸ Home Selling ▸ New Construction
▸ Home Buying ▸ Foreclosed / Short Sale
▸ Rental / Lease ▸ REO'S / HUD Property
WE WILL ASSIST YOU TO PROVIDE FUNDING FROM $25K TO 500K IN 48HRS
List your business at WWW.MBBIZ.COM
AJEET SINGH : 847-529-9778
NICK VERMA : 630-664-1435

**Punjab Times**
Established in 2000
21st Year in Publication

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਾਰਤ ਵਿਚ 1901 ਤੋਂ 2018 ਤੱਕ ਔਸਤ ਤਾਪਮਾਨ 0.7 ਡਿਗਰੀ ਵਧਿਆ

**ਨਵੀਂ ਦਿੱਲੀ:** ਧਰਤੀ ਵਿਗਿਆਨ ਮੰਤਰਾਲੇ ਨੇ ਆਪਣੀ ਖੋਜ ਰਿਪੋਰਟ ਵਿਚ ਕਿਹਾ ਹੈ ਕਿ ਮਨੁੱਖੀ ਗਤੀਵਿਧੀਆਂ ਕਾਰਨ ਪਿਛਲੇ ਕੁਝ ਦਹਾਕਿਆਂ ਵਿਚ ਭਾਰਤ 'ਚ ਔਸਤ ਤਾਪਮਾਨ 0.7 ਡਿਗਰੀ ਵਧਿਆ ਹੈ। ਇਸ ਦੇ ਨਾਲ ਹੀ ਬਾਰਸ਼ਾਂ ਘਟੀਆਂ ਹਨ, ਸਮੁੰਦਰੀ ਤੂਫਾਨਾਂ ਦੀ ਤੀਬਰਤਾ ਵਧੀ ਹੈ ਅਤੇ ਸੋਕਾ ਵਧਿਆ ਹੈ।

ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ 21ਵੀਂ ਸਦੀ ਦੇ ਅਖੀਰ ਤੱਕ ਭਾਰਤ ਵਿਚ ਔਸਤ ਤਾਪਮਾਨ 4.4 ਡਿਗਰੀ ਵਧਣ ਦਾ ਅਨੁਮਾਨ ਹੈ ਜਦੋਂਕਿ ਗਰਮ ਹਵਾਵਾਂ ਦੀ ਤੀਬਰਤਾ ਤਿੰਨ-ਚਾਰ ਗੁਣਾ ਵਧ ਸਕਦੀ ਹੈ। ਇਹ ਜ਼ਿਕਰ ਜਲਵਾਯੂ ਬਦਲਾਅ ਦੇ ਪ੍ਰਭਾਵ ਸਬੰਧੀ ਮੰਤਰਾਲੇ ਦੀ ਰਿਪੋਰਟ ਵਿੱਚ ਕੀਤਾ ਗਿਆ ਹੈ। ਰਿਪੋਰਟ ਮੁਤਾਬਕ 20ਵੀਂ ਸਦੀ ਦੇ ਅੱਧ ਤੋਂ ਬਾਅਦ ਭਾਰਤ ਵਿਚ ਤਾਪਮਾਨ ਵਧਿਆ, ਬਾਰਸ਼ਾਂ ਘਟੀਆਂ। ਇਹ ਰਿਪੋਰਟ ਮੰਤਰਾਲੇ ਦੇ ਖੰਡੀ ਮੌਸਮ ਵਿਗਿਆਨ ਬਾਰੇ ਭਾਰਤੀ ਸੰਸਥਾ ਅਧੀਨ ਕੰਮ ਕਰਦੇ ਇਕ ਸੈੱਲ ਜਲਵਾਯੂ ਬਦਲਾਅ ਖੋਜ ਕੇਂਦਰ ਦੇ ਖੋਜਕਾਰਾਂ ਵੱਲੋਂ ਤਿਆਰ ਕੀਤੀ ਗਈ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਸ ਗੱਲ ਦਾ ਠੋਸ ਵਿਗਿਆਨਕ ਪ੍ਰਮਾਣ ਹੈ ਕਿ ਮਨੁੱਖ ਗਤੀਵਿਧੀਆਂ ਕਾਰਨ ਖੇਤਰੀ ਜਲਵਾਯੂ ਵਿਚ ਤਬਦੀਲੀ ਆਈ ਹੈ।

ਰਿਪੋਰਟ ਅਨੁਸਾਰ 1901-2018 ਤੱਕ ਭਾਰਤ 'ਚ ਔਸਤ ਤਾਪਮਾਨ 0.7 ਡਿਗਰੀ ਵਧਿਆ ਹੈ। 1986 ਤੋਂ 2015 ਤੱਕ ਦੇ ਵਕਫੇ ਦੌਰਾਨ ਸਾਲ ਦੇ ਸਭ ਤੋਂ ਗਰਮ ਦਿਨ ਅਤੇ ਸਭ ਤੋਂ ਠੰਢੀ ਰਾਤ ਦਾ ਤਾਪਮਾਨ ਕਰੀਬ 0.63 ਡਿਗਰੀ ਤੇ 0.4 ਡਿਗਰੀ ਵਧਿਆ। ਰਿਪੋਰਟ ਅਨੁਸਾਰ ਸਦੀ ਦੇ ਅਖੀਰ ਤੱਕ ਸਭ ਤੋਂ ਗਰਮ ਦਿਨ ਤੇ ਸਭ ਤੋਂ ਠੰਢੀ ਰਾਤ ਦਾ ਤਾਪਮਾਨ ਕਰੀਬ 4.7 ਡਿਗਰੀ ਤੇ 5.5 ਡਿਗਰੀ ਸੈਲਸੀਅਸ ਵਧਣ ਦਾ ਅਨੁਮਾਨ ਹੈ।

## ਭਾਰਤੀ ਮੂਲ ਦੇ ਅਮਰੀਕੀ ਵਿਗਿਆਨੀ ਨੂੰ ਕੌਮਾਂਤਰੀ ਪੁਰਸਕਾਰ

**ਵਾਸ਼ਿੰਗਟਨ:** ਭਾਰਤੀ-ਅਮਰੀਕੀ ਮਿੱਟੀ ਵਿਗਿਆਨੀ ਡਾ. ਰਤਨ ਲਾਲ ਨੂੰ ਖੇਤੀਬਾੜੀ ਦੇ ਨੋਬੇਲ ਪੁਰਸਕਾਰ ਦੇ ਬਰਾਬਰ ਸਮਝੇ ਜਾਣ ਵਾਲੇ ਵਿਸ਼ਵ ਭੋਜਨ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਹੈ। ਛੋਟੇ ਕਿਸਾਨਾਂ ਨੂੰ ਮਿੱਟੀ ਦੀ ਗੁਣਵੱਤਾ ਵਿਚ ਸੁਧਾਰ ਲਿਆਉਣ ਵਿਚ ਸਹਾਇਤਾ ਕਰਕੇ ਵਿਸ਼ਵਵਿਆਪੀ ਭੋਜਨ ਸਪਲਾਈ ਵਧਾਉਣ ਵਿਚ ਯੋਗਦਾਨ ਪਾਉਣ ਲਈ ਉਨ੍ਹਾਂ ਨੂੰ ਇਹ ਪੁਰਸਕਾਰ ਦਿੱਤਾ ਗਿਆ ਹੈ।

# ਪੰਜਾਬ 'ਚ ਤੀਜੇ ਬਦਲ ਲਈ ਮੁੜ ਹੰਭਲਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦੀ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਪੰਥਕ ਏਕਤਾ ਅਤੇ ਪੰਜਾਬ 'ਚ ਤੀਜੇ ਬਦਲ ਲਈ ਦੂਸਰੀਆਂ ਸਿਆਸੀ ਧਿਰਾਂ ਨਾਲ ਗੱਲਬਾਤ ਕਰਨ ਦੇ ਸਮੁੱਚੇ ਅਧਿਕਾਰ ਪਾਰਟੀ ਪ੍ਰਧਾਨ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੂੰ ਸਰਬਸੰਮਤੀ ਨਾਲ ਦੇ ਦਿੱਤੇ ਗਏ ਹਨ।

ਕੋਰ ਕਮੇਟੀ ਦੀ ਮੀਟਿੰਗ ਮਗਰੋਂ ਪਾਰਟੀ ਪ੍ਰਧਾਨ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਕਿਹਾ ਕਿ ਪੰਜਾਬ ਅਤੇ ਦੇਸ਼ ਦੇ ਰਾਜਨੀਤਕ ਹਾਲਾਤ ਦੀ ਸਮੀਖਿਆ ਕਰਕੇ ਪਾਰਟੀ ਇਸ ਸਿੱਟੇ 'ਤੇ ਪਹੁੰਚੀ ਹੈ ਕਿ ਪੰਜਾਬ ਨੂੰ ਮਜ਼ਬੂਤ ਅਤੇ ਸਾਫ ਸੁਥਰੇ ਤੀਜੇ ਬਦਲ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਟਕਸਾਲੀ ਨੇ ਇਸ ਸਬੰਧੀ ਪਹਿਲਾਂ ਵੀ ਸਾਰਥਿਕ ਭੂਮਿਕਾ ਨਿਭਾਈ ਸੀ ਤੇ ਆਉਣ ਵਾਲੇ ਸਮੇਂ ਵਿਚ ਵੀ ਨਿਭਾਵਾਂਗੇ।

ਬ੍ਰਹਮਪੁਰਾ ਨੇ ਦੋਸ਼ ਲਾਇਆ ਕਿ ਬਾਦਲ ਪਰਿਵਾਰ ਨੇ ਹਰਸਿਮਰਤ ਕੌਰ ਬਾਦਲ ਦੀ ਕੁਰਸੀ ਬਚਾਉਣ ਲਈ ਕਿਸਾਨਾਂ ਦੀ ਬਰਬਾਦੀ ਦਾ ਆਧਾਰ ਬਣਨ ਵਾਲੇ ਆਰਡੀਨੈਂਸ ਦਾ ਵਿਰੋਧ ਕਰਨ ਦੀ ਥਾਂ ਮੋਦੀ ਸਰਕਾਰ ਅੱਗੇ ਗੋਡੇ ਟੇਕ ਦਿੱਤੇ ਹਨ। ਬ੍ਰਹਮਪੁਰਾ ਨੇ ਕਿਹਾ ਕਿ ਪੰਜਾਬ ਅਤੇ ਦੇਸ਼ ਦੇ ਰਾਜਨੀਤਕ ਹਾਲਾਤਾਂ ਦੀ ਸਮੀਖਿਆ ਕਰਕੇ ਉਹ ਇਸ ਸਿੱਟੇ 'ਤੇ ਪਹੁੰਚੇ ਹਨ ਕਿ ਪੰਜਾਬ ਨੂੰ ਤੀਜੇ ਬਦਲ ਦੀ ਲੋੜ ਹੈ ਅਤੇ ਉਹ ਇਸ ਸਬੰਧੀ ਸਾਰਥਿਕ ਭੂਮਿਕਾ ਨਿਭਾਉਣਗੇ। ਬ੍ਰਹਮਪੁਰਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਿਆਂਦੇ ਤਿੰਨ ਵੱਖ-ਵੱਖ ਆਰਡੀਨੈਂਸ ਦਾ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਵਿਰੋਧ ਕਰਦਾ ਹੈ। ਬ੍ਰਹਮਪੁਰਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਵੱਲੋਂ ਆਰਡੀਨੈਂਸ ਦੀ ਡਟਵੀਂ ਹਮਾਇਤ ਕਰਨਾ ਅਤੇ ਫਿਰ ਕੁਰਬਾਨੀਆਂ ਦੀ ਗੱਲ ਕਰਨੀ ਸਿਰਫ ਡਰਾਮਾ ਸਾਬਤ ਹੋ ਰਿਹਾ ਹੈ।

ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਕਿਸਾਨਾਂ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਕਰਨ ਲਈ ਡੀਜ਼ਲ ਮਹਿੰਗਾ ਅਤੇ ਜਾਅਲੀ ਬੀਜ, ਖਾਦਾਂ ਦੇਣਾ ਇਸ ਦੀਆਂ ਤਾਜ਼ਾ ਮਿਸਾਲਾਂ ਹਨ। ਟਕਸਾਲੀ ਦਲ ਦੇ ਪ੍ਰਧਾਨ ਨੇ ਕੇਂਦਰ ਸਰਕਾਰ ਦੀਆਂ ਕਿਸਾਨ ਮਾਰੂ ਨੀਤੀਆਂ ਖਿਲਾਫ ਦੇਸ਼ ਦੇ ਸਮੂਹ ਕਿਸਾਨਾਂ, ਮਜ਼ਦੂਰਾਂ ਅਤੇ ਕਿਰਤੀਆਂ ਨੂੰ ਇਕ ਜਗ੍ਹਾ ਇਕੱਠੇ ਹੋਣ ਦੀ ਅਪੀਲ ਕੀਤੀ।

# ਚੀਨ ਨੇ ਭਾਰਤ ਦੀ ਸਫਾਰਤੀ ਨੀਤੀ ਦੀਆਂ ਧੱਜੀਆਂ ਉਡਾਈਆਂ

*(ਸਫਾ ਇਕ ਦੀ ਬਾਕੀ)*

ਧੱਕੇਸ਼ਾਹੀਆਂ ਖਿਲਾਫ ਏਕੇ ਦਾ ਦਿੱਤਾ ਸੱਦਾ ਇਹੀ ਸੰਕੇਤ ਦਿੰਦਾ ਹੈ ਕਿ ਇਹ ਲਾਮਬੰਦੀ ਭਾਰਤ ਲਈ ਘਾਟੇ ਵਾਲਾ ਸੌਦਾ ਸਾਬਤ ਹੋਵੇਗੀ। ਹਾਲ ਹੀ ਵਿਚ ਭਾਰਤ ਦੇ ਗੁਆਂਢੀ ਮੁਲਕ ਨੇਪਾਲ ਦੇ ਚੀਨ ਵੱਲ ਝੁਕਾਅ ਨੂੰ ਵੀ ਮੋਦੀ ਸਰਕਾਰ ਦੀਆਂ ਮਾੜੀਆਂ ਨੀਤੀਆਂ ਦਾ ਸਿੱਟਾ ਹੀ ਮੰਨਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਭਾਰਤ ਦੇ ਅਹਿਸਾਨਾਂ ਥੱਲੇ ਦੱਬਿਆ ਮੁਲਕ ਬੰਗਲਾਦੇਸ਼ ਵੀ ਨਾਗਰਿਕ ਸੋਧ ਬਿੱਲ ਨੂੰ ਲੈ ਕੇ ਮੋਦੀ ਸਰਕਾਰ ਨੂੰ ਇਤਰਾਜ਼ ਦਰਜ ਕਰਵਾ ਚੁੱਕਾ ਹੈ।

ਬਹੁਤ ਸਾਰੇ ਕੂਟਨੀਤਕ ਅਤੇ ਫੌਜੀ ਮਾਮਲਿਆਂ ਦੇ ਮਾਹਿਰ ਇਹ ਰਾਏ ਦਿੰਦੇ ਆਏ ਹਨ ਕਿ ਸੰਵਿਧਾਨ ਦੀ ਧਾਰਾ 370 ਨੂੰ ਮਨਸੂਖ ਕਰਨ ਦੇ ਗੰਭੀਰ ਪ੍ਰਭਾਵ ਪੈਣਗੇ। ਉਨ੍ਹਾਂ ਅਨੁਸਾਰ ਧਾਰਾ 370 ਤਹਿਤ ਲੱਦਾਖ, ਜਿਸ ਨੂੰ ਕਿ ਜੰਮੂ ਕਸ਼ਮੀਰ ਪ੍ਰਾਂਤ ਦਾ ਹਿੱਸਾ ਬਣਾਇਆ ਗਿਆ ਸੀ, ਭਾਰਤ ਦਾ ਹਿੱਸਾ ਬਣ ਗਿਆ ਅਤੇ ਇਸ ਨੂੰ ਮਨਸੂਖ ਕੀਤੇ ਜਾਣ ਨਾਲ ਕੌਮਾਂਤਰੀ ਤੌਰ 'ਤੇ ਲੱਦਾਖ ਦੇ ਕਾਨੂੰਨੀ ਸਟੇਟਸ 'ਤੇ ਅਸਰ ਪੈਂਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕੁਝ ਦੇਰ ਤੋਂ ਸੰਕੇਤ ਮਿਲਣ ਲੱਗ ਪਏ ਸਨ ਕਿ ਚੀਨ ਲੱਦਾਖ ਦੇ ਕੇਂਦਰੀ ਸ਼ਾਸਿਤ ਪ੍ਰਦੇਸ਼ ਬਣਾਉਣ ਦੇ ਨਵੇਂ ਦਰਜੇ ਨੂੰ ਬਹੁਤ ਗੰਭੀਰਤਾ ਨਾਲ ਲੈ ਰਿਹਾ ਹੈ ਅਤੇ ਇਸ ਬਾਰੇ ਸਫਾਰਤੀ ਅਤੇ ਫੌਜੀ ਪੱਧਰ 'ਤੇ ਕੋਈ ਕਾਰਵਾਈ ਕਰੇਗਾ। ਇਸੇ ਲਈ ਚੀਨ ਦੀ ਫੌਜ ਕਾਫੀ ਤਿਆਰੀ ਨਾਲ ਆਈ ਹੈ ਅਤੇ ਉਨ੍ਹਾਂ ਨੇ ਗਲਵਾਨ ਵੈਲੀ ਦੇ ਕੁਝ ਹਿੱਸੇ 'ਤੇ ਕਬਜ਼ਾ ਕਰ ਲਿਆ ਹੈ। ਚੀਨ ਲੱਦਾਖ ਦੇ ਵੱਡੇ ਹਿੱਸੇ ਨੂੰ ਚੀਨ ਦਾ ਹਿੱਸਾ ਦੱਸ ਰਿਹਾ ਹੈ। ਤਾਜ਼ਾ ਹਮਲੇ ਤੋਂ ਬਾਅਦ ਵਿਰੋਧੀ ਧਿਰਾਂ ਦੀ ਘੇਰਾਬੰਦੀ ਤੇ ਸਿਆਸੀ ਮਾਹਰਾਂ ਦੇ ਸਵਾਲ ਮੋਦੀ ਸਰਕਾਰ ਲਈ ਵੱਡੀ ਚੁਣੌਤੀ ਬਣ ਰਹੇ ਹਨ। ਭਾਜਪਾ ਦੀ ਰਣਨੀਤੀ ਰਹੀ ਹੈ ਕਿ ਉਹ ਮੋਦੀ ਨੂੰ ਤਾਕਤਵਰ ਪ੍ਰਧਾਨ ਮੰਤਰੀ ਵਜੋਂ ਪ੍ਰਚਾਰ ਕੇ ਚੋਣ ਮਾਹੌਲ ਬਣਾਉਂਦੀ ਹੈ। ਹੁਣ ਬਿਹਾਰ ਸਮੇਤ ਕੁਝ ਸੂਬਿਆਂ ਵਿਚ ਚੋਣ ਤਿਆਰੀਆਂ ਚੱਲ ਰਹੀਆਂ ਹਨ। ਇਸੇ ਲਈ ਸਭ ਦੀਆਂ ਨਜ਼ਰਾਂ ਮੋਦੀ ਸਰਕਾਰ ਦੀ ਅਗਲੀ ਰਣਨੀਤੀ ਵੱਲ ਹਨ।

## ਅਮਰੀਕੀ ਲੜਾਕੂ ਜਹਾਜ ਉਤਰੀ ਸਾਗਰ 'ਚ ਹਾਦਸਾਗ੍ਰਸਤ

**ਲੰਡਨ:** ਅਮਰੀਕੀ ਹਵਾਈ ਸੈਨਾ ਦਾ ਇਕ ਲੜਾਕੂ ਜਹਾਜ ਪਾਇਲਟ ਸਣੇ ਉਤਰੀ ਸਾਗਰ ਵਿਚ ਹਾਦਸਾਗ੍ਰਸਤ ਹੋ ਗਿਆ ਹੈ। ਐਫ-15ਸੀ ਈਗਲ ਜਹਾਜ਼ 48ਵੇਂ ਫਾਈਟਰ ਵਿੰਗ ਨਾਲ ਸਬੰਧਤ ਸੀ ਤੇ ਇਸ ਨੇ ਰਾਇਲ ਏਅਰ ਫੋਰਸ ਦੇ ਲੇਕਨਹੀਥ ਬੇਸ ਤੋਂ ਸਿਖਲਾਈ ਉਡਾਣ ਭਰੀ ਸੀ। ਹਾਦਸੇ ਪਿਛਲੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਯੂਕੇ ਦੀਆਂ ਬਚਾਅ ਤੇ ਰਾਹਤ ਟੀਮਾਂ ਹਾਦਸੇ ਵਾਲੀ ਥਾਂ ਤਲਾਸ਼ਣ ਵਿਚ ਜੁਟੀਆਂ ਹੋਈਆਂ ਹਨ। ਲੇਕਨਹੀਥ ਬੇਸ ਉਤੇ ਅਮਰੀਕੀ ਏਅਰ ਫੋਰਸ ਦਾ 48ਵਾਂ ਫਾਈਟਰ ਵਿੰਗ (ਲਿਬਰਟੀ ਵਿੰਗ) ਤਾਇਨਾਤ ਹੈ। ਇਹ ਲੰਡਨ ਤੋਂ 130 ਕਿਲੋਮੀਟਰ ਦੀ ਦੂਰੀ ਉਤੇ ਹੈ।

## ਅਮਰੀਕਾ 'ਚ ਸਿੱਖ ਬਜ਼ੁਰਗ 'ਤੇ ਨਸਲੀ ਹਮਲਾ

**ਸਿਆਟਲ:** ਕੋਲੋਰਾਡੋ 'ਚ ਜੈਫਰਸਨ ਕਾਊਂਟੀ 'ਚ ਇਕ ਗੋਰੇ ਨੇ ਪੰਜਾਬੀ ਬਜ਼ੁਰਗ ਲਖਵੰਤ ਸਿੰਘ (61) ਉਤੇ ਆਪਣੀ ਕਾਰ ਚੜ੍ਹਾ ਦਿੱਤੀ ਤੇ 'ਆਪਣੇ ਦੇਸ਼ ਵਾਪਸ ਜਾਓ' ਦੇ ਨਾਅਰੇ ਲਗਾਏ। ਇਸ ਅਚਨਚੇਤ ਕਾਰ ਹਮਲੇ ਕਾਰਨ ਬਜ਼ੁਰਗ ਦੀ ਬਾਂਹ ਟੁੱਟ ਗਈ, ਪਸਲੀਆਂ ਨੂੰ ਵੀ ਕਾਫੀ ਨੁਕਸਾਨ ਪੁੱਜਾ। ਉਸ ਦੀ ਰੀੜ੍ਹ ਦੀ ਹੱਡੀ 'ਚ ਵੀ ਫਰੈਕਚਰ ਹੋਇਆ ਹੈ। ਇਸ ਹਮਲੇ ਨੂੰ ਨਸਲੀ ਹਮਲੇ ਵਜੋਂ ਦੇਖਿਆ ਜਾ ਰਿਹਾ ਹੈ। ਹਮਲਾ ਕਰਨ ਵਾਲੇ ਐਰਿਕ ਕੀਮੈਨ (36) ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ ਅਤੇ ਉਸ ਨੂੰ ਕਤਲ ਦੀ ਕੋਸ਼ਿਸ਼, ਪਹਿਲੀ ਡਿਗਰੀ ਹਮਲੇ ਅਤੇ ਘਟਨਾ ਸਥਾਨ ਤੋਂ ਫਰਾਰ ਹੋਣ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਾਊਂਟੀ ਦੇ ਵਕੀਲ ਨੇ ਕਿਹਾ ਕਿ ਹਮਲਾ ਕਰਨ ਦਾ ਮਤਲਬ ਨਸਲੀ ਹਿੰਸਾ ਸੀ ਜਾਂ ਕੁਝ ਹੋਰ, ਇਸ ਦੀ ਜਾਂਚ ਕੀਤੀ ਜਾ ਰਹੀ ਹੈ।

# ਹੁਣ ਯੋਗੀ ਸਰਕਾਰ ਸਿੱਖ ਕਿਸਾਨਾਂ ਨੂੰ ਉਜਾੜਨ ਲੱਗੀ

*(ਸਫਾ ਇਕ ਦੀ ਬਾਕੀ)*

ਦੂਜੇ ਪਾਸੇ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕੇਂਦਰੀ ਮੰਤਰੀਆਂ ਹਰਸਿਮਰਤ ਕੌਰ ਬਾਦਲ, ਸੋਮ ਪ੍ਰਕਾਸ਼ ਤੇ ਹਰਦੀਪ ਸਿੰਘ ਪੁਰੀ ਨੂੰ ਕਟਹਿਰੇ 'ਚ ਖੜ੍ਹਾ ਕਰਦਿਆਂ ਆਖਿਆ ਹੈ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਚ ਵਜ਼ੀਰੀਆਂ ਭੋਗ ਰਹੇ ਸਾਡੇ ਪੰਜਾਬ ਦੇ ਮੰਤਰੀ ਮੂਕ ਦਰਸ਼ਕ ਬਣੇ ਹੋਏ ਹਨ।

ਚੰਪਤਪੁਰ ਪਿੰਡ 'ਚ 300 ਦੇ ਘਰਾਂ ਦੀ ਸਾਰੀ ਵਸੋਂ ਸਿੱਖ ਪਰਿਵਾਰਾਂ ਦੀ ਹੈ। ਪ੍ਰਸ਼ਾਸਨ ਨੇ ਇਥੇ ਕਿਸਾਨਾਂ ਦੀ ਖੜ੍ਹੀ ਫਸਲ ਤਬਾਹ ਕਰ ਦਿੱਤੀ। ਯੂ.ਪੀ. ਸਰਕਾਰ ਸਿੱਖ ਕਿਸਾਨਾਂ ਨੂੰ ਉਜਾੜ ਕੇ ਇਥੇ ਸੂਬਾਈ ਆਰਮਡ ਪੁਲਿਸ ਦਾ ਸੈਂਟਰ ਬਣਾਉਣਾ ਚਾਹੁੰਦੀ ਹੈ। ਇਸੇ ਤਰ੍ਹਾਂ ਰਣਨਗਰ ਪਿੰਡ ਵਿਚ ਵੀ ਪਿਛਲੇ ਤਕਰੀਬਨ 70 ਸਾਲ ਤੋਂ 300 ਦੇ ਕਰੀਬ ਸਿੱਖ ਪਰਿਵਾਰ ਰਹਿ ਰਹੇ ਹਨ ਤੇ ਸਖਤ ਮਿਹਨਤ ਨਾਲ ਉਨ੍ਹਾਂ ਜ਼ਮੀਨਾਂ ਆਬਾਦ ਕੀਤੀਆਂ ਹਨ। ਇਥੇ ਵੀ ਭਾਰੀ ਪੁਲਿਸ ਫੋਰਸ ਜੇ.ਸੀ.ਬੀ. ਮਸ਼ੀਨਾਂ ਨਾਲ ਪੁੱਜੀ ਤਾਂ ਕਿਸਾਨ ਜਦ ਮਸ਼ੀਨਾਂ ਮੂਹਰੇ ਲੇਟ ਗਏ ਤਾਂ ਉਨ੍ਹਾਂ ਨੂੰ ਵਾਪਸ ਜਾਣਾ ਪਿਆ ਪਰ ਪੁਲਿਸ ਨੇ ਪਿੰਡ ਦੇ 35 ਵਸਨੀਕਾਂ ਤੇ 250 ਅਣਪਛਾਤੇ ਵਿਅਕਤੀਆਂ ਖਿਲਾਫ ਕੇਸ ਦਰਜ ਕਰ ਦਿੱਤੇ ਹਨ। ਜ਼ਿਲ੍ਹਾ ਰਾਮਪੁਰ ਦੇ 15 ਤੋਂ ਵਧੇਰੇ ਪਿੰਡਾਂ ਦੇ 30 ਹਜ਼ਾਰ ਕਿਸਾਨਾਂ ਉਪਰ ਵੀ ਉਜਾੜੇ ਦੀ ਤਲਵਾਰ ਲਟਕ ਰਹੀ ਹੈ। ਇਨ੍ਹਾਂ ਪਿੰਡਾਂ 'ਚ 1980 ਵਿਚ ਹੋਈ ਚੱਕਬੰਦੀ ਮੌਕੇ ਕਿਸਾਨਾਂ ਨੂੰ ਹੱਕ ਮਾਲਕੀ ਵੀ ਦਿੱਤੇ ਗਏ ਸਨ ਤੇ ਬਹੁਤ ਸਾਰਿਆਂ ਦੇ ਕੇਸ ਹਾਈਕੋਰਟ ਵਿਚ ਚੱਲ ਰਹੇ ਹਨ ਪਰ ਯੋਗੀ ਸਰਕਾਰ ਨੇ ਨਾ ਕਿਸੇ ਕਿਸਾਨ ਨੂੰ ਕੋਈ ਨੋਟਿਸ ਜਾਰੀ ਕੀਤਾ ਹੈ ਤੇ ਨਾ ਕਿਸੇ ਦੀ ਸੁਣਵਾਈ ਹੀ ਹੋ ਰਹੀ ਹੈ, ਸਗੋਂ ਪੁਲਿਸ ਤੇ ਜੇ.ਸੀ.ਬੀ. ਮਸ਼ੀਨਾਂ ਭੇਜ ਕੇ ਫਸਲਾਂ ਉਜਾੜਨ ਤੇ ਘਰ ਢਾਹੁਣ ਦੀ ਜ਼ਿੱਦ ਕੀਤੀ ਜਾ ਰਹੀ ਹੈ।

## ਕਰੋਨਾ ਪੀੜਤ ਨੂੰ ਫੜਾਇਆ 8 ਕਰੋੜ ਦਾ ਮੈਡੀਕਲ ਬਿੱਲ

**ਵਾਸ਼ਿੰਗਟਨ:** ਕਰੋਨਾ ਵਾਇਰਸ ਕਰਕੇ ਮੌਤ ਦੇ ਮੂੰਹ 'ਚ ਜਾਣ ਤੋਂ ਮਸਾਂ ਬਚੇ 70 ਸਾਲਾ ਬਜ਼ੁਰਗ ਨੂੰ ਅਮਰੀਕਾ ਦੇ ਇਕ ਹਸਪਤਾਲ ਨੇ 8.14 ਕਰੋੜ ਰੁਪਏ ਦਾ ਮੈਡੀਕਲ ਬਿਲ ਫੜਾ ਦਿੱਤਾ ਹੈ। ਮੀਡੀਆ ਰਿਪੋਰਟ ਮੁਤਾਬਕ ਕੋਵਿਡ-19 ਕਰਕੇ ਮਾਈਕਲ ਫਲੋਰ ਦੀ ਹਾਲਤ ਇੰਨਾ ਗੰਭੀਰ ਸੀ ਕਿ ਉਸ ਦੀ ਪਤਨੀ ਤੇ ਬੱਚਿਆਂ ਨੇ ਉਹਦੇ ਬਚਣ ਦੀ ਆਸ ਛੱਡ ਦਿੱਤੀ ਸੀ। ਹਾਲਾਂਕਿ ਬਜ਼ੁਰਗ ਇਸਾਕੁਆਹ ਦੇ ਸਵੀਡਿਸ਼ ਮੈਡੀਕਲ ਸੈਂਟਰ ਵਿਚ 62 ਦਿਨਾਂ ਦੇ ਇਲਾਜ ਦੌਰਾਨ ਰੋਗ ਤੋਂ ਉਭਰ ਕੇ ਸਿਹਤਯਾਬ ਹੋ ਗਿਆ। ਹਸਪਤਾਲ ਨੇ ਡਿਸਚਾਰਜ ਮੌਕੇ ਉਸ ਦੇ ਹੱਥ 1.1 ਮਿਲੀਅਨ ਡਾਲਰ ਦਾ ਬਿੱਲ ਫੜਾ ਦਿੱਤਾ। ਫਲੋਰ ਨੇ ਕਿਹਾ ਕਿ ਬਿੱਲ ਵੇਖ ਕੇ ਉਸ ਨੂੰ ਆਪਣੇ ਬਚਣ 'ਤੇ ਅਫਸੋਸ ਹੁੰਦਾ ਹੈ।'

## ਸਤਲੁਜ ਦਰਿਆ 'ਚ ਡੁੱਬਣ ਕਾਰਨ 2 ਬੱਚਿਆਂ ਦੀ ਮੌਤ

**ਨੂਰਪੁਰ ਬੇਦੀ:** ਨੂਰਪੁਰ ਬੇਦੀ ਇਲਾਕੇ 'ਚੋਂ ਲੰਘਦੇ ਸਤਲੁਜ ਦਰਿਆ 'ਚ ਮਾਈਨਿੰਗ ਮਾਫੀਆ ਵੱਲੋਂ ਪੁੱਟੇ ਗਏ ਮੌਤ ਦੇ ਖੂਹਾਂ 'ਚ ਡੁੱਬਣ ਨਾਲ ਪਰਵਾਸੀ ਮਜ਼ਦੂਰ ਦੇ ਦੋ ਬੱਚਿਆਂ ਦੀ ਮੌਤ ਹੋ ਗਈ। ਪਿੰਡ ਮਾਣਕੂਮਾਜਰਾ ਵਿਚ ਰਹਿ ਰਹੇ ਬਰੇਲੀ (ਯੂ.ਪੀ.) ਦੇ ਪਰਵਾਸੀ ਮਜ਼ਦੂਰ ਪੁਤਿਨ ਦੇ ਚਾਰੇ ਪੁੱਤਰ ਸ਼ਾਮ ਨੂੰ ਪਿੰਡ ਹਰਸਾ ਬੇਲਾ ਲਾਗੇ ਸਤਲੁਜ ਦਰਿਆ ਵਿਚ ਨਹਾਉਣ ਗਏ ਸਨ। ਨਹਾਉਂਦੇ ਵਕਤ ਪੁਤਿਨ ਦੇ ਦੋ ਪੁੱਤਰ ਕਰੀਮ ਅਤੇ ਨਹੀਮ ਪਾਣੀ ਵਿਚ ਡੁੱਬ ਗਏ।

ਪਹਿਲਾਂ ਵੀ ਸਤਲੁਜ ਦਰਿਆ 'ਚ ਬੱਚੇ ਡੁੱਬਣ ਦੇ ਕਈ ਹਾਦਸੇ ਵਾਪਰ ਚੁੱਕੇ ਹਨ ਪਰ ਪ੍ਰਸ਼ਾਸਨ ਵਲੋਂ ਇਸ ਤਰਫ ਕੋਈ ਵੀ ਧਿਆਨ ਨਹੀਂ ਦਿੱਤਾ ਗਿਆ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਅਕਾਲੀ ਦਲ ਦੀ ਨਵੀਂ ਟੀਮ 'ਚ ਬਾਦਲ ਪਰਿਵਾਰ ਦੇ ਵਫਾਦਾਰਾਂ ਨੂੰ ਤਰਜੀਹ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਟੀਮ ਵਿਚ ਬਾਦਲ ਪਰਿਵਾਰ ਦੇ ਰਿਸ਼ਤੇਦਾਰਾਂ ਤੇ ਵਫਾਦਾਰਾਂ ਨੂੰ ਤਰਜੀਹ ਦਿੱਤੀ ਗਈ ਹੈ। ਨਵੇਂ ਅਹੁਦੇਦਾਰਾਂ ਵਿਚ ਬਾਦਲ ਪਰਿਵਾਰ ਦੇ ਦਾਮਾਦ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੂੰ ਪਾਰਟੀ ਦਾ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਅਹੁਦੇਦਾਰਾਂ ਦੀ ਸੂਚੀ ਜਾਰੀ ਕਰਦਿਆਂ ਪਾਰਟੀ ਦੇ ਸਕੱਤਰ ਜਨਰਲ ਦਾ ਅਹੁਦਾ ਬਲਵਿੰਦਰ ਸਿੰਘ ਭੂੰਦੜ ਨੂੰ ਦਿੱਤਾ ਹੈ। ਪਹਿਲਾਂ ਇਹ ਅਹੁਦਾ ਸੰਸਦ ਮੈਂਬਰ ਸੁਖਦੇਵ ਸਿੰਘ ਢੀਂਡਸਾ ਕੋਲ ਸੀ। ਜਾਣਕਾਰੀ ਅਨੁਸਾਰ ਪਾਰਟੀ ਦੇ ਸੀਨੀਅਰ ਆਗੂਆਂ ਸੁਖਦੇਵ ਸਿੰਘ ਢੀਂਡਸਾ ਅਤੇ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਦੇ ਅਕਾਲੀ ਦਲ ਵਿਚੋਂ ਬਾਹਰ ਹੋਣ ਮਗਰੋਂ ਸੁਖਬੀਰ ਸਿੰਘ ਬਾਦਲ ਵਲੋਂ ਨਵੀਂ ਟੀਮ ਦੀ ਚੋਣ ਕੀਤੀ



ਗਈ ਹੈ। ਅਹੁਦੇਦਾਰਾਂ ਦੀ ਨਵੀਂ ਸੂਚੀ ਮੁਤਾਬਕ ਬਲਵਿੰਦਰ ਸਿੰਘ ਭੂੰਦੜ ਪਾਰਟੀ ਦੇ ਸਕੱਤਰ ਜਨਰਲ ਹੋਣਗੇ। ਜਥੇਦਾਰ ਤੋਤਾ ਸਿੰਘ, ਨਿਰਮਲ ਸਿੰਘ ਕਾਹਲੋਂ, ਚਰਨਜੀਤ ਸਿੰਘ ਅਟਵਾਲ, ਡਾ. ਉਪਿੰਦਰਜੀਤ ਕੌਰ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਮਹੇਸ਼ਇੰਦਰ ਸਿੰਘ ਗਰੇਵਾਲ, ਡਾ. ਦਲਜੀਤ ਸਿੰਘ ਚੀਮਾ, ਸ਼ਰਨਜੀਤ ਸਿੰਘ ਢਿੱਲੋਂ, ਜਨਮੇਜਾ ਸਿੰਘ ਸੇਖੋਂ, ਆਦੇਸ਼ ਪ੍ਰਤਾਪ ਸਿੰਘ ਕੈਰੋਂ, ਨਰੇਸ਼ਗੁਜਰਾਲ, ਜਗਮੀਤ ਸਿੰਘ ਬਰਾੜ, ਪ੍ਰਕਾਸ਼ ਚੰਦ ਗਰਗ, ਹਰਮਨਜੀਤ ਸਿੰਘ ਦਿੱਲੀ ਅਤੇ ਹਰਮੇਲ ਸਿੰਘ ਟੌਹੜਾ ਨੂੰ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਐਨ.ਕੇ. ਸ਼ਰਮਾ ਅਕਾਲੀ ਦਲ ਦੇ ਖਜ਼ਾਨਚੀ ਨਿਯੁਕਤ ਕੀਤੇ ਗਏ ਹਨ। ਹੀਰਾ ਸਿੰਘ ਗਾਬੜੀਆ ਤੇ ਮਨਜਿੰਦਰ ਸਿੰਘ ਸਿਰਸਾ ਦੇ ਨਾਂ ਕੋਰ ਕਮੇਟੀ ਵਿਚ ਮੈਂਬਰਾਂ ਵਜੋਂ ਸ਼ਾਮਲ ਕੀਤੇ ਗਏ ਹਨ। ਸ੍ਰੀ ਗਾਬੜੀਆ ਨੂੰ ਪਾਰਟੀ ਦੇ ਬੀਸੀ ਵਿੰਗ ਦਾ ਮੁੜ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਸਿਕੰਦਰ ਸਿੰਘ ਮਲੂਕਾ ਨੂੰ ਕਿਸਾਨ ਵਿੰਗ ਦਾ ਪ੍ਰਧਾਨ ਅਤੇ ਪਾਰਟੀ ਦੇ ਮੁਲਾਜ਼ਮ ਵਿੰਗ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਯੂਥ ਆਗੂ ਸਰਬਜੀਤ ਸਿੰਘ ਸਾਬੀ ਨੂੰ ਯੂਥ ਅਕਾਲੀ ਦਲ ਦਾ ਸਕੱਤਰ ਜਨਰਲ ਤੇ ਪਵਨ ਕੁਮਾਰ ਟੀਨੂ ਨੂੰ ਪਾਰਟੀ ਦੇ ਐਸ.ਸੀ. ਵਿੰਗ ਦਾ ਸਕੱਤਰ ਜਨਰਲ ਨਿਯੁਕਤ ਕੀਤਾ ਗਿਆ ਹੈ।

## ਸੁਖਬੀਰ ਨੇ ਟੌਹੜਿਆਂ ਨੂੰ ਮੁੜ ਦਿੱਤੇ ਵੱਡੇ ਅਹੁਦੇ

**ਪਟਿਆਲਾ:** ਨਵੇਂ ਜਥੇਬੰਦਕ ਢਾਂਚੇ ਵਿਚ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਪਰਿਵਾਰ ਦੇ ਮੁਖੀ ਤੇ ਸਾਬਕਾ ਮੰਤਰੀ ਹਰਮੇਲ ਸਿੰਘ ਟੌਹੜਾ ਨੂੰ ਸੀਨੀਅਰ ਮੀਤ ਪ੍ਰਧਾਨ ਦਾ ਅਹੁਦਾ ਮੁੜ ਸੌਂਪਿਆ ਗਿਆ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਟੌਹੜਾ ਪਰਿਵਾਰ ਨੇ ਆਮ ਆਦਮੀ ਪਾਰਟੀ 'ਚ ਸ਼ਮੂਲੀਅਤ ਕਰ ਲਈ ਸੀ। ਹੁਣ ਦੁਬਾਰਾ ਦੋਵੇਂ ਉਘੇ ਸਿਆਸੀ ਪਰਿਵਾਰ ਰਾਜਸੀ ਪੱਖ ਤੋਂ ਫਿਰ ਘਿਉ ਖਿਚੜੀ ਹੁੰਦੇ ਵਿਖਾਈ ਦੇ ਰਹੇ ਹਨ। ਪਿਛਲੇ ਸਾਲ ਰਲੇਵੇਂ ਮਗਰੋਂ ਵੀ ਭਾਵੇਂ ਸੁਖਬੀਰ ਬਾਦਲ ਨੇ ਸਾਬਕਾ ਮੰਤਰੀ ਟੌਹੜਾ ਨੂੰ ਸੀਨੀਅਰ ਮੀਤ ਪ੍ਰਧਾਨ ਦਾ ਅਹੁਦਾ ਦੇ ਦਿੱਤਾ ਸੀ, ਪਰ ਹੁਣ ਉਘੇ ਤੇ ਘਾਗ ਅਕਾਲੀ ਆਗੂਆਂ ਦੀ ਸੀਨੀਅਰ ਮੀਤ ਪ੍ਰਧਾਨਾਂ ਵਾਲੀ ਸੂਚੀ 'ਚ ਮੁੜ ਟੌਹੜਾ ਨੂੰ ਥਾਂ ਦੇ ਕੇ ਇਕ ਤਰ੍ਹਾਂ ਸਮੁੱਚੇ ਪਟਿਆਲਾ ਜ਼ਿਲ੍ਹੇ 'ਚੋਂ ਵਕਾਰੀ ਅਹੁਦਾ ਦਿੱਤਾ ਹੈ।

## ਪੀ. ਜੀ. ਆਈ. ਵਲੋਂ ਪਲਾਜ਼ਮਾ ਥਰੈਪੀ ਨਾਲ ਪਹਿਲੇ ਮਰੀਜ਼ ਦਾ ਇਲਾਜ

**ਚੰਡੀਗੜ੍ਹ:** ਪੀ.ਜੀ.ਆਈ. ਵਲੋਂ ਪਲਾਜ਼ਮਾ ਥਰੈਪੀ ਨਾਲ ਕੋਵਿਡ-19 ਦੇ ਜਿਸ ਮਰੀਜ਼ ਦਾ ਇਲਾਜ ਕੀਤਾ ਗਿਆ ਸੀ, ਨੂੰ ਸਿਹਤਯਾਬ ਹੋਣ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ। ਪੀ.ਜੀ.ਆਈ. ਵਿਚ ਪਲਾਜ਼ਮਾ ਥਰੈਪੀ ਨਾਲ ਠੀਕ ਹੋਣ ਵਾਲਾ ਇਹ ਪਹਿਲਾ ਮਰੀਜ਼ ਹੈ।

ਪੀ.ਜੀ.ਆਈ. ਦੀ ਇਸ ਉਪਲਬਧੀ ਨਾਲ ਹੋਰਨਾਂ ਮਰੀਜ਼ਾਂ ਦੇ ਇਲਾਜ ਲਈ ਵੀ ਇਕ ਨਵੀਂ



ਉਮੀਦ ਜਾਗੀ ਹੈ। ਜਾਣਕਾਰੀ ਅਨੁਸਾਰ ਹਰਿਆਣਾ ਦੇ ਕੁਰੂਕਸ਼ੇਤਰਾ ਨਾਲ ਸਬੰਧਤ ਉਕਤ 60 ਸਾਲਾ ਮਰੀਜ਼ ਦਾ ਪਲਾਜ਼ਮਾ ਥਰੈਪੀ ਨਾਲ ਇਲਾਜ ਕੀਤਾ ਗਿਆ ਸੀ, ਜਿਸ ਨੂੰ ਹਸਪਤਾਲ ਤੋਂ ਡਿਸਚਾਰਜ ਕਰ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਕਨਵਲੇਸੈਂਟ ਪਲਾਜ਼ਮਾ ਉਹ ਪਲਾਜ਼ਮਾ ਹੈ ਜੋ ਉਨ੍ਹਾਂ ਮਰੀਜ਼ਾਂ ਤੋਂ ਲਿਆ ਜਾਂਦਾ ਹੈ ਜੋ ਕਰੋਨਾ ਤੋਂ ਮੁਕਤ ਹੋਏ ਹੁੰਦੇ ਹਨ। ਅਜਿਹੀਆਂ ਬਹੁਤ ਸਾਰੀਆਂ ਰਿਪੋਰਟਾਂ ਹਨ ਜੋ ਦਰਸਾਉਂਦੀਆਂ ਹਨ ਕਿ ਬਿਮਾਰੀ ਦੇ ਸ਼ੁਰੂਆਤੀ ਪੜਾਅ ਵਿਚ ਇਹ ਬਹੁਤ ਲਾਭਦਾਇਕ ਥਰੈਪੀ ਹੈ। ਪਲਾਜ਼ਮਾ ਥਰੈਪੀ ਐਂਟੀਬਾਡੀਜ਼ ਦੁਆਰਾ ਕੰਮ ਕਰਦੀ ਹੈ ਜੋ ਕਿ ਪਲਾਜ਼ਮਾ ਵਿਚ ਮੌਜੂਦ ਹਨ। ਉਹ ਮਰੀਜ਼ ਜੋ ਕਰੋਨਾ ਦੀ ਲਾਗ ਤੋਂ ਠੀਕ ਹੋ ਗਏ ਹੁੰਦੇ ਹਨ, ਉਹ ਪਲਾਜ਼ਮਾ ਦਾਨ ਕਰਨ ਦੇ ਯੋਗ ਹੁੰਦੇ ਹਨ ਜੋ ਕਿ ਫਿਰ ਬਲੱਡ ਬੈਂਕ ਵਿਚ ਜਮ੍ਹਾਂ ਹੋ ਜਾਂਦੇ ਹਨ ਜੋ ਬਾਅਦ ਵਿਚ ਗੰਭੀਰ ਇਨਫੈਕਸ਼ਨ ਵਾਲੇ ਮਰੀਜ਼ਾਂ ਨੂੰ ਦਿੱਤੇ ਜਾ ਸਕਦੇ ਹਨ।

# Matrimonials

### ਲੜਕੀ ਦੀ ਲੋੜ ਹੈ

Gursikh (Sardar/Prajapat), 34 yrs, American born and raised boy, looking for life partner. Graduate from UC Berkeley, currently working in tech seeking educated, western raised family girl. Caste not important. Please contact, Ph: 925-360-0609 24-27

Looking for a beautiful citizen/green card holder girl in USA for handsome Nandha Sikh Boy (clean shaven), 26 yrs, 5'-8", living in San Francisco and working as a Software Engineer in top IT firm. MS in computer science. Cast no bar. Pl. Contact, Ph: 925-378-8025 21-24

Looking for a suitable girl for Sehajdhari Sikh boy, 32 yrs, tee-totter, born in New York, US MD. Doctor preferred. Family is vegetarian. Contact, Ph: 321-888-5109 or E-mail: billsinghtech@gmail.com 21-24

Wanted a beautiful, educated and cultured girl for a Lubana Sikh boy, 29 yrs, 5'-10", B.Tech. (Mech), MBA (Finance) working as lead analyst in a MNC in Gurgaon, handsome salary, Father retired PCS officer, mother advocate, sister elder and married. Cast no bar. Simple marriage. Interested may contact, Ph: +91-98144-02444 18-

### ਲੜਕੀ ਦੀ ਲੋੜ ਹੈ

Handsome Jat Sikh Johal boy, 25 yrs, 6'-2". B.Sc. Computer Science from USA. Working in Bay Area as Sr. Production Engineer, good package $150K. Owns Rural & Urban Property. Two sisters (Elder sister married & well settled in USA & younger sister doctor). Required beautiful, tall, professionally qualified US citizen Jat Sikh girl. Please contact: +91-98141-20374 (Father, India), 775-357-4816 (Sister, USA) or Email: Simjohal174@gmail.com 25-28

ਅਮਰੀਕਨ ਗਰੀਨ ਕਾਰਡ ਹੋਲਡਰ, ਜੱਟ ਸਿੱਖ ਉਮਰ 30 ਸਾਲ, 5'-9", ਵੈਸ਼ਨੂੰ ਲੜਕੇ ਅਤੇ ਦੂਜੇ ਯੂ. ਐਸ. ਵਰਕ ਪਰਮਿਟ ਹੋਲਡਰ, ਉਮਰ 29 ਸਾਲ, 5'-9" ਵੈਸ਼ਨੂੰ ਲੜਕੇ ਲਈ ਲੜਕੀਆਂ ਦੀ ਲੋੜ ਹੈ। ਸੰਪਰਕ ਕਰੋ, ਫੋਨ: 216-235-5171 25-28

### ਲੜਕੇ ਦੀ ਲੋੜ ਹੈ

Wanted suitable match in USA Born or raised and we consider student visa also for good looking Punjabi Brahmin girl, 28 yrs, 5'-4", well educated BBA, working as a HR Manager in multinational company. Please contact Hindu family only. Please email: pk-1960@hotmail.com, Ph: 216-288-1676 21-24

*Visit us on the web:*
*www.punjabtimesusa.com*


SUPER TRAVEL
847-676-9090, 773-465-5566
*E-mail: supertravel2003@live.com*
Lowest Fares With Excellent Service
*United Airlines*
*British Airways*



*Etihad, Air India, KLM, Lufthansa, Delta, Qatar Airlines.*
For Emergency Call anytime at 847-673-3825
*EARLY BIRD SALE!!!!*
Domestic fares available

Wanted Workers
Need workers for Restaurant and Gas stations In Eureka, CA.
*Housing and food provide.*
ਯੂਰੇਕਾ, ਕੈਲੀਫੋਰਨੀਆ ਵਿਚ ਰੈਸਟੋਰੈਂਟ ਅਤੇ ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ
ਰਿਹਾਇਸ਼ ਅਤੇ ਖਾਣਾ ਮੁਫਤ
Call, Gurpreet Singh Sohal
Ph: 707-498-9325
redwoodpetroleum@gmail.com
20-23

Shan Grill Indian Restaurant
1910 N. Rand Rd., Palatine, IL 60074
ਭਾਰਤੀ ਤੇ ਪਾਕਿਸਤਾਨੀ ਸਵਾਦੀ ਖਾਣਿਆਂ ਲਈ ਪਧਾਰੋ
ਸਾਡੀ ਸਪੈਸ਼ਲਟੀ ਚਿਕਨ ਸੀਖ ਕਬਾਬ
*Our speciality: Chicken Seekh Kabob*
Special Catering offer $10 package
Minimum 25 people
Ph: 847-358-1900
9-

ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ
'ਦੇਸੀ ਬਾਜ਼ਾਰ' ਗਰੀਨਵੁੱਡ, ਇੰਡੀਆਨਾ ਲਈ ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ ਤੇ ਹੋਰ ਸਹੂਲਤਾਂ
ਸੰਪਰਕ ਕਰੋ: 317-888-2040

Desi Bazar
Under new management.
*916 E. Main Street #118, Greenwood, IN, 46143*
Tel: 317-888-2040, Fax: 317-887-6116
Lakhvir S. Johal, Ph: 317-709-7800
Help Wanted in the Kitchen
*We specialize in all kind of Indian Groceries and Sweets*
• FRESH VEGETABLES EVERY THURSDAY
• FRESH GOAT MEAT
*10% off on all Gurudwara supplies and Religious programs!!*
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

# ਕਿਸਾਨਾਂ ਨੂੰ ਬਰਬਾਦੀ ਦੇ ਰਾਹ ਤੋਰਨਗੇ ਮੋਦੀ ਸਰਕਾਰ ਦੇ ਨਵੇਂ ਖੇਤੀ ਸੁਧਾਰ

## ਗਡਕਰੀ ਦੇ ਬਿਆਨ ਨੇ ਹੋਰ ਸਪੱਸ਼ਟ ਕੀਤੀ ਸਰਕਾਰ ਦੀ ਮਨਸ਼ਾ

**ਚੰਡੀਗੜ੍ਹ:** ਕੇਂਦਰੀ ਮੰਤਰੀ ਨਿਤਿਨ ਗਡਕਰੀ ਵੱਲੋਂ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਕੌਮੀ ਤੇ ਕੌਮਾਂਤਰੀ ਮੰਡੀਆਂ ਦੀਆਂ ਕੀਮਤਾਂ ਤੋਂ ਵੱਧ ਹੋਣ ਕਾਰਨ ਦੇਸ਼ ਦੇ ਆਰਥਿਕ ਸੰਕਟ ਵੱਲ ਵਧਣ ਦੇ ਦਿੱਤੇ ਬਿਆਨ ਨੇ ਮੰਡੀ ਬਾਰੇ ਲਾਗੂ ਤਿੰਨਾਂ ਆਰਡੀਨੈਂਸਾਂ ਪਿੱਛੇ ਸਰਕਾਰ ਦੀ ਮਾਨਸਿਕਤਾ ਨੂੰ ਹੋਰ ਸਪੱਸ਼ਟ ਕਰ ਦਿੱਤਾ ਹੈ। ਕਾਰਪੋਰੇਟ ਘਰਾਣਿਆਂ ਨੂੰ ਵੱਡੀਆਂ ਛੋਟਾਂ ਦੇ ਕੇ ਕਿਸਾਨਾਂ ਦੀ ਮਾਮੂਲੀ ਸਬਸਿਡੀ ਵੀ ਅਰਥਚਾਰੇ ਉਤੇ ਬੋਝ ਮਹਿਸੂਸ ਕੀਤੀ ਜਾ ਰਹੀ ਹੈ। ਕਈ ਵਿਦਵਾਨ ਇਸ ਪਹੁੰਚ ਨੂੰ ਕਿਸਾਨਾਂ, ਦੇਸ਼ ਦੀ ਅੰਨ ਸੁਰੱਖਿਆ ਅਤੇ ਖੇਤੀ ਲਈ ਤਬਾਹਕੁੰਨ ਕਰਾਰ ਦੇ ਰਹੇ ਹਨ।



ਮਾਹਿਰਾਂ ਮੁਤਾਬਕ ਮੋਦੀ ਸਰਕਾਰ ਵੱਲੋਂ 15 ਜੂਨ ਨੂੰ ਜਾਰੀ ਆਰਡੀਨੈਂਸ ਰਾਹੀਂ ਖੇਤੀ ਸੁਧਾਰਾਂ ਦੇ ਨਾਂ ਉਪਰ ਬਣਾਏ ਖੇਤੀ ਨਿਯਮ ਤੇ ਕਾਨੂੰਨ ਪੂਰੀ ਤਰ੍ਹਾਂ ਰਾਜਾਂ ਤੇ ਕਿਸਾਨਾਂ ਦੇ ਹਿੱਤਾਂ ਨੂੰ ਵੱਡਾ ਖੋਰਾ ਲਗਾਉਣ ਤੇ ਸਾਰਾ ਖੇਤੀ ਉਤਪਾਦਨ ਵਪਾਰ ਨਿੱਜੀ ਕਾਰਪੋਰੇਟ ਕੰਪਨੀਆਂ ਦੇ ਹੱਥ ਫੜਾਉਣ ਦਾ ਰਾਹ ਖੋਲ੍ਹਣ ਵਾਲਾ ਹੈ। 12 ਸਫਿਆਂ ਦੇ ਸੰਖੇਪ ਕਾਨੂੰਨ ਤੇ ਨਿਯਮਾਂ ਨੂੰ ਲਾਗੂ ਕਰਨ ਲਈ ਅਗਲੇ ਮਹੀਨੇ ਹੋਣ ਜਾ ਰਹੇ ਮੌਨਸੂਨ ਪਾਰਲੀਮੈਂਟ ਸੈਸ਼ਨ ਦੀ ਵੀ ਉਡੀਕ ਨਹੀਂ ਕੀਤੀ, ਸਗੋਂ ਕਾਹਲੀ ਨਾਲ ਆਰਡੀਨੈਂਸ ਜਾਰੀ ਕਰ ਕੇ ਇਸ ਸੰਵਿਧਾਨਕ ਸੋਧ ਵਾਲੇ ਮੁੱਦੇ ਨੂੰ ਲਾਗੂ ਕਰ ਦਿੱਤਾ ਗਿਆ ਹੈ। ਖੇਤੀ ਸੰਵਿਧਾਨਕ ਤੌਰ ਉਤੇ ਰਾਜਾਂ ਦਾ ਵਿਸ਼ਾ ਹੈ। ਸਾਰੇ ਦੇਸ਼ ਵਿਚ ਇਕਸਾਰ ਠੇਕਾ ਖੇਤੀ ਨਿਯਮ ਤੇ ਕਾਨੂੰਨ ਬਣਾਉਣ ਲਈ 2017 'ਚ ਇਕ ਕਮੇਟੀ ਬਣੀ ਸੀ ਜਿਸ ਦੇ ਮੁਖੀ ਤਤਕਾਲੀ ਮੁੱਖ ਮੰਤਰੀ ਮਹਾਰਾਸ਼ਟਰ ਸਨ। ਇਹ ਕਮੇਟੀ ਲਗਾਤਾਰ ਮੀਟਿੰਗਾਂ ਕਰਦੀ ਰਹੀ। ਇਸ ਵਰ੍ਹੇ ਦੇ ਸ਼ੁਰੂ ਵਿਚ ਹੋਈ ਮੀਟਿੰਗ ਵਿਚ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਤੇ ਕਈ ਅਧਿਕਾਰੀ ਵੀ ਸ਼ਾਮਿਲ ਹੋਏ ਸਨ ਪਰ ਲੋਕ ਹੈਰਾਨ ਹਨ ਕਿ ਦੋ ਸਾਲਾਂ ਤੋਂ ਠੇਕਾ ਖੇਤੀ ਕਾਨੂੰਨ ਬਣਾਉਣ ਬਾਰੇ ਕਵਾਇਦ ਕਰਦੇ ਆ ਰਹੇ ਰਾਜਾਂ ਨੂੰ ਇਹ ਕਾਨੂੰਨ ਬਣਾਉਂਦੇ ਸਮੇਂ ਪੁੱਛਿਆ ਤੱਕ ਨਹੀਂ। ਨਵੇਂ ਬਣਾਏ ਕਾਨੂੰਨ ਅਧੀਨ ਕਿਸੇ ਵੀ ਰਾਜ ਵਿਚ ਹੋਣ ਵਾਲਾ ਖੇਤੀ ਉਤਪਾਦਨ ਤੇ ਵਪਾਰ ਰਾਜ ਸਰਕਾਰ ਦੇ ਕਿਸੇ ਵੀ ਨਿਯਮ, ਕਾਨੂੰਨ ਜਾਂ ਫੈਸਲੇ ਦੇ ਅਧੀਨ ਨਹੀਂ ਹੋਵੇਗਾ। ਇਸ ਉਤਪਾਦਨ ਤੇ ਵਪਾਰ ਉਪਰ ਰਾਜ ਸਰਕਾਰ ਵਲੋਂ ਕਿਸੇ ਵੀ ਰੂਪ ਵਿਚ ਲਗਾਇਆ ਟੈਕਸ, ਫੀਸ ਜਾਂ ਕੋਈ ਸੈੱਸ ਲਾਗੂ ਨਹੀਂ ਹੋਵੇਗਾ। ਨਵੇਂ ਆਰਡੀਨੈਂਸ ਤਹਿਤ ਕਿਸਾਨ ਤੇ ਕੰਪਨੀ ਵਿਚਕਾਰ ਇਕਰਾਰਨਾਮਾ ਹੋਵੇਗਾ ਜਿਸ ਵਿਚ ਬੀਜ, ਖਾਧਾਂ, ਛਿੜਕਾਅ ਵਾਲੀਆਂ ਦਵਾਈਆਂ ਤੇ ਸਲਾਹ-ਮਸ਼ਵਰੇ ਬਾਰੇ ਸਭ ਕੁਝ ਲਿਖਤੀ ਸਹੀਬੰਦ ਹੋਵੇਗਾ। ਨਵੇਂ ਕਾਨੂੰਨ ਮੁਤਾਬਕ ਖਰੀਦਦਾਰ ਕੰਪਨੀ ਨੂੰ ਨਾ ਕੋਈ ਲਾਈਸੰਸ ਲੈਣਾ ਪਵੇਗਾ ਤੇ ਨਾ ਕੋਈ ਫੀਸ ਹੀ ਅਦਾ ਕਰਨੀ ਪਵੇਗੀ। ਸਿਰਫ ਆਮਦਨ ਕਰ ਵਿਭਾਗ ਵਲੋਂ ਜਾਰੀ ਪੈਨ ਕਾਰਡ ਧਾਰਕ ਹੀ ਜਿਣਸ ਦੀ ਖਰੀਦ ਤੇ ਭੰਡਾਰ ਕਰ ਸਕੇਗਾ। ਇਸ ਵੇਲੇ ਰਾਜ ਸਰਕਾਰਾਂ ਦੇ ਸਰਕਾਰੀ ਅਦਾਰੇ ਖੇਤੀ ਵਿਭਾਗ, ਬਾਗਬਾਨੀ ਵਿਭਾਗ ਤੇ ਖੇਤੀ ਯੂਨੀਵਰਸਿਟੀਆਂ ਕਿਸਾਨਾਂ ਨੂੰ ਸਲਾਹ-ਮਸ਼ਵਰੇ ਮੁਫਤ ਦਿੰਦੀਆਂ ਹਨ ਤੇ ਖੋਜ ਕਰ ਕੇ ਜ਼ਮੀਨ ਵਿਚਲੇ ਤੱਤਾਂ ਦੀ ਪਰਖ, ਖਾਦਾਂ ਤੇ ਨਵੇਂ ਬੀਜ਼ਾਂ ਦੀ ਖੋਜ ਰਾਹੀਂ ਕਿਸਾਨ ਨੂੰ ਮੁਫਤ ਸੇਵਾਵਾਂ ਮੁਹੱਈਆ ਹੁੰਦੀਆਂ ਹਨ ਪਰ ਠੇਕਾ ਖੇਤੀ ਕਾਨੂੰਨ ਅਧੀਨ ਕਾਰਪੋਰੇਟ ਕੰਪਨੀਆਂ ਇਹ ਸਾਰਾ ਕੁਝ ਮੁੱਲ ਦਾ ਵੇਚਣਗੀਆਂ। ਭਾਵੇਂ ਨਵੇਂ ਕਾਨੂੰਨ ਮੁਤਾਬਕ ਠੇਕਾ ਖੇਤੀ ਇਕਰਾਰਨਾਮਾ ਦੋਵਾਂ ਧਿਰਾਂ ਕਿਸਾਨ ਤੇ ਕੰਪਨੀ ਵਿਚ ਆਪਸੀ ਸਹਿਮਤੀ ਦੇ ਆਧਾਰ ਉੱਪਰ ਹੋਵੇਗਾ ਪਰ ਇਹ ਸਭ ਜਾਣਦੇ ਹਨ ਕਿ ਦਿਓ ਕੱਦ ਕਾਰਪੋਰੇਟ ਕੰਪਨੀ ਤੇ ਸਧਾਰਨ ਕਿਸਾਨ ਵਿਚ ਹੋਣ ਵਾਲੇ ਇਕਰਾਰਨਾਮੇ ਉੱਪਰ ਕਿਸਾਨ ਦੀ ਸਹਿਮਤੀ ਕਿੰਨੀ ਕੁ ਚੱਲੇਗੀ। ਐਕਟ 'ਚ ਕਿਹਾ ਹੈ ਕਿ ਉਤਪਾਦਨ ਗੁਣਵੱਤਾ, ਗਰੇਡ, ਛਿੜਕਾਅ ਵਾਲੀਆਂ ਦਵਾਈਆਂ ਦੀ ਮਾਤਰਾ, ਖੁਰਾਕ ਸੁਰੱਖਿਆ ਸਟੈਂਡਰਡ, ਚੰਗਾ ਖੇਤੀ ਵਿਵਹਾਰ ਅਤੇ ਮਜ਼ਦੂਰਾਂ ਦੀ ਸੁਰੱਖਿਆ ਤੇ ਸਮਾਜਿਕ ਵਿਕਾਸ ਮਾਪਦੰਡ ਇਕਰਾਰਨਾਮੇ ਦਾ ਹੀ ਹਿੱਸਾ ਹੋਣਗੇ। ਐਕਟ 'ਚ ਇਹ ਵੀ ਲਿਖਿਆ ਹੈ ਕਿ ਉਕਤ ਸਾਰੇ ਮਾਪਦੰਡਾਂ ਦੀ ਨਿਗਰਾਨੀ ਖੇਤੀ ਪੈਦਾਵਾਰ ਦੌਰਾਨ ਤੇ ਜਿਣਸ ਕੰਪਨੀ ਨੂੰ ਦਿੱਤੇ ਜਾਣ ਸਮੇਂ ਤੀਜੀ ਧਿਰ ਵਲੋਂ ਕੀਤੀ ਜਾਵੇਗੀ। ਇਥੇ ਅਜੇ ਕੁਝ ਸਪੱਸ਼ਟ ਨਹੀਂ ਕਿ ਤੀਜੀ ਧਿਰ ਦਾ ਖਰਚਾ ਕੌਣ ਦੇਵੇਗਾ। ਅੱਗੋਂ ਫਿਰ ਉਕਤ ਮਾਪਦੰਡਾਂ ਉਪਰ ਪੂਰਾ ਨਾ ਉਤਰਨ ਉਤੇ ਅੰਤਿਮ ਤੌਰ 'ਤੇ ਹਰਜਾਨਾ ਤਾਂ ਕਿਸਾਨ ਨੂੰ ਹੀ ਝੱਲਣਾ ਪਵੇਗਾ।

ਨਵੇਂ ਠੇਕਾ ਖੇਤੀ ਕਾਨੂੰਨ ਮੁਤਾਬਕ ਕਿਸੇ ਵੀ ਕਿਸਮ ਦੇ ਉੱਠਣ ਵਾਲੇ ਝਗੜੇ ਜਾਂ ਹੋਣ ਵਾਲੇ ਅਨਿਆਂ ਵਿਰੁੱਧ ਕਿਸਾਨ ਸਿਵਲ ਅਦਾਲਤ ਵਿਚ ਨਹੀਂ ਜਾ ਸਕਣਗੇ। ਇਹ ਸਿਰਫ ਐਸ.ਡੀ.ਐਮ. ਵਲੋਂ ਬਣਾਏ ਬੋਰਡ ਸਾਹਮਣੇ ਹੀ ਆਪਣਾ ਕੇਸ ਰੱਖ ਸਕਣਗੇ ਤੇ ਇਸ ਤੋਂ ਅੱਗੇ ਡਿਪਟੀ ਕਮਿਸ਼ਨਰ ਵਲੋਂ ਬਣਾਈ ਅਪੈਲੈਂਟ ਅਥਾਰਟੀ ਕੋਲ ਅਪੀਲ ਕਰ ਸਕਣਗੇ। ਇਸ ਤੋਂ ਅੱਗੇ ਕਿਸਾਨਾਂ ਲਈ ਸਾਰੇ ਕਾਨੂੰਨੀ ਰਸਤੇ ਬੰਦ ਕਰ ਦਿੱਤੇ ਗਏ ਹਨ।

ਨਵਾਂ ਕੇਂਦਰੀ ਕਾਨੂੰਨ ਬਣਨ ਨਾਲ ਰਾਜਾਂ ਵਲੋਂ ਬਣਾਏ ਗਏ ਮੰਡੀਕਰਨ ਕਾਨੂੰਨ ਤੇ ਠੇਕਾ ਖੇਤੀ ਕਾਨੂੰਨ ਸਿੱਧੇ ਤੌਰ 'ਤੇ ਰੱਦ ਤਾਂ ਨਹੀਂ ਕੀਤੇ ਗਏ ਪਰ ਕੇਂਦਰੀ ਕਾਨੂੰਨ ਲਾਗੂ ਹੋਣ ਨਾਲ ਰਾਜਾਂ ਦੇ ਕਾਨੂੰਨਾਂ ਦਾ ਸਾਹ ਘੁੱਟੇਗਾ ਤੇ ਸੁੰਗੜਦੇ ਅਧਿਕਾਰਾਂ ਕਾਰਨ ਆਪਣੇ ਆਪ ਹੀ ਰਾਜਾਂ ਦੇ ਅਦਾਰੇ ਕਾਰਪੋਰੇਟ ਕੰਪਨੀਆਂ ਅੱਗੇ ਹਥਿਆਰ ਸੁੱਟਣ ਲੱਗਣਗੇ। ਪੰਜਾਬ ਦੇ ਮੰਡੀ ਬੋਰਡ ਦੀ ਮੰਡੀ ਫੀਸ ਤੇ ਰਾਜ ਸਰਕਾਰ ਨੂੰ ਮਿਲਦਾ ਪੇਂਡੂ ਵਿਕਾਸ ਫੰਡ ਜੋ 4 ਹਜ਼ਾਰ ਕਰੋੜ ਸਾਲਾਨਾ ਤੋਂ ਵਧੇਰੇ ਹੈ ਜਿਉਂ-ਜਿਉਂ ਖਰੀਦ 'ਚ ਕਾਰਪੋਰੇਟ ਸੈਕਟਰ ਵੜਦਾ ਜਾਵੇਗਾ, ਇਹ ਆਮਦਨ ਸੁੰਗੜਦੀ ਜਾਵੇਗੀ। ਇਕ ਸਮੇਂ ਹਾਲਤ ਇਹ ਬਣ ਜਾਣਗੇ ਕਿ ਬੋਰਡ ਕੋਲ ਮੁਲਾਜ਼ਮਾਂ ਨੂੰ ਦੇਣ ਲਈ ਤਨਖਾਹਾਂ ਵੀ ਨਹੀਂ ਹੋਣਗੀਆਂ ਤੇ ਕਰਜ਼ਾ ਲਾਹੁਣ ਲਈ ਉਸ ਨੂੰ ਮੰਡੀਆਂ ਵਾਲੀ ਜਗ੍ਹਾ ਵੇਚਣ ਲਈ ਮਜਬੂਰ ਹੋਣਾ ਪਵੇਗਾ।

### ਨਿਤਿਨ ਗਡਕਰੀ 'ਤੇ ਵਰ੍ਹੀਆਂ ਕਿਸਾਨ ਜਥੇਬੰਦੀਆਂ

**ਪਟਿਆਲਾ:** ਕਿਸਾਨ ਜਥੇਬੰਦੀਆਂ ਨੇ ਮੋਦੀ ਸਰਕਾਰ ਨੂੰ ਘੇਰ ਲਿਆ ਹੈ। ਕ੍ਰਾਂਤੀਕਾਰੀ ਕਿਸਾਨ ਯੂਨੀਅਨ ਨੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਵੱਲੋਂ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਸਬੰਧੀ ਬਿਆਨ ਦਾ ਤਿੱਖਾ ਨੋਟਿਸ ਲਿਆ ਹੈ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਅਸਲ 'ਚ ਸਰਕਾਰ ਕਿਸਾਨਾਂ ਲਈ ਕੋਈ ਬਦਲਵਾਂ ਹੱਲ ਲੱਭਣ ਦੇ ਪਰਦੇ ਹੇਠ ਸਮਰਥਨ ਮੁੱਲ ਦੀ ਸਹੂਲਤ ਬੰਦ ਕਰਨ ਦੇ ਰੌਂਅ 'ਚ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਖਰੀਦ ਦੀ ਗਾਰੰਟੀ ਤੋਂ ਬਿਨਾਂ ਸਮਰਥਨ ਮੁੱਲ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਉਨ੍ਹਾਂ ਕਿਹਾ ਕਿ ਘੱਟੋ-ਘੱਟ ਸਮਰਥਨ ਮੁੱਲ ਖਤਮ ਕਰਨ ਦੀ ਪ੍ਰਕਿਰਿਆ ਕਿਸਾਨਾਂ ਦੀ ਬਰਬਾਦੀ ਦਾ ਕਾਰਨ ਬਣੇਗੀ। ਇਸ ਨਾਲ ਮੰਡੀ ਬੋਰਡ ਦੇ ਲੱਖਾਂ ਮੁਲਾਜ਼ਮਾਂ ਅਤੇ ਮਜ਼ਦੂਰਾਂ ਦੇ ਰੁਜ਼ਗਾਰ ਨੂੰ ਵੀ ਢਾਹ ਲੱਗੇਗੀ।

# ਸੁਖਬੀਰ ਵਲੋਂ ਦੁਬਈ ਫਸੇ ਪੰਜਾਬੀਆਂ ਦੀ ਮਦਦ ਲਈ ਵਿਦੇਸ਼ ਮੰਤਰਾਲੇ ਨੂੰ ਅਪੀਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਨੂੰ ਅਪੀਲ ਕੀਤੀ ਕਿ ਉਹ ਦੁਬਈ ਵਿਚਲੇ ਭਾਰਤੀ ਦੂਤਾਵਾਸ ਨੂੰ ਹਦਾਇਤ ਕਰਨ ਕਿ ਸੰਯੁਕਤ ਅਰਬ ਅਮੀਰਾਤ ਵਿਚ ਬਿਨਾਂ ਪਾਸਪੋਰਟ ਤੋਂ ਫਸੇ 20 ਹਜ਼ਾਰ ਪੰਜਾਬੀ ਵਰਕਰਾਂ ਦੀ ਮਦਦ ਕੀਤੀ ਜਾਵੇ ਤੇ ਉਨ੍ਹਾਂ ਨੂੰ ਵਾਪਸ ਭਾਰਤ ਲਿਆਉਣ ਦਾ ਪ੍ਰਬੰਧ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਤਕਰੀਬਨ 20 ਹਜ਼ਾਰ ਪੰਜਾਬੀ ਦੁਬਈ ਵਿਚ ਵੱਖ-ਵੱਖ ਪ੍ਰਾਈਵੇਟ ਕੰਪਨੀਆਂ ਵੱਲੋਂ ਕੱਢ ਦਿੱਤੇ ਗਏ ਹਨ। ਉਹ ਸਾਰੇ ਭਾਰਤ ਪਰਤਣਾ ਚਾਹੁੰਦੇ ਹਨ ਪਰ ਉਨ੍ਹਾਂ ਦੇ ਪਾਸਪੋਰਟ ਕੰਪਨੀਆਂ ਦੇ ਮਾਲਕਾਂ ਨੇ ਜ਼ਬਤ ਕੀਤੇ ਹੋਏ ਹਨ। ਸੁਖਬੀਰ ਸਿੰਘ ਬਾਦਲ ਨੇ ਵਿਦੇਸ਼ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਦੁਬਈ ਵਿਚਲੇ ਭਾਰਤੀ ਦੂਤਾਵਾਸ ਨੂੰ ਹਦਾਇਤ ਕਰ ਕੇ ਇਨ੍ਹਾਂ ਨੌਜਵਾਨਾਂ ਦੇ ਪਾਸਪੋਰਟ ਦਿਵਾਉਣ। ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਇਸ ਮਾਮਲੇ ਵਿਚ ਦਖਲਅੰਦਾਜ਼ੀ ਦੇਣ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ ਕਿ ਪਾਰਟੀ ਨੂੰ ਕਈ ਨੌਜਵਾਨਾਂ ਤੋਂ ਇਹ ਸੁਨੇਹੇ ਮਿਲੇ ਹਨ ਕਿ ਉਹ ਆਪਣੀਆਂ ਹਵਾਈ ਟਿਕਟਾਂ ਦਾ ਖਰਚ ਦੇਣ ਲਈ ਤਿਆਰ ਹਨ ਪਰ ਹਜ਼ਾਰਾਂ ਵਰਕਰ ਅਜਿਹੇ ਵੀ ਹਨ, ਜਿਨ੍ਹਾਂ ਨੇ ਆਪਣੀ ਬਚਤ ਰਾਸ਼ੀ ਖਰਚ ਲਈ ਹੈ ਤੇ ਉਨ੍ਹਾਂ ਕੋਲ ਵਾਪਸੀ ਦੀ ਟਿਕਟ ਦੇਣ ਜੋਗੇ ਪੈਸੇ ਵੀ ਨਹੀਂ ਹਨ। ਅਜਿਹੇ ਵਿਅਕਤੀਆਂ ਨੂੰ ਰਾਹਤ ਦਿੱਤੀ ਜਾਣੀ ਚਾਹੀਦੀ ਹੈ ਤੇ ਉਨ੍ਹਾਂ ਨੂੰ ਘਰ ਲਿਆਉਣ ਲਈ ਵਿਸ਼ੇਸ਼ ਸਮੁੰਦਰੀ ਜਹਾਜ਼ ਭੇਜੇ ਜਾ ਸਕਦੇ ਹਨ।

# ਸਹਿਕਾਰੀ ਖੰਡ ਮਿੱਲਾਂ ਨੂੰ 150 ਕਰੋੜ ਦੀ ਰਾਸ਼ੀ ਜਾਰੀ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਗੰਨਾ ਉਤਪਾਦਕਾਂ ਨੂੰ ਅਦਾ ਕੀਤੇ ਜਾਣ ਵਾਲੇ 299 ਕਰੋੜ ਰੁਪਏ ਦੇ ਬਕਾਏ ਦਾ ਭੁਗਤਾਨ ਕਰਨ ਲਈ ਸ਼ੂਗਰਫੈੱਡ ਨੂੰ 149 ਕਰੋੜ ਰੁਪਏ ਦੀ ਰਾਸ਼ੀ ਦੇਣ ਦੇ ਹੁਕਮ ਦਿੱਤੇ ਹਨ।



ਮੁੱਖ ਮੰਤਰੀ ਦੀ ਹਦਾਇਤ 'ਤੇ ਵਿੱਤ ਵਿਭਾਗ ਨੇ ਸਹਿਕਾਰੀ ਖੰਡ ਮਿੱਲਾਂ ਦੇ ਕਿਸਾਨਾਂ ਨੂੰ ਬਕਾਇਆ ਰਾਸ਼ੀ ਦਾ ਭੁਗਤਾਨ ਕਰਨ ਲਈ 150 ਕਰੋੜ ਰੁਪਏ ਦੀ ਪ੍ਰਵਾਨਗੀ ਦੇ ਦਿੱਤੀ ਹੈ ਜਦਕਿ 149 ਕਰੋੜ ਰੁਪਏ ਦੀ ਬਾਕੀ ਰਾਸ਼ੀ ਸ਼ੂਗਰਫੈੱਡ ਵੱਲੋਂ ਆਪਣੇ ਵਸੀਲਿਆਂ ਤੋਂ ਅਦਾ ਕੀਤੀ ਜਾਵੇਗੀ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਵਿੱਤੀ ਤੌਰ ਉਤੇ ਯੋਗ ਵਿਧੀ ਉਲੀਕਣ ਲਈ ਆਖਿਆ ਗਿਆ ਸੀ। ਜ਼ਿਕਰਯੋਗ ਹੈ ਕਿ ਸੂਬੇ ਵਿਚ ਚਾਰ ਨਿੱਜੀ ਖੰਡ ਮਿੱਲਾਂ ਦੇ ਗੰਨੇ ਦੇ ਬਕਾਏ ਦੇ ਤੌਰ ਉਤੇ ਕੁੱਲ 1253 ਕਰੋੜ ਦੀ ਰਾਸ਼ੀ ਬਣਦੀ ਹੈ ਜਿਸ ਵਿਚੋਂ 876 ਕਰੋੜ ਰੁਪਏ ਦਾ ਭੁਗਤਾਨ ਪਹਿਲਾਂ ਹੀ ਕੀਤਾ ਜਾ ਚੁੱਕਾ ਹੈ ਅਤੇ 377 ਕਰੋੜ ਰੁਪਏ ਬਕਾਇਆ ਹਨ।

# ਨਵੇਂ ਖੇਤੀ ਆਰਡੀਨੈਂਸ ਨੇ ਪੰਜਾਬ ਦੀ ਸਿਆਸਤ 'ਚ ਲਿਆਂਦਾ ਭੂਚਾਲ

**ਚੰਡੀਗੜ੍ਹ:** ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਜਿਣਸਾਂ ਦੇ ਸਮਰਥਨ ਮੁੱਲ ਨੂੰ ਦੇਸ਼ ਦੀ ਆਰਥਿਕਤਾ ਲਈ ਖਤਰਾ ਦੱਸ ਕੇ ਬਲਦੀ 'ਤੇ ਤੇਲ ਪਾ ਦਿੱਤਾ ਹੈ। ਕਾਂਗਰਸ ਨੇ ਇਸ ਮਾਮਲੇ ਉਤੇ ਸ਼੍ਰੋਮਣੀ ਅਕਾਲੀ ਦਲ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕੇਂਦਰ 'ਚ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਨੂੰ ਵੰਗਾਰ ਪਾਈ ਹੈ ਕਿ ਉਹ ਕੇਂਦਰੀ ਵਜ਼ੀਰੀ ਦਾ ਮੋਹ ਤਿਆਗ ਕੇ ਕਿਸਾਨੀ ਦੇ ਹੱਕ ਵਿਚ ਡਟੇ। ਦੱਸਣਯੋਗ ਹੈ ਕਿ ਗਡਕਰੀ ਨੇ ਜਿਣਸਾਂ ਦੇ ਘੱਟੋ ਘੱਟ ਸਮਰਥਨ ਮੁੱਲ ਨੂੰ ਮੁਲਕ ਦੀ ਆਰਥਿਕਤਾ ਲਈ ਵੱਡਾ ਖਤਰਾ ਦੱਸਿਆ ਹੈ।

ਸ੍ਰੀ ਜਾਖੜ ਨੇ ਕਿਹਾ ਕਿ ਗਡਕਰੀ ਨੇ ਕੇਂਦਰ ਦਾ ਕੁਝ ਵੀ ਢੱਕਿਆ ਰਿੱਝਣ ਨਹੀਂ ਦਿੱਤਾ ਅਤੇ ਕੇਂਦਰੀ ਨੀਤੀ ਤੇ ਨੀਅਤ ਦਾ ਭਾਂਡਾ ਚੌਰਾਹੇ 'ਚ ਭੰਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੁਲਕ ਨੂੰ ਅਸਲ ਖਤਰਾ ਭਾਜਪਾ ਤੋਂ ਹੈ ਜਿਸ ਦੀਆਂ ਕਿਸਾਨ ਮਾਰੂ ਨੀਤੀਆਂ ਨੇ ਅਰਥਚਾਰੇ ਨੂੰ ਕੰਗਾਲ ਕਰ ਕੇ ਰੱਖ ਦਿੱਤਾ ਹੈ। ਕਾਂਗਰਸ ਪ੍ਰਧਾਨ ਨੇ ਕਿਹਾ ਕਿ ਜਿਸ ਕਿਸਾਨ ਨੇ ਪਸੀਨਾ ਵਹਾ ਕੇ ਮੁਲਕ ਨੂੰ ਅਨਾਜ ਮਾਮਲੇ 'ਚ ਆਤਮ-ਨਿਰਭਰ ਬਣਾਇਆ, ਉਸ ਕਿਸਾਨੀ ਨੂੰ ਹੀ ਕੇਂਦਰ ਸਰਕਾਰ ਬੋਝ ਦੱਸ ਕੇ ਅਪਮਾਨ ਕਰ ਰਹੀ ਹੈ। ਕਾਂਗਰਸ ਪਾਰਟੀ ਪਹਿਲਾਂ ਹੀ ਕੇਂਦਰ ਦੀ ਕਿਸਾਨ ਵਿਰੋਧੀ ਨੀਤੀ ਬਾਰੇ ਰੌਲਾ ਪਾ ਰਹੀ ਸੀ। ਕੇਂਦਰ ਸਰਕਾਰ ਵੱਲੋਂ ਜਾਰੀ ਆਰਡੀਨੈਂਸਾਂ ਦਾ ਕਾਂਗਰਸ ਡਟ ਕੇ ਵਿਰੋਧ ਕਰੇਗੀ।

ਇਸ ਦੌਰਾਨ ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਬਾਦਲਾਂ ਨੂੰ ਚੁਣੌਤੀ ਦਿੱਤੀ ਹੈ ਕਿ ਉਹ ਗਡਕਰੀ ਦੇ ਬਿਆਨ ਮਗਰੋਂ ਆਪਣੀ ਸਥਿਤੀ ਸਪੱਸ਼ਟ ਕਰਨ। ਉਨ੍ਹਾਂ ਕਿਹਾ ਕਿ ਉਹ ਮੁੱਖ ਮੰਤਰੀ ਨੂੰ ਇਸ ਮੁੱਦੇ 'ਤੇ ਸਰਬ ਪਾਰਟੀ ਮੀਟਿੰਗ ਸੱਦਣ ਲਈ ਆਖਣਗੇ ਤਾਂ ਜੋ ਸਾਰੀਆਂ ਸਿਆਸੀ ਧਿਰਾਂ ਇਸ ਮਾਮਲੇ ਉਤੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਨ ਵਾਸਤੇ ਜਾ ਸਕਣ। ਸ੍ਰੀ ਬਾਜਵਾ ਨੇ ਕਿਹਾ ਕਿ ਬਿਕਰਮ ਮਜੀਠੀਆ ਵੱਲੋਂ ਚਾਰ ਹਜ਼ਾਰ ਕਰੋੜ ਦੇ ਬੀਜ ਘੁਟਾਲੇ ਦਾ ਰੌਲਾ ਪਾਇਆ ਜਾ ਰਿਹਾ ਹੈ ਜਦੋਂ ਕਿ ਪੰਜਾਬ ਵਿਚ 350 ਕਰੋੜ ਦੇ ਬੀਜਾਂ ਦੀ ਵਿਕਰੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਮਜੀਠੀਆ ਦੱਸੇ ਕਿ ਇਹ ਅੰਕੜੇ ਕਿਥੋਂ ਆਏ ਹਨ।



**ਸਮਰਥਨ ਮੁੱਲ ਬਾਰੇ ਕੋਈ ਸਮਝੌਤਾ ਨਹੀਂ ਕਰਾਂਗੇ: ਸੁਖਬੀਰ**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਝੋਨੇ ਤੇ ਕਣਕ ਦੀਆਂ ਫਸਲਾਂ ਦੀ ਘੱਟੋ-ਘੱਟ ਸਮਰਥਨ ਮੁੱਲ ਅਤੇ ਖਰੀਦ ਦੀ ਗਾਰੰਟੀ ਦੇ ਮੁੱਦੇ 'ਤੇ ਪਾਰਟੀ ਕੋਈ ਸਮਝੌਤਾ ਨਹੀਂ ਕਰੇਗੀ। ਕੇਂਦਰ ਵੱਲੋਂ 'ਇਕ ਦੇਸ਼, ਇਕ ਮੰਡੀ' ਦੇ ਸੰਕਲਪ ਨੂੰ ਲਾਗੂ ਕਰਨ ਦੇ ਮਾਮਲੇ 'ਤੇ ਬੋਲਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਦਾਅਵਾ ਕੀਤਾ ਕਿ ਮੁਢਲੇ ਪੜਾਅ ਉਤੇ ਘੱਟੋ-ਘੱਟ ਸਮਰਥਨ ਮੁੱਲ ਦੀ ਮੌਜੂਦਾ ਵਿਵਸਥਾ ਨੂੰ ਕੋਈ ਖਤਰਾ ਨਜ਼ਰ ਨਹੀਂ ਆ ਰਿਹਾ ਪਰ ਜੇਕਰ ਕਿਸੇ ਵੀ ਪੜਾਅ 'ਤੇ ਇਸ ਨਾਲ ਛੇੜਛਾੜ ਕੀਤੀ ਗਈ ਤਾਂ ਸ਼੍ਰੋਮਣੀ ਅਕਾਲੀ ਦਲ ਇਸ ਖਿਲਾਫ ਸੰਘਰਸ਼ ਵਿੱਢੇਗਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਕਿਸਾਨਾਂ ਹਿੱਤਾਂ ਤੋਂ ਲੈ ਕੇ ਦੇਸ਼ ਦੇ ਸੰਘੀ ਢਾਂਚੇ ਤੱਕ ਹਰ ਖੇਤਰ ਵਿਚ ਲੋਕਾਂ ਭਾਵਨਾਵਾਂ ਦੀ ਤਰਜਮਾਨੀ ਕਰੇਗਾ। ਸੁਖਬੀਰ ਬਾਦਲ ਨੇ ਕਿਹਾ ਕਿ ਮੌਜੂਦਾ ਸਮੇਂ ਖੇਤੀਬਾੜੀ ਉਤਪਾਦਨ ਵਿਚ ਨਿਵੇਸ਼ ਤੇ ਹੋਰ ਲੋੜੀਂਦੀਆਂ ਵਸਤਾਂ ਦੀ ਕੀਮਤ ਬਹੁਤ ਵਧ ਗਈ ਹੈ, ਜਦਕਿ ਕਿਸਾਨਾਂ ਦੀਆਂ ਜਿਣਸਾਂ ਦੀਆਂ ਕੀਮਤਾਂ ਵਿਚ ਖੜੋਤ ਆ ਗਈ ਹੈ।

### ਆਰਡੀਨੈਂਸ ਹਰਸਿਮਰਤ ਦੀ ਹਾਜ਼ਰੀ 'ਚ ਪਾਸ ਹੋਇਆ: ਢੀਂਡਸਾ

**ਪਟਿਆਲਾ:** ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਅਕਾਲੀ ਦਲ (ਬਾਦਲ) 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਖੇਤੀ ਤੇ ਵਪਾਰ ਨੂੰ ਵੱਡੇ ਕਾਰਪੋਰੇਟ ਘਰਾਣਿਆਂ ਦੇ ਹੱਥ 'ਚ ਦੇਣ ਵਾਲੇ ਨਵੇਂ ਖੇਤੀ ਮੰਡੀਕਰਨ ਸਬੰਧੀ ਆਰਡੀਨੈਂਸ ਜਾਰੀ ਕਰਨ 'ਚ ਬਾਦਲ ਦਲੀਆਂ ਦੇ ਵੱਡੇ ਆਗੂਆਂ ਦੀ ਵੱਡੀ ਭੂਮਿਕਾ ਹੈ ਜਿਸ ਨੂੰ ਪੰਜਾਬ ਦੇ ਲੋਕ ਬਰਦਾਸ਼ਤ ਨਹੀਂ ਕਰਨਗੇ। ਸ੍ਰੀ ਢੀਂਡਸਾ ਨੇ ਖੁਲਾਸਾ ਕੀਤਾ ਕਿ ਇਹ ਵਿਵਾਦਿਤ ਆਰਡੀਨੈਂਸ ਪਾਸ ਕਰਨ ਵਾਲੀ ਕੇਂਦਰੀ ਕੈਬਨਿਟ ਮੀਟਿੰਗ 'ਚ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੀ ਬਾਕਾਇਦਾ ਹਾਜ਼ਰ ਸਨ ਤੇ ਉਨ੍ਹਾਂ ਨੇ ਬਿਨਾਂ ਕਿਸੇ ਵਿਰੋਧ ਦੇ ਆਰਡੀਨੈਂਸਾਂ ਨੂੰ ਸਹਿਮਤੀ ਦਿੱਤੀ ਹੈ।

### 'ਆਪ' ਆਗੂ ਭਗਵੰਤ ਮਾਨ ਨੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ



**ਸੰਗਰੂਰ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕੇਂਦਰ ਸਰਕਾਰ ਵੱਲੋਂ ਖੇਤੀ ਸਬੰਧਤ ਲਿਆਂਦੇ ਤਿੰਨ ਆਰਡੀਨੈਂਸਾਂ ਨੂੰ ਪੰਜਾਬ ਦੀ ਕਿਸਾਨੀ ਨੂੰ ਤਬਾਹ ਕਰਨ ਵਾਲਾ ਤਾਨਾਸ਼ਾਹੀ ਫੈਸਲਾ ਕਰਾਰ ਦਿੰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖਿਆ। ਉਨ੍ਹਾਂ ਪੱਤਰ ਰਾਹੀਂ ਆਰਡੀਨੈਂਸ ਦੇ ਦੇਸ਼ ਖਾਸ ਕਰਕੇ ਪੰਜਾਬ ਦੇ ਕਿਸਾਨਾਂ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਕੇਂਦਰ ਸਰਕਾਰ ਨੂੰ ਜਾਣੂ ਕਰਵਾ ਕੇ ਤਿੰਨੇ ਆਰਡੀਨੈਂਸ ਵਾਪਸ ਲੈਣ ਦੀ ਮੰਗ ਕੀਤੀ। ਸ੍ਰੀ ਮਾਨ ਨੇ ਕਿਹਾ ਕਿ ਇਹ ਆਰਡੀਨੈਂਸ ਸਿਰਫ ਕਿਸਾਨਾਂ, ਖੇਤ ਮਜ਼ਦੂਰਾਂ ਲਈ ਹੀ ਨਹੀਂ ਸਗੋਂ ਆੜ੍ਹਤੀਆਂ, ਮੁਨੀਮਾਂ, ਪੱਲੇਦਾਰਾਂ ਅਤੇ ਟਰਾਂਸਪੋਰਟਰਾਂ ਦੀ ਵੀ ਹੋਂਦ ਖਤਮ ਕਰ ਦੇਣਗੇ।

# ਦੁਨੀਆਂ ਨੂੰ ਭੁੱਖਮਰੀ ਵਾਲੇ ਰਾਹ ਧੱਕੇਗੀ ਕਰੋਨਾ ਮਹਾਮਾਰੀ

## ਸੰਯੁਕਤ ਰਾਸ਼ਟਰ ਵਲੋਂ ਹਾਲਾਤ ਦੇ ਟਾਕਰੇ ਲਈ ਇਕਜੁਟਤਾ ਦਾ ਸੱਦਾ



**ਵਾਸ਼ਿੰਗਟਨ:** ਦੁਨੀਆਂ ਭਰ ਵਿਚ ਕਰੋਨਾ ਮਹਾਮਾਰੀ ਦੇ ਵੱਡੇ ਅਸਰ ਦੇਖਣ ਨੂੰ ਮਿਲ ਰਹੇ ਹਨ। ਬਹੁਤੇ ਦੇਸ਼ਾਂ ਵਿਚ ਇਸ ਬਿਮਾਰੀ ਦਾ ਕਹਿਰ ਜਾਰੀ ਹੈ। ਇਸ ਤੋਂ ਨਿਕਲਣ ਵਾਲੇ ਨਤੀਜਿਆਂ ਨੇ ਦੁਨੀਆਂ ਭਰ ਵਿਚ ਵੱਡੀ ਚਿੰਤਾ ਪੈਦਾ ਕੀਤੀ ਹੈ। ਹਾਲਾਤ ਉਤੇ ਫਿਕਰ ਜ਼ਾਹਿਰ ਕਰਦੇ ਹੋਏ ਸੰਯੁਕਤ ਰਾਸ਼ਟਰ (ਯੂ.ਐਨ.ਓ.) ਦੇ ਜਨਰਲ ਸਕੱਤਰ ਐਂਟੋਨੀਓ ਗੁਟਰੇਸ ਨੇ ਦੁਨੀਆਂ ਨੂੰ ਚਿਤਾਵਨੀ ਜਾਰੀ ਕੀਤੀ ਹੈ ਕਿ ਕਰੋਨਾ ਮਹਾਮਾਰੀ ਕਾਰਨ ਦੁਨੀਆਂ ਵਿਚ 'ਫੂਡ ਐਮਰਜੈਂਸੀ' ਹੋ ਸਕਦੀ ਹੈ। ਭੋਜਨ ਜਾਂ ਪੋਸ਼ਣ ਸਬੰਧੀ ਅਸੁਰੱਖਿਅਤ ਰਹਿਣ ਵਾਲੇ ਲੋਕਾਂ ਦੀ ਗਿਣਤੀ ਬੜੀ ਤੇਜ਼ੀ ਨਾਲ ਵਧ ਰਹੀ ਹੈ।

ਸੰਯੁਕਤ ਰਾਸ਼ਟਰ ਮੁਖੀ ਨੇ ਖੁਰਾਕ ਸੁਰੱਖਿਆ ਅਤੇ ਪੋਸ਼ਣ ਕੋਵਿਡ-19 ਦੇ ਪ੍ਰਭਾਵ ਬਾਰੇ ਸੰਯੁਕਤ ਰਾਸ਼ਟਰ ਦੀ ਨੀਤੀ ਦੀ ਸ਼ੁਰੂਆਤ ਲਈ ਆਪਣੇ ਵੀਡੀਓ ਸੰਦੇਸ਼ 'ਚ ਕਿਹਾ ਹੈ ਕਿ ਦੁਨੀਆਂ 'ਚ ਸਾਡੀ ਆਬਾਦੀ 8 ਅਰਬ ਲੋਕਾਂ ਦੀ ਹੈ ਅਤੇ ਜਿਸ 'ਚ ਖਾਣ ਲਈ ਭੋਜਨ ਕਾਫੀ ਹੈ ਪਰ 2 ਕਰੋੜ ਤੋਂ ਵੱਧ ਲੋਕ ਭੁੱਖੇ ਰਹਿ ਰਹੇ ਹਨ ਤੇ ਪੰਜ ਸਾਲ ਤੋਂ ਘੱਟ ਉਮਰ ਦੇ 14.4 ਕਰੋੜ ਬੱਚਿਆਂ ਦਾ ਸਰੀਰਕ ਵਿਕਾਸ ਭੁੱਖ ਕਾਰਨ ਰੁਕਿਆ ਹੋਇਆ ਹੈ, ਜਿਥੇ ਸਾਡੀ ਸਾਰੀ ਖੁਰਾਕ ਪ੍ਰਣਾਲੀ ਅਸਫਲ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਕਰੋਨਾ ਮਹਾਂਮਾਰੀ ਕਾਰਨ ਹੁਣ ਤੱਕ 4.9 ਕਰੋੜ ਹੋਰ ਲੋਕ ਗਰੀਬੀ 'ਚ ਧਸ ਜਾਣਗੇ। ਗੁਟਰੇਸ ਨੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਜ਼ਿੰਦਗੀਆਂ ਅਤੇ ਲੋਕਾਂ ਦੀ ਜਾਨ ਮਾਲ ਦੀ ਰਾਖੀ ਲਈ ਲਾਮਬੰਦ ਹੋਣ। ਉਨ੍ਹਾਂ ਦੇਸ਼ਾਂ ਨੂੰ ਅਪੀਲ ਕੀਤੀ ਕਿ ਭੋਜਨ ਪ੍ਰੋਸੈਸਿੰਗ, ਟਰਾਂਸਪੋਰਟ ਅਤੇ ਸਥਾਨਕ ਖੁਰਾਕੀ ਬਾਜ਼ਾਰਾਂ ਲਈ ਸਹਾਇਤਾ ਵਧਾਉਣ ਅਤੇ ਉਨ੍ਹਾਂ ਨੂੰ ਭੋਜਨ ਪ੍ਰਣਾਲੀਆਂ ਦੇ ਨਿਰੰਤਰ ਕਾਰਜਸ਼ੀਲਤਾ ਨੂੰ ਯਕੀਨੀ ਬਣਾਉਣ।

ਸੰਯੁਕਤ ਰਾਸ਼ਟਰ ਦੇ ਦੁਨੀਆਂ ਭਰ ਵਿਚ ਖੁਰਾਕ ਦੀ ਵੰਡ ਸਬੰਧੀ ਵਿਭਾਗ ਨੇ ਕਿਹਾ ਹੈ ਕਿ ਬਹੁਤ ਸਾਰੇ ਦੇਸ਼ਾਂ ਵਿਚ ਤਾਲਾਬੰਦੀ ਜਾਰੀ ਰਹਿਣ ਅਤੇ ਇਸ ਨਾਲ ਤੇਜ਼ੀ ਨਾਲ ਅਰਥਵਿਵਸਥਾ ਦੇ ਡਿਗਣ ਅਤੇ ਹਰ ਥਾਂ 'ਤੇ ਵੰਡ ਪ੍ਰਣਾਲੀ ਵਿਚ ਗੜਬੜ ਅਤੇ ਅਨਿਸਚਿਤਤਾ ਪੈਦਾ ਹੋ ਜਾਣ ਨੇ ਇਸ ਸੰਕਟ ਨੂੰ ਹੋਰ ਵਧਾਇਆ ਹੈ। ਜੇਕਰ ਇਹ ਕੜੀ ਟੁੱਟਦੀ ਹੈ ਤਾਂ ਇਸ ਨਾਲ ਬਹੁਤੀਆਂ ਥਾਵਾਂ 'ਤੇ ਖੁਰਾਕ ਦੀ ਵੱਡੀ ਘਾਟ ਪੈਦਾ ਹੋਣ ਦਾ ਡਰ ਬਣ ਗਿਆ ਹੈ, ਜਿਸ ਕਾਰਨ ਭੁੱਖਮਰੀ ਵਧ ਸਕਦੀ ਹੈ। ਭੁੱਖ ਦਾ ਸੰਤਾਪ ਹੰਢਾਉਣ ਵਾਲੇ ਵੱਡੀ ਗਿਣਤੀ ਵਿਚ ਲੋਕਾਂ ਦਾ ਜੀਵਨ ਬਦਤਰ ਹੋ ਸਕਦਾ ਹੈ।

ਗੁਟਰੇਸ ਨੇ ਇਸ ਪ੍ਰਤੀ ਦੁਨੀਆਂ ਭਰ ਦੇ ਦੇਸ਼ਾਂ ਨੂੰ ਸੁਚੇਤ ਹੋਣ ਲਈ ਕਿਹਾ ਹੈ ਅਤੇ ਇਹ ਵੀ ਕਿਹਾ ਹੈ ਕਿ ਕਿਸੇ ਵੀ ਤਰ੍ਹਾਂ ਖੁਰਾਕ ਦੀ ਸਪਲਾਈ ਦੀ ਕੜੀ ਨਹੀਂ ਟੁੱਟਣੀ ਚਾਹੀਦੀ। ਉਨ੍ਹਾਂ ਅਨੁਸਾਰ ਮਹਾਮਾਰੀ ਨਾਲ ਘੱਟੋ-ਘੱਟ ਦੁਨੀਆਂ ਦੇ 5 ਕਰੋੜ ਹੋਰ ਲੋਕ ਗਰੀਬੀ ਦੀ ਦਲਦਲ ਵਿਚ ਧਸ ਜਾਣਗੇ।

ਦੁਨੀਆਂ ਭਰ ਦੇ ਦੇਸ਼ਾਂ 'ਤੇ ਨਜ਼ਰ ਰੱਖਣ ਵਾਲੀ ਇਸ ਸੰਸਥਾ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਕੌਮਾਂਤਰੀ ਖੁਰਾਕ ਪ੍ਰਣਾਲੀ ਅਸਫਲ ਹੋ ਰਹੀ ਹੈ। ਇਸ ਸਬੰਧੀ ਹਰ ਹੀਲੇ ਛੇਤੀ ਤੋਂ ਛੇਤੀ ਯਤਨ ਕੀਤੇ ਜਾਣ ਦੀ ਜ਼ਰੂਰਤ ਹੈ। ਇਹ ਗੱਲ ਵੀ ਵੇਖਣ ਨੂੰ ਮਿਲ ਰਹੀ ਹੈ ਕਿ ਬਹੁਤ ਸਾਰੇ ਵਿਕਸਿਤ ਦੇਸ਼ਾਂ ਵਿਚ ਵੀ ਭੋਜਨ ਸਪਲਾਈ ਦੀ ਗਤੀ ਬੇਹੱਦ ਘਟ ਗਈ ਹੈ, ਜਿਸ ਦਾ ਅਸਰ ਆਮ ਲੋਕਾਂ ਦੀ ਜ਼ਿੰਦਗੀ 'ਤੇ ਪਵੇਗਾ। ਇਹ ਅਜਿਹਾ ਸਮਾਂ ਹੈ ਜਦੋਂ ਸਮੁੱਚੀ ਦੁਨੀਆਂ ਨੂੰ ਹੀ ਇਕਜੁੱਟ ਹੋ ਕੇ ਯਤਨਸ਼ੀਲ ਹੋਣਾ ਪਵੇਗਾ। ਜਿਨ੍ਹਾਂ ਥਾਵਾਂ 'ਤੇ ਸਿਹਤ ਸਬੰਧੀ ਸਹੂਲਤਾਂ ਦੀ ਘਾਟ ਹੈ, ਉਨ੍ਹਾਂ ਤੱਕ ਇਨ੍ਹਾਂ ਦੀ ਰਸਾਈ ਕਰਾਉਣ ਲਈ ਵੀ ਇਕਜੁੱਟ ਹੋਣ ਦੀ ਜ਼ਰੂਰਤ ਹੋਵੇਗੀ। ਇਸ ਸਬੰਧੀ ਪਹੁੰਚ ਇਹ ਹੀ ਹੋਣੀ ਚਾਹੀਦੀ ਹੈ ਕਿ ਬੇਹੱਦ ਲੋੜਵੰਦ ਦੇਸ਼ਾਂ ਵਿਚ ਮੁਢਲੀਆਂ ਸਹੂਲਤਾਂ ਲਈ ਤਰਸਦੇ ਲੋਕਾਂ ਨੂੰ ਹਰ ਤਰ੍ਹਾਂ ਦੀ ਰਾਹਤ ਪਹੁੰਚਾਈ ਜਾਵੇ।

### ਅਮਰੀਕਾ 'ਚ ਸਤੰਬਰ ਤੱਕ ਦੋ ਲੱਖ ਨੂੰ ਢੁਕ ਜਾਵੇਗੀ ਮੌਤ ਦਰ

**ਨਿਊ ਯਾਰਕ:** ਭਾਰਤੀ ਮੂਲ ਦੇ ਅਮਰੀਕੀ ਪ੍ਰੋਫੈਸਰ ਨੇ ਚਿਤਾਵਨੀ ਦਿੱਤੀ ਕਿ ਅਮਰੀਕਾ ਵਿਚ ਕਰੋਨਾ ਵਾਇਰਸ ਮਹਾਮਾਰੀ ਕਾਰਨ ਮੌਤ ਦੇ ਮੂੰਹ ਵਿਚ ਜਾਣ ਵਾਲਿਆਂ ਦਾ ਅੰਕੜਾ ਸਤੰਬਰ ਤੱਕ ਦੋ ਲੱਖ ਨੂੰ ਛੂਹ ਜਾਵੇਗਾ। ਹਾਵਰਡ'ਜ਼ ਗਲੋਬਲ ਹੈਲਥ ਇੰਸਟੀਚਿਊਟ ਦੇ ਮੁਖੀ ਅਸ਼ੀਸ਼ ਝਾਅ ਨੇ ਕਿਹਾ ਕਿ ਉਹ ਲੋਕਾਂ ਨੂੰ ਡਰਾਉਣ ਦੀ ਕੋਸ਼ਿਸ਼ ਨਹੀਂ ਕਰ ਰਹੇ ਸਗੋਂ ਸਾਰਿਆਂ ਨੂੰ ਅਪੀਲ ਕਰ ਰਹੇ ਹਨ ਕਿ ਮਾਸਕ ਪਹਿਨ ਕੇ ਰੱਖੋ ਤੇ ਸਮਾਜਿਕ ਦੂਰੀ ਦੇ ਨਿਯਮਾਂ ਦਾ ਪਾਲਣ ਕਰੋ। ਉਨ੍ਹਾਂ ਕਿਹਾ ਕਿ ਵੱਧ ਤੋਂ ਵੱਧ ਟੈਸਟਿੰਗ ਕੀਤੀ ਜਾਵੇ। ਝਾਅ ਨੇ ਕਿਹਾ ਕਿ ਜੋ ਲੋਕ ਇਹ ਆਸ ਕਰਦੇ ਹਨ ਕਿ ਕਰੋਨਾ ਕੇਸਾਂ ਵਿਚ ਨਾਟਕੀ ਢੰਗ ਨਾਲ ਨਿਘਾਰ ਆ ਜਾਵੇ।

# ਰਾਖਵਾਂਕਰਨ ਬੁਨਿਆਦੀ ਹੱਕ ਨਹੀਂ: ਅਦਾਲਤ



**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਇਕ ਮਾਮਲੇ ਦੀ ਸੁਣਵਾਈ ਕਰਦੇ ਹੋਏ ਰਾਖਵੇਂਕਰਨ ਨੂੰ ਲੈ ਕੇ ਵੱਡੀ ਟਿੱਪਣੀ ਕੀਤੀ ਹੈ। ਤਾਮਿਲਨਾਡੂ 'ਚ ਨੀਟ ਪੋਸਟ ਗ੍ਰੈਜੂਏਸ਼ਨ ਰਾਖਵਾਂਕਰਨ ਮਾਮਲੇ 'ਚ ਅਦਾਲਤ ਨੇ ਕਿਹਾ ਕਿ ਰਾਖਵਾਂਕਰਨ ਕੋਈ ਬੁਨਿਆਦੀ ਹੱਕ ਨਹੀਂ ਹੈ। ਇਸ ਦੇ ਨਾਲ ਹੀ ਅਦਾਲਤ ਨੇ ਤਾਮਿਲਨਾਡੂ ਦੇ ਕਈ ਸਿਆਸੀ ਦਲਾਂ ਵਲੋਂ ਦਾਇਰ ਕੀਤੀ ਗਈ ਪਟੀਸ਼ਨ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਦਰਅਸਲ ਡੀ.ਐਮ.ਕੇ., ਸੀ.ਪੀ.ਆਈ. ਤੇ ਏ.ਆਈ.ਏ.ਡੀ.ਐਮ.ਕੇ. ਸਮੇਤ ਤਾਮਿਲਨਾਡੂ ਦੀਆਂ ਕਈ ਧਿਰਾਂ ਨੇ ਸੁਪਰੀਮ ਕੋਰਟ 'ਚ ਨੀਟ ਦੇ ਤਹਿਤ ਮੈਡੀਕਲ ਕਾਲਜ ਵਿਚ ਸੀਟਾਂ ਨੂੰ ਲੈ ਕੇ ਤਾਮਿਲਨਾਡੂ 'ਚ 50 ਫ਼ੀਸਦੀ ਓ.ਬੀ.ਸੀ. ਰਾਖਵੇਂਕਰਨ ਦੇ ਮਾਮਲੇ 'ਚ ਪਟੀਸ਼ਨ ਦਾਇਰ ਕੀਤੀ ਸੀ। ਅਦਾਲਤ ਨੇ ਪੁੱਛਿਆ ਕਿ ਇਸ ਮਾਮਲੇ 'ਚ ਕਿਸ ਦਾ ਹੱਕ ਖੋਹਿਆ ਗਿਆ ਹੈ? ਅਦਾਲਤ ਨੇ ਕਿਹਾ ਕਿ ਤੁਹਾਡੀਆਂ ਦਲੀਲਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਤੁਸੀਂ ਸਿਰਫ ਤਾਮਿਲਨਾਡੂ ਦੇ ਕੁਝ ਲੋਕਾਂ ਦੀ ਭਲਾਈ ਦੀ ਗੱਲ ਕਰ ਰਹੇ ਹੋ। ਡੀ.ਐਮ.ਕੇ. ਵਲੋਂ ਅਦਾਲਤ ਨੂੰ ਕਿਹਾ ਗਿਆ ਹੈ ਕਿ ਅਸੀਂ ਅਦਾਲਤ ਨੂੰ ਜ਼ਿਆਦਾ ਰਾਖਵਾਂਕਰਨ ਜੋੜਨ ਦੀ ਨਹੀਂ ਬਲਕਿ ਜੋ ਹੈ, ਉਸ ਨੂੰ ਲਾਗੂ ਕਰਵਾਉਣ ਲਈ ਕਹਿ ਰਹੇ ਹਾਂ। ਇਸੇ ਦੌਰਾਨ ਜਸਟਿਸ ਰਾਵ ਨੇ ਕਿਹਾ ਕਿ ਰਾਖਵਾਂਕਰਨ ਕੋਈ ਬੁਨਿਆਦੀ ਹੱਕ ਨਹੀਂ ਹੈ ਤੇ ਤੁਸੀਂ ਸੁਪਰੀਮ ਕੋਰਟ ਤੋਂ ਪਟੀਸ਼ਨ ਵਾਪਸ ਲੈ ਕੇ ਹਾਈਕੋਰਟ 'ਚ ਦਾਇਰ ਕਰੋ।

# ਭਾਰਤ ਕਰੋਨਾ ਦੇ ਜ਼ਿਆਦਾ ਖਤਰੇ ਵਾਲੇ 15 ਦੇਸ਼ਾਂ 'ਚ ਸ਼ਾਮਲ

**ਨਵੀਂ ਦਿੱਲੀ:** ਭਾਰਤ ਉਨ੍ਹਾਂ 15 ਦੇਸ਼ਾਂ 'ਚ ਸ਼ੁਮਾਰ ਹੈ, ਜਿਥੇ ਤਾਲਾਬੰਦੀ 'ਚ ਢਿੱਲ ਦੇਣ ਨਾਲ ਕਰੋਨਾ ਦੇ ਮਾਮਲੇ ਵਧਣ ਦਾ ਖਤਰਾ ਹੈ। ਇਹ ਦਾਅਵਾ ਅੰਤਰਰਾਸ਼ਟਰੀ ਖੋਜ ਕੰਪਨੀ 'ਨੋਮੁਰਾ' ਨੇ ਆਪਣੀ ਹਾਲੀਆ ਰਿਪੋਰਟ 'ਚ ਕੀਤਾ ਹੈ। ਨੋਮੁਰਾ ਨੇ ਆਪਣੀ ਇਸ ਖੋਜ 'ਚ ਕੁੱਲ 45 ਅਰਥਵਿਵਸਥਾਵਾਂ ਨੂੰ ਸ਼ਾਮਲ ਕੀਤਾ ਹੈ। ਰਿਪੋਰਟ ਮੁਤਾਬਕ ਇਨ੍ਹਾਂ ਦੇਸ਼ਾਂ ਨੂੰ 3 ਵਰਗਾਂ 'ਚ ਵੰਡਿਆ ਗਿਆ ਹੈ। ਪਹਿਲੇ ਵਰਗ ਵਿਚ ਕੁੱਲ 17 ਦੇਸ਼ ਅਜਿਹੇ ਹਨ, ਜਿਨ੍ਹਾਂ 'ਚ ਵਾਇਰਸ ਮੁੜ ਆਉਣ ਦੇ ਕੋਈ ਸੰਕੇਤ ਨਹੀਂ ਹਨ। ਇਨ੍ਹਾਂ ਦੇਸ਼ਾਂ ਨੂੰ 'ਆਨਲਾਕ' ਵਰਗ ਵਿਚ ਰੱਖਿਆ ਗਿਆ ਹੈ।

ਇਸ ਵਰਗ 'ਚ ਆਸਟਰੇਲੀਆ, ਫਰਾਂਸ, ਇਟਲੀ, ਆਸਟਰੀਆ, ਜਾਪਾਨ, ਨਾਰਵੇ, ਸਪੇਨ, ਥਾਈਲੈਂਡ, ਗਰੀਸ, ਰੋਮਾਨੀਆ ਤੇ ਦੱਖਣੀ ਕੋਰੀਆ ਜਿਹੇ ਦੇਸ਼ ਸ਼ਾਮਲ ਹਨ। ਰਿਪੋਰਟ 'ਚ ਇਸ ਵਰਗ ਨੂੰ ਹਰੇ ਰੰਗ ਨਾਲ ਸੁਰੱਖਿਅਤ ਕਰਾਰ ਦਿੱਤਾ ਗਿਆ। ਨੋਮੁਰਾ ਨੇ ਅਗਲੇ ਵਰਗ 'ਚ 13 ਦੇਸ਼ਾਂ ਨੂੰ ਸ਼ਾਮਲ ਕੀਤਾ ਹੈ। ਇਨ੍ਹਾਂ ਨੂੰ ਚਿਤਾਵਨੀ ਵਾਲੇ ਦੇਸ਼ਾਂ 'ਚ ਸ਼ਾਮਲ ਕੀਤਾ ਗਿਆ। ਚਿਤਾਵਨੀ



ਵਾਲੇ ਦੇਸ਼ਾਂ 'ਚ ਅਮਰੀਕਾ, ਬਰਤਾਨੀਆ, ਡੈਨਮਾਰਕ, ਫਿਨਲੈਂਡ, ਹੰਗਰੀ, ਆਇਰਲੈਂਡ, ਪੋਲੈਂਡ ਤੇ ਜਰਮਨੀ ਆਦਿ ਸ਼ਾਮਲ ਹਨ। ਆਰੇਂਜ ਕਲਰ 'ਚ ਰੱਖੇ ਗਏ ਇਨ੍ਹਾਂ ਦੇਸ਼ਾਂ ਨੂੰ ਦੂਜੀ ਲਹਿਰ 'ਚ ਘੱਟ ਖਤਰਾ ਦਰਪੇਸ਼ ਹੋਣ ਦਾ ਅਨੁਮਾਨ ਲਾਇਆ ਗਿਆ ਹੈ। ਇਸ ਰਿਪੋਰਟ 'ਚ 15 ਦੇਸ਼ ਸਭ ਤੋਂ ਵੱਧ ਖਤਰੇ ਵਾਲੇ ਜ਼ੋਨ 'ਚ ਹਨ। ਰਿਪੋਰਟ ਮੁਤਾਬਕ ਇਨ੍ਹਾਂ ਦੇਸ਼ਾਂ 'ਚ ਵਾਇਰਸ ਦੀ ਦੂਜੀ ਲਹਿਰ ਆ ਸਕਦੀ ਹੈ। ਇਨ੍ਹਾਂ 15 ਦੇਸ਼ਾਂ 'ਚ ਭਾਰਤ ਤੋਂ ਇਲਾਵਾ ਗੁਆਂਢੀ ਦੇਸ਼ ਪਾਕਿਸਤਾਨ ਵੀ ਸੂਚੀ 'ਚ ਸ਼ਾਮਲ ਹੈ। ਸਭ ਤੋਂ ਜ਼ਿਆਦਾ ਖਤਰੇ ਵਾਲੇ ਦੇਸ਼ਾਂ 'ਚ ਕੈਨੇਡਾ, ਚਿੱਲੀ, ਮੈਕਸੀਕੋ, ਸਾਊਦੀ ਅਰਬ, ਦੱਖਣੀ ਅਫਰੀਕਾ, ਸਵੀਡਨ ਤੇ ਇੰਡੋਨੇਸ਼ੀਆ ਜਿਹੇ ਦੇਸ਼ ਸ਼ਾਮਲ ਹਨ। ਰਿਪੋਰਟ ਮੁਤਾਬਕ ਤਾਲਾਬੰਦੀ ਹਟਾਉਣ ਤੋਂ ਬਾਅਦ ਦੋ ਤਰ੍ਹਾਂ ਦੇ ਹਾਲਾਤ ਬਣਨਗੇ। ਪਹਿਲੇ ਹਾਲਾਤ 'ਚ ਦੇਸ਼ਾਂ 'ਚ ਸਰਗਰਮੀਆਂ ਵਧਣ, ਕਾਰੋਬਾਰ ਵਧਣ ਦੇ ਨਾਲ ਰੋਜ਼ਾਨਾ ਕਰੋਨਾ ਮਾਮਲਿਆਂ 'ਚ ਮਾਮੂਲੀ ਵਾਧਾ ਹੋਵੇਗਾ, ਜਦਕਿ ਦੂਜੇ ਹਾਲਾਤ ਮੁਤਾਬਕ ਅਰਥਚਾਰਾ ਖੁੱਲ੍ਹਣ ਨਾਲ ਰੋਜ਼ਾਨਾ ਮਾਮਲਿਆਂ 'ਚ ਕਾਫੀ ਵਾਧਾ ਹੋਵੇਗਾ। ਜਨਤਾ 'ਚ ਡਰ ਫੈਲੇਗਾ ਅਤੇ ਲੋਕਾਂ ਦਾ ਕਾਰੋਬਾਰ ਪ੍ਰਭਾਵਿਤ ਹੋਵੇਗਾ ਅਤੇ ਤਾਲਾਬੰਦੀ ਨੂੰ ਦੁਬਾਰਾ ਲਾਗੂ ਕੀਤਾ ਜਾ ਸਕਦਾ ਹੈ।

# ਵਿਸ਼ਵ ਰੈਂਕਿੰਗ 'ਚ ਭਾਰਤੀ ਵਿੱਦਿਅਕ ਸੰਸਥਾਵਾਂ ਫਿਰ ਪਛੜੀਆਂ

**ਨਵੀਂ ਦਿੱਲੀ**: ਤਕਰੀਬਨ ਇਕੋ ਸਮੇਂ ਜਾਰੀ ਹੋਈ ਕਵਾਲਿਟੀ ਦੇ ਆਧਾਰ 'ਤੇ ਵਿਦਿਅਕ ਸੰਸਥਾਵਾਂ ਦੀ ਰੈਂਕਿੰਗ ਵਿਚ ਭਾਰਤ ਜਿਥੇ ਅੰਤਰਰਾਸ਼ਟਰੀ ਪੱਧਰ ਦੀ ਰੈਂਕਿੰਗ 'ਚ ਪਹਿਲੀਆਂ 100 ਸੰਸਥਾਵਾਂ 'ਚ ਕਿਤੇ ਵੀ ਥਾਂ ਬਣਾਉਣ 'ਚ ਨਾਕਾਮ ਰਿਹਾ, ਉਥੇ ਸਿਰਫ ਭਾਰਤੀ ਸੰਸਥਾਵਾਂ ਲਈ ਤਿਆਰ ਕੀਤੀ ਗਈ ਸੂਚੀ 'ਚ ਦੇਸ਼ ਭਰ ਦੀਆਂ 72 ਵਿਦਿਅਕ ਸੰਸਥਾਵਾਂ ਨੂੰ ਥਾਂ ਦਿੱਤੀ ਗਈ।

ਵਿਸ਼ਵ ਯੂਨੀਵਰਸਿਟੀ ਰੈਂਕਿੰਗ 2021 'ਚ ਪਹਿਲੀਆਂ 100 ਸੰਸਥਾਵਾਂ 'ਚ ਭਾਰਤ ਦੀ ਕਿਸੇ ਵੀ ਵਿਦਿਅਕ ਸੰਸਥਾ ਦਾ ਨਾਂ ਨਹੀਂ ਹੈ। ਕਿਊ.ਐਸ. ਵਿਸ਼ਵ ਪੱਧਰ ਦੇ ਚੋਟੀ ਦੀਆਂ 1000 ਸੰਸਥਾਵਾਂ 'ਚੋਂ ਭਾਰਤ ਦੀਆਂ ਸਿਰਫ 21 ਸੰਸਥਾਵਾਂ ਸ਼ਾਮਲ ਹਨ ਜਦਕਿ ਪਿਛਲੇ ਸਾਲ ਇਹ ਗਿਣਤੀ 24 ਸੀ। ਇਸੇ ਸਮੇਂ ਹੀ ਭਾਰਤ 'ਚ ਵੀ ਰਾਸ਼ਟਰੀ ਸੰਸਥਾਵਾਂ ਦੇ ਰੈਂਕਿੰਗ ਫ੍ਰੇਮਵਰਕ (ਐਨ.ਆਈ.ਆਰ.ਐਫ.) ਸੂਚੀ 2020 ਜਾਰੀ ਕੀਤੀ ਗਈ ਜਿਸ 'ਚ ਕੁੱਲ 10 ਵਰਗਾਂ ਵਿਚ ਕਵਾਲਿਟੀ ਦੇ ਆਧਾਰ ਉਤੇ 72 ਸੰਸਥਾਵਾਂ ਨੂੰ ਥਾਂ ਦਿੱਤੀ ਗਈ। ਮਨੁੱਖੀ ਵਸੀਲਿਆਂ ਦੇ ਵਿਕਾਸ ਬਾਰੇ ਮੰਤਰੀ ਰਮੇਸ਼ ਪੋਖਰਿਆਲ ਨਿਸ਼ੰਕ ਨੇ ਆਪਣੇ ਟਵਿੱਟਰ ਅਕਾਊਂਟ ਤੋਂ ਵੈੱਬਕਾਸਟ ਰਾਹੀਂ ਐਨ.ਆਈ.ਆਰ.ਐਫ. ਰੈਂਕਿੰਗ ਸੂਚੀ ਜਾਰੀ ਕਰਦਿਆਂ ਕਿਊ.ਐਸ. ਰੈਂਕਿੰਗ ਦੇ ਸਵਾਲਾਂ ਨੂੰ ਤਕਰੀਬਨ ਟਾਲਦਿਆਂ ਕਿਹਾ ਕਿ ਉਹ ਟੀ.ਐਚ.ਈ. ਅਤੇ ਕਿਊ.ਐਸ. ਰੈਂਕਿੰਗ ਤੋਂ ਸਹਿਮਤ ਨਹੀਂ ਹਨ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਨੂੰ ਧਾਰਨਾ ਦੇ ਆਧਾਰ 'ਤੇ ਘੱਟ ਰੈਂਕਿੰਗ ਦਿੱਤੀ ਜਾਂਦੀ ਹੈ ਜਿਸ ਤੋਂ ਉਹ ਸਹਿਮਤ ਨਹੀਂ ਹਨ।

ਵਿਸ਼ਵ ਭਰ ਦੀ 1000 ਚੋਟੀ ਦੀਆਂ ਵਿਦਿਅਕ ਸੰਸਥਾਵਾਂ 'ਚੋਂ ਭਾਰਤ ਦੀਆਂ 21 ਸੰਸਥਾਵਾਂ ਹੀ ਥਾਂ ਬਣਾ ਸਕੀਆਂ ਹਨ ਜਿਨ੍ਹਾਂ 'ਚੋਂ ਆਈ.ਆਈ.ਟੀ. ਮਦਰਾਸ. ਆਈ.ਆਈ.ਟੀ. ਖੜਗਪੁਰ, ਦਿੱਲੀ ਯੂਨੀਵਰਸਿਟੀ, ਯੂਨੀਵਰਸਿਟੀ ਆਫ ਹੈਦਰਾਬਾਦ, ਜਾਮੀਆ ਮਿਲੀਆ ਇਸਲਾਮੀਆ, ਜਾਧਵਪੁਰ ਯੂਨੀਵਰਸਿਟੀ ਅਤੇ ਕਲਕੱਤਾ ਯੂਨੀਵਰਸਿਟੀ ਆਦਿ ਸ਼ਾਮਲ ਹਨ। ਆਈ.ਆਈ.ਟੀ. ਬੰਬੇ, ਆਈ.ਆਈ.ਐਸ. ਬੈਂਗਲੂਰੂ ਅਤੇ ਆਈ.ਆਈ.ਟੀ. ਦਿੱਲੀ ਭਾਵੇਂ ਸੂਚੀ 'ਚ ਸ਼ਾਮਲ ਹਨ ਪਰ ਪਿਛਲੇ ਸਾਲ ਦੇ ਮੁਕਾਬਲੇ ਇਨ੍ਹਾਂ ਦੀ ਰੈਂਕਿੰਗ 'ਚ ਕਮੀ ਆਈ ਹੈ। ਆਈ.ਆਈ.ਟੀ. ਬੰਬੇ ਪਿਛਲੇ ਸਾਲ ਦੇ 152ਵੇਂ ਸਥਾਨ ਤੋਂ 20 ਨੰਬਰ ਹੇਠਾਂ ਆ ਕੇ 172ਵੇਂ ਸਥਾਨ ਉਤੇ ਆ ਗਿਆ ਹੈ ਜਦਕਿ ਆਈ.ਆਈ.ਐਸ. ਬੰਗਲੂਰੂ ਪਿਛਲੇ ਸਾਲ ਦੇ 184 ਦੀ ਥਾਂ 'ਤੇ 188ਵੇਂ ਉਤੇ ਜਦਕਿ ਆਈ.ਆਈ.ਟੀ. ਦਿੱਲੀ 182ਵੇਂ ਸਥਾਨ ਤੋਂ ਹੇਠਾਂ 193ਵੇਂ ਸਥਾਨ 'ਤੇ ਪਹੁੰਚ ਗਿਆ ਹੈ।

# ਪੂਰੀ ਤਨਖਾਹ ਨਾ ਦੇਣ ਬਾਰੇ ਜੁਲਾਈ ਤੱਕ ਮੋਹਲਤ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਹਦਾਇਤ ਦਿੱਤੀ ਹੈ ਕਿ ਜਿਹੜੀਆਂ ਪ੍ਰਾਈਵੇਟ ਕੰਪਨੀਆਂ ਕਰੋਨਾ ਵਾਇਰਸ ਕਾਰਨ ਕੀਤੇ ਲੌਕਡਾਊਨ ਦੌਰਾਨ ਆਪਣੇ ਮੁਲਾਜ਼ਮਾਂ ਨੂੰ ਪੂਰੀ ਤਨਖਾਹ ਨਹੀਂ ਦੇ ਸਕੀਆਂ, ਉਨ੍ਹਾਂ ਖਿਲਾਫ ਜੁਲਾਈ ਦੇ ਅਖੀਰ ਤੱਕ ਕੋਈ ਸਖਤ ਕਾਰਵਾਈ ਨਾ ਕੀਤੀ ਜਾਵੇ।

ਬੈਂਚ ਨੇ ਕਿਹਾ ਕਿ ਸਨਅਤਾਂ ਤੇ ਮੁਲਾਜ਼ਮਾਂ ਨੂੰ ਇਕ-ਦੂਜੇ ਦੀ ਲੋੜ ਹੈ ਅਤੇ ਉਨ੍ਹਾਂ ਨੂੰ ਤਨਖਾਹਾਂ ਦੀ ਅਦਾਇਗੀ ਦੇ ਮੁੱਦੇ 'ਤੇ ਮਿਲ-ਬੈਠ ਕੇ ਕਿਸੇ ਸਮਝੌਤੇ ਉਤੇ ਪਹੁੰਚਣਾ ਚਾਹੀਦਾ ਹੈ। ਅਦਾਲਤ ਨੇ ਸੂਬਾ ਸਰਕਾਰਾਂ ਨੂੰ ਕੰਪਨੀਆਂ ਤੇ ਮੁਲਾਜ਼ਮਾਂ ਵਿਚਾਲੇ ਸਹਿਮਤੀ ਬਣਾਉਣ ਲਈ ਸਹਿਯੋਗ ਕਰਨ ਲਈ ਕਿਹਾ ਹੈ। ਅਦਾਲਤ ਮੁਤਾਬਕ ਸਰਕਾਰ ਸਬੰਧਤ ਲੇਬਰ ਕਮਿਸ਼ਨਰ ਨੂੰ ਵੀ ਰਿਪੋਰਟ ਕਰੇ।

ਅਦਾਲਤ ਨੇ ਕੇਂਦਰ ਸਰਕਾਰ ਨੂੰ ਵੀ ਕਿਹਾ ਕਿ ਗ੍ਰਹਿ ਮੰਤਰਾਲੇ ਵਲੋਂ 29 ਮਾਰਚ ਨੂੰ ਜਾਰੀ ਕੀਤੇ ਗਏ ਸਰਕੂਲਰ ਬਾਰੇ ਚਾਰ ਹਫਤਿਆਂ ਵਿਚ ਹਲਫਨਾਮਾ ਦਾਖਲ ਕੀਤਾ ਜਾਵੇ। ਮੰਤਰਾਲੇ ਨੇ ਇਸ ਸਰਕੂਲਰ ਰਾਹੀਂ ਲੌਕਡਾਊਨ ਦੌਰਾਨ ਕੰਪਨੀਆਂ, ਅਦਾਰਿਆਂ, ਫਰਮਾਂ ਨੂੰ ਪੂਰੀ ਤਨਖ਼ਾਹ ਜਾਰੀ ਕਰਨੀ ਯਕੀਨੀ ਬਣਾਉਣ ਲਈ ਕਿਹਾ ਸੀ। ਇਸ ਸਰਕੂਲਰ ਖਿਲਾਫ ਕਈ ਕੰਪਨੀਆਂ ਨੇ ਪਟੀਸ਼ਨਾਂ ਦਾਇਰ ਕੀਤੀਆਂ ਸਨ ਤੇ ਹੁਣ ਅਗਲੀ ਸੁਣਵਾਈ ਜੁਲਾਈ ਦੇ ਅਖ਼ੀਰ ਵਿਚ ਹੋਵੇਗੀ।

# ਖੇਤੀ ਵਿਭਿੰਨਤਾ ਦਿਖਾਉਣ ਲਈ ਜਾਅਲਸਾਜ਼ੀ

**ਚੰਡੀਗੜ੍ਹ:** ਖੇਤੀ ਮਹਿਕਮੇ ਨੇ ਨਰਮੇ ਹੇਠ ਵੱਧ ਰਕਬਾ ਦਿਖਾਉਣ ਲਈ ਨਵੀਂ ਤਰਕੀਬ ਘੜੀ ਹੈ। ਖੇਤੀ ਵਿਭਿੰਨਤਾ ਦੇ ਅੱਛੇ ਦਿਨ ਦਿਖਾਉਣ ਲਈ 'ਤਾਲਾਬੰਦੀ' ਦਾ ਫੰਡਾ ਵਰਤਿਆ ਹੈ। ਦੋ ਵਰ੍ਹਿਆਂ ਤੋਂ ਖੇਤੀ ਮਹਿਕਮਾ ਏਦਾਂ ਹੀ ਨਰਮੇ ਹੇਠਲਾ ਰਕਬਾ ਵਧਾ ਕੇ ਦਿਖਾ ਰਿਹਾ ਹੈ। ਬੀਜ ਕੰਪਨੀਆਂ ਅਤੇ ਖੇਤੀ ਮਹਿਕਮੇ ਦੇ ਅੰਕੜੇ ਮੇਲ ਨਹੀਂ ਖਾ ਰਹੇ ਹਨ, ਜਿਸ ਦੇ ਤੋੜ ਵਜੋਂ ਨਵਾਂ ਰਾਹ ਕੱਢਿਆ ਹੈ।

ਖੇਤੀ ਮਹਿਕਮਾ ਪੰਜਾਬ ਅਨੁਸਾਰ ਪੰਜਾਬ ਵਿਚ ਹੁਣ ਤੱਕ 5 ਲੱਖ ਹੈਕਟੇਅਰ ਰਕਬੇ ਵਿਚ ਨਰਮੇ ਦੀ ਬਿਜਾਂਦ ਹੋ ਚੁੱਕੀ ਹੈ ਜੋ ਪਿਛਲੇ ਵਰ੍ਹੇ ਨਾਲੋਂ ਇਕ ਲੱਖ ਹੈਕਟੇਅਰ ਜ਼ਿਆਦਾ ਹੈ। ਮਾਹਿਰਾਂ ਅਨੁਸਾਰ ਪੰਜਾਬ ਵਿਚ ਪੰਜ ਲੱਖ ਹੈਕਟੇਅਰ ਦੀ ਬਿਜਾਂਦ ਲਈ 25 ਲੱਖ ਬੀਜ ਪੈਕੇਟਾਂ ਦੀ ਵਿਕਰੀ ਹੋਣੀ ਚਾਹੀਦੀ ਹੈ। ਬੀਜ ਕੰਪਨੀਆਂ ਅਨੁਸਾਰ ਪੰਜਾਬ ਵਿਚ ਸਿਰਫ 16.50 ਲੱਖ ਪੈਕੇਟ ਬੀਜਾਂ ਦੀ ਵਿਕਰੀ ਹੋਈ ਹੈ। ਇਨ੍ਹਾਂ 16.50 ਲੱਖ ਪੈਕੇਟਾਂ ਦੇ ਹਿਸਾਬ ਨਾਲ ਪੰਜਾਬ 'ਚ 3.30 ਲੱਖ ਹੈਕਟੇਅਰ ਨਰਮੇ ਦੀ ਬਿਜਾਂਦ ਹੋਈ ਹੈ। ਖੇਤੀ ਮਾਹਿਰ ਦੱਸਦੇ ਹਨ ਕਿ ਆਮ ਤੌਰ 'ਤੇ ਕਿਸਾਨ ਪ੍ਰਤੀ ਏਕੜ ਵਿਚ ਢਾਈ ਪੈਕੇਟ ਬੀਜ ਪਾਉਂਦੇ ਹਨ। ਖੇਤੀ 'ਵਰਸਿਟੀ ਦੀ ਸਿਫਾਰਸ਼ ਮੁਤਾਬਕ ਦੇਖੀਏ ਤਾਂ ਪ੍ਰਤੀ ਏਕੜ ਪਿਛੇ ਦੋ ਪੈਕੇਟ ਬੀਜ ਪੈਂਦੇ ਹਨ। ਇਸ ਲਿਹਾਜ ਨਾਲ ਰਕਬਾ 3.30 ਲੱਖ ਹੈਕਟੇਅਰ ਹੀ ਬਣਦਾ ਹੈ।

ਬੀਜ ਕੰਪਨੀਆਂ ਮੁਤਾਬਕ ਪੰਜਾਬ ਵਿਚ ਕਰੀਬ 5 ਕੁ ਫੀਸਦੀ ਰਕਬੇ ਵਿਚ ਵਾਧਾ ਹੋਇਆ ਹੈ। ਵੇਰਵਿਆਂ ਅਨੁਸਾਰ ਰਾਸ਼ੀ ਕੰਪਨੀ ਨੇ ਪੰਜਾਬ 'ਚ 11.85 ਲੱਖ ਪੈਕੇਟ, ਯੂ.ਐਸ. ਐਗਰੀ ਸੀਡਜ਼ ਨੇ 1.70 ਲੱਖ ਪੈਕੇਟ, ਨੂਜ਼ੀਵੀਡੂ ਨੇ



1.20 ਲੱਖ ਪੈਕੇਟ, ਬਾਯਰ ਨੇ 60 ਹਜ਼ਾਰ ਪੈਕੇਟ ਬੀਜਾਂ ਦੀ ਵਿਕਰੀ ਕੀਤੀ ਹੈ। ਬਾਕੀ ਦਸ ਕੁ ਕੰਪਨੀਆਂ ਬਚੀਆਂ ਹਨ ਜਿਨ੍ਹਾਂ 'ਚੋਂ ਕਿਸੇ ਵੀ ਕੰਪਨੀ ਦੀ ਵਿਕਰੀ 10 ਹਜ਼ਾਰ ਪੈਕੇਟਾਂ ਤੋਂ ਜ਼ਿਆਦਾ ਦੀ ਨਹੀਂ ਹੈ। ਸੂਤਰ ਦੱਸਦੇ ਹਨ ਕਿ ਪਿਛਲੇ ਵਰ੍ਹੇ ਪੰਜਾਬ 'ਚ ਅਸਲ ਵਿਚ ਨਰਮੇ ਹੇਠ ਰਕਬਾ 2.60 ਲੱਖ ਹੈਕਟੇਅਰ ਸੀ ਪਰ ਮਹਿਕਮੇ ਨੇ ਕਾਗਜ਼ਾਂ ਵਿਚ 4 ਲੱਖ ਹੈਕਟੇਅਰ ਦੀ ਬਿਜਾਂਦ ਦਿਖਾਈ ਸੀ। ਖੇਤੀ ਮਹਿਕਮੇ ਦਾ ਤਰਕ ਹੈ ਕਿ ਪੰਜਾਬ ਦੇ ਕਿਸਾਨਾਂ ਨੇ ਕਰਫਿਊ ਲੱਗਣ ਕਰਕੇ ਐਤਕੀਂ ਹਰਿਆਣਾ ਅਤੇ ਰਾਜਸਥਾਨ 'ਚੋਂ 7.50 ਲੱਖ ਪੈਕੇਟ ਬੀਜ ਲਿਆਂਦਾ ਹੈ। ਇਸ ਨੂੰ ਵੀ ਸੱਚ ਮੰਨ ਲਈਏ ਤਾਂ ਫਿਰ ਵੀ ਇਕ ਲੱਖ ਪੈਕੇਟ ਦਾ ਖੱਪਾ ਹੈ। ਇਕ ਲੱਖ ਪੈਕੇਟ ਬੀਜ ਕਿਥੋਂ ਆਇਆ। ਕਿਤੇ ਕੋਈ ਨਵਾਂ ਬੀਜ ਘਪਲਾ ਤਾਂ ਨਹੀਂ ਹੋ ਰਿਹਾ ਹੈ।

ਖੇਤੀ ਅਧਿਕਾਰੀਆਂ ਕੋਲ ਕੋਈ ਰਿਕਾਰਡ ਨਹੀਂ ਹੈ ਕਿ ਹਰਿਆਣਾ ਅਤੇ ਰਾਜਸਥਾਨ 'ਚੋਂ ਕਿਹੜੇ-ਕਿਹੜੇ ਕਿਸਾਨ ਕਿੰਨਾ ਕਿੰਨਾ ਬੀਜ ਲੈ ਕੇ ਆਏ ਹਨ। ਕਿਸਾਨ ਜਥੇਬੰਦੀਆਂ ਨੇ ਚੁਣੌਤੀ ਦਿੱਤੀ ਹੈ ਕਿ ਮਹਿਕਮਾ ਰਾਜਸਥਾਨ 'ਚੋਂ ਬੀਜ ਲਿਆਉਣ ਵਾਲੇ ਕਿਸਾਨਾਂ ਦੀ ਸੂਚੀ ਦੇਵੇ। ਉਲਟਾ ਰਾਜਸਥਾਨ ਦੇ ਕਿਸਾਨ ਤਾਂ ਪੰਜਾਬ 'ਚੋਂ ਬੀਜ ਲੈ ਕੇ ਜਾਂਦੇ ਹਨ ਕਿਉਂਕਿ ਰਾਜਸਥਾਨ ਵਿਚ ਬੀਟੀ ਬੀਜ ਨੂੰ ਲੇਟ ਪ੍ਰਵਾਨਗੀ ਮਿਲਦੀ ਹੈ। ਖੇਤੀ ਮਹਿਕਮੇ ਦੇ ਡਾਇਰੈਕਟਰ ਡਾ. ਸੁਤੰਤਰ ਐਰੀ ਦਾ ਕਹਿਣਾ ਸੀ ਕਿ ਹੁਣ ਤੱਕ ਪੰਜਾਬ ਵਿਚ ਕਰੀਬ 5 ਲੱਖ ਹੈਕਟੇਅਰ ਰਕਬੇ ਵਿਚ ਬਿਜਾਂਦ ਹੋ ਚੁੱਕੀ ਹੈ। ਉਨ੍ਹਾਂ ਤਰਕ ਦਿੱਤਾ ਕਿ ਐਤਕੀਂ ਕਿਸਾਨ ਕਰਫਿਊ ਕਰਕੇ ਹਰਿਆਣਾ ਤੇ ਰਾਜਸਥਾਨ 'ਚੋਂ 7.50 ਲੱਖ ਪੈਕੇਟ ਬੀਜ ਲੈ ਆਏ ਹਨ।

# ਚੋਣਾਂ ਬਾਰੇ ਸੋਚਣ ਰੁੱਝੇ ਆਗੂ ਵਿਗੜੇ ਹਾਲਾਤ ਪ੍ਰਤੀ ਅਵੇਸਲੇ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਅਸੀਂ ਅਜੇ ਪਿਛਲੇ ਹਫਤੇ ਇਹ ਲਿਖਿਆ ਸੀ ਕਿ ਭਾਰਤ ਕਰੋਨਾ ਦੇ ਸ਼ਿਕੰਜੇ ਵਿਚੋਂ ਨਿਕਲਿਆ ਨਹੀਂ ਤੇ ਇਸ ਦੀ ਰਾਜਨੀਤੀ ਆਪਣੀਆਂ ਮੋਰਚੇਬੰਦੀਆਂ ਬਣਾਉਣ ਲੱਗ ਪਈ ਹੈ। ਜਦੋਂ ਜੰਗ ਚੱਲਦੀ ਹੋਵੇ, ਉਸ ਮੋਰਚੇ ਦੀ ਸਫਲਤਾ ਲਈ ਹਰ ਇੱਕ ਧਿਰ ਦਾ ਸਾਥ ਦੇਣਾ ਬਹੁਤ ਜ਼ਰੂਰੀ ਹੁੰਦਾ ਹੈ, ਪਰ ਜੇ ਇੱਕ ਵੀ ਧਿਰ ਆਪਣੇ ਨਿਜੀ ਲਾਭਾਂ ਲਈ ਉਥੋਂ ਦੇ ਸਾਂਝੇ ਹਿੱਤਾਂ ਤੋਂ ਉਲਟ ਚੱਲਣ ਲੱਗ ਪਏ ਤਾਂ ਮੋਰਚੇ ਦੀ ਕਾਮਯਾਬੀ ਸ਼ੱਕੀ ਹੋ ਜਾਂਦੀ ਹੈ। ਭਾਰਤ ਵਿਚ ਵੀ ਇਹੋ ਹਾਲ ਹੁੰਦਾ ਦਿੱਸ ਰਿਹਾ ਹੈ। ਲੋਕ ਕਰੋਨਾ ਦੀ ਮਹਾਮਾਰੀ ਤੋਂ ਘਬਰਾਏ ਹੋਏ ਹਨ। ਰਾਜਸੀ ਆਗੂਆਂ ਨੇ ਇਸੇ ਸਾਲ ਬਿਹਾਰ ਵਿਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਲਈ ਉਸੇ ਤਰ੍ਹਾਂ ਮੋਰਚੇਬੰਦੀ ਅਰੰਭ ਕਰ ਦਿੱਤੀ ਹੈ, ਜਿਵੇਂ ਦੁਨੀਆਂ ਦੇ ਦੂਸਰੇ ਸਿਰੇ ਵੱਸਦੇ ਅਮਰੀਕਾ ਦਾ ਰਾਸ਼ਟਰਪਤੀ ਦੂਜੀ ਵਾਰ ਇਹੋ ਅਹੁਦਾ ਮਾਣਨ ਲਈ ਪ੍ਰਚਾਰ ਕਰਨ ਰੁੱਝਾ ਪਿਆ ਹੈ। ਪੱਛਮੀ ਬੰਗਾਲ ਦੀਆਂ ਚੋਣਾਂ ਬਿਨਾ ਸ਼ੱਕ ਬਿਹਾਰ ਤੋਂ ਕੁਝ ਚਿਰ ਬਾਅਦ ਹੋਣੀਆਂ ਹਨ, ਪਰ ਰਾਜਨੀਤੀ ਦੇ ਚਸਕੇਬਾਜ਼ ਉਸ ਮੋਰਚੇ ਵੱਲ ਵੀ ਅਗੇਤੇ ਹੀ ਰੁੱਝ ਗਏ ਹਨ ਅਤੇ ਵੀਡੀਓ ਕਾਨਫਰੰਸਾਂ ਰਾਹੀਂ ਚੋਣ ਬੈਠਕਾਂ ਕਰਦੇ ਪਏ ਹਨ। ਉਨ੍ਹਾਂ ਲਈ ਇਹ ਕੰਮ ਉਸੇ ਦਿਨੋਂ ਪ੍ਰਮੁੱਖ ਰਿਹਾ ਹੈ, ਜਦੋਂ ਤੋਂ ਉਹ ਰਾਜਨੀਤੀ ਵਿਚ ਆਏ ਹੋਣਗੇ ਤੇ ਆਖਰੀ ਸਾਹ ਤੱਕ ਇਹੀ ਮੁੱਖ ਕੰਮ ਰਹਿਣਾ ਹੈ।

ਭਾਰਤ ਦੇ ਛੇ ਰਾਜ ਇਸ ਵਕਤ ਕਰੋਨਾ ਵਾਇਰਸ ਦੇ ਪੱਖੋਂ ਵੱਡੀ ਚਿੰਤਾ ਵਾਲੇ ਹਨ। ਮਹਾਰਾਸ਼ਟਰ ਵਿਚ ਕੇਸਾਂ ਦੀ ਗਿਣਤੀ ਇੱਕ ਲੱਖ ਟੱਪ ਗਈ ਹੈ ਤੇ ਮੌਤਾਂ ਦੀ ਗਿਣਤੀ ਪੌਣੇ ਚਾਰ ਹਜ਼ਾਰ ਨੂੰ ਪੁੱਜ ਚੁਕੀ ਹੈ। ਗੁਜਰਾਤ ਰਾਜ ਵਿਚ ਇਸ ਵੇਲੇ ਮੌਤਾਂ ਦੀ ਗਿਣਤੀ ਚੌਦਾਂ ਸੌ ਨੂੰ ਟੱਪੀ ਪਈ ਹੈ ਤੇ ਦੇਸ਼ ਦੀ ਰਾਜਧਾਨੀ ਦਿੱਲੀ ਵੀ ਗਿਆਰਾਂ ਸੌ ਟੱਪ ਚੁਕੀ ਹੈ। ਪੱਛਮੀ ਬੰਗਾਲ ਵਿਚ ਮੌਤਾਂ ਸਾਢੇ ਚਾਰ ਸੌ ਤੋਂ ਵੱਧ ਹੋਈਆਂ ਹਨ ਤੇ ਉੱਤਰ ਪ੍ਰਦੇਸ਼ ਤੇ ਤਾਮਿਲਨਾਡੂ, ਦੋਵੇਂ ਤਿੰਨ-ਤਿੰਨ ਸੌ ਨੂੰ ਟੱਪ ਕੇ ਅੱਗੇ ਨਿਕਲ ਚੁਕੇ ਹਨ। ਦਿੱਲੀ ਨਾਲੋਂ ਦੁੱਗਣੀ ਆਬਾਦੀ ਵਾਲੇ ਪੰਜਾਬ ਵਿਚ ਅਜੇ ਸੱਤਰ ਤੋਂ ਘੱਟ ਮੌਤਾਂ ਹੋਈਆਂ ਹਨ, ਪਰ ਪਿਛਲੇ ਹਫਤੇ ਵਿਚ ਜਿੰਨੀ ਕੁ ਤੇਜ਼ੀ ਵੇਖਣ ਨੂੰ ਮਿਲੀ ਹੈ, ਉਸ ਨੂੰ ਵੇਖ ਕੇ ਡਰ ਲੱਗਦਾ ਹੈ ਕਿ ਕਿਸੇ ਵੇਲੇ ਵੀ ਲੜੀ ਬੱਝਣ ਦੀ ਨੌਬਤ ਆ ਸਕਦੀ ਹੈ। ਇਸ ਮੌਕੇ ਸਾਰੀਆਂ ਧਿਰਾਂ ਦੀ ਇੱਕਸੁਰਤਾ ਦੀ ਲੋੜ ਮੰਨਣ ਦੇ ਬਾਵਜੂਦ ਨਾ ਪਾਰਟੀਆਂ ਇੱਕ ਦੂਸਰੀ ਨਾਲ ਇੱਕਸੁਰਤਾ ਬਣਾ ਰਹੀਆਂ ਹਨ ਤੇ ਨਾ ਪਾਰਟੀਆਂ ਦੇ ਆਪਣੇ ਅੰਦਰਲੇ ਮੱਤਭੇਦ ਘੱਟ ਹੋਣ ਦਾ ਨਾਂ ਲੈ ਰਹੇ ਹਨ। ਸਿਰਫ ਇੱਕ ਅਕਾਲੀ ਪਾਰਟੀ ਹੈ, ਜਿਸ ਵਿਚ ਅੰਦਰੂਨੀ ਖਿੱਚੋਤਾਣ ਨਹੀਂ ਦਿੱਸਦੀ ਅਤੇ ਉਹ ਇਸ ਲਈ ਕਿ ਉਹ ਅੱਜਕੱਲ੍ਹ ਪਾਰਟੀ ਨਹੀਂ ਰਹੀ, ਬਿਜਨਸਮੈਨ ਪ੍ਰਧਾਨ ਨੇ ਸਿਆਸੀ ਬਿਜਨਸ ਵਾਲੀ ਦੁਕਾਨ ਬਣਾ ਕੇ ਏਦਾਂ ਚਲਾਉਣੀ ਅਰੰਭ ਕਰ ਦਿੱਤੀ ਹੈ ਕਿ ਜਿਸ ਕਿਸੇ ਲੀਡਰ ਨੇ ਮੱਤਭੇਦ ਵਿਖਾਏ, ਅਗਲੇ ਦਿਨ ਕੰਪਨੀ ਵਿਚ ਉਸ ਦੀ ਰਾਜਸੀ ਨੌਕਰੀ ਖਤਮ ਕਰਨ ਦਾ ਨੋਟਿਸ ਆ ਜਾਵੇਗਾ ਤੇ ਮੋੜੇ ਦਾ ਕੋਈ ਰਾਹ ਨਹੀਂ ਰਹਿ ਜਾਣਾ। ਕਾਂਗਰਸ ਪਾਰਟੀ ਦਾ ਕਦੀ ਕੋਈ ਲੀਡਰ ਤੇ ਕਦੀ ਕੋਈ ਧੜਾ ਦਿੱਲੀ ਵਿਚ ਜਾ ਕੇ ਅਣਹੋਈ ਜਿਹੀ ਜਾਪਦੀ ਹਾਈ ਕਮਾਂਡ ਨੂੰ ਆਪਣੇ ਮੁੱਖ ਮੰਤਰੀ ਦੇ ਖਿਲਾਫ ਏਦਾਂ ਅਰਜ਼ੀਆਂ ਦਿੰਦਾ ਰਹਿੰਦਾ ਹੈ, ਜਿਵੇਂ ਰਾਜ ਸਰਕਾਰ ਦੇ ਖਿਲਾਫ ਆਮ ਲੋਕੀਂ ਸੁਪਰੀਮ ਕੋਰਟ ਵੱਲ ਤੁਰੇ ਜਾਂਦੇ ਹਨ। ਆਮ ਆਦਮੀ ਪਾਰਟੀ ਵਿਚ ਇੱਕ ਧੜਾ ਇਸ ਗੱਲ ਲਈ ਸਰਗਰਮ ਹੈ ਕਿ ਨਵਜੋਤ ਸਿੰਘ ਸਿੱਧੂ ਨੂੰ ਆਪਣੇ ਨਾਲ ਲੈ ਲਈਏ ਤੇ ਦੂਜਾ ਧੜਾ ਇਸ ਗੱਲ ਲਈ ਸਿਰ ਪਰਨੇ ਹੋਇਆ ਪਿਆ ਹੈ ਕਿ ਸਿੱਧੂ ਨੂੰ ਏਧਰ ਆਉਣ ਨਹੀਂ ਦੇਣਾ।

ਜਦੋਂ ਇਹ ਸਭ ਕੁਝ ਹੁੰਦਾ ਪਿਆ ਸੀ, ਉਦੋਂ ਇਹ ਖਬਰ ਮਿਲ ਗਈ ਹੈ ਕਿ ਪੰਜਾਬ ਕਾਂਗਰਸ ਦਾ ਵੱਡਾ ਆਗੂ ਤੇ ਪਾਰਲੀਮੈਂਟ ਮੈਂਬਰ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਭਾਰਤੀ ਜਨਤਾ ਪਾਰਟੀ ਵਿਚ ਜਾ ਸਕਦਾ ਹੈ ਤੇ ਭਾਜਪਾ ਉਸ ਨੂੰ ਪੰਜਾਬ ਵਿਚ ਸਿੱਖ ਚਿਹਰੇ ਵਜੋਂ ਉਭਾਰਨ ਦੀ ਨੀਤੀ ਦਾ ਧੁਰਾ ਬਣਾਏਗੀ। ਕਿਸ ਪਾਰਟੀ ਦਾ ਕਿਹੜਾ ਆਗੂ ਕਦੋਂ ਕਿਸ ਪਾਸੇ ਤੁਰ ਜਾਵੇ, ਇਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ, ਪਰ ਪ੍ਰਤਾਪ ਸਿੰਘ ਬਾਜਵਾ ਦਾ ਭਾਜਪਾ ਨਾਲ ਜੁੜਨਾ ਕਿਸੇ ਨੂੰ ਹਕੀਕੀ ਗੱਲ ਨਹੀਂ ਜਾਪ ਰਹੀ। ਉਹ ਖੁਦ ਵੀ ਇਹੋ ਕਹਿੰਦਾ ਹੈ ਕਿ ਮੈਂ ਕਾਂਗਰਸ ਛੱਡ ਕੇ ਕਦੀ ਵੀ ਹੋਰ ਕਿਸੇ ਪਾਸੇ ਵੱਲ ਨਹੀਂ ਜਾਣਾ। ਫਿਰ ਵੀ ਇਹ ਸੱਚ ਹੈ ਕਿ ਭਾਜਪਾ ਕੋਈ ਸਿੱਖ ਚਿਹਰਾ ਅੱਗੇ ਲਾਉਣ ਲਈ ਸਭ ਘੋੜੇ ਭਜਾ ਰਹੀ ਹੈ। ਉਸ ਦੇ ਏਲਚੀਆਂ ਨੇ ਨਵਜੋਤ ਸਿੰਘ ਸਿੱਧੂ ਨੂੰ ਇੱਕ ਵਾਰੀ ਫਿਰ ਇਸ ਪਾਸੇ ਖਿੱਚਣ ਲਈ ਯਤਨ ਕੀਤੇ ਸਨ, ਪਰ ਗੱਲ ਨਹੀਂ ਬਣੀ।

ਅਗਲੀਆਂ ਚੋਣਾਂ ਬਾਰੇ ਭਾਜਪਾ ਦੇ ਬਹੁਤ ਸਾਰੇ ਲੀਡਰ ਸਿੱਧੇ ਸ਼ਬਦਾਂ ਵਿਚ ਕਹਿੰਦੇ ਹਨ ਕਿ ਅਕਾਲੀਆਂ ਨਾਲ ਇਸ ਵਾਰੀ ਅਸੀਂ ਸਮਝੌਤਾ ਕਰਨਾ ਹੀ ਨਹੀਂ, ਕਿਉਂਕਿ ਜਿਸ ਬਰਗਾੜੀ ਤੇ ਬਹਿਬਲ ਕਲਾਂ ਦੇ ਕਾਂਡ ਪਿਛਲੀ ਵਾਰੀ ਅਕਾਲੀ-ਭਾਜਪਾ ਗੱਠਜੋੜ ਦਾ ਰਾਹ ਰੋਕ ਖੜੋਤੇ ਸਨ, ਉਨ੍ਹਾਂ ਦਾ ਗੁੱਸਾ ਅੱਜ ਵੀ ਪੰਜਾਬ ਦੇ ਲੋਕਾਂ ਵਿਚ ਕਾਇਮ ਹੈ। ਇਸ ਦੇ ਨਾਲ ਉਹ ਇਹ ਗੱਲ ਵੀ ਕੌੜ ਨਾਲ ਕਹਿੰਦੇ ਹਨ ਕਿ ਪੰਜਾਬ ਵਿਚ ਜਿੱਤ ਕੇ ਹਰ ਵਾਰ ਅਸੀਂ ਇਨ੍ਹਾਂ ਨੂੰ ਰਾਜ ਕਰਨ ਜੋਗੇ ਕਰਦੇ ਹਾਂ ਤੇ ਇਹ ਹਰ ਵਾਰੀ ਨਾਲ ਲੱਗਦੇ ਹਰਿਆਣੇ ਵਿਚ ਸਾਨੂੰ ਹਰਾਉਣ ਲਈ ਚੌਟਾਲਿਆਂ ਦੀ ਮੁਹਿੰਮ ਦੀ ਕਮਾਨ ਸੰਭਾਲਣ ਪਹੁੰਚ ਜਾਂਦੇ ਹਨ। ਤੀਜੀ ਕੌੜ ਉਨ੍ਹਾਂ ਨੂੰ ਇਹ ਹੈ ਕਿ ਜਦੋਂ ਵੀ ਭਾਜਪਾ ਕਿਸੇ ਗੱਲ ਤੋਂ ਜ਼ਰਾ ਅੱਖਾਂ ਦਿਖਾਵੇ ਤਾਂ ਇਹ ਸ੍ਰੀ ਅਕਾਲ ਤਖਤ ਦੇ ਜਥੇਦਾਰ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੋਂ ਏਦਾਂ ਦਾ ਬਿਆਨ ਦਿਵਾ ਛੱਡਦੇ ਹਨ, ਜਿਹੜਾ ਭਾਜਪਾ ਲੀਡਰਸ਼ਿਪ ਪ੍ਰਵਾਨ ਨਹੀਂ ਕਰ ਸਕਦੀ। ਉਨ੍ਹਾਂ ਦੀ ਸਮਝ ਇਹ ਹੈ ਕਿ ਅਕਾਲੀ ਲੀਡਰਸ਼ਿਪ ਨੂੰ ਨਾ ਸਿੱਖਾਂ ਦੇ ਭਲੇ ਦੀ ਚਿੰਤਾ ਹੈ, ਨਾ ਖਾਲਿਸਤਾਨ ਦੇ ਵਿਚਾਰ ਨਾਲ ਸਹਿਮਤੀ ਹੈ, ਪਰ ਭਾਜਪਾ ਨੂੰ ਅੱਖਾਂ ਦਿਖਾਉਣ ਲਈ ਇਹੋ ਜਿਹੇ ਮੁੱਦੇ ਆਪ ਸਿੱਧੇ ਚੁੱਕਣ ਦੀ ਥਾਂ ਪਾਸੇ ਤੋਂ ਉਭਾਰਨ ਦੇ ਹਾਲਾਤ ਬਣਾਉਂਦੇ ਹਨ ਅਤੇ ਫਿਰ ਇਸ ਦਾ ਰਾਜਸੀ ਮੁੱਲ ਵੱਟਣਾ ਚਾਹੁੰਦੇ ਹਨ। ਇਸ ਵਾਰੀ ਇਹ ਪੱਤਾ ਭਾਜਪਾ ਆਗੂ ਨਹੀਂ ਚੱਲਣ ਦੇਣਾ ਚਾਹੁੰਦੇ। ਜਿਸ ਗੱਲ ਦੀ ਆਮ ਸਿਆਸੀ ਮਾਹਰਾਂ ਵਿਚ ਚਰਚਾ ਹੈ, ਉਹ ਇਹ ਹੈ ਕਿ ਮਾਹੌਲ ਗਰਮ ਰੱਖ ਕੇ ਭਾਜਪਾ ਚੋਣਾਂ ਦੇ ਦਿਨਾਂ ਤੱਕ ਉਡੀਕ ਕਰੇਗੀ ਤੇ ਅਚਾਨਕ ਨੇੜੇ ਜਾ ਕੇ ਢੀਂਡਸਾ ਪਿਤਾ-ਪੁੱਤਰ ਨੂੰ ਸਿੱਧਾ ਆਪਣੇ ਨਾਲ ਜੋੜ ਕੇ ਜਾਂ ਉਨ੍ਹਾਂ ਵੱਲੋਂ ਕੋਈ ਨਵੀਂ ਅਕਾਲੀ ਧਿਰ ਖੜੀ ਕਰਵਾ ਕੇ ਉਸ ਨਾਲ ਗੱਠਜੋੜ ਕਰ ਕੇ ਮੈਦਾਨ ਵਿਚ ਆ ਸਕਦੀ ਹੈ। ਬਿਜਨਸ ਕੰਪਨੀ ਬਣ ਚੁਕੇ ਅਕਾਲੀ ਦਲ ਵਿਚ ਏਦਾਂ ਦੇ ਬੜੇ ਆਗੂ ਬੈਠੇ ਹਨ, ਜੋ ਇਸ ਪੈਂਤੜੇ ਲਈ ਭਾਜਪਾ ਵੱਲ ਮੋੜਾ ਕੱਟਣ ਨੂੰ ਤਿਆਰ ਹੋ ਸਕਦੇ ਹਨ।

ਫਿਰ ਵੀ ਸੌ ਸਵਾਲਾਂ ਦਾ ਸਵਾਲ ਇਹ ਹੈ ਕਿ ਜਿਸ ਭਾਰਤ ਵਿਚ ਅੱਧ ਫਰਵਰੀ ਵਿਚ ਕਰੋਨਾ ਦੇ ਤਿੰਨ ਕੇਸਾਂ ਤੋਂ ਬਿਮਾਰੀ ਸ਼ੁਰੂ ਹੋਈ ਅਤੇ ਜੂਨ ਅੱਧ ਤੱਕ ਤਿੰਨ ਲੱਖ ਨੂੰ ਟੱਪ ਚੁਕੀ ਹੈ, ਉਸ ਵਿਚ ਪੰਜਾਬ ਦੀਆਂ ਪੌਣੇ ਦੋ ਸਾਲਾਂ ਨੂੰ ਹੋਣ ਵਾਲੀਆਂ ਚੋਣਾਂ ਤੱਕ ਇਨ੍ਹਾਂ ਕੇਸਾਂ ਦੀ ਲੜੀ ਕੀ ਦੇਸ਼ ਨੂੰ ਚੋਣਾਂ ਲੜਨ ਜੋਗਾ ਛੱਡੇਗੀ? ਬਾਰਾਂ ਮਾਰਚ ਨੂੰ ਜਿਸ ਭਾਰਤ ਵਿਚ ਪਹਿਲੀ ਮੌਤ ਹੋਈ ਤੇ ਬਾਰਾਂ ਜੂਨ ਟੱਪਣ ਤੱਕ ਸਿਰਫ ਤਿੰਨ ਮਹੀਨਿਆਂ ਵਿਚ ਨੌਂ ਹਜ਼ਾਰ ਨੇੜੇ ਪਹੁੰਚ ਗਈ ਹੈ, ਉਸ ਵਿਚ ਜਦੋਂ ਹੋਰ ਚਾਰ ਮਹੀਨਿਆਂ ਨੂੰ ਬਿਹਾਰ ਵਿਚ ਚੋਣਾਂ ਹੋਣੀਆਂ ਹਨ, ਇਸੇ ਰਫਤਾਰ ਨਾਲ ਗਿਣਤੀ ਹੋਰ ਦਸ-ਪੰਦਰਾਂ ਹਜ਼ਾਰ ਟੱਪ ਕੇ ਲੱਖ ਦੇ ਚੌਥੇ ਹਿੱਸੇ ਨੇੜੇ ਪੁੱਜ ਸਕਦੀ ਹੈ। ਅੱਧਾ ਸਾਲ ਹੋਰ ਲੰਘਾ ਕੇ ਜਦੋਂ ਪੱਛਮੀ ਬੰਗਾਲ ਦੀ ਵਿਧਾਨ ਸਭਾ ਚੋਣ ਦਾ ਸਮਾਂ ਆਇਆ, ਉਦੋਂ ਤੱਕ ਕਿਸ ਹੱਦ ਤੱਕ ਜਾ ਪਹੁੰਚੇਗੀ, ਇਸ ਦਾ ਪਤਾ ਨਹੀਂ। ਉਨ੍ਹਾਂ ਹਾਲਾਤ ਵਿਚ ਕੀ ਭਾਰਤ ਦੇ ਲੋਕ ਏਨੇ ਸੰਵੇਦਨਾਹੀਣ ਹੋ ਜਾਣਗੇ ਕਿ ਉਹ ਡੋਨਲਡ ਟਰੰਪ ਵਾਂਗ ਕਿਸੇ ਰਾਜਸੀ ਆਗੂ ਦੀ ਰਾਜ ਦਾ ਸੁੱਖ ਮਾਣਦੇ ਰਹਿਣ ਜਾਂ ਕਿਸੇ ਹੋਰ ਨੂੰ ਪਰਖਣ ਲਈ ਵੈਣ ਪਾਉਣੇ ਭੁੱਲ ਕੇ ਵੋਟਾਂ ਪਾਉਣ ਤੁਰ ਪੈਣਗੇ? ਇਹ ਗੱਲ ਸੋਚਣਾ ਆਪਣੇ ਆਪ ਵਿਚ ਮੂਰਖਤਾ ਜਾਪਦਾ ਹੈ। ਡਰ ਸਗੋਂ ਇਸ ਗੱਲ ਦਾ ਹੈ ਕਿ ਉਦੋਂ ਤੱਕ ਭਾਰਤ ਇਸ ਲਈ ਬਦ-ਅਮਨੀ ਦੇ ਰਾਹ ਪੈ ਸਕਦਾ ਹੈ ਕਿ ਕਰੋਨਾ ਦੇ ਕਾਰਨ ਕਾਰਖਾਨੇ ਤੇ ਹੋਰ ਕਾਰੋਬਾਰ ਠੱਪ ਹੋਣ ਨਾਲ ਜਿਨ੍ਹਾਂ ਲੋਕਾਂ ਕੋਲ ਖਾਣ ਲਈ ਕੁਝ ਨਹੀਂ, ਉਹ ਆਪਣੇ ਢਿੱਡ ਦੀ ਭੁੱਖੋਂ ਤੰਗ ਆ ਕੇ ਕਿਸੇ ਵੀ ਹੱਦ ਤੱਕ ਬੇਕਾਬੂ ਹੋ ਸਕਦੇ ਹਨ। ਕੇਂਦਰ ਜਾਂ ਰਾਜਾਂ ਦੇ ਰਾਜ ਕਰਤਿਆਂ ਵਿਚੋਂ ਕਿਸੇ ਦੇ ਵੀ ਇਹ ਗੱਲ ਸੁਫਨੇ ਵਿਚ ਨਹੀਂ ਆ ਰਹੀ ਕਿ ਅਜਿਹੇ ਹਾਲਾਤ ਪੈਦਾ ਹੋ ਗਏ ਤਾਂ ਭਾਰਤ ਵਿਚ ਚੋਣਾਂ ਦੀ ਥਾਂ ਰੋਣਾ ਭਾਰੂ ਹੋ ਸਕਦਾ ਹੈ ਤੇ ਜੇ ਏਦਾਂ ਹੋਇਆ ਤਾਂ ਸਿਰਫ ਲੋਕ ਨਹੀਂ, ਲੀਡਰ ਵੀ ਇਸ ਨੂੰ ਨਾਲ ਹੀ ਭੁਗਤਣਗੇ।

# ਤਿਕੜਮਬਾਜ ਸਿਆਸਤਦਾਨ, ਧਰਮਅੰਧ ਤੇ ਨੌਸਿਖੀਆ ਪ੍ਰਧਾਨ ਮੰਤਰੀ

ਅਮਰਜੀਤ ਸਿੰਘ ਮੁਲਤਾਨੀ
multaniny@gmail.com

ਪਿਛਲੇ ਦਿਨੀਂ ਭਾਰਤ ਦੇ ਬਹੁਤ ਹੀ ਸੀਨੀਅਰ ਪੱਤਰਕਾਰ ਵਿਨੋਦ ਦੂਆ ਵਿਰੁੱਧ ਦਿੱਲੀ ਭਾਜਪਾ ਦੇ ਬੁਲਾਰੇ ਨਵੀਨ ਕੁਮਾਰ ਨੇ ਦਿੱਲੀ ਪੁਲਿਸ ਪਾਸ ਇਕ ਐਫ. ਆਈ. ਆਰ. ਦਰਜ ਕਰਵਾਈ ਹੈ। ਸ਼ਿਕਾਇਤ ਕਰਤਾ ਦਾ ਕਹਿਣਾ ਹੈ ਕਿ ਪੱਤਰਕਾਰ ਵਿਨੋਦ ਦੂਆ ਆਪਣੇ ਪ੍ਰੋਗਰਾਮ ਐਚ. ਡਬਲਯੂ. ਨਿਊਜ਼ ਵਿਚ ਖਬਰਾਂ ਨੂੰ ਗਲਤ ਰੰਗ-ਢੰਗ ਵਿਚ ਪੇਸ਼ ਕਰਕੇ ਸਰਕਾਰ ਵਿਰੋਧੀ ਮਾਹੌਲ ਬਣਾ ਰਹੇ ਹਨ। ਮੈਂ ਖੁਦ ਵੀ ਉਪਰੋਕਤ ਪ੍ਰੋਗਰਾਮ ਹਰ ਦਿਨ ਵੇਖਦਾ ਹਾਂ। ਵਿਨੋਦ ਦੂਆ ਦੀ ਆਦਤ ਹੈ ਕਿ ਉਹ ਆਪਣੇ ਪ੍ਰੋਗਰਾਮ ਵਿਚ ਉਨ੍ਹਾਂ ਖਬਰਾਂ ਨੂੰ ਪ੍ਰਮੁਖਤਾ ਨਾਲ ਪੇਸ਼ ਕਰਦਾ ਹੈ, ਜੋ ਰਾਸ਼ਟਰੀ ਮਹੱਤਵ ਦੀਆਂ ਹੁੰਦੀਆਂ ਹਨ ਅਤੇ ਜੋ ਖਬਰਾਂ ਪ੍ਰਧਾਨ ਮੰਤਰੀ ਦੀ ਕਾਰਜ ਵਿਧੀ ਦੇ ਅਨਾੜੀਪਣ ਤੇ ਭਾਜਪਾ ਦੀ 'ਜੀ ਹਜ਼ੂਰ ਵਾਲੇ ਕਲਚਰ' ਨੂੰ ਨੰਗਿਆਂ ਕਰਦੀਆਂ ਹਨ। ਵਿਨੋਦ ਦੂਆ ਪ੍ਰਧਾਨ ਮੰਤਰੀ ਦੀ ਹਰ ਆਪਹੁਦਰੀ ਤੇ ਝੂਠੇ ਤੱਥਾਂ 'ਤੇ ਆਧਾਰਤ ਕਾਰਜ ਸ਼ੈਲੀ ਦਾ ਅਤੇ ਨਾਲ ਹੀ ਵਿਰੋਧੀ ਪਾਰਟੀਆਂ ਦੀ ਢਿੱਲੀ ਕਾਰਗੁਜ਼ਾਰੀ ਦਾ ਸਖਤ ਨੋਟਿਸ ਲੈਂਦਾ ਹੈ। ਇਸ ਵਕਤ ਭਾਰਤ ਵਿਚ ਐਨ. ਡੀ. ਟੀ. ਵੀ. ਨੂੰ ਛੱਡ ਕੇ ਕਰੀਬ ਸਾਰੇ ਨਿਊਜ਼ ਚੈਨਲ ਮੋਦੀ ਅਤੇ ਭਾਜਪਾ ਦੇ ਪਾਲਤੂ ਚੈਨਲ ਬਣ ਚੁਕੇ ਹਨ। 'ਦੀ ਵਾਇਰ' ਤੇ ਅਜਿਹੇ ਹੀ ਕੁਝ ਹੋਰ ਯੂਟਿਊਬ ਚੈਨਲ ਹੁਣ ਭਾਜਪਾ ਦੀਆਂ ਅਤੇ ਪ੍ਰਧਾਨ ਮੰਤਰੀ ਦੀ ਤੁਗਲਕੀ ਕਾਰਜ ਸ਼ੈਲੀ ਦੇ ਵਿਰੋਧ ਵਿਚ ਤੇ ਪੀੜਤ ਆਮ ਲੋਕਾਂ ਦੇ ਹੱਕ ਵਿਚ ਭੁਗਤਦੇ ਹਨ।

ਨਰਿੰਦਰ ਮੋਦੀ ਨੇ ਆਪਣੇ ਗੁਜਰਾਤ ਮਾਡਲ ਦੀ ਤਰਜ਼ 'ਤੇ ਭਾਜਪਾ ਦੀ ਅਗਵਾਈ ਵਿਚ ਭਾਰਤ ਵਿਚ ਇਕ ਅਜਿਹੇ ਨਿਜ਼ਾਮ ਦੀ ਸਥਾਪਨਾ ਕਰ ਦਿੱਤੀ ਹੈ, ਜੋ ਕੌਮਾਂਤਰੀ ਮੰਚਾਂ 'ਤੇ ਲੋੜ ਪੈਣ 'ਤੇ ਭਾਰਤ ਦੀ ਵੱਡੀ ਜਮਹੂਰੀਅਤ ਅਤੇ ਇਸ ਦੀਆਂ ਸੰਸਥਾਵਾਂ ਦਾ ਜ਼ਿਕਰ ਕਰਨਾ ਨਹੀਂ ਭੁੱਲਦੀਆਂ; ਪਰ ਇਹ ਵੀ ਹਕੀਕਤ ਹੈ ਕਿ ਮੋਦੀ ਨੇ 2014 ਵਿਚ ਸੱਤਾ ਵਿਚ ਆਉਂਦਿਆਂ ਹੀ ਭਾਰਤੀ ਜਮਹੂਰੀਅਤ ਦਾ ਬਿਸਤਰਾ ਲਪੇਟਣਾ ਸ਼ੁਰੂ ਕਰ ਦਿੱਤਾ ਸੀ। ਦਿਖਾਵੇ ਲਈ ਮੰਤਰੀ ਮੰਡਲ ਸੀ, ਪਰ ਇਹ ਸਭ ਜਾਣਦੇ ਹਨ ਕਿ ਪੂਰੀ ਸੱਤਾ 'ਤੇ ਕੰਟਰੋਲ ਸਿਰਫ ਢਾਈ ਜਣਿਆਂ ਯਾਨਿ ਮੋਦੀ ਅਤੇ ਸ਼ਾਹ ਦੋ ਤੇ ਅੱਧਾ ਜਣਾ ਸੀ ਸਵਰਗੀ ਅਰੁਣ ਜੇਤਲੀ। ਸਾਰੇ ਸੰਵਿਧਾਨਕ ਖੁਦਮੁਖਤਿਆਰ ਅਦਾਰਿਆਂ, ਜਿਨ੍ਹਾਂ ਵਿਚ ਸੁਪਰੀਮ ਕੋਰਟ, ਚੋਣ ਕਮਿਸ਼ਨ, ਰਿਜ਼ਰਵ ਬੈਂਕ ਆਦਿ ਸ਼ਾਮਲ ਹਨ, ਨੂੰ ਵੀ ਕਰੀਬ ਪ੍ਰਧਾਨ ਮੰਤਰੀ ਦਫਤਰ ਦੀ ਅਧੀਨਗੀ ਹੇਠ ਲੈ ਹੀ ਆਂਦਾ ਹੈ। ਸੁਪਰੀਮ ਕੋਰਟ ਵੱਲੋਂ ਪਿਛਲੇ ਕੁਝ ਮਹੀਨਿਆਂ ਤੋਂ ਸਰਕਾਰ ਦੇ ਪੱਖ ਵਿਚ ਦਿੱਤੇ ਫੈਸਲੇ ਇਸ ਦਾ ਸਬੂਤ ਹਨ। 2019 ਦੀਆਂ ਚੋਣਾਂ ਵੇਲੇ ਚੋਣ ਕਮਿਸ਼ਨ 'ਤੇ ਸਰਕਾਰ ਦਾ ਦਬਾਓ ਸਭ ਨੇ ਵੇਖ ਲਿਆ ਹੈ।

ਮੋਦੀ ਸਰਕਾਰ ਵੱਲੋਂ ਹੁਣ ਤੱਕ ਦੇ ਕੀਤੇ ਕੰਮ ਅਤੇ ਫੈਸਲੇ ਰਾਜਸੀ ਤਿਕੜਮਬਾਜੀ ਤੋਂ ਵੱਧ ਕੁਝ ਵੀ ਨਹੀਂ ਹਨ। ਮੇਰਾ ਨਿਜੀ ਵਿਚਾਰ ਹੈ ਕਿ 2014 ਦੀਆਂ ਚੋਣਾਂ ਤੋਂ ਪਹਿਲਾਂ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂ. ਪੀ. ਏ.-2 ਸਰਕਾਰ, ਇਸ ਵੇਲੇ ਦੀ ਮੋਦੀ ਸਰਕਾਰ ਨਾਲੋਂ ਕਿਸੇ ਪੱਖੋਂ ਵੀ ਮਾੜੀ ਨਹੀਂ ਸੀ। ਚੋਣਾਂ ਵੇਲੇ ਦੇ ਮੋਦੀ ਦੇ ਭਾਸ਼ਨ ਯਾਦ ਕਰੋ, ਜੋ ਸਰਾਸਰ ਝੂਠ ਦੇ ਪੁਲੰਦੇ ਸਨ। ਯੂ. ਪੀ. ਏ.-2 ਸਰਕਾਰ ਦੀ ਭਰੋਸੇਯੋਗਤਾ ਨੂੰ ਸਰਕਾਰ ਦੇ ਕਥਿਤ ਭ੍ਰਿਸ਼ਟ ਕਾਰਜ ਕਲਾਪਾਂ ਨਾਲੋਂ ਕਾਂਗਰਸ ਦੇ ਯੁਵਰਾਜ ਰਾਹੁਲ ਗਾਂਧੀ ਦੀ ਕਾਰਜ ਸ਼ੈਲੀ ਅਤੇ ਉਸ ਦੀ ਇਕ ਗੈਰ ਜ਼ਿੰਮੇਵਾਰ ਹਰਕਤ ਨੇ ਵੱਡੀ ਸੱਟ ਮਾਰੀ ਸੀ, ਜਦੋਂ ਉਸ ਨੇ ਇਕ ਪ੍ਰੈਸ ਕਾਨਫਰੰਸ ਦੌਰਾਨ ਯੂ. ਪੀ. ਏ. ਸਰਕਾਰ ਵੱਲੋਂ ਜਾਰੀ ਇਕ ਆਰਡੀਨੈਂਸ ਦੀ ਕਾਪੀ ਫਾੜੀ ਸੀ। ਇਸ ਨਾਲ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਅਕਸ ਨੂੰ ਵੱਡਾ ਧੱਕਾ ਲੱਗਾ ਸੀ, ਕਿਉਂਕਿ ਉਨ੍ਹਾਂ ਦਿਨਾਂ ਵਿਚ ਵਿਰੋਧੀ ਪਾਰਟੀਆਂ ਨੇ ਇਕ ਅਜਿਹਾ ਪ੍ਰਭਾਵ ਬਣਾਇਆ ਹੋਇਆ ਸੀ ਕਿ ਡਾ. ਮਨਮੋਹਨ ਸਿੰਘ ਤਾਂ ਨਾਮ ਦੇ ਪ੍ਰਧਾਨ ਮੰਤਰੀ ਹਨ, ਰਿਮੋਟ ਤਾਂ ਸੋਨੀਆ ਗਾਂਧੀ ਦੇ ਹੱਥ ਹੁੰਦਾ ਹੈ, ਪਰ ਇਹ ਗੱਲ ਡਾ. ਮਨਮੋਹਨ ਸਿੰਘ ਦੀ ਹੈਸੀਅਤ ਨੂੰ ਘੱਟ ਕਰਨ ਦੀ ਭਾਜਪਾ ਤੇ ਨਰਿੰਦਰ ਮੋਦੀ ਦੀ ਇਕ ਰਾਜਨੀਤਕ ਤਿਕੜਮ ਸੀ। ਦੂਜਾ, ਯੂ. ਪੀ. ਏ.-2 ਸਰਕਾਰ ਨੂੰ ਸਭ ਤੋਂ ਵੱਧ ਬਦਨਾਮੀ ਦਿਵਾਈ ਰਾਹੁਲ ਗਾਂਧੀ ਦੇ ਜੀਜੇ ਤੇ ਪ੍ਰਿਯੰਕਾ ਗਾਂਧੀ ਦੇ ਪਤੀ ਰਾਬਰਟ ਵਾਡਰਾ ਨੇ। ਇਸ ਦੇ ਜ਼ਮੀਨੀ ਸੌਦਿਆਂ ਨੇ ਭ੍ਰਿਸ਼ਟਾਚਾਰ ਦੇ ਵੱਡੇ ਦਾਗ ਸਰਕਾਰ ਦੇ ਦਾਮਨ 'ਤੇ ਲਾਏ। ਭਾਜਪਾ ਨੇ ਸਰਕਾਰ ਨੂੰ ਬਦਨਾਮ ਕਰਨ ਲਈ ਇਸ ਦੀ ਭਰਪੂਰ ਵਰਤੋਂ ਕੀਤੀ।

ਯੂ. ਪੀ. ਏ.-2 ਸਰਕਾਰ ਵੇਲੇ ਹੋਂਦ ਵਿਚ ਆਏ "ਰਾਈਟ ਟੂ ਇਨਫਰਮੇਸ਼ਨ" ਦਾ ਕਾਨੂੰਨ ਵਰਤ ਕੇ ਭਾਜਪਾ ਨੇ ਵੱਖ-ਵੱਖ ਮੰਤਰਾਲਿਆਂ ਬਾਰੇ ਪ੍ਰਾਪਤ ਕੀਤੀ ਜਾਣਕਾਰੀ ਨਾਲ ਸਰਕਾਰ ਖਿਲਾਫ ਭ੍ਰਿਸ਼ਟਾਚਾਰ ਦੇ ਕਈ ਦੋਸ਼ ਲਾਏ। ਜਨਤਾ ਨੇ ਸਰਕਾਰ ਵੱਲੋਂ ਪਾਰਦਰਸ਼ਤਾ ਲਈ ਬਣਾਏ ਅਜਿਹੇ ਕਈ ਕਾਨੂੰਨਾਂ ਦਾ ਨੋਟਿਸ ਨਹੀਂ ਲਿਆ। ਮੋਦੀ ਦੇ ਬੋਲੇ ਗਲਤ ਇਤਿਹਾਸਕਾਰ ਝੂਠਾਂ ਤੇ ਧਾਰਮਿਕ ਨਾਅਰਿਆਂ ਵਿਚ ਬਹੁਗਿਣਤੀ ਲੋਕਾਂ ਨੇ ਹਾਂ ਵਿਚ ਹਾਂ ਮਿਲਾਈ। ਅੰਨਾ ਹਜ਼ਾਰੇ ਦੇ ਅੰਦੋਲਨ ਨੇ ਵੀ



ਬਲਦੀ ਵਿਚ ਤੇਲ ਪਾਇਆ। ਸਰਕਾਰ ਦੀ ਪਕੜ ਢਿੱਲੀ ਹੋਣ ਕਾਰਨ, ਉਸ ਵੇਲੇ ਦੇ ਕੰਪਟਰੋਲਰ ਜਨਰਲ ਵਿਨੋਦ ਰਾਏ ਨੇ ਟੂ. ਜੀ. ਸਪੈਕਟ੍ਰਮ ਵਿਚ ਦੇਸ਼ ਨੂੰ ਲੱਖਾਂ-ਕਰੋੜਾਂ ਦੇ ਘਾਟੇ ਦੇ ਕਲਪਿਤ ਦੋਸ਼ ਖੜੇ ਕਰ ਦਿੱਤੇ। ਨਵੀਂ ਸਰਕਾਰ ਵੇਲੇ ਇਨ੍ਹਾਂ ਦੋਸ਼ਾਂ ਦਾ ਕੀ ਬਣਿਆ, ਇਹ ਵੀ ਸਭ ਜਾਣਦੇ ਹਨ, ਪਰ ਉਸ ਵਕਤ ਇਨ੍ਹਾਂ ਦੋਸ਼ਾਂ ਨੇ ਯੂ. ਪੀ. ਏ.-2 ਸਰਕਾਰ ਨੂੰ ਚੱਲਦਾ ਬਣਾਇਆ।

ਭਾਰਤ ਦਾ ਗੁਜਰਾਤ ਰਾਜ ਸੂਬਿਆਂ ਦੇ ਪੁਨਰਗਠਨ ਤੋਂ ਹੀ ਉਨਤ ਸੂਬਿਆਂ ਦੀ ਗਿਣਤੀ ਵਿਚ ਸ਼ਾਮਲ ਰਿਹਾ ਹੈ। ਸੂਬਿਆਂ ਦੇ ਪੁਨਰਗਠਨ ਤੋਂ ਪਹਿਲਾਂ ਗੁਜਰਾਤ ਬੰਬੇ ਸਟੇਟ ਦਾ ਹਿੱਸਾ ਸੀ। ਭਾਰਤ ਦੀ ਆਰਥਕ ਰਾਜਧਾਨੀ ਵਜੋਂ ਜਾਣੇ ਜਾਂਦੇ ਮੁੰਬਈ ਸ਼ਹਿਰ ਵਿਚ ਦੇਸ਼ ਆਜ਼ਾਦ ਹੋਣ ਤੋਂ ਪਹਿਲਾਂ ਹੀ ਫਿਲਮ ਇੰਡਸਟਰੀ, ਟੈਕਸਟਾਇਲ ਮਿੱਲਾਂ ਅਤੇ ਕੰਜਿਊਮਰ ਪ੍ਰਾਡਕਟਸ ਦੇ ਅਨਗਿਣਤ ਕਾਰਖਾਨਿਆਂ ਦਾ ਜਮਾਵੜਾ ਸੀ। ਮਜ਼ੇਦਾਰ ਗੱਲ ਇਹ ਹੈ ਕਿ ਇੱਥੇ ਸਥਾਪਿਤ ਮਿੱਲਾਂ, ਕਾਰਖਾਨਿਆਂ ਦੇ ਮਾਲਕ ਵਧੇਰੇ ਕਰਕੇ ਗੁਜਰਾਤੀ ਹੀ ਸਨ। ਫਿਲਮ ਇੰਡਸਟਰੀ ਵਿਚ ਵੀ ਵਧੇਰੇ ਗੁਜਰਾਤੀ ਸੇਠਾਂ ਦਾ ਬੋਲਬਾਲਾ ਸੀ। ਗੱਲ ਕੀ, ਬੰਬੇ ਸਟੇਟ ਦੀ ਆਰਥਕਤਾ ਗੁਜਰਾਤੀਆਂ ਦੇ ਹੱਥ ਸੀ। (ਉਂਜ ਪੰਜਾਬੀਆਂ ਦਾ ਦੇਸ਼ ਦੀ ਵੰਡ ਪਿਛੋਂ ਫਿਲਮ ਇੰਡਸਟਰੀ 'ਤੇ ਕਾਫੀ ਦਬਦਬਾ ਰਿਹਾ ਹੈ) ਇੱਥੇ ਪਾਠਕਾਂ ਲਈ ਇਹ ਜਾਣਨਾ ਵੀ ਕਾਫੀ ਦਿਲਚਸਪ ਹੋਵੇਗਾ ਕਿ ਬੰਬੇ ਵਾਂਗ ਤਾਮਿਲਨਾਡੂ ਦੀ ਇੰਡਸਟਰੀ ਅਤੇ ਫਿਲਮ ਇੰਡਸਟਰੀ 'ਤੇ ਆਂਧਰਾ ਪ੍ਰਦੇਸ਼ ਦੇ ਤੈਲਗੂ ਭਾਸ਼ਾਈ ਲੋਕਾਂ ਦਾ ਕਬਜ਼ਾ ਹੈ।

ਸਾਲ 1956 ਦੌਰਾਨ ਜਦੋਂ ਭਾਰਤ ਵਿਚ ਸਟੇਟਾਂ ਦਾ ਪੁਨਰਗਠਨ ਹੋਇਆ ਤਾਂ ਬੰਬੇ ਸਟੇਟ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਮਹਾਰਾਸ਼ਟਰ ਅਤੇ ਗੁਜਰਾਤ ਸਟੇਟਾਂ ਬਣਾ ਦਿੱਤੀਆਂ ਗਈਆਂ। ਉਸ ਪਿਛੋਂ ਗੁਜਰਾਤੀਆਂ ਨੇ ਵੱਡੀ ਗਿਣਤੀ ਵਿਚ ਆਪਣੀ ਸਟੇਟ ਗੁਜਰਾਤ ਵਿਚ ਹੀ ਇੰਡਸਟਰੀ ਸਥਾਪਿਤ ਕੀਤੀ। ਅਹਿਮਦਾਬਾਦ ਟੈਕਸਟਾਇਲ ਤੇ ਸੂਰਤ ਸ਼ਹਿਰ ਬੰਬਈ ਨਾਲ ਨੇੜਤਾ ਹੋਣ ਕਾਰਨ ਟੈਕਸਟਾਇਲ ਦੇ ਨਾਲ-ਨਾਲ ਡਾਇਮੰਡ ਇੰਡਸਟਰੀ ਦਾ ਗੜ੍ਹ ਬਣ ਗਿਆ। ਗੁਜਰਾਤ ਨੂੰ ਸਮੁੰਦਰੀ ਬੰਦਰਗਾਹਾਂ ਦਾ ਵੀ ਲਾਭ ਮਿਲਿਆ। ਸ਼ਿਪ ਬ੍ਰੇਕਿੰਗ ਤੇ ਰੀਫਾਇਨਰੀਆਂ, ਪਹਿਲਾਂ ਏਸਾਰ ਫਿਰ ਰਿਲਾਇੰਸ ਦੀਆਂ ਰੀਫਾਇਨਰੀਆਂ ਨੇ ਗੁਜਰਾਤ ਦੀ ਆਰਥਕਤਾ ਨੂੰ ਵੱਡਾ ਠੁੰਮਣਾ ਦਿੱਤਾ। ਇਹ ਸਭ ਕੁਝ ਦੱਸਣ ਤੋਂ ਮੇਰਾ ਭਾਵ ਸਿਰਫ ਇਹੋ ਹੀ ਹੈ ਕਿ ਨਰਿੰਦਰ ਮੋਦੀ ਦੇ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਹੀ ਗੁਜਰਾਤ ਰਾਜ ਆਰਥਕ ਪੱਖੋਂ ਤਕੜਾ ਸੀ।

ਨਰਿੰਦਰ ਮੋਦੀ ਜਦੋਂ ਗੁਜਰਾਤ ਦਾ ਮੁੱਖ ਮੰਤਰੀ ਬਣਿਆ, ਉਸ ਵੇਲੇ ਦੀਆਂ ਰਾਜਨੀਤਕ ਪ੍ਰਸਥਿਤੀਆਂ ਵੀ ਕੁਝ ਢਿੱਲੀਆਂ ਮੱਠੀਆਂ ਸਨ। ਕੇਂਦਰ ਵਿਚ ਕੁਲੀਸ਼ਨ ਸਰਕਾਰਾਂ ਦਾ ਦੌਰ ਸੀ ਅਤੇ ਉਹ ਹਰ ਵੇਲੇ ਆਪਣੀ ਸਰਕਾਰ ਬਚਾਈ ਰੱਖਣ ਦੀ ਦੁਬਿਧਾ ਵਿਚ ਹੀ ਵਿਅਸਥ ਰਹਿੰਦੇ ਸਨ; ਭਾਵ ਨਰਿੰਦਰ ਮੋਦੀ ਨੂੰ ਗੁਜਰਾਤ ਵਿਚ ਪੂਰੀ ਖੁੱਲ੍ਹ ਸੀ ਕਿ ਉਹ ਜੋ ਮਰਜ਼ੀ ਚਾਹੇ, ਕਰੀ ਜਾਵੇ। ਬੀ. ਜੇ. ਪੀ. ਦੀ ਕੇਂਦਰੀ ਸਰਕਾਰ ਅਜੇ ਨਵੀਂ ਵਹੁਟੀ ਵਾਂਗ ਸਾਰੇ ਕੁਲੀਸ਼ਨ ਪਾਰਟਨਰਾਂ ਨੂੰ ਖੁਸ਼ ਰੱਖ ਕੇ ਆਪਣੇ ਪੈਰ ਪੱਕੇ ਕਰਨ ਦੀ ਕਵਾਇਦ ਕਰ ਰਹੀ ਸੀ। ਕੇਂਦਰ ਵਿਚ ਪ੍ਰਧਾਨ ਮੰਤਰੀ ਅਟੱਲ ਬਿਹਾਰੀ ਵਾਜਪਾਈ ਆਪਣੀ ਰਾਜਸੀ ਸੂਝ-ਬੂਝ ਨਾਲ ਸਾਂਝੀ ਸਰਕਾਰ ਵਿਚ ਰੂਹ ਫੂਕਣ ਦੇ ਕੰਮ ਨੂੰ ਅੰਜਾਮ ਦੇ ਰਹੇ ਸਨ।

ਇੱਧਰ ਗੁਜਰਾਤ ਵਿਚ ਮੋਦੀ ਆਪਣੇ ਮੁੱਖ ਮੰਤਰੀ ਦੇ ਕਾਰਜ ਕਾਲ ਦੌਰਾਨ ਰਾਜਨੀਤਕ ਸ਼ਕਤੀ ਰਾਹੀਂ ਕਿਵੇਂ "ਸ਼ਾਮ-ਦਾਮ ਦੇ ਦੰਡ ਭੇਤਾਂ ਦੀ ਸਿੱਧੀ" ਕਰਨ ਵਿਚ ਮਗਨ ਸੀ। ਗੁਜਰਾਤ ਵਿਚ, ਜਿਵੇਂ ਕਿ ਮੈਂ ਸ਼ੁਰੂ ਵਿਚ ਜ਼ਿਕਰ ਕੀਤਾ ਹੈ ਕਿ ਇਹ ਰਾਜ ਤਾਂ ਪਹਿਲਾਂ ਹੀ ਇੰਡਸਟ੍ਰਲਾਈਜ਼ਡ ਸੀ, ਮੋਦੀ ਨੇ ਸਿਰਫ ਇਸ ਦਾ ਮੇਕ-ਅਪ ਕੀਤਾ। ਅਖਬਾਰਾਂ ਵਿਚ ਇਸ਼ਤਿਹਾਰਾਂ ਰਾਹੀਂ ਅਜਿਹੀ ਹਵਾ ਬਣਾਉਣੀ ਸ਼ੁਰੂ ਕਰ ਦਿੱਤੀ, ਜਿਵੇਂ ਗੁਜਰਾਤ ਵਿਚ ਮੋਦੀ ਕਾਰਨ ਹੀ ਹੁਣ ਵੱਡੀਆਂ ਸਨਅਤਾਂ ਦਾ ਲੱਗਣਾ ਸ਼ੁਰੂ ਹੋਇਆ ਹੈ। ਹਰ ਸਾਲ ਵਾਈਬ੍ਰੇਂਟ ਗੁਜਰਾਤ ਦੇ ਨਾਮ 'ਤੇ ਕੌਮਾਂਤਰੀ ਪ੍ਰੋਗਰਾਮ ਕਰਨਾ ਸ਼ੁਰੂ ਕਰ ਦਿੱਤਾ। ਸਰਕਾਰੀ ਪੈਸੇ ਨਾਲ ਮੋਦੀ ਨੇ ਆਪਣਾ ਅਕਸ ਬਣਾਉਣਾ ਸ਼ੁਰੂ ਕਰ ਦਿੱਤਾ।

ਸੱਤਾ ਵਿਚ ਬਣੇ ਰਹਿਣ ਲਈ ਉਸ ਨੇ ਹਿੰਦੂਤਵ ਦਾ ਪੱਤਾ ਖੇਡਣਾ ਸ਼ੁਰੂ ਕਰ ਦਿੱਤਾ। 2002 ਵਿਚ ਹੋਏ ਮੁਸਲਿਮ ਵਿਰੋਧੀ ਦੰਗਿਆਂ ਦੌਰਾਨ ਮੋਦੀ ਨੇ ਹਿੰਦੂਤਵ ਦਾ ਅਜਿਹਾ ਪੱਤਾ ਖੇਡਿਆ ਕਿ ਬੀ. ਜੇ. ਪੀ. ਦੀ ਕੇਂਦਰੀ ਲੀਡਰਸ਼ਿਪ ਵੀ ਬੌਣੀ ਲੱਗਣ ਲੱਗ ਪਈ। ਗੁਜਰਾਤ ਦੇ ਮੁਸਲਿਮ ਵਿਰੋਧੀ ਦੰਗਿਆਂ ਪਿਛੋਂ ਰਾਸ਼ਟਰੀ ਅਤੇ ਕੌਮਾਂਤਰੀ ਪੱਧਰ 'ਤੇ ਬਹੁਤ ਰਾਜਨੀਤਕ ਰੌਲਾ ਪਿਆ। ਇਸੇ ਸੰਦਰਭ ਵਿਚ ਪ੍ਰਧਾਨ ਮੰਤਰੀ ਅਟੱਲ ਬਿਹਾਰੀ ਵਾਜਪਾਈ ਨੇ ਗੁਜਰਾਤ ਦਾ ਦੌਰਾ ਕੀਤਾ। ਇਕ ਪ੍ਰੈਸ ਕਾਨਫਰੰਸ ਦੌਰਾਨ ਜਦੋਂ ਇਕ ਪੱਤਰਕਾਰ ਨੇ ਵੱਡੀ ਪੱਧਰ 'ਤੇ ਮੁਸਲਮਾਨਾਂ ਦੇ ਕਤਲੇਆਮ ਵੇਲੇ ਰਾਜ ਸਰਕਾਰ ਦੀ ਭੂਮਿਕਾ 'ਤੇ ਸਵਾਲ ਕੀਤਾ। ਜਵਾਬ ਵਿਚ ਅੱਟਲ ਬਿਹਾਰੀ ਵਾਜਪਾਈ ਨੇ ਕਿਹਾ ਕਿ ਸੂਬਾਈ ਸਰਕਾਰ ਨੂੰ ਰਾਜ ਧਰਮ ਨਿਭਾਉਣਾ ਚਾਹੀਦਾ ਸੀ, ਤਾਂ ਉਸ ਵੇਲੇ ਕੋਲ ਬੈਠੇ ਮੋਦੀ ਨੇ ਵਾਜਪਾਈ ਨੂੰ ਪਲਟਵਾਂ ਜੁਆਬ ਦਿੰਦਿਆਂ ਕਿਹਾ ਸੀ, "ਵਹੀ ਤੋ ਕੀਆ ਹੈ!" ਮੋਦੀ ਦੇ ਇਸ ਜੁਆਬ 'ਤੇ ਉਸ ਵੇਲੇ ਬਹੁਤ ਚਰਚਾ ਹੋਈ ਸੀ, ਪਰ ਮੋਦੀ ਨੇ ਪ੍ਰਧਾਨ ਮੰਤਰੀ ਦੀ ਲਾਜ ਨਾ ਰੱਖਦਿਆਂ ਆਪਣੀ ਦਬੰਗਤਾ ਦੀ ਝਲਕ ਵਿਖਾ ਦਿੱਤੀ ਸੀ।

ਗੁਜਰਾਤ ਵਿਚ ਮੋਦੀ ਦੇ ਮੁੱਖ ਮੰਤਰੀ ਕਾਲ ਦੌਰਾਨ ਕਿੰਨੇ ਐਨਕਾਊਂਟਰ ਹੋਏ। ਕਿੰਨੀ ਬੇਦਰੇਗੀ ਨਾਲ ਪੁਲਿਸ ਦੀ ਵਰਤੋਂ ਕਰਕੇ ਆਪਣੇ ਕੱਟੜ ਵਿਰੋਧੀ ਪਾਂਡਯਾ ਦਾ ਸ਼ੱਰੇਆਮ ਦਿਨ ਦੀ ਲੋਅ

*(ਬਾਕੀ ਅਗਲੇ ਸਫੇ 'ਤੇ)*

## ਗੱਦੀ ਲਈ ਟਰੰਪ ਨੇ 'ਜੈ ਮੌਤ' ਵਾਲੀ ਪਹੁੰਚ ਅਪਨਾਈ-2

# ਟਰੰਪ 'ਨਾਲਾਇਕ' ਨਹੀਂ, ਉਹਦਾ ਆਪਣਾ ਏਜੰਡਾ ਹੈ: ਚੌਮਸਕੀ

*ਹੁਣ ਜਦੋਂ ਅਮਰੀਕਾ ਵਿਚ ਪੁਲਿਸ ਦੀ ਨਸਲਵਾਦੀ ਹਿੰਸਾ ਵਿਰੁਧ ਮੁਜ਼ਾਹਰੇ ਜ਼ੋਰਾਂ 'ਤੇ ਹਨ, ਵ੍ਹਾਈਟ ਹਾਊਸ ਵਿਚ ਫਾਸ਼ੀਵਾਦ ਦੀ ਪੂਰੀ ਚੜ੍ਹਾਈ ਹੈ ਅਤੇ ਕੋਵਿਡ-19 ਅਜੇ ਵੀ ਬਜ਼ਿੱਦ ਹੈ ਤਾਂ ਮੁਲਕ ਲਈ ਇਹ ਫੈਸਲਾਕੁਨ ਘੜੀ ਹੈ। ਇਤਿਹਾਸ ਦੇ ਇਸ ਵਿਸਫੋਟਕ ਮੋੜ ਬਾਰੇ ਪ੍ਰੋ. ਜੌਰਜ ਯੈਂਸੀ ਨੇ ਆਧੁਨਿਕ ਭਾਸ਼ਾ ਵਿਗਿਆਨ ਦੇ ਪਿਤਾਮਾ ਨੋਮ ਚੌਮਸਕੀ ਨਾਲ ਗੱਲਬਾਤ ਕੀਤੀ ਹੈ। ਚੌਮਸਕੀ ਦੁਨੀਆਂ ਦੇ ਉਘੇ ਬੁੱਧੀਜੀਵੀਆਂ ਵਿਚੋਂ ਹਨ। ਇਸ ਗੱਲਬਾਤ ਵਿਚ ਚੌਮਸਕੀ ਦੱਸਦੇ ਹਨ ਕਿ ਮੌਜੂਦਾ ਚੁਣੌਤੀ ਦਾ ਅਸੀਂ ਬਿਹਤਰੀਨ ਮੁਕਾਬਲਾ ਕਿਵੇਂ ਕਰ ਸਕਦੇ ਹਾਂ ਅਤੇ ਭਵਿਖ ਲਈ ਕਿਵੇਂ ਤਿਆਰ ਹੋ ਸਕਦੇ ਹਾਂ। ਇਸ ਵਾਰ ਇਸ ਲੰਮੀ ਗੱਲਬਾਤ ਦਾ ਦੂਜਾ ਅਤੇ ਆਖਰੀ ਹਿੱਸਾ ਛਾਪਿਆ ਜਾ ਰਿਹਾ ਹੈ। ਇਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ*


**ਜੌਰਜ ਯੈਂਸੀ: ਜ਼ਿੰਮੇਵਾਰੀ ਅਤੇ ਲਹੂ ਲਿੱਬੜੇ ਹੱਥਾਂ ਦੀ ਗੱਲ ਕਰਦਿਆਂ ਇੰਜ ਜਾਪਦਾ ਹੈ ਕਿ ਅਮਰੀਕਾ ਦੇ ਕਈ ਲੋਕਾਂ ਲਈ ਵਿਅਕਤੀਗਤ ਹੱਕਾਂ ਦੀ ਖਾਸ ਤਰ੍ਹਾਂ ਦੀ ਵਿਆਖਿਆ ਸਮੂਹਿਕ ਸਮਾਜੀ ਜ਼ਿੰਮੇਵਾਰੀ ਉਪਰ ਭਾਰੂ ਹੋ ਗਈ ਹੈ ਜੋ ਮਾਸਕ ਪਾਉਣ ਤੋਂ ਸ਼ਰੇਆਮ ਨਾਬਰ ਹੋਣ ਸਮੇਤ ਡਬਲਿਊ. ਐਚ. ਓ. ਅਤੇ ਸੀ. ਡੀ. ਸੀ. ਦੀਆਂ ਸਿਫਾਰਸ਼ਾਂ ਦਾ ਪਾਲਣ ਨਹੀਂ ਕਰ ਰਹੇ। ਤੁਹਾਡੇ ਮੁਤਾਬਿਕ, ਇਸ ਗੁੱਸੇ ਅਤੇ ਦੂਜਿਆਂ ਦੀ ਸਿਹਤ ਅਤੇ ਸੁਰੱਖਿਆ ਪ੍ਰਤੀ ਜ਼ਿੰਮੇਵਾਰੀ ਦੀ ਘਾਟ ਨੂੰ ਕਿਹੜੀ ਗੱਲ ਭੜਕਾ ਰਹੀ ਹੈ?**

**ਨੋਮ ਚੌਮਸਕੀ:** ਰਿਪਬਲਿਕਨਾਂ ਨੂੰ ਰਾਸ਼ਟਰਪਤੀ (ਡੋਨਲਡ ਟਰੰਪ) ਉਪਰ ਅੰਨ੍ਹਾ ਯਕੀਨ ਹੈ, ਉਸ ਦੀਆਂ ਕਾਰਵਾਈਆਂ ਚਾਹੇ ਉਨ੍ਹਾਂ ਦਾ ਕਿੰਨਾ ਵੀ ਨੁਕਸਾਨ ਕਰ ਰਹੀਆਂ ਹੋਣ। ਉਸ ਦੇ ਦੁਆਲੇ ਜੁੜੇ ਲੋਕ ਉਸ ਦੀ ਆਪਣੇ ਚਾਪਲੂਸ ਜੀ-ਹਜ਼ੂਰੀਆਂ ਨੂੰ ਛੱਡ ਕੇ ਹਰ ਕਿਸੇ ਨੂੰ ਪਾਸੇ ਕਰ ਦੇਣ ਦੀ ਮੁਹਿੰਮ ਦੀ ਕਾਮਯਾਬੀ ਸਦਕਾ ਉਸ ਦੇ ਅਕਸ ਨੂੰ ਹੋਰ ਫੈਲਾਈ ਜਾਂਦੇ ਹਨ। ਸੈਕਿੰਡ-ਇਨ-ਕਮਾਂਡ ਮਾਈਕ ਪੌਂਪੇ ਵਰਗੇ ਲੋਕ ਜੋ ਇਸੇ ਸੋਚ ਵਿਚ ਮਗਨ ਰਹਿੰਦਾ ਹੈ ਕਿ ਟਰੰਪ ਨੂੰ ਪਰਮਾਤਮਾ ਨੇ ਇਜ਼ਰਾਇਲ ਨੂੰ ਇਰਾਨ ਤੋਂ ਬਚਾਉਣ ਲਈ ਧਰਤੀ 'ਤੇ ਭੇਜਿਆ ਹੋਵੇਗਾ। ਪੌਂਪੇ ਦੇ ਜੋਟੀਦਾਰ ਵੀ ਉਸੇ ਦੀ ਹਾਂ ਵਿਚ ਹਾਂ ਮਿਲਾਉਂਦੇ ਹਨ ਜੋ ਟਰੰਪ ਦੇ ਹਮਾਇਤੀਆਂ ਦਾ ਸਭ ਤੋਂ ਵੱਡਾ ਆਧਾਰ ਹਨ। ਉਨ੍ਹਾਂ ਨੂੰ ਰਿਪਬਲਿਕਨ ਪਾਰਟੀ ਤੋਂ ਵੀ ਆਮ ਕਰਕੇ ਇਹੀ ਸੁਣਨ ਨੂੰ ਮਿਲਦਾ ਹੈ ਜਿਸ ਨੇ ਦਿਆਨਤਦਾਰੀ ਨੂੰ ਤਿਲਾਂਜਲੀ ਦੇ ਰੱਖੀ ਹੈ ਅਤੇ ਉਸ ਦੇ ਕਾਰਿਆਂ ਦੀ ਘਿਨਾਉਣੇ ਰੂਪ ਵਿਚ ਪੂਜਾ ਕਰਦੀ ਹੈ। ਉਸ ਦੀ ਹਾਂ ਵਿਚ ਹਾਂ ਮਿਲਾਉਣ ਵਾਲੇ ਮੀਡੀਆ ਦਾ ਵੀ ਇਹੀ ਹਾਲ ਹੈ। ਅਧਿਐਨ ਦੱਸਦੇ ਹਨ ਕਿ ਰਿਪਬਲਿਕਨਾਂ ਦੀ ਸੂਚਨਾ ਦਾ ਮੁੱਖ ਸਰੋਤ ਫੌਕਸ ਨਿਊਜ਼, ਲਿੰਬਾਗ ਅਤੇ ਬਰਿਟਬਾਰਟ ਹਨ। ਦਰਅਸਲ, ਇਕ ਮਜ਼ੇਦਾਰ ਜੁਗਲਬੰਦੀ ਵਿਕਸਤ ਹੋ ਗਈ ਹੈ: ਟਰੰਪ ਕੋਈ ਐਲਾਨ ਕਰਦਾ ਹੈ, ਸੀਆਨ ਹੈਨਿਟੀ ਉਸ ਦੀ ਨਵੀਂ ਪੈੜ ਪਾਉਣ ਵਾਲੀ ਖੋਜ ਵਜੋਂ ਜੈ-ਜੈਕਾਰ ਕਰਦਾ ਹੈ ਅਤੇ ਅਗਲੀ ਸਵੇਰ ਟਰੰਪ ਇਹ ਜਾਨਣ ਲਈ ਫੌਕਸ ਨਿਊਜ਼ ਵੱਲ ਝਾਕਦਾ ਹੈ ਕਿ ਹੁਣ ਕੀ ਸੋਚਿਆ ਜਾਵੇ।

ਲੋਕ ਰਾਇ ਸਰਵੇਖਣਾਂ ਦੇ ਨਤੀਜੇ ਸਪਸ਼ਟ ਹਨ। ਅਪਰੈਲ ਵਿਚ ਜਦ ਤੇਜ਼ੀ ਨਾਲ ਫੈਲ ਰਹੀ ਆਫਤ (ਕਰੋਨਾ ਵਾਇਰਸ) ਲਈ ਟਰੰਪ ਦੀ ਜ਼ਿੰਮੇਵਾਰੀ ਗੰਭੀਰ ਬਹਿਸ ਦੇ ਘੇਰੇ ਤੋਂ ਬਾਹਰ ਸੀ, ਪਿਊ ਦੇ ਪੋਲ ਸਰਵੇਖਣ ਵਿਚ ਸਾਹਮਣੇ ਆਇਆ ਕਿ 83 ਫੀਸਦੀ ਰਿਪਬਲਿਕਨ ਅਤੇ ਰਿਪਬਲਿਕਨ ਝੁਕਾਅ ਵਾਲੇ ਲੋਕ ਮਹਾਮਾਰੀ ਪ੍ਰਤੀ ਟਰੰਪ ਦੇ ਹੁੰਗਾਰੇ ਨੂੰ ਸ਼ਾਨਦਾਰ ਜਾਂ ਵਧੀਆ ਮੰਨੀ ਬੈਠੇ ਸਨ (ਇਸ ਦੀ ਤੁਲਨਾ ਵਿਚ ਐਸੀ ਸੋਚ ਵਾਲੇ ਡੈਮੋਕਰੇਟ ਅਤੇ ਡੈਮੋਕਰੇਟਾਂ ਪ੍ਰਤੀ ਝੁਕਾਅ ਵਾਲਿਆਂ ਦੀ ਫੀਸਦੀ 18 ਸੀ)। ਉਹ ਉਸ ਰਾਸ਼ਟਰਪਤੀ ਦੀ ਸੁਣ ਰਹੇ ਹਨ ਜੋ ਵਾਇਰਸ ਦੀ ਤੁਲਨਾ 'ਆਮ ਫਲੂ' ਨਾਲ ਕਰ ਰਿਹਾ ਸੀ ਅਤੇ ਜਿਸ ਨੇ ਅਪਰੈਲ ਦੇ ਅੱਧ ਵਿਚ ਟਵੀਟ ਕਰਕੇ ਆਪਣੇ ਹਮਾਇਤੀਆਂ ਨੂੰ ਆਦੇਸ਼ ਦਿੱਤੇ ਸਨ: "ਵਰਜ਼ੀਨੀਆ ਨੂੰ ਆਜ਼ਾਦ ਕਰਾਓ ਅਤੇ ਆਪਣੀ ਮਹਾਨ ਦੂਜੀ ਸੋਧ ਨੂੰ ਬਚਾਓ। ਇਸ ਦੀ ਘੇਰਾਬੰਦੀ ਕਰ ਲਈ ਗਈ ਹੈ!" ਦੂਜੀ ਸੋਧ ਦੀ ਭੋਰਾ ਵੀ ਪ੍ਰਸੰਗਿਕਤਾ ਨਹੀਂ ਹੈ, ਲੇਕਿਨ ਟਰੰਪ ਜਾਣਦਾ ਹੈ ਕਿ ਕਦ ਕਿਹੜਾ ਬਟਨ ਦਬਾਉਣਾ ਹੈ।



ਜੌਰਜ ਯੈਂਸੀ



ਨੋਮ ਚੌਮਸਕੀ

ਉਹ ਜ਼ਾਹਰਾ ਤੌਰ 'ਤੇ ਆਪਣੇ ਦਸਤਿਆਂ ਨੂੰ ਹਥਿਆਰ ਚੁੱਕਣ ਲਈ ਕਹਿ ਰਿਹਾ ਸੀ, ਇਹ ਡੈਮੋਕਰੇਟ ਗਵਰਨਰਾਂ ਵਾਲੇ ਰਾਜਾਂ ਵਿਚ (ਜਿਵੇਂ ਵਰਜ਼ੀਨੀਆ) ਹਥਿਆਰਬੰਦ ਮੁਜ਼ਾਹਰਾਕਾਰੀਆਂ ਨੂੰ ਉਦੋਂ ਹੁਕਮ ਅਦੂਲੀ ਕਰਨ ਲਈ ਉਕਸਾਉਣ ਦੀਆਂ ਉਸ ਦੀਆਂ ਬਹੁਤ ਹੀ ਆਮ ਕੋਸ਼ਿਸ਼ਾਂ ਦਾ ਹਿੱਸਾ ਸੀ, ਜਦ ਤਕਰੀਬਨ 50 ਹਜ਼ਾਰ ਮੌਤਾਂ ਹੋ ਚੁੱਕੀਆਂ ਸਨ।

ਜੇ ਇਸ ਨਾਲ ਮੇਰੀਆਂ ਚੋਣ ਸੰਭਾਵਨਾਵਾਂ ਵਧਦੀਆਂ ਹਨ ਤਾਂ ਯਮਨ ਅਤੇ ਅਫਰੀਕਨ ਲੋਕਾਂ ਨੂੰ ਹੀ ਨਹੀਂ, ਵਧੇਰੇ ਅਮਰੀਕਨਾਂ ਨੂੰ ਮਾਰ ਦੇਈਏ। "ਬੌਧਿਕਤਾ ਦਾ ਨਾਸ਼ ਹੋਵੇ! ਮੌਤ ਦੀ ਜੈ!"

ਜਦ ਅਸੀਂ ਆਸਟ੍ਰੋਟਰਫ ਅਪਰੇਸ਼ਨਾਂ ਅਤੇ ਵੋਟ ਆਧਾਰ ਦੀ ਜੋਸ਼ੀਲੀ ਵਫਾਦਾਰੀ ਨੂੰ ਬਾਹਰ ਕਰ ਦਿੰਦੇ ਹਾਂ ਤਾਂ ਪਿੱਛੇ ਬਚੀ 'ਵਿਅਕਤੀਗਤ ਹੱਕਾਂ' ਦੀ ਬਾਕੀ ਅਪੀਲ ਦਾ ਕੋਈ ਸਾਰਥਕ ਭਾਵ ਸਪਸ਼ਟ ਨਹੀਂ ਹੁੰਦਾ।

ਨਾ ਹੀ ਇਹ ਸਪਸ਼ਟ ਹੁੰਦਾ ਹੈ ਕਿ ਮੁਜ਼ਾਹਰਾਕਾਰੀ ਸਮਾਜੀ ਜ਼ਿੰਮੇਵਾਰੀ ਨੂੰ ਰੱਦ ਕਰ ਰਹੇ ਹਨ। ਪ੍ਰਤੱਖ ਤੌਰ 'ਤੇ ਉਹ ਇਸ ਨੂੰ ਇਸ ਤਰ੍ਹਾਂ ਨਹੀਂ ਦੇਖਦੇ। ਉਹ ਤਾਂ ਇਸ ਖਿਆਲ ਨਾਲ ਹੀ ਹੱਕੇ-ਬੱਕੇ ਰਹਿ ਜਾਣਗੇ ਕਿ ਉਹ ਜੋ ਕਰ ਰਹੇ ਹਨ, ਉਹ ਅਸਾਲਟ ਰਾਈਫਲਾਂ ਚੁੱਕੀ ਸੜਕਾਂ ਉਪਰ ਇੱਧਰ-ਉਧਰ ਗੋਲੀਆਂ ਚਲਾਉਣ ਵਾਲਿਆਂ ਵਰਗੀ ਕਾਰਵਾਈ ਹੀ ਹੈ, ਹਾਲਾਂਕਿ ਤੁਲਨਾ ਕਰਨੀ ਵਾਜਬ ਹੈ। ਉਹ ਨਹੀਂ ਸੋਚਦੇ ਕਿ ਉਹ ਕਿਸੇ ਦੀ ਜਾਨ ਲਈ ਖਤਰਾ ਬਣ ਰਹੇ ਹਨ ਸਗੋਂ ਉਹ (ਪ੍ਰਦਰਸ਼ਨਕਾਰੀ) ਤਾਂ ਆਪਣੇ ਸਤਿਕਾਰਯੋਗ ਆਗੂ ਵਲੋਂ, ਰੈਡੀਕਲ ਖੱਬੇਪੱਖੀਆਂ ਦੀ ਉਸ ਕੋਸ਼ਿਸ਼ ਦੇ ਕੀਤੇ ਜਾ ਰਹੇ ਵਿਰੋਧ ਦਾ ਸਾਥ ਦੇ ਰਹੇ ਹਨ ਜੋ ਉਹ, ਸ਼ਾਇਦ ਚੀਨ ਦੀਆਂ ਹਦਾਇਤਾਂ 'ਤੇ, ਉਨ੍ਹਾਂ ਦੇ ਮੁੱਢਲੇ ਹੱਕਾਂ ਨੂੰ ਖਤਮ ਕਰਨ ਅਤੇ ਇਥੋਂ ਤੱਕ ਕਿ ਉਨ੍ਹਾਂ ਦੇ ਹਥਿਆਰ ਖੋਹ ਲੈਣ ਲਈ ਕਰ ਰਹੇ ਹਨ।

ਬਾਕੀ ਸਭ ਇਸੇ ਦਾ ਸੰਕੇਤ ਹੈ ਕਿ ਸਾਡਾ ਮੁਲਕ ਅਤੇ ਅਮਰੀਕਨ ਸੱਤਾ ਦੀ ਰੋਸ਼ਨੀ 'ਚ ਦੇਖਿਆ ਜਾਵੇ ਤਾਂ ਪੂਰੀ ਦੁਨੀਆ ਹੀ ਘੋਰ ਮੁਸੀਬਤ ਵਿਚ ਹੈ।

**ਸਵਾਲ: ਟਰੰਪ ਦੀ ਨਾਲਾਇਕੀ ਤੋਂ ਇਲਾਵਾ, ਆਲਮੀ ਪੱਧਰ 'ਤੇ ਕੀ ਕਰਨਾ ਦਰਕਾਰ ਹੈ ਤਾਂ ਜੁ ਅਸੀਂ ਇਕ ਹੋਰ ਮਹਾਮਾਰੀ ਨੂੰ ਰੋਕ ਸਕੀਏ ਅਤੇ ਭਵਿੱਖ 'ਚ ਬਿਹਤਰ ਤਿਆਰੀ ਲਈ ਸਾਨੂੰ ਕੀ ਕਰਨਾ ਹੋਵੇਗਾ?**

**ਜਵਾਬ:** ਮੈਂ ਨਹੀਂ ਸਮਝਦਾ ਕਿ 'ਨਾਲਾਇਕੀ' ਸਹੀ ਸ਼ਬਦ ਹੈ। ਉਹ ਆਪਣੇ ਮੁੱਖ ਟੀਚੇ ਪੂਰੇ ਕਰਨ ਲਈ ਪੂਰੀ ਤਰ੍ਹਾਂ ਕਾਬਿਲ ਹੈ। ਇਹ ਹਨ: ਬਹੁਤੇ ਅਮੀਰਾਂ ਨੂੰ ਹੋਰ ਅਮੀਰ ਕਰਨਾ, ਕਾਰਪੋਰੇਟ ਤਾਕਤ ਅਤੇ ਉਨ੍ਹਾਂ ਦੇ ਮੁਨਾਫੇ ਵਧਾਉਣਾ, ਆਪਣੇ ਆਧਾਰ ਦੀ ਪਿੱਠ ਵਿਚ ਛੁਰਾ ਮਾਰਦੇ ਹੋਏ ਉਨ੍ਹਾਂ ਨੂੰ ਥਾਂ ਸਿਰ ਰੱਖਣਾ, ਕਾਰਜਕਾਰੀ ਸ਼ਾਖਾ ਦਾ ਭੋਗ ਪਾਉਂਦੇ ਹੋਏ ਤਾਕਤਾਂ ਆਪਣੇ ਹੱਥਾਂ ਵਿਚ ਕੇਂਦਰਤ ਕਰਦੇ ਜਾਣਾ ਅਤੇ ਇਸ ਤਰ੍ਹਾਂ ਕਾਂਗਰਸ ਦੇ ਮੈਂਬਰ ਰਿਪਬਲਿਕਨਾਂ ਨੂੰ ਡਰਾ-ਧਮਕਾ ਕੇ ਰੱਖਣਾ ਤਾਂ ਜੋ ਉਹ ਦਬੂ ਬਣ ਕੇ ਲਗਭਗ ਹਰ ਚੀਜ਼ ਮੰਨਦੇ ਰਹਿਣ। ਜਿਸ ਨੀਮ-ਹਕੀਮ ਨੂੰ ਟਰੰਪ ਹੱਲਾਸ਼ੇਰੀ ਦੇ ਰਿਹਾ ਸੀ, ਜਦ ਉਸ ਨੂੰ ਸਵਾਲ ਕਰਨ ਦੀ ਹਿੰਮਤ ਕਰਨ ਵਾਲੇ ਵੈਕਸੀਨ ਵਿਕਾਸ ਦੇ ਮੁਖੀ ਸਾਇੰਸਦਾਨ ਨੂੰ ਕੱਢਿਆ ਗਿਆ ਤਾਂ ਰਿਪਬਲਿਕਨਾਂ ਨੇ ਚੂੰ ਤਕ ਨਹੀਂ ਕੀਤੀ। ਜਦ ਉਹ ਉਨ੍ਹਾਂ ਇੰਸਪੈਕਟਰ ਜਨਰਲਾਂ ਨੂੰ ਚੁਣ-ਚੁਣ ਕੇ ਕੱਢ ਰਿਹਾ ਹੈ ਜੋ ਵਾਸ਼ਿੰਗਟਨ ਵਿਚ ਪੈਦਾ ਕੀਤੀ ਦਲਦਲ ਉਪਰ ਕੁਝ ਕੰਟਰੋਲ ਲਗਾ ਰਹੇ ਸਨ ਅਤੇ ਨਾਲ ਹੀ ਇਕ ਸਭ ਤੋਂ ਸਤਿਕਾਰੇ ਜਾਂਦੇ 86 ਸਾਲਾ ਸੈਨੇਟਰ ਚਕ ਗਰਾਸਲੇ ਨੂੰ ਬੇਇੱਜ਼ਤ ਕੀਤਾ ਜਾ ਰਿਹਾ ਹੈ ਜਿਸ ਨੇ ਆਪਣਾ ਲੰਮਾ ਜੀਵਨ-ਪੰਧ ਇਸ ਪ੍ਰਬੰਧ ਨੂੰ ਸਥਾਪਤ ਕਰਨ ਦੇ ਲੇਖੇ ਲਾ ਦਿੱਤਾ, ਤਾਂ ਇਹਨਾਂ ਸਫਾਂ ਵਿਚ ਮੁਰਦਾ ਖਾਮੋਸ਼ੀ ਛਾਈ ਹੋਈ ਹੈ।

ਇਹ ਉਸ ਦੀ ਪ੍ਰਭਾਵਸ਼ਾਲੀ ਪ੍ਰਾਪਤੀ ਹੈ।

ਆਲਮੀ ਪੱਧਰ 'ਤੇ ਕੀ ਕੀਤਾ ਜਾਵੇ, ਸਾਇੰਸਦਾਨਾਂ ਦੀ ਸਲਾਹ ਮੰਨੀ ਜਾਵੇ। ਆਲਮੀ ਤਪਸ਼ ਦੇ ਕਾਰਨ ਹੋਰ ਨਵੀਂ ਮਹਾਮਾਰੀ, ਹੁਣ ਵਾਲੀ ਨਾਲੋਂ ਵੀ ਬਦਤਰ, ਦੇ ਫੈਲਣ ਦੀ ਸੰਭਾਵਨਾ ਹੈ ਜੋ ਟਰੰਪ ਪਲੇਗ ਦੇ ਹੋਰ ਚਾਰ ਸਾਲ ਰਹਿਣ ਨਾਲ ਬਹੁਤ ਜ਼ਿਆਦਾ ਗਰਮ ਪੌਣਪਾਣੀ ਨਾਲ ਪੈਦਾ ਹੋ ਸਕਦੀ ਹੈ। ਇਸ ਨਾਲ ਨਜਿੱਠਣ ਦੀ ਤਿਆਰੀ ਲਈ ਉਸ ਤਰ੍ਹਾਂ ਦੇ ਕਦਮ ਚੁੱਕਣੇ ਹੋਣਗੇ ਜਿਹਨਾਂ ਦੀ ਸਿਫਾਰਸ਼ 2003 'ਚ ਕੀਤੀ ਗਈ ਸੀ ਅਤੇ ਜਿਹਨਾਂ ਦੇ ਨਿੱਕੇ ਜਿਹੇ ਹਿੱਸੇ ਦਾ ਟਰੰਪ ਵਲੋਂ ਤਬਾਹੀ ਮਚਾਉਣ ਵਾਲੀ ਗੁਰਜ ਹੱਥ ਲੈਣ ਤਕ ਪਾਲਣ ਕੀਤਾ ਜਾਂਦਾ ਰਿਹਾ। ਕਰੋਨਾ ਵਾਇਰਸਾਂ ਅਤੇ ਹੋਰ ਸੰਭਾਵੀ ਜੋਖਮਾਂ ਦੀ ਤਲਾਸ਼ ਕਰਨ, ਅਲਾਮਤਾਂ ਨੂੰ ਘਟਾਉਣ ਖਾਤਰ ਵੈਕਸੀਨਾਂ ਅਤੇ ਦਵਾਈਆਂ ਦਾ ਤੇਜ਼ੀ ਨਾਲ ਵਿਕਾਸ ਕਰਨ ਲਈ ਲੋੜੀਂਦੀ ਵਿਗਿਆਨਕ ਸਮਝਦਾਰੀ ਵਿਕਸਤ ਕਰਨ ਅਤੇ ਮਹਾਮਾਰੀ ਦੇ ਅਗਲੇ ਹਮਲਿਆਂ ਦੀ ਸੂਰਤ 'ਚ ਸੰਭਾਵੀ ਯੋਜਨਾਵਾਂ ਨੂੰ ਲਾਗੂ ਕਰਨ ਲਈ ਕੌਮਾਂਤਰੀ ਸਹਿਯੋਗ ਹੋਣਾ ਚਾਹੀਦਾ ਹੈ।

ਖਾਸ ਤੌਰ 'ਤੇ ਸੰਯੁਕਤ ਰਾਜ ਲਈ ਇਸ ਦਾ ਮਤਲਬ ਹੈ ਸਮਾਜ ਨੂੰ ਨਵ-ਉਦਾਰ ਕੱਟੜਪੁਣੇ ਤੋਂ ਮੁਕਤ ਕਰਾਉਣਾ ਜਿਸ ਦੇ ਸਿਹਤ ਖੇਤਰ (ਤੇ ਕਈ ਹੋਰ ਖੇਤਰਾਂ) ਵਿਚ ਕੌੜੇ ਨਤੀਜੇ ਸਾਹਮਣੇ ਹਨ। ਹਸਪਤਾਲਾਂ ਦਾ ਬਿਜਨੈਸ ਮਾਡਲ ਆਫਤ ਨੂੰ ਸੱਦਾ ਦੇਣਾ ਹੈ, ਜਿਹਨਾਂ ਕੋਲ ਕੂੜਾ ਸਮੇਟਣ ਅਤੇ ਵਾਧੂ ਬੋਝ ਚੁੱਕਣ ਦੀ ਸਮਰੱਥਾ ਵੀ ਨਹੀਂ ਹੈ। ਹੋਰ ਵੀ ਆਮ ਕਹਿਣਾ ਹੋਵੇ ਤਾਂ ਨਿਹਾਇਤ ਨਿਕੰਮੀਆਂ ਨਿੱਜੀ ਸਿਹਤ ਸੇਵਾਵਾਂ ਦਾ ਢਾਂਚਾ ਸਮਾਜ ਉਪਰ ਭਿਆਨਕ ਬੋਝ ਹੈ ਜਿਸ ਦਾ ਖਰਚਾ ਹੋਰ ਵਿਕਸਤ ਮੁਲਕਾਂ ਤੋਂ ਦੁੱਗਣਾ ਹੈ ਅਤੇ ਕੁਝ ਦੀ ਕਾਰਗੁਜ਼ਾਰੀ ਸਭ ਤੋਂ ਘਟੀਆ ਹੈ। 'ਲਾਸੈਂਟ' ਦੇ ਹਾਲੀਆ ਅਧਿਐਨ ਦਾ ਅੰਦਾਜ਼ਾ ਹੈ ਕਿ ਇਸ ਦੀ ਸਾਲਾਨਾ ਲਾਗਤ 500 ਅਰਬ ਡਾਲਰ ਦੇ ਕਰੀਬ ਹੈ ਅਤੇ ਇੱਥੇ 68000 ਜ਼ਿਆਦਾ ਮੌਤਾਂ ਹੁੰਦੀਆਂ ਹਨ। ਕਿੰਨਾ ਘਿਨਾਉਣਾ ਹੈ ਕਿ ਸੰਯੁਕਤ ਰਾਜ ਹੋਰ ਸਮਾਜਾਂ ਦੇ ਹਾਣ ਦਾ ਨਹੀਂ ਹੋ ਸਕਿਆ ਅਤੇ ਇਸ ਦੀ ਬਜਾਏ ਇਸ ਦੀ ਟੇਕ ਆਮ ਸਿਹਤ ਸੇਵਾਵਾਂ ਦੀ ਸਭ ਤੋਂ ਜ਼ਾਲਮ ਅਤੇ ਮਹਿੰਗੀ ਐਮਰਜੈਂਸੀ ਰੂਮ ਵਿਵਸਥਾ ਉਪਰ ਹੈ। ਜੇ ਤੁਸੀਂ ਖਿੱਚ-ਧੂਹ ਕੇ ਕਿਸੇ ਐਸੀ ਜਗ੍ਹਾ ਪਹੁੰਚ ਜਾਂਦੇ ਹੋ, ਜਿੱਥੇ ਇਲਾਜ ਕਰਵਾ ਸਕੋ ਤਾਂ ਸ਼ਾਇਦ ਫਿਰ ਤੰਦਰੁਸਤ ਬਿੱਲ ਆ ਜਾਵੇ।

ਇਹੀ ਨਵ-ਉਦਾਰ ਕੱਟੜਪੁਣਾ ਨੈਸ਼ਨਲ ਹੈਲਥ ਇੰਸਟੀਚਿਊਟਸ ਨੂੰ ਨਿੱਜੀ ਕੰਪਨੀਆਂ ਨੂੰ ਪਾਸੇ ਕਰਕੇ ਅਤੇ ਅਮਰੀਕੀ ਕਾਨੂੰਨ ਦੀਆਂ ਮੱਦਾਂ ਨੂੰ ਲਾਗੂ ਕਰਦੇ ਹੋਏ ਦਵਾਈਆਂ ਦੀ ਟੈਸਟਿੰਗ ਅਤੇ ਵੰਡ ਲਈ ਲਾਜ਼ਮੀ ਖੋਜ ਅਤੇ ਵਿਕਾਸ ਕਰਨ ਤੋਂ ਰੋਕਦਾ ਹੈ, ਜਿਹਨਾਂ ਕਾਨੂੰਨਾਂ ਨੂੰ ਲਗਾਤਾਰ ਅੱਖੋਂ ਪਰੋਖੇ ਕੀਤਾ ਜਾਂਦਾ ਰਿਹਾ ਹੈ। ਇਸ ਲਈ ਜ਼ਰੂਰੀ ਹੈ ਕਿ ਸਰਕਾਰੀ ਸਹਾਇਤਾ ਨਾਲ ਪੈਦਾ ਕੀਤੀਆਂ ਦਵਾਈਆਂ ਅਵਾਮ ਨੂੰ ਜਾਇਜ਼ ਮੁੱਲ 'ਤੇ ਮੁਹੱਈਆ ਕਰਾਈਆ ਜਾਣ। ਮੇਰੀ ਜਾਣਕਾਰੀ ਅਨੁਸਾਰ ਇਹਨਾਂ ਮਾਮਲਿਆਂ ਦੇ ਸਭ ਤੋਂ ਡੂੰਘੇ ਅਧਿਐਨ ਡੀਨ ਬੇਕਰ ਨੇ ਕੀਤੇ ਹਨ ਜਿਸ ਦਾ ਅੰਦਾਜ਼ਾ ਹੈ ਕਿ ਜੇ ਐਸੇ ਕਦਮ ਚੁੱਕੇ ਜਾਣ ਤਾਂ ਨਵੀਂ ਕਾਢ ਨੂੰ ਕੋਈ ਨੁਕਸਾਨ ਪਹੁੰਚਾਏ ਬਗ਼ੈਰ ਬੇਥਾਹ ਬੱਚਤ ਕੀਤੀ ਜਾ ਸਕਦੀ ਹੈ (ਦੇਖੋ ਉਸ ਦੀ ਕਿਤਾਬ 'ਰਿੱਗਡ')। ਇਹ ਤਾਂ ਮਹਿਜ਼ ਸ਼ੁਰੂਆਤ ਹੀ ਹੈ। ਐਸੇ ਡੂੰਘੇ ਸਮਾਜੀ, ਸਭਿਆਚਾਰਕ ਅਤੇ ਸੰਸਥਾਗਤ ਮਸਲੇ ਹਨ ਜਿਹਨਾਂ ਨੂੰ ਮੁਖਾਤਿਬ ਹੋਣਾ ਚਾਹੀਦਾ ਹੈ।

### ਡੋਨਲਡ ਟਰੰਪ ਦੀ 'ਕਾਬਲੀਅਤ'!

*ਮੈਂ ਨਹੀਂ ਸਮਝਦਾ ਕਿ 'ਨਾਲਾਇਕੀ' ਡੋਨਲਡ ਟਰੰਪ ਲਈ ਸਹੀ ਸ਼ਬਦ ਹੈ। ਉਹ ਆਪਣੇ ਮੁੱਖ ਟੀਚੇ ਪੂਰੇ ਕਰਨ ਲਈ ਪੂਰੀ ਤਰ੍ਹਾਂ ਕਾਬਿਲ ਹੈ। ਇਹ ਹਨ: ਬਹੁਤੇ ਅਮੀਰਾਂ ਨੂੰ ਹੋਰ ਅਮੀਰ ਕਰਨਾ, ਕਾਰਪੋਰੇਟ ਤਾਕਤ ਅਤੇ ਉਨ੍ਹਾਂ ਦੇ ਮੁਨਾਫੇ ਵਧਾਉਣਾ, ਆਪਣੇ ਆਧਾਰ ਦੀ ਪਿੱਠ ਵਿਚ ਛੁਰਾ ਮਾਰਦੇ ਹੋਏ ਉਨ੍ਹਾਂ ਨੂੰ ਥਾਂ ਸਿਰ ਰੱਖਣਾ, ਕਾਰਜਕਾਰੀ ਸ਼ਾਖਾ ਦਾ ਭੋਗ ਪਾਉਂਦੇ ਹੋਏ ਤਾਕਤਾਂ ਆਪਣੇ ਹੱਥਾਂ ਵਿਚ ਕੇਂਦਰਤ ਕਰਦੇ ਜਾਣਾ ਅਤੇ ਇਸ ਤਰ੍ਹਾਂ ਕਾਂਗਰਸ ਦੇ ਮੈਂਬਰ ਰਿਪਬਲਿਕਨਾਂ ਨੂੰ ਡਰਾ-ਧਮਕਾ ਕੇ ਰੱਖਣਾ ਤਾਂ ਜੋ ਉਹ ਦਬੂ ਬਣ ਕੇ ਲਗਭਗ ਹਰ ਚੀਜ਼ ਮੰਨਦੇ ਰਹਿਣ।*

**ਸਵਾਲ: ਇਹ ਮੰਨਦੇ ਹੋਏ ਕਿ ਨਵੰਬਰ ਚੋਣ ਨੇੜੇ ਹੀ ਹੈ, ਕੀ ਤੁਸੀਂ ਸੋਚਦੇ ਹੋ ਕਿ ਸੱਤਾ ਵਿਚ ਬਣੇ ਰਹਿਣ ਲਈ ਟਰੰਪ ਵੋਟਿੰਗ ਘੁਟਾਲੇ ਦੀ ਚਾਲ ਖੇਡ ਸਕਦਾ ਹੈ? ਜੇ ਇੰਜ ਹੁੰਦਾ ਹੈ ਤਾਂ ਇਹ ਰਾਜਨੀਤਕ ਗੇਮ ਖੇਡੇ ਜਾਣ ਦੀ ਸੂਰਤ 'ਚ ਤੁਹਾਡਾ ਪੂਰਵ-ਅਨੁਮਾਨ ਕੀ ਹੈ?**

**ਜਵਾਬ:** ਟਰੰਪ ਅਤੇ ਉਸ ਦੇ ਜੋਟੀਦਾਰ ਪਹਿਲਾਂ ਹੀ ਇਸ ਘੁਟਾਲੇ ਵਿਚ ਜ਼ੋਰ-ਸ਼ੋਰ ਨਾਲ ਜੁਟੇ ਹੋਏ ਹਨ, ਇਹ ਪਹਿਲੀ ਵਾਰ ਨਹੀਂ ਹੋ ਰਿਹਾ। ਉਨ੍ਹਾਂ ਨੂੰ ਪਤਾ ਹੈ ਕਿ ਉਨ੍ਹਾਂ ਦੀ ਪਾਰਟੀ ਘੱਟਗਿਣਤੀ ਵਿਚ ਹੈ ਅਤੇ ਰਾਜਨੀਤਕ ਸੱਤਾ ਵਿਚ ਬਣੇ ਰਹਿਣ ਲਈ ਧੋਖੇਬਾਜ਼ੀ ਅਤੇ ਫਰਾਡ ਦਾ ਸਹਾਰਾ ਲੈਣਾ ਉਨ੍ਹਾਂ ਲਈ ਜ਼ਰੂਰੀ ਹੈ। ਉਨ੍ਹਾਂ ਦਾ ਬਹੁਤ ਕੁਝ ਦਾਅ 'ਤੇ ਲੱਗਿਆ ਹੋਇਆ ਹੈ। ਹੋਰ ਚਾਰ ਸਾਲ ਸੱਤਾ ਵਿਚ ਰਹਿ ਕੇ ਉਹ ਇਹ ਯਕੀਨੀ ਬਣਾਉਣ ਦੇ ਕਾਬਲ ਹੋ ਜਾਣਗੇ ਕਿ ਪੁਸ਼ਤ ਤਕ ਉਨ੍ਹਾਂ ਦੀਆਂ ਘੋਰ-ਸੱਜੇਪੱਖੀ ਨੀਤੀਆਂ ਦਾ ਬੋਲਬਾਲਾ ਬਣਿਆ ਰਹੇ, ਵਸੋਂ ਚਾਹੇ ਕੁਝ ਵੀ ਚਾਹੁੰਦੀ ਹੋਵੇ। ਸਿਖਰ ਤੋਂ ਲੈ ਕੇ ਹੇਠਾਂ ਤਕ ਜੁਡੀਸ਼ਰੀ ਨੂੰ ਨੌਜਵਾਨ ਘੋਰ-ਸੱਜੇਪੱਖੀ ਜਿਊਰਿਸਟਾਂ ਦੇ ਹੱਥਾਂ ਵਿਚ ਦੇਣਾ ਇਹੀ ਤਾਂ ਮੈਕਕਾਨੈਲ ਯੁੱਧਨੀਤੀ ਦਾ ਟੀਚਾ ਰਿਹਾ ਹੈ ਜੋ ਅਵਾਮੀ ਹਿਤ ਵਾਲੇ ਪ੍ਰੋਗਰਾਮਾਂ ਨੂੰ ਰੋਕ ਸਕਦੇ ਹੋਣ। ਮੌਜੂਦਾ ਮੌਕਾ ਖੁੰਝਾ ਦੇਣਾ ਉਨ੍ਹਾਂ ਦੇ ਪ੍ਰੋਜੈਕਟ ਲਈ ਕਿਆਮਤ ਬਣ ਸਕਦਾ ਹੈ।

ਨਿੱਜੀ ਤੌਰ 'ਤੇ ਟਰੰਪ ਲਈ, ਨੁਕਸਾਨ ਦੀ ਭਾਰੀ ਸੰਭਾਵਨਾ ਹੋ ਸਕਦੀ ਹੈ, ਤਦ ਵੀ ਜੇ ਉਹ ਮਨੋਵਿਗਿਆਨਕ ਤੌਰ 'ਤੇ ਇਸ ਨੂੰ ਸਹਿਜ ਮਨੁੱਖ ਵਾਂਗ ਕਬੂਲ ਕਰ ਲੈਣ ਦੇ ਸਮਰੱਥ ਹੋਵੇ। ਜੇ ਉਸ ਦੀ ਬਚਾਓ ਦੀ ਤਾਕਤ ਖੁੱਸ ਜਾਂਦੀ ਹੈ ਤਾਂ ਉਸ ਨੂੰ ਗੰਭੀਰ ਕਾਨੂੰਨੀ ਇਲਜ਼ਾਮਾਂ ਨੂੰ ਸਾਹਮਣਾ ਕਰਨਾ ਪੈ ਸਕਦਾ ਹੈ। ਰਿਪਬਲਿਕ ਪਾਰਟੀ ਵਲੋਂ ਉਸ ਦੀ ਅਥਾਰਟੀ ਅੱਗੇ ਗੋਡੇ ਟੇਕ ਦੇਣ ਨਾਲ, ਜੋ ਉਤਰੀ ਕੋਰੀਆਈ ਕਾਰਜ-ਸ਼ੈਲੀ ਹੈ, ਉਸ ਨੂੰ ਥੋੜ੍ਹੇ ਅੜਿੱਕਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਾਕੀ ਗੱਲ ਅਸੀਂ ਕਲਪਨਾ ਉਪਰ ਛੱਡ ਸਕਦੇ ਹਾਂ।

**ਸਵਾਲ: ਮੇਰੀ ਜਾਚੇ ਹੈ ਤਾਂ ਇਹ ਮਨਹੂਸ ਗੱਲ, ਲੇਕਿਨ ਕੌਣ ਕਹਿ ਸਕਦਾ ਹੈ ਕਿ ਨਿਰੋਲ ਸੱਤਾ ਦੀ ਲਾਲਸਾ 'ਚੋਂ ਸੱਤਾ ਵਿਚ ਬਣੇ ਰਹਿਣ ਦੀ ਟਰੰਪ ਦੀ ਖਵਾਇਸ਼ ਉਸ ਨੂੰ ਮਿਲੀਸ਼ੀਆ ਬਣਾਉਣ ਲਈ ਨਹੀਂ ਉਕਸਾਏਗੀ? ਤੁਹਾਡੇ ਕੋਈ ਰਾਇ?**

**ਜਵਾਬ:** ਇਸ ਸੰਭਾਵਨਾ ਨੂੰ ਖਾਰਜ ਨਹੀਂ ਕੀਤਾ ਜਾ ਸਕਦਾ। ਜਿਵੇਂ ਵਿਆਪਕ ਤੌਰ 'ਤੇ ਮੰਨਿਆ ਜਾਂਦਾ ਹੈ, ਮੁਲਕ ਨੂੰ ਦੂਰਗਾਮੀ ਸੰਵਿਧਾਨਕ ਸੰਕਟ ਦਰਪੇਸ਼ ਹੈ। ਸੈਨਟ ਬੁਨਿਆਦੀ ਰੂਪ 'ਚ ਗੈਰ-ਜਮਹੂਰੀ ਸੰਸਥਾ ਹੈ, ਇਲੈਕਟੋਰਲ ਕਾਲਜ ਐਨਾ ਨਹੀਂ ਹੈ। ਵਸੋਂ ਬਣਤਰ ਅਤੇ ਢਾਂਚਾਗਤ ਕਾਰਨਾਂ ਦੀ ਵਜ੍ਹਾ ਨਾਲ ਗੋਰੇ, ਇਸਾਈ, ਪੇਂਡੂ, ਰਵਾਇਤੀ, ਅਕਸਰ ਹੀ ਗੋਰੇ ਸ਼੍ਰੇਸ਼ਟਵਾਦੀ ਵੋਟਰਾਂ ਦੀ ਨਿੱਕੀ ਜਿਹੀ ਘੱਟਗਿਣਤੀ ਉਸ ਤੋਂ ਵੀ ਪਾਰ ਜਾ ਕੇ ਕੰਟਰੋਲ ਬਣਾਈ ਰੱਖ ਸਕਦੀ ਹੈ ਜਿੰਨਾ ਨਸਲਵਾਦੀ ਦੱਖਣੀ ਡੈਮੋਕਰੇਟਾਂ ਨੇ ਨਿਕਸਨ ਦੀ 'ਦੱਖਣੀ ਯੁੱਧਨੀਤੀ' ਵਲੋਂ ਉਨ੍ਹਾਂ ਨੂੰ ਰਿਪਬਲਿਕਨ ਘੇਰੇ ਵਿਚ ਲਿਆਉਣ ਤੋਂ ਪਹਿਲਾਂ ਬਣਾ ਰੱਖਿਆ ਸੀ। ਹਕੀਕਤ ਵਿਚ ਇਸ ਨੂੰ ਸੰਵਿਧਾਨਕ ਸੋਧ ਰਾਹੀਂ ਬਦਲਿਆ ਨਹੀਂ ਜਾ ਸਕਦਾ। ਇਹ ਉਕਾ ਹੀ ਅਸੰਭਵ ਨਹੀਂ ਹੈ ਕਿ ਮੰਡਲਾ ਰਿਹਾ ਸੰਕਟ ਟਰੰਪ ਦੇ ਹੱਥਾਂ ਵਿਚ ਬਹੁਤ ਛੇਤੀ ਹੀ ਵਾਪਰ ਜਾਵੇ।

*(ਸਮਾਪਤ)*

---

## ਨੌਸਿਖੀਆ ਪ੍ਰਧਾਨ ਮੰਤਰੀ

*(ਪਿਛਲੇ ਸਫੇ ਦੀ ਬਾਕੀ)*

ਵਿਚ ਕਤਲ ਕਰਵਾਇਆ। ਇਥੇ ਅਮਿਤ ਸ਼ਾਹ ਦੀ ਸਾਂਝ ਨਾਲ ਅਤੇ ਪੁਲਿਸ ਦੇ ਸਹਿਯੋਗ ਨਾਲ ਕੀ-ਕੀ ਵਾਪਰਿਆ, ਸਾਰੇ ਭਲੀਭਾਂਤ ਜਾਣਦੇ ਹਨ। ਇਹ ਵੀ ਸਭ ਨੂੰ ਪਤਾ ਹੈ ਕਿ ਕਿਵੇਂ ਗੁਜਰਾਤ ਦੰਗਿਆਂ ਬਾਰੇ ਕਮਿਸ਼ਨ ਬਣੇ, ਫਿਰ ਉਨ੍ਹਾਂ ਕਮਿਸ਼ਨਾਂ ਦੀ ਓਟ ਵਿਚ ਨਿਆਂ ਪਾਲਿਕਾ ਦੀ ਕਿਸ ਹੱਦ ਤਕ ਬਾਂਹ ਮਰੋੜੀ ਗਈ। ਗੁਜਰਾਤ ਵਿਚ ਮੋਦੀ ਨੇ ਸੁਚੱਜੇ ਪ੍ਰਸ਼ਾਸਕ ਵਜੋਂ ਕੁਝ ਕੀਤਾ ਹੋਵੇ, ਇਸ ਦੀ ਕੋਈ ਮਿਸਾਲ ਨਜ਼ਰ ਨਹੀਂ ਆਉਂਦੀ; ਪਰ ਇਥੇ ਉਸ ਨੇ ਧਰਮ ਦੀ ਆੜ ਵਿਚ ਹਰ ਕਿਸਮ ਦੀਆਂ ਰਾਜਨੀਤਕ ਤੇ ਆਰਥਕ ਤਿਕੜਮਾਂ ਖੇਡੀਆਂ ਅਤੇ ਇਨ੍ਹਾਂ ਵਿਚ ਮੁਹਾਰਤ ਹਾਸਲ ਕੀਤੀ। ਅਸਲ ਵਿਚ ਪੰਜਾਬੀ ਮੁਹਾਵਰੇ ਅਨੁਸਾਰ ਉਸ ਨੇ ਗੁਜਰਾਤ ਵਿਚ ਚੰਮ ਦੀਆਂ ਚਲਾਈਆਂ ਅਤੇ ਠੀਕ ਸਭ ਕੁਝ ਉਵੇਂ ਹੀ ਨਵੀਂ ਦਿੱਲੀ ਵਿਚ ਹੋ ਰਿਹਾ ਹੈ। ਪ੍ਰਸ਼ਾਸਕ ਵਜੋਂ ਉਸ ਦਾ ਨੌਸਿਖੀਆਪਨ ਦੇਸ਼ 'ਤੇ ਭਾਰੂ ਪੈ ਰਿਹਾ ਹੈ। ਦੇਸ਼ ਆਰਥਕ ਤਬਾਹੀ ਦੇ ਕੰਢੇ 'ਤੇ ਖੜਾ ਹੈ, ਪਰ ਨਰਿੰਦਰ ਮੋਦੀ ਨੂੰ ਦੇਸ਼ ਨਾਲੋਂ ਆਪਣੇ ਆਪ, ਆਪਣੀ ਪਾਰਟੀ ਅਤੇ ਆਪਣੇ ਸਰਮਾਏਦਾਰ ਦੋਸਤਾਂ ਦਾ ਵੱਧ ਫਿਕਰ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 20 ਜੂਨ 2020

# ਕਰੋਨਾ, ਮੋਦੀ ਅਤੇ ਟਰੰਪ

ਸੰਸਾਰ ਵਿਚ ਕਰੋਨਾ ਵਾਇਰਸ ਦਾ ਸਿਲਸਿਲਾ ਠੱਲ੍ਹਣ ਦਾ ਨਾਮ ਨਹੀਂ ਲੈ ਰਿਹਾ। ਸੰਸਾਰ ਭਰ ਵਿਚ ਕਰੋਨਾ ਮਰੀਜ਼ਾਂ ਦੀ ਗਿਣਤੀ ਇਕ ਕਰੋੜ ਨੂੰ ਹੱਥ ਲਾਉਣ ਦੇ ਨੇੜੇ ਪੁੱਜ ਗਈ ਹੈ ਅਤੇ ਰਿਪੋਰਟ ਹੋਈਆਂ ਮੌਤਾਂ ਦੀ ਗਿਣਤੀ ਵੀ ਸਾਢੇ ਚਾਰ ਲੱਖ ਦੇ ਨੇੜੇ-ਤੇੜੇ ਹੈ। ਵੱਖ-ਵੱਖ ਮੁਲਕਾਂ ਵਿਚ ਜਿਉਂ-ਜਿਉਂ ਕਰੋਨਾ ਟੈਸਟਾਂ ਦੀ ਗਿਣਤੀ ਵਧ ਰਹੀ ਹੈ, ਮਰੀਜ਼ਾਂ ਦੀ ਗਿਣਤੀ ਵੀ ਤੇਜ਼ੀ ਨਾਲ ਵਧ ਰਹੀ ਹੈ। ਅਮਰੀਕਾ ਵਿਚ ਵਧ ਰਹੇ ਕੇਸਾਂ ਦਾ ਮੁਕਾਬਲਾ ਕਰਦਿਆਂ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਹੀ ਤਾਂ ਕਿਹਾ ਸੀ ਕਿ ਜੇ ਭਾਰਤ ਵਿਚ ਵੀ ਅਮਰੀਕਾ ਜਿੰਨੇ ਟੈਸਟ ਹੋਣ ਲੱਗ ਪੈਣ ਤਾਂ ਉਥੇ ਵੀ ਮਰੀਜ਼ਾਂ ਦੀ ਗਿਣਤੀ ਵਿਚ ਬੇਤਹਾਸ਼ਾ ਵਾਧਾ ਹੋ ਸਕਦਾ ਹੈ। ਖੈਰ! ਭਾਰਤ ਨੇ ਤਾਂ ਇਸ ਮਾਮਲੇ 'ਤੇ ਪੈਰ ਕੁਹਾੜਾ ਹੀ ਮਾਰਿਆ ਹੈ। ਮਾਹਿਰਾਂ ਨੇ ਨੋਟ ਕੀਤਾ ਹੈ ਕਿ ਇਸ ਮਹਾਮਾਰੀ ਨਾਲ ਨਜਿੱਠਣ ਲਈ ਜਿੰਨਾ ਸਮਾਂ ਭਾਰਤ ਨੂੰ ਮਿਲਿਆ, ਓਨਾ ਕਿਸੇ ਹੋਰ ਮੁਲਕ ਨੂੰ ਨਹੀਂ ਮਿਲਿਆ, ਪਰ ਸਰਕਾਰ ਇਸ ਮਹਾਮਾਰੀ ਦੀ ਮਾਰ ਦਾ ਅੰਦਾਜ਼ਾ ਹੀ ਨਾ ਲਾ ਸਕੀ, ਸਗੋਂ ਉਨ੍ਹਾਂ ਦਿਨਾਂ ਵਿਚ ਮੋਦੀ ਸਰਕਾਰ ਮੱਧ ਪ੍ਰਦੇਸ਼ ਵਿਚ ਕਾਂਗਰਸ ਦੀ ਸਰਕਾਰ ਦਾ ਤਖਤਾ ਪਲਟਾ ਕੇ ਆਪਣੀ ਸਰਕਾਰ ਕਾਇਮ ਕਰਨ ਵਲ ਵਧੇਰੇ ਰੁਚਿਤ ਸੀ। ਇਹੀ ਨਹੀਂ, 20 ਲੱਖ ਕਰੋੜ ਦੇ ਜਿਹੜੇ ਵਿਸ਼ਾਲ ਰਾਹਤ ਪੈਕੇਜ ਬਾਰੇ ਦਾਅਵੇ ਕੀਤੇ ਜਾ ਰਹੇ ਹਨ, ਉਸ ਦਾ ਕਿਸੇ ਨੂੰ ਕੋਈ ਸਿੱਧਾ ਫਾਇਦਾ ਨਹੀਂ ਹੋਇਆ ਹੈ ਅਤੇ ਕਰੋਨਾ ਕਾਰਨ ਜਿਹੜੀ ਉਥਲ-ਪੁਥਲ ਭਾਰਤ ਭਰ ਵਿਚ ਹੋਈ, ਉਹ ਅਜੇ ਤਕ ਵੀ ਲੀਹ 'ਤੇ ਨਹੀਂ ਆਈ ਹੈ। ਇਸ ਮਾਮਲੇ ਵਿਚ ਭਾਰਤ ਦੇ ਸੱਜੇਪੱਖੀ ਹਾਕਮ ਸੱਚਮੁੱਚ ਚੰਮ ਦੀਆਂ ਚਲਾ ਰਹੇ ਹਨ ਅਤੇ ਵੱਖ-ਵੱਖ ਬਹਾਨੇ ਬਣਾ ਕੇ ਮੁਲਕ ਦੇ ਫੈਡਰਲ ਢਾਂਚੇ ਦੀਆਂ ਜੜ੍ਹਾਂ ਪੋਲੀਆਂ ਕੀਤੀਆਂ ਜਾ ਰਹੀਆਂ ਹਨ। ਸੰਕਟ ਦੇ ਇਸ ਸਮੇਂ ਦੌਰਾਨ ਬਿਜਲੀ ਸੋਧ ਬਿੱਲ ਅਤੇ ਖੇਤੀ ਆਰਡੀਨੈਂਸ ਲਿਆਉਣੇ ਇਹੀ ਦਰਸਾਉਂਦੇ ਹਨ ਕਿ ਮੋਦੀ ਸਰਕਾਰ ਰਾਜਾਂ ਤੋਂ ਪਹਿਲਾਂ ਮਿਲੇ ਅਧਿਕਾਰ ਖੋਹਣ ਦੇ ਰੌਂਅ ਵਿਚ ਹੈ।

ਦੂਜੇ ਬੰਨੇ, ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਇਸ ਸੰਕਟ ਵਿਚ ਆਏ ਦਿਨ ਹੋਰ ਫਸ ਰਿਹਾ ਹੈ। ਮੁਲਕ ਵਿਚ ਹੁਣ ਰਾਸ਼ਟਰਪਤੀ ਦੀ ਚੋਣ ਵਾਲਾ ਸਾਲ ਵੀ ਚੱਲ ਰਿਹਾ ਹੈ, ਨਵੰਬਰ ਵਿਚ ਵੋਟਾਂ ਪੈਣੀਆਂ ਹਨ। ਪਹਿਲਾਂ ਤਾਂ ਟਰੰਪ ਦੀ ਇਸ ਕਰ ਕੇ ਘੇਰਾਬੰਦੀ ਹੋਈ ਕਿ ਕਰੋਨਾ ਨਾਲ ਨਜਿੱਠਣ ਲਈ ਉਸ ਨੇ ਵੇਲੇ ਸਿਰ ਕੋਈ ਢੁਕਵੀਂ ਕਾਰਵਾਈ ਨਹੀਂ ਕੀਤੀ, ਸਗੋਂ ਚੀਨ ਉਤੇ ਦੋਸ਼ ਮੜ੍ਹਦਾ ਰਿਹਾ। ਹੁਣ ਜੌਰਜ ਫਲਾਇਡ ਦੇ ਕਥਿਤ ਕਤਲ ਪਿਛੋਂ ਮੁਲਕ ਭਰ ਵਿਚ ਹੀ ਨਹੀਂ, ਸੰਸਾਰ ਦੇ ਕਈ ਹਿੱਸਿਆਂ ਵਿਚ ਸਿਆਹਫਾਮ ਲੋਕਾਂ ਉਤੇ ਵਧੀਕੀਆਂ ਦਾ ਮਸਲਾ ਸਿਰ ਚੜ੍ਹ ਆਇਆ ਹੈ ਅਤੇ ਇਸ ਨੇ ਟਰੰਪ ਦੀ ਪਾਪੂਲੈਰਿਟੀ ਨੂੰ ਵੱਡਾ ਖੋਰਾ ਲਾਇਆ ਹੈ। ਆਇਓਵਾ ਜਿਹੀ ਸਟੇਟ, ਜਿਥੇ ਪਿਛਲੀ ਵਾਰ ਟਰੰਪ ਨੇ ਡੈਮੋਕਰੈਟਿਕ ਪਾਰਟੀ ਦੀ ਉਮੀਦਵਾਰ ਹਿਲਰੀ ਕਲਿੰਟਨ ਨੂੰ ਬਹੁਤ ਆਸਾਨੀ ਨਾਲ ਪਛਾੜ ਦਿੱਤਾ ਸੀ, ਵਿਚ ਹੋਏ ਹਾਲੀਆ ਚੋਣ ਸਰਵੇਖਣ ਦੱਸਦੇ ਹਨ ਕਿ ਐਤਕੀਂ ਟਰੰਪ ਅਤੇ ਡੈਮੋਕਰੈਟਿਕ ਉਮੀਦਵਾਰ ਜੋਅ ਬਿਡੇਨ ਵਿਚਾਲੇ ਫਸਵੀਂ ਟੱਕਰ ਹੋਵੇਗੀ। ਹੋਰ ਥਾਂਵਾਂ ਤੋਂ ਵੀ ਇਹੀ ਰਿਪੋਰਟਾਂ ਹਨ ਕਿ ਟਰੰਪ ਦਾ ਆਧਾਰ ਖੁਰ ਰਿਹਾ ਹੈ। ਇਹ ਗੱਲ ਵੱਖਰੀ ਹੈ ਕਿ ਨਵੰਬਰ ਤਕ ਹੋ ਸਕਦਾ ਹੈ ਕਿ ਕਰੋਨਾ ਅਤੇ ਸਿਆਹਫਾਮ ਰੋਸ ਵਿਖਾਵਿਆਂ ਦੀ ਤੀਬਰਤਾ ਹੁਣ ਵਰਗੀ ਨਾ ਰਹੇ, ਪਰ ਆਮ ਲੋਕਾਂ ਵਿਚ ਇਹ ਗੱਲ ਘਰ ਕਰ ਰਹੀ ਹੈ ਕਿ ਟਰੰਪ ਸੰਕਟ ਨਾਲ ਸਿੱਝਣ ਵਿਚ ਬੁਰੀ ਤਰ੍ਹਾਂ ਨਾਕਾਮ ਰਿਹਾ ਹੈ। 'ਜਸਟ ਫਾਰ ਨਿਊਜ਼' ਵੈੱਬਸਾਈਟ ਵਾਲਾ ਸਕੌਟ ਰੈਸਮੁਜ਼ੇਨ, ਰਾਸ਼ਟਰਪਤੀ ਟਰੰਪ ਦਾ ਪਸੰਦੀਦਾ ਸਰਵੇਖਣਕਾਰ ਰਿਹਾ ਹੈ। ਉਸ ਵਲੋਂ ਲਿਆਂਦੇ ਕਈ ਅੰਕੜੇ ਟਰੰਪ ਆਪਣੇ ਭਾਸ਼ਣਾਂ ਵਿਚ ਬੋਲਦਾ ਰਿਹਾ ਹੈ। ਉਸ ਨੇ ਜਿਹੜਾ ਸਰਵੇਖਣ ਹੁਣ ਨਸ਼ਰ ਕੀਤਾ ਹੈ, ਉਹ ਟਰੰਪ ਨੂੰ ਫਿਕਰ ਪਾਉਣ ਵਾਲਾ ਹੈ। ਉਸ ਨੇ ਰਿਪੋਰਟ ਕੀਤਾ ਹੈ ਕਿ ਜੇ ਅੱਜ ਮੁਲਕ ਵਿਚ ਵੋਟਾਂ ਪੈਂਦੀਆਂ ਹਨ ਤਾਂ ਜੋਅ ਬਿਡੇਨ ਨੂੰ 48 ਫੀਸਦੀ ਅਤੇ ਡੋਨਲਡ ਟਰੰਪ ਨੂੰ ਸਿਰਫ 36 ਫੀਸਦੀ ਵੋਟਾਂ ਮਿਲਣੀਆਂ। ਮਾਹਿਰ 12 ਅੰਕਾਂ ਦੇ ਫਰਕ ਨੂੰ ਵੱਡਾ ਫਰਕ ਮੰਨਦੇ ਹਨ। ਅਜਿਹਾ ਬਹੁਤ ਘੱਟ ਦੇਖਣ ਨੂੰ ਮਿਲਿਆ ਹੈ ਕਿ ਕਿਸੇ ਮੌਜੂਦਾ ਰਾਸ਼ਟਰਪਤੀ ਨੂੰ ਕਿਸੇ ਸਰਵੇਖਣ ਵਿਚ 40 ਫੀਸਦੀ ਤੋਂ ਘੱਟ ਵੋਟ ਮਿਲੇ ਹੋਣ।

ਇਨ੍ਹਾਂ ਚੋਣ ਸਰਵੇਖਣਾਂ ਦੀ ਤਸਵੀਰ ਦਾ ਦੂਜਾ ਪਾਸਾ ਵੀ ਹੈ। ਡੈਮੋਕਰੈਟਿਕ ਹਲਕਿਆਂ ਵਿਚ ਜਿਸ ਤਰ੍ਹਾਂ ਦੀ ਹਮਾਇਤ ਜੋਅ ਬਿਡੇਨ ਨੂੰ ਮਿਲ ਰਹੀ ਹੈ, ਉਸ ਨੇ ਵੀ ਟਰੰਪ ਦਾ ਫਿਕਰ ਵਧਾਇਆ ਹੈ। ਪਹਿਲਾਂ ਤਾਂ ਪਾਰਟੀ ਦੀ ਨਾਮਜ਼ਦਗੀ ਲਈ ਤਕੜਾ ਉਮੀਦਵਾਰ ਬਰਨੀ ਸੈਂਡਰਜ਼ ਜੋਅ ਬਿਡੇਨ ਦੇ ਹੱਕ ਵਿਚ ਪਿਛਾਂਹ ਹਟ ਗਿਆ। ਉਸ ਵਕਤ ਕੁਝ ਤੱਤੇ ਹਲਕਿਆਂ ਨੇ ਇਸ ਪੱਖ ਤੋਂ ਸੈਂਡਰਜ਼ ਦੀ ਨੁਕਤਾਚੀਨੀ ਵੀ ਕੀਤੀ ਕਿ ਉਹ ਸਮੇਂ ਤੋਂ ਪਹਿਲਾਂ ਹੀ ਨਾਮਜ਼ਦਗੀ ਵਾਲਾ ਮੈਦਾਨ ਛੱਡ ਗਿਆ, ਪਰ ਉਸ ਦੇ ਉਸ ਵਕਤ ਮੈਦਨ ਤੋਂ ਲਾਂਭੇ ਹੋਣ ਦਾ ਫਾਇਦਾ ਬਿਡੇਨ ਨੂੰ ਬਿਨਾ ਸ਼ੱਕ ਪਹੁੰਚਿਆ ਅਤੇ ਕਰੋਨਾ ਸੰਕਟ ਦੇ ਬਾਵਜੂਦ ਉਹ ਆਪਣੀ ਗੱਲ ਲੋਕਾਂ ਵਿਚ ਲਿਜਾਣ ਵਿਚ ਕਾਮਯਾਬ ਰਿਹਾ। ਹੁਣ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਪਿਛਲੀ ਵਾਰ ਦੀ ਡੈਮੋਕਰੈਟਿਕ ਉਮੀਦਵਾਰ ਹਿਲਰੀ ਕਲਿੰਟਨ ਦੀਆਂ ਸਰਗਰਮੀਆਂ ਵੀ ਰੰਗ ਲਿਆ ਰਹੀਆਂ ਹਨ। ਚੋਣਾਂ ਭਾਵੇਂ ਅਜੇ ਦੂਰ ਹਨ ਅਤੇ ਪਤਾ ਵੀ ਨਹੀਂ ਹੁੰਦਾ ਕਿ ਕਿਸ ਮਸਲੇ ਨੇ ਚੋਣ ਨਤੀਜਿਆਂ 'ਤੇ ਭਾਰੀ ਪੈ ਜਾਣਾ ਹੈ, ਪਰ ਡੋਨਲਡ ਟਰੰਪ ਦਾ ਗਰਾਫ ਦਰਸਾ ਰਿਹਾ ਹੈ ਕਿ ਉਸ ਦਾ ਪੈਂਡਾ ਔਖਾ ਜ਼ਰੂਰ ਹੋਵੇਗਾ। ਇਕ ਨੁਕਤਾ ਹੋਰ ਵੀ ਹੈ। ਰਿਪਬਲਿਕਨ ਪਾਰਟੀ ਆਪਣੇ ਸਿਰ 'ਤੇ ਵਧੇਰੇ ਵੋਟਾਂ ਖਿੱਚਣ ਵਾਲੀ ਪਾਰਟੀ ਨਹੀਂ ਹੈ। ਡੈਮੋਕਰੈਟਿਕ ਪਾਰਟੀ ਦੇ ਆਧਾਰ ਨੂੰ ਲਗਦਾ ਕੋਈ ਖੋਰਾ ਹੀ ਇਸ ਪਾਰਟੀ ਦੀ ਜਿੱਤ ਦਾ ਕਾਰਨ ਬਣਦਾ ਰਿਹਾ ਹੈ। ਇਸ ਕਰ ਕੇ ਜੇ ਜੋਅ ਬਿਡੇਨ ਦੀ ਮੁਹਿੰਮ ਰਤਾ ਕੁ ਵੀ ਵੇਗ ਫੜ ਗਈ, ਜਿਸ ਬਾਰੇ ਕਿਆਸਆਰਾਈਆਂ ਲੱਗ ਰਹੀਆਂ ਹਨ, ਤਾਂ ਪਾਸੇ ਪਲਟ ਸਕਦੇ ਹਨ ਅਤੇ ਮੁਲਕ ਦੀ ਸਿਆਸਤ ਵਿਚ ਮੋੜਾ ਆ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਉਠ ਵੇ ਅਕਾਲੀਆ!

ਵਿਚ ਸੱਥ ਦੇ ਗੱਲ ਇਹ ਹੋਣ ਲੱਗੀ, ਕਹਿੰਦੇ ਦਿੱਲੀ ਫਿਰ ਸਿਰ 'ਤੇ ਚੜ੍ਹਨ ਲੱਗ ਪਈ।
ਲੈ ਕੇ ਓਟ ਖੇਤੀ ਦੇ ਸੁਧਾਰ ਵਾਲੀ, ਦੇਖੋ ਵਿਹੜੇ ਦੇ ਅੰਦਰ ਹੀ ਵੜਨ ਲੱਗ ਪਈ।
ਘੇਰਾ ਘੱਤਿਆ ਅਗਲਿਆਂ ਏਸ ਢੰਗ ਦਾ, ਨਬਜ਼ ਸੋਚ ਕੇ ਸਿੱਟਾ, ਹੈ ਖੜ੍ਹਨ ਲੱਗ ਪਈ।
ਕਿੱਲਾ ਕੇਂਦਰ ਦਾ ਹਰ ਥਾਂ ਠੋਕਣੇ ਨੂੰ, ਨਿੱਤ ਦਿਨ ਹੀ ਸਾਜ਼ਿਸ਼ਾਂ ਘੜਨ ਲੱਗ ਪਈ।
ਘਰ ਤੱਕ ਆਇਆ ਸੇਕ ਉਠ ਵੇ ਅਕਾਲੀਆ, ਸੁੱਤਾ ਪਿਆ ਨਾ ਜਾਈਂ ਤੂੰ ਲੁੱਟ ਵੇ ਅਕਾਲੀਆ।
ਛੱਡ ਕੇ ਵਜ਼ੀਰੀਆਂ ਤੇ ਮੋਦੀ ਦੀਆਂ ਬੋਦੀਆਂ, ਨਾਲਾਇਕੀਆਂ ਨੂੰ ਹੁਣ ਪਰ੍ਹਾਂ ਸੁੱਟ ਵੇ ਅਕਾਲੀਆ।

# ਅਕਾਲੀ ਦਲ ਦਾ ਇਤਿਹਾਸਕ ਏਜੰਡਾ ਕਿਥੇ ਗਿਆ?

***ਅਕਾਲੀ ਦਲ ਕਈ ਸਾਲਾਂ ਤੋਂ ਆਪਣੇ ਇਤਿਹਾਸਕ ਏਜੰਡੇ ਤੋਂ ਪਿੱਛੇ ਹਟ ਰਿਹਾ ਹੈ। ਪਾਰਟੀ ਨੇ ਜੰਮੂ ਕਸ਼ਮੀਰ ਤੋਂ ਵਿਸ਼ੇਸ਼ ਦਰਜਾ ਵਾਪਸ ਲੈ ਕੇ ਇਸ ਨੂੰ ਕੇਂਦਰੀ ਪ੍ਰਬੰਧ ਵਾਲੀਆਂ ਦੋ ਪ੍ਰਸ਼ਾਸਨਿਕ ਇਕਾਈਆਂ ਤੱਕ ਮਹਿਦੂਦ ਕਰ ਦੇਣ ਦੇ ਕਾਨੂੰਨਾਂ ਦੀ ਹਮਾਇਤ ਵੀ ਕੀਤੀ ਹੈ। ਯਾਦ ਰੱਖਣ ਦੀ ਲੋੜ ਹੈ ਕਿ ਅਕਾਲੀ ਦਲ ਨੇ ਇੱਕ ਸਮੇਂ ਆਪਣੇ ਚੋਣ ਮੈਨੀਫੈਸਟੋ ਵਿਚ ਜੰਮੂ ਕਸ਼ਮੀਰ ਦੀ ਤਰਜ਼ ਉਤੇ ਪੰਜਾਬ ਲਈ ਵੀ ਵਿਸ਼ੇਸ਼ ਦਰਜਾ ਅਤੇ ਅਧਿਕਾਰ ਦੀ ਮੰਗ ਵੀ ਕੀਤੀ ਸੀ। ਹੁਣ ਇਹ ਖੁਦਮੁਖਤਾਰੀ ਦੇ ਏਜੰਡੇ ਤੋਂ ਪਿੱਛੇ ਹਟ ਰਿਹਾ ਹੈ।***

ਮੋਦੀ ਸਰਕਾਰ ਵਲੋਂ ਕਿਸਾਨਾਂ ਨੂੰ ਮੰਡੀ ਸ਼ਕਤੀਆਂ ਦੇ ਸਹਾਰੇ ਛੱਡਣ ਦੇ ਫੈਸਲੇ ਨੇ ਨਾ ਸਿਰਫ ਘੱਟੋ-ਘੱਟ ਖਰੀਦ ਮੁੱਲ ਦੀ ਗਰੰਟੀ ਦੇਣ ਵਾਲੇ ਮੰਡੀਕਰਨ ਸਿਸਟਮ ਦੀਆਂ ਜੜ੍ਹਾਂ ਹਿਲਾ ਕੇ ਇਹਨੂੰ ਬੇਮਾਇਨਾ ਕਰ ਦੇਣਾ ਹੈ ਸਗੋਂ ਇਹ ਪਹਿਲਾਂ ਹੀ ਕਮਜ਼ੋਰ ਕਰ ਦਿੱਤੇ ਗਏ ਕੇਂਦਰ-ਰਾਜ ਸਬੰਧਾਂ ਦੀ ਵਿਆਖਿਆ ਕਰਨ ਵਾਲੇ ਮੁਲਕ ਦੇ ਫੈਡਰਲ ਢਾਂਚੇ ਨੂੰ ਵੀ ਹੋਰ ਪੇਤਲਾ ਕਰੇਗਾ। ਇਸ ਵਰਤਾਰੇ ਦੌਰਾਨ ਹਕੀਕੀ ਫੈਡਰਲ ਢਾਂਚਾ ਲਾਗੂ ਕਰਨ ਅਤੇ ਕਿਸਾਨੀ ਹਿੱਤਾਂ ਲਈ ਲੰਮੀ ਲੜਾਈ ਲੜਨ ਵਾਲੇ ਸ਼੍ਰੋਮਣੀ ਅਕਾਲੀ ਦਲ ਨੇ ਸੰਘ ਪਰਿਵਾਰ ਦੇ ਖੇਤਰੀ ਪਛਾਣਾਂ ਨੂੰ ਪੇਤਲਾ ਕਰਨ ਦੇ ਏਜੰਡੇ ਦੀ ਹਮਾਇਤ ਕਰ ਕੇ ਵੱਡੀ ਗਲਤੀ ਕਰ ਲਈ ਜਾਪਦੀ ਹੈ। ਅਕਾਲੀ ਦਲ ਲਈ ਇਹ ਹੋਰ ਵੀ ਵੱਡੀ ਤ੍ਰਾਸਦੀ ਹੈ ਕਿ ਇਸ ਦੀ ਮੌਜੂਦਾ ਲੀਡਰਸ਼ਿਪ ਸਭ ਕੁਝ ਜਾਣਦਿਆਂ-ਬੁਝਦਿਆਂ ਵੀ ਸੰਘ ਪਰਿਵਾਰ ਦੇ ਘੱਟ ਗਿਣਤੀਆਂ ਦੀ ਵੱਖਰੀ ਪਛਾਣ ਅਤੇ



**ਜਗਤਾਰ ਸਿੰਘ**
ਫੋਨ: +91-97797-11201

ਖੇਤਰੀ ਅਕਾਂਖਿਆਵਾਂ ਨੂੰ ਕਮਜ਼ੋਰ ਕਰਨ ਦੇ ਇਸ ਏਜੰਡੇ ਵਿਚ ਫਸ ਗਈ ਹੈ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਸੂਬੇ ਵਿਚ ਕਾਂਗਰਸ ਸਰਕਾਰ ਦੀ ਅਗਵਾਈ ਕਰ ਰਹੇ ਕੈਪਟਨ ਅਮਰਿੰਦਰ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਇਸ ਮਾਮਲੇ 'ਤੇ ਆਪੋ-ਆਪਣੀਆਂ ਪਾਰਟੀਆਂ ਦੇ ਪੈਂਤੜਿਆਂ ਤੋਂ ਬਿਲਕੁਲ ਉਲਟ ਸਟੈਂਡ ਲੈ ਰਹੇ ਹਨ। ਕੇਂਦਰ-ਰਾਜ ਸਬੰਧਾਂ ਦੇ ਇਸ ਨਾਜ਼ੁਕ ਮੁੱਦੇ ਉਤੇ ਕੈਪਟਨ ਅਮਰਿੰਦਰ ਸਿੰਘ ਦੇ ਆਏ ਬਿਆਨ ਵਿਚਲੀ ਸ਼ਬਦਾਵਲੀ ਅਤੇ ਮੁਹਾਵਰਾ ਬਿਲਕੁਲ ਉਹੀ ਹੈ ਜੋ ਕਿਸੇ ਵੇਲੇ ਸ਼੍ਰੋਮਣੀ ਅਕਾਲੀ ਦਲ ਵਰਤਦਾ ਹੁੰਦਾ ਸੀ। ਅਕਾਲੀ ਦਲ ਉਹ ਪਾਰਟੀ ਹੈ ਜਿਸ ਨੇ 1968 ਵਿਚ ਆਪਣੀ ਬਟਾਲਾ ਕਾਨਫਰੰਸ ਵਿਚ ਸੂਬਿਆਂ ਦੀ ਖੁਦਮੁਖਤਾਰੀ ਦਾ ਮਤਾ ਪਾਸ ਕਰ ਕੇ ਇਸ ਮੁੱਦੇ ਉਤੇ ਲੰਮੀ ਲੜਾਈ ਲੜੀ ਪਰ ਹੁਣ ਇਸ ਪਾਰਟੀ ਨੇ ਆਪਣੇ ਆਪ ਨੂੰ ਰਾਜ ਸੱਤਾ ਹਥਿਆਉਣ ਤੱਕ ਮਹਿਦੂਦ ਕਰ ਲਿਆ ਜਾਪਦਾ ਹੈ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੀ ਪਤਨੀ ਅਤੇ ਕੇਂਦਰ ਸਰਕਾਰ ਵਿਚ ਕੈਬਨਿਟ ਮੰਤਰੀ ਹਰਸਿਮਰਤ ਕੌਰ ਬਾਦਲ ਵਲੋਂ ਮੋਦੀ ਸਰਕਾਰ ਦੇ ਖੇਤੀ ਸੁਧਾਰਾਂ ਬਾਰੇ ਜਾਰੀ ਕੀਤੇ ਆਰਡੀਨੈਂਸ ਦੀ ਹਮਾਇਤ ਕਰਨ ਦੇ ਚੌਵੀ ਘੰਟਿਆਂ ਦੇ ਅੰਦਰ ਅੰਦਰ ਹੀ ਇਸ ਫੈਸਲੇ ਨੂੰ ਜਾਇਜ਼ ਠਹਿਰਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਤੋਂ ਇਕ ਦਿਨ ਪਹਿਲਾਂ ਪਾਰਟੀ ਦੇ ਜਨਰਲ ਸਕੱਤਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਸੀ ਕਿ ਪਾਰਟੀ ਸੂਬਿਆਂ ਦੇ ਅਧਿਕਾਰਾਂ ਉਤੇ ਮਾਰਿਆ ਜਾ ਰਿਹਾ ਦਾਬਾ ਬਿਲਕੁਲ ਸਹਿਣ ਨਹੀਂ ਕੀਤਾ ਜਾਵੇਗਾ ਅਤੇ ਸੂਬਿਆਂ ਨੂੰ ਵੱਧ ਅਧਿਕਾਰਾਂ ਤੇ ਖੁਦਮੁਖਤਾਰੀ ਦੇ ਮੁੱਦੇ ਉਤੇ ਪਾਰਟੀ ਦੇ ਇਤਿਹਾਸਕ ਸਟੈਂਡ ਨੂੰ ਕਾਇਮ ਰੱਖਣ ਲਈ ਕੋਈ ਵੀ ਕੁਰਬਾਨੀ ਦਿੱਤੀ ਜਾ ਸਕਦੀ ਹੈ।

ਬਾਦਲਾਂ ਨੇ ਮੋਦੀ ਸਰਕਾਰ ਦੇ ਇਸ ਫੈਸਲੇ ਨੂੰ ਕਿਸਾਨ ਪੱਖੀ ਕਹਿ ਕੇ ਸਲਾਹਿਆ ਹੈ ਜਦੋਂ ਕਿ ਇਹ ਕਿਸੇ ਨੂੰ ਭੁੱਲਿਆ ਨਹੀਂ ਕਿ ਇਸ ਫੈਸਲੇ ਨਾਲ ਕਿਸਾਨਾਂ ਦੀ ਲੁੱਟ ਦਾ ਰਾਹ ਖੁੱਲ੍ਹ ਗਿਆ ਹੈ। ਉਹ ਹੁਣ ਕਾਰਪੋਰੇਟ ਘਰਾਣਿਆਂ ਦੇ ਰਹਿਮੋ-ਕਰਮ ਉਤੇ ਰਹਿ ਜਾਣਗੇ। ਹੁਣ ਖੇਤੀ ਜਿਣਸਾਂ ਦੇ ਖਰੀਦ-ਵੇਚ ਵਿਚ ਸਰਕਾਰ ਦੀ ਥਾਂ ਕਾਰਪੋਰੇਟ ਘਰਾਣੇ ਅਤੇ ਬਹੁਕੌਮੀ ਕੰਪਨੀਆਂ ਹੀ ਮੰਡੀ ਦੀ ਦਿਸ਼ਾ ਅਤੇ ਦਸ਼ਾ ਤੈਅ ਕਰਨਗੀਆਂ।

ਇਸ ਨਵੇਂ ਸਿਸਟਮ ਵਿਚ ਸਭ ਤੋਂ ਵੱਡੀ ਸੱਟ ਪੰਜਾਬ ਨੂੰ ਲੱਗੇਗੀ ਜਿਹੜਾ ਮੁਲਕ ਦੇ ਅੰਨ ਭੰਡਾਰ ਵਿਚ ਸਭ ਤੋਂ ਵੱਡਾ ਹਿੱਸਾ ਪਾ ਕੇ ਦੇਸ਼ ਨੂੰ ਅੰਨ ਪੱਖੋਂ ਸੁਰੱਖਿਆ ਮੁਹੱਈਆ ਕਰਦਾ ਹੈ। ਸੂਬੇ ਵਿਚ ਪੈਦਾ ਹੁੰਦਾ ਕਣਕ ਅਤੇ ਚੌਲਾਂ ਦਾ ਇੱਕ-ਇੱਕ ਦਾਣਾ ਸੂਬਾ ਸਰਕਾਰ ਵਲੋਂ, ਕੇਂਦਰ ਸਰਕਾਰ ਤਰਫੋਂ ਮਿੱਥੀ ਗਈ ਘੱਟੋ-ਘੱਟ ਖਰੀਦ ਕੀਮਤ ਉਤੇ ਖਰੀਦਿਆ ਜਾਂਦਾ ਹੈ। ਪੂਰੇ ਮੁਲਕ ਵਿਚ ਸਿਰਫ ਹਰਿਆਣਾ ਵਿਚ ਮੰਡੀਕਰਨ ਦਾ ਇਹ ਸਿਸਟਮ ਹੈ, ਉਹ ਵੀ ਇਸ ਕਰ ਕੇ ਕਿਉਂਕਿ ਹਰਿਆਣਾ ਪਹਿਲਾਂ ਪੰਜਾਬ ਦਾ ਹੀ ਹਿੱਸਾ ਸੀ। ਕੇਂਦਰ ਸਰਕਾਰ ਨੇ ਹੁਣ ਇਹ ਫੈਸਲਾ ਕਰ ਲਿਆ ਹੈ ਕਿ ਉਹ ਸਿਰਫ ਉਸ ਮਾਤਰਾ ਵਿਚ ਕਣਕ ਅਤੇ ਚੌਲ ਖਰੀਦੇਗੀ ਜਿੰਨੇ ਉਸ ਨੂੰ ਜਨਤਕ ਵੰਡ ਪ੍ਰਣਾਲੀ ਅਤੇ ਸੰਕਟ ਲਈ ਭੰਡਾਰ ਕਰਨ ਲਈ ਚਾਹੀਦੇ ਹੋਣਗੇ। ਹੁਣ ਵੀ ਸਰਕਾਰੀ ਏਜੰਸੀਆਂ ਕਣਕ ਅਤੇ ਚੌਲਾਂ ਤੋਂ ਬਿਨਾਂ ਉਹ ਜਿਣਸਾਂ ਨਹੀਂ ਖਰੀਦਦੀਆਂ ਜਿਹੜੀਆਂ ਲਈ ਸਰਕਾਰ ਵਲੋਂ ਘੱਟੋ-ਘੱਟ ਖਰੀਦ ਮੁੱਲ ਮਿੱਥਿਆ ਗਿਆ ਹੁੰਦਾ ਹੈ। ਮੋਦੀ ਸਰਕਾਰ ਦੇ ਕੀਤੇ ਫੈਸਲੇ ਬਾਰੇ ਸਮਝਣ ਵਾਲਾ ਇਹੀ ਨੁਕਤਾ ਹੈ। ਇਸ ਸਾਰੇ ਸਿਸਟਮ ਦਾ ਕੇਂਦਰੀ ਨੁਕਤਾ ਇਹ ਹੈ ਕਿ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੂੰ ਕਣਕ-ਝੋਨੇ ਲਈ ਮਿੱਥੇ ਗਏ ਘੱਟੋ-ਘੱਟ ਮੁੱਲ ਦੇਣ ਦੀ ਗਰੰਟੀ ਵਾਲੀ ਮਿਲਦੀ ਮੰਡੀ ਹੁਣ ਮੋਦੀ ਸਰਕਾਰ ਦੇ ਫੈਸਲੇ ਨਾਲ ਖੁੱਸ ਜਾਵੇਗੀ। ਇਹੀ ਕਾਰਨ ਹੈ ਕਿ ਦੂਜੀਆਂ ਜਿਣਸਾਂ ਵਾਂਗ ਕਣਕ-ਝੋਨੇ ਉਤੇ ਐਲਾਨੀ ਜਾਣ ਵਾਲੀ ਘੱਟੋ-ਘੱਟ ਖਰੀਦ ਕੀਮਤ ਹੁਣ ਬੇਮਾਇਨਾ ਬਣ ਕੇ ਰਹਿ ਜਾਵੇਗੀ।

ਹਰ ਖਰੀਦ ਰੁੱਤ ਸਮੇਂ ਖੇਤੀ ਜਿਣਸਾਂ ਦੇ ਭਾਅ ਵਿਚ ਗਿਰਾਵਟ ਆ ਜਾਂਦੀ ਸੀ ਅਤੇ ਘੱਟੋ-ਘੱਟ ਖਰੀਦ ਮੁੱਲ ਦਾ ਪ੍ਰਬੰਧ ਮੰਡੀ ਵਿਚ ਸਰਕਾਰ ਦੀ ਦਖਲਅੰਦਾਜ਼ੀ ਕਰਵਾਉਣ ਲਈ ਕੀਤਾ ਗਿਆ ਸੀ ਤਾਂ ਕਿ ਮੰਡੀ ਸ਼ਕਤੀਆਂ ਉਤੇ ਕੰਟਰੋਲ ਰੱਖਿਆ ਜਾ ਸਕੇ। ਘੱਟੋ-ਘੱਟ ਖਰੀਦ ਮੁੱਲ ਦਾ ਇਹ ਸਿਸਟਮ ਪੰਜਾਬ ਵਿਚ ਬਹੁਤ ਕਾਮਯਾਬ ਹੋਇਆ। ਸੂਬੇ ਵਿਚ ਮੰਡੀਕਰਨ ਦਾ ਸਿਸਟਮ ਪਹਿਲਾਂ ਹੀ ਮੌਜੂਦ ਸੀ ਜਿਹੜਾ ਸਰਕਾਰ ਦੇ ਦਖਲ ਨਾਲ ਹੋਰ ਵਿਕਸਤ ਹੋ ਗਿਆ। ਮੰਡੀਕਰਨ ਦਾ ਇਹ ਸਿਸਟਮ ਸੂਬੇ ਅੰਦਰ 1967 ਵਿਚ ਬਣੀਆਂ ਪਿੰਡਾਂ ਦੀਆਂ ਲਿੰਕ ਸੜਕਾਂ ਬਣਨ ਨਾਲ ਹੋਰ ਮਜ਼ਬੂਤ ਹੋਇਆ। ਪੰਜਾਬ ਮੰਡੀ ਬੋਰਡ ਸੂਬੇ ਵਿਚ ਸਿਰਫ ਦਾਣਾ ਮੰਡੀਆਂ ਹੀ ਨਹੀਂ ਲਾਉਂਦਾ ਬਲਕਿ ਮੰਡੀਆਂ ਵਿਚੋਂ ਹੋਣ ਵਾਲੀ ਆਮਦਨ ਨਾਲ ਪਿੰਡਾਂ ਦੀਆਂ ਲਿੰਕ ਸੜਕਾਂ ਬਣਾਉਣ ਅਤੇ ਇਨ੍ਹਾਂ ਦੇ ਸਾਂਭ-ਸੰਭਾਲ ਵੀ ਕਰਦਾ ਹੈ। ਇਸ ਦੀ ਆਮਦਨ ਨੂੰ ਲੱਗਣ ਵਾਲੇ ਖੋਰੇ ਨੇ ਪਿੰਡਾਂ ਦੇ ਵਿਕਾਸ ਉਤੇ ਬਹੁਤ ਸਖਤ ਸੱਟ ਮਾਰਨੀ ਹੈ।

ਕੇਂਦਰ ਇਹ ਦਾਅਵਾ ਕਰ ਰਿਹਾ ਹੈ ਕਿ ਘੱਟੋ-ਘੱਟ ਖਰੀਦ ਮੁੱਲ ਦੇ ਸਿਸਟਮ ਨੂੰ ਛੇੜਿਆ ਨਹੀਂ ਜਾਵੇਗਾ ਪਰ ਨਵਾਂ ਸਿਸਟਮ ਇਹ ਗਰੰਟੀ ਨਹੀਂ ਦੇਵੇਗਾ ਕਿ ਘੱਟੋ-ਘੱਟ ਖਰੀਦ ਮੁੱਲ ਉਤੇ ਕਿਸਾਨਾਂ ਦੀ ਸਾਰੀ ਦੀ ਸਾਰੀ ਜਿਣਸ ਖਰੀਦੀ ਜਾਵੇਗੀ। ਸਰਕਾਰ ਵਲੋਂ ਕਿੰਨੀਆਂ ਹੀ ਖੇਤੀ ਜਿਣਸਾਂ ਦਾ ਘੱਟੋ-ਘੱਟ ਸਮਰਥਨ ਮੁੱਲ ਹਰ ਵਾਰ ਐਲਾਨਿਆ ਜਾਂਦਾ ਹੈ ਪਰ ਸਰਕਾਰੀ ਏਜੰਸੀਆਂ ਵਲੋਂ ਇਹ ਜਿਣਸਾਂ ਨਾ ਖਰੀਦਣ ਕਰ ਕੇ ਇਸ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ। ਮੱਕੀ ਦੀ ਉਦਾਹਰਣ ਸਾਡੇ ਸਾਹਮਣੇ ਹੈ।

ਖੇਤੀ ਸੁਧਾਰਾਂ ਦ ਬਹਾਨੇ ਜਾਰੀ ਆਰਡੀਨੈਂਸਾਂ ਦੇ ਹੱਕ ਵਿਚ ਇਹ ਕਿਹਾ ਜਾ ਰਿਹਾ ਹੈ ਕਿ ਕਿਸਾਨ ਨੂੰ ਆਪਣੀ ਜਿਣਸ ਪੂਰੇ ਮੁਲਕ ਵਿਚ ਕਿਤੇ ਵੀ ਵੇਚਣ ਦੀ ਖੁੱਲ੍ਹ ਹੋਵੇਗੀ। ਹਕੀਕਤ ਇਹ ਹੈ ਕਿ ਨੱਬੇ ਫੀਸਦੀ ਗਿਣਤੀ ਤਾਂ ਛੋਟੇ ਅਤੇ ਸੀਮਾਂਤ ਕਿਸਾਨਾਂ ਦੀ ਹੈ ਜਿਹੜੇ ਆਪਣੀ ਜਿਣਸ ਦੂਰ ਦੁਰਾਡੇ ਲਿਜਾ ਹੀ ਨਹੀਂ ਸਕਦੇ। ਇਸ ਲਈ ਇਸ ਖੁੱਲ੍ਹ ਦਾ ਕੋਈ ਮਾਇਨਾ ਨਹੀਂ। ਪੰਜਾਬ ਦੇ ਕਿਸਾਨਾਂ ਨੇ ਮੋਦੀ ਸਰਕਾਰ ਦੇ ਇਸ ਫੈਸਲੇ ਦਾ ਜ਼ੋਰਦਾਰ ਵਿਰੋਧ ਕੀਤਾ ਹੈ ਜਦੋਂ ਕਿ ਅਕਾਲੀ ਦਲ ਉਤੇ ਕੰਟਰੋਲ ਕਰ ਰਹੇ ਹਰਸਿਮਰਤ ਕੌਰ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਦੀ ਜੋੜੀ ਨੇ ਇਸ ਫੈਸਲੇ ਦੀ ਓਨੇ ਹੀ ਜ਼ੋਰ ਨਾਲ ਹਮਾਇਤ ਕੀਤੀ ਹੈ।

ਇਸ ਨਵੇਂ ਸਿਸਟਮ ਦੀ ਅਸਲੀਅਤ ਜਾਣਨ ਲਈ ਸਾਨੂੰ ਅਮਰੀਕਾ ਵਰਗੇ ਕਈ ਮੁਲਕਾਂ ਵਿਚ ਪਹਿਲਾਂ ਹੀ ਲਾਗੂ ਇਸ ਸਿਸਟਮ ਨੂੰ ਸਮਝਣਾ ਪਵੇਗਾ ਜਿਸ ਨੇ ਇਨ੍ਹਾਂ ਮੁਲਕਾਂ ਵਿਚ ਖੇਤੀ ਜਿਣਸਾਂ ਦੀਆਂ ਕੀਮਤਾਂ ਵਿਚ ਲਗਾਤਾਰ ਗਿਰਾਵਟ ਲਿਆ ਕੇ ਕਿਸਾਨੀ ਹਿੱਤਾਂ ਉਤੇ ਜ਼ੋਰਦਾਰ ਸੱਟ ਮਾਰੀ ਹੈ। ਸਾਡਾ ਖੇਤੀ ਢਾਂਚਾ ਅਤੇ ਅਮਰੀਕਾ ਦੇ ਖੇਤੀ ਢਾਂਚੇ ਵਿਚ ਬਹੁਤ ਵੱਡਾ ਅੰਤਰ ਹੈ। ਸਾਡਾ ਖੇਤੀ ਢਾਂਚਾ ਬਹੁਤ ਵੱਡੀ ਗਿਣਤੀ ਵਿਚ ਲੋਕਾਂ ਨੂੰ ਖੁਰਾਕ ਅਤੇ ਰੁਜ਼ਗਾਰ ਮੁਹੱਈਆ ਕਰਦਾ ਹੈ। ਜੇ ਇਹ ਢਾਂਚਾ ਢਹਿ ਢੇਰੀ ਹੁੰਦਾ ਹੈ ਤਾਂ ਮੁਲਕ ਵਿਚ ਵੱਡੀ ਪੱਧਰ ਉਤੇ ਬੇਰੁਜ਼ਗਾਰੀ ਅਤੇ ਭੁੱਖਮਰੀ ਫੈਲ ਸਕਦੀ ਹੈ।

'ਇੱਕ ਮੁਲਕ ਇੱਕ ਮੰਡੀ' ਦੀ ਸੋਚ ਇੱਕ ਹਿਸਾਬ ਨਾਲ ਮੁਲਕ ਵਿਚ ਇੱਕਭਾਂਤੀ ਸਮਾਜ ਸਿਰਜਣ ਦੇ ਏਜੰਡੇ ਵਿਚੋਂ ਨਿਕਲੀ ਹੈ। ਇਹ ਏਜੰਡਾ ਅਨੇਕਤਾ, ਬਹੁਭਾਂਤੀ ਅਤੇ ਖੇਤਰੀ ਸੱਧਰਾਂ ਨੂੰ ਢੁੱਕਵੀਂ ਥਾਂ ਦੇਣ ਵਾਲੇ ਸਮਾਜ ਦੀਆਂ ਜੜ੍ਹਾਂ ਉਤੇ ਸੱਟ ਮਾਰਦਾ ਹੈ ਜਿਹੜਾ ਹਿੰਦੋਸਤਾਨੀ ਸਮਾਜ ਦਾ ਵਿਸ਼ੇਸ਼ ਲੱਛਣ, ਪਛਾਣ ਅਤੇ ਗੁਣ ਹੈ। ਹਿੰਦੋਸਤਾਨ ਵੱਖ-ਵੱਖ ਰਾਜਾਂ ਦਾ ਜੁੱਟ ਹੈ। ਕਾਂਗਰਸ ਦੇ ਸਮੇਂ ਤੋਂ ਹੀ ਮੁਲਕ ਦੇ ਇਸ ਰਾਜਨੀਤਕ ਢਾਂਚੇ ਨੂੰ ਲਾਏ ਜਾ ਰਹੇ ਖੋਰੇ ਦੀ ਗਤੀ ਅਤੇ ਤੀਬਰਤਾ ਭਾਰਤੀ ਜਨਤਾ ਪਾਰਟੀ ਦੇ ਦੌਰ ਵਿਚ ਬਹੁਤ ਜ਼ਿਆਦਾ ਵਧ ਗਈ ਹੈ। ਅਮਲ ਵਿਚ ਨਾ ਸਹੀ, ਕਾਂਗਰਸ ਘੱਟੋ-ਘੱਟ ਸਿਧਾਂਤ ਜਾਂ ਸੰਕਲਪ ਦੇ ਪੱਧਰ ਉਤੇ ਤਾਂ ਅਨੇਕਤਾ ਅਤੇ ਬਹੁਲਤਾ ਨੂੰ ਮਾਨਤਾ ਦਿੰਦੀ ਸੀ ਪਰ ਭਾਰਤੀ ਜਨਤਾ ਪਾਰਟੀ ਨੇ ਆਪਣੇ ਏਜੰਡੇ ਬਾਰੇ ਕੋਈ ਲੁਕੋ ਨਹੀਂ ਰੱਖਿਆ। ਇਸ ਏਜੰਡੇ ਦੀ ਲਾਗਤਾਰ ਹਮਾਇਤ ਕਰ ਕੇ ਇਹ ਸਮਝਿਆ ਜਾਂਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਆਪ ਨੂੰ ਬੜੀ ਕਸੂਤੀ ਹਾਲਤ ਵਿਚ ਫਸਾ ਲਿਆ ਹੈ।

ਅਕਾਲੀ ਦਲ ਕਈ ਸਾਲਾਂ ਤੋਂ ਆਪਣੇ ਇਤਿਹਾਸਕ ਏਜੰਡੇ ਤੋਂ ਲਗਾਤਾਰ ਪਿੱਛੇ ਹਟ ਰਿਹਾ ਹੈ। ਪਾਰਟੀ ਨੇ ਜੰਮੂ ਕਸ਼ਮੀਰ ਤੋਂ ਵਿਸ਼ੇਸ਼ ਦਰਜਾ ਵਾਪਸ ਲੈ ਕੇ ਇਸ ਨੂੰ ਕੇਂਦਰੀ ਪ੍ਰਬੰਧ ਵਾਲੀਆਂ ਦੋ ਪ੍ਰਸ਼ਾਸਨਿਕ ਇਕਾਈਆਂ ਤੱਕ ਮਹਿਦੂਦ ਕਰ ਦੇਣ ਦੇ ਕਾਨੂੰਨਾਂ ਦੀ ਹਮਾਇਤ ਵੀ ਕੀਤੀ ਹੈ। ਯਾਦ ਰੱਖਣ ਦੀ ਲੋੜ ਹੈ ਕਿ ਅਕਾਲੀ ਦਲ ਨੇ ਇੱਕ ਸਮੇਂ ਆਪਣੇ ਚੋਣ ਮੈਨੀਫੈਸਟੋ ਵਿਚ ਜੰਮੂ ਕਸ਼ਮੀਰ ਦੀ ਤਰਜ਼ ਉਤੇ ਪੰਜਾਬ ਲਈ ਵੀ ਵਿਸ਼ੇਸ਼ ਦਰਜਾ ਅਤੇ ਅਧਿਕਾਰ ਦੀ ਮੰਗ ਵੀ ਕੀਤੀ ਸੀ। ਹੁਣ ਇਹ ਖੁਦਮੁਖਤਾਰੀ ਦੇ ਏਜੰਡੇ ਤੋਂ ਪਿੱਛੇ ਹਟ ਰਿਹਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਖੇਤੀ ਸੁਧਾਰਾਂ ਬਾਰੇ ਜਾਰੀ ਆਰਡੀਨੈਂਸ ਨਾਲ ਕੇਂਦਰ-ਰਾਜ ਸਬੰਧਾਂ ਦੀ ਹੁੰਦੀ ਉਲੰਘਣਾ ਦਾ ਮੂਲ ਮੁੱਦਾ ਉਠਾਇਆ ਹੈ। ਇਥੇ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਸਮੇਂ ਸਮੇਂ ਉਤੇ ਪੰਜਾਬ ਨਾਲ ਸਬੰਧਤ ਕਈ ਅਹਿਮ ਮੁੱਦਿਆਂ ਉਤੇ ਆਪਣੀ ਪਾਰਟੀ ਤੋਂ ਉਲਟ ਜਾ ਕੇ ਪੰਜਾਬ ਪੱਖੀ ਸਟੈਂਡ ਲੈਂਦੇ ਰਹੇ ਹਨ। ਸ੍ਰੀ ਦਰਬਾਰ ਸਾਹਿਬ ਉਤੇ ਫੌਜੀ ਹਮਲੇ ਦਾ ਵਿਰੋਧ ਅਤੇ ਦਰਿਆਈ ਪਾਣੀਆਂ ਦੇ ਸਮਝੌਤੇ ਰੱਦ ਕਰਨ ਦਾ ਕਾਨੂੰਨ ਪਾਸ ਕਰਨਾ ਮੁੱਖ ਉਦਾਹਰਣਾਂ ਹਨ। ਸੂਬਿਆਂ ਲਈ ਖੁਦਮੁਖਤਾਰੀ ਬਾਰੇ ਸਟੈਂਡ ਨੂੰ ਵੀ ਇਸੇ ਪ੍ਰਸੰਗ ਵਿਚ ਦੇਖਿਆ ਜਾਣਾ ਚਾਹੀਦਾ ਹੈ।

ਜੇ ਸ਼੍ਰੋਮਣੀ ਅਕਾਲੀ ਦਲ ਸਮਝਦਾ ਹੈ ਕਿ ਹੁਣ ਹਾਲਾਤ ਅਤੇ ਤਰਜੀਹਾਂ ਬਦਲ ਗਈਆਂ ਹਨ ਤਾਂ ਫਿਰ ਹੁਣ ਢੁਕਵਾਂ ਸਮਾਂ ਹੈ ਕਿ ਇਹ ਜਨਤਕ ਤੌਰ ਉਤੇ ਐਲਾਨ ਕਰ ਦੇਵੇ ਕਿ ਇਸ ਨੇ ਆਪਣੇ ਮੁੱਖ ਮੁੱਦੇ ਛੱਡ ਦਿੱਤੇ ਹਨ। ਪਾਰਟੀ ਨੇ ਪਹਿਲਾਂ ਹੀ ਆਪਣੀ ਇਤਿਹਾਸਕ ਵਿਰਾਸਤ ਨੂੰ ਤਜ ਕੇ ਆਪਣੇ ਆਪ ਨੂੰ ਮਹਿਜ਼ ਰਾਜ ਸੱਤਾ ਪ੍ਰਾਪਤੀ ਤੱਕ ਮਹਿਦੂਦ ਕਰ ਲਿਆ ਹੈ।

# ਤੱਥਾਂ ਬਾਰੇ ਸੰਘ ਬ੍ਰਿਗੇਡ ਦਾ ਝੂਠ

ਇਟਲੀ ਦੇ ਆਗੂ ਮੁਸੋਲਿਨੀ ਦੇ ਫਾਸ਼ੀ ਮਾਡਲ ਦੀ ਪੈਰੋਕਾਰ ਆਰ.ਐਸ.ਐਸ.-ਭਾਜਪਾ ਦਾ ਹਰ ਵਿਹਾਰਕ ਕਦਮ ਫਾਸ਼ੀਵਾਦੀ ਹੈ। ਸੰਘ ਬ੍ਰਿਗੇਡ ਨੇ ਪੁਰਅਮਨ ਮੁਜ਼ਾਹਰਾਕਾਰੀਆਂ ਨੂੰ ਪਿੱਛੇ ਜਿਹੇ ਉਤਰ-ਪੂਰਬੀ ਦਿੱਲੀ 'ਚ ਹੋਈ ਹਿੰਸਾ ਦੇ ਸਾਜ਼ਿਸ਼ਘਾੜੇ ਸਾਬਤ ਕਰਨ ਲਈ ਪੂਰੀ ਤਾਕਤ ਝੋਕੀ ਹੋਈ ਹੈ। ਪੁਲਿਸ, ਜਾਂਚ ਏਜੰਸੀਆਂ, ਨਿਆਂ ਪ੍ਰਣਾਲੀ ਸਮੇਤ ਰਾਜ ਮਸ਼ੀਨਰੀ ਦੇ ਵੱਡੇ ਹਿੱਸੇ ਦਾ ਸੰਘ ਦੀਆਂ ਸ਼ਾਖਾਵਾਂ ਵਾਂਗ ਕੰਮ ਕਰਨਾ ਅਤੇ ਸੋਸ਼ਲ ਮੀਡੀਆ ਤੇ ਗੋਦੀ ਮੀਡੀਆ ਉਪਰ ਝੂਠ ਪ੍ਰਚਾਰਨਾ ਹੀ ਕਾਫੀ ਨਹੀਂ ਜਾਪਦਾ; ਪੁਲਿਸ ਦੀ 'ਜਾਂਚ' ਅਤੇ ਅਦਾਲਤੀ ਫੈਸਲਿਆਂ ਨੂੰ ਵਾਜਬੀਅਤ ਮੁਹੱਈਆ ਕਰਨ ਲਈ ਹੋਰ ਮੁਹਾਜ਼ ਵੀ ਜ਼ਰੂਰੀ ਸਮਝੇ ਜਾ ਰਹੇ ਹਨ। ਨਿਰਪੱਖ ਨਾਗਰਿਕ ਸੰਸਥਾਵਾਂ ਅਕਸਰ ਹੀ ਪੁਲਿਸ ਮੁਕਾਬਲਿਆਂ, ਰਾਜਕੀ ਦਹਿਸ਼ਤਵਾਦ, ਸਟੇਟ ਦੀ ਸਰਪ੍ਰਸਤੀ ਵਾਲੇ ਹਿੰਦੂਤਵ ਦਹਿਸ਼ਤਵਾਦ ਬਾਰੇ ਤੱਥ ਖੋਜ ਰਿਪੋਰਟਾਂ ਰਾਹੀਂ ਜ਼ਮੀਨੀ ਹਕੀਕਤ

**ਬੂਟਾ ਸਿੰਘ**
ਫੋਨ: +91-94634-74342

ਸਾਹਮਣੇ ਲਿਆਉਂਦੀਆਂ ਹਨ। ਸੱਤਾਧਾਰੀ ਸੰਘ ਬ੍ਰਿਗੇਡ ਨੇ ਇਹੀ ਹਥਿਆਰ ਮਜ਼ਲੂਮਾਂ ਵਿਰੁਧ ਵਰਤਣ ਦੀ ਬੇਸ਼ਰਮੀ ਸ਼ੁਰੂ ਕੀਤੀ ਹੋਈ ਹੈ। ਤੱਥ ਖੋਜ ਦਾ ਢੌਂਗ ਰਚਿਆ ਜਾਂਦਾ ਹੈ ਅਤੇ ਕੁਝ ਵਿਅਕਤੀਆਂ ਕੋਲੋਂ ਰਿਪੋਰਟ ਜਾਰੀ ਕਰਵਾ ਕੇ ਸੱਤਾਧਾਰੀ ਮੁਜਰਿਮਾਂ ਨੂੰ ਕਲੀਨ ਚਿੱਟ ਦਿਵਾਈ ਜਾਂਦੀ ਹੈ ਅਤੇ ਪੁਲਿਸ/ਜਾਂਚ ਏਜੰਸੀਆਂ ਦੇ ਹੱਕ ਵਿਚ ਲੋਕ ਰਾਇ ਤਿਆਰ ਕੀਤੀ ਜਾਂਦੀ ਹੈ।

29 ਮਈ ਨੂੰ ਦਿੱਲੀ ਆਧਾਰਤ ਐਨਜੀਓ 'ਕਾਲ ਫਾਰ ਜਸਟਿਸ' ਨੇ ਇਕ ਰਿਪੋਰਟ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸੌਂਪੀ। ਇਸ ਕਮੇਟੀ ਦਾ ਚੇਅਰਮੈਨ ਬੰਬਈ ਹਾਈਕੋਰਟ ਦਾ ਰਿਟਾਇਰਡ ਜੱਜ ਅੰਬਾਦਾਸ ਜੋਸ਼ੀ ਹੈ ਅਤੇ ਰਿਟਾਇਰਡ ਆਈ.ਏ.ਐਸ. ਐਮ.ਐਲ. ਮੀਣਾ, ਰਿਟਾਇਰਡ ਆਈ.ਪੀ.ਐਸ. ਵਿਵੇਕ ਦੂਬੇ, ਏਮਜ਼ ਦਾ ਸਾਬਕਾ ਡਾਇਰੈਕਟਰ ਟੀ.ਡੀ. ਡੋਗਰਾ, ਸੋਸ਼ਲ ਕਾਰੋਬਾਰੀ ਨੀਰਾ ਮਿਸ਼ਰਾ ਅਤੇ ਵਕੀਲ ਨੀਰਜ ਅਰੋੜਾ ਇਸ ਦੇ ਮੈਂਬਰ ਹਨ। ਪ੍ਰਸ਼ਾਸਨਿਕ ਸੇਵਾਵਾਂ ਅਤੇ ਰਾਜ ਢਾਂਚੇ ਅੰਦਰ ਸੰਘ ਦੀ ਡੂੰਘੀ ਘੁਸਪੈਠ ਹੈ, ਥੋੜ੍ਹੀ ਘੋਖ ਕਰਨ 'ਤੇ ਇਨ੍ਹਾਂ ਸਾਰਿਆਂ ਦੀ ਪੈੜ ਸੰਘ ਪਰਿਵਾਰ ਵਿਚ ਜਾ ਲੱਭਦੀ ਹੈ। ਇਹ ਰਿਪੋਰਟਾਂ ਭਗਵੇਂ 'ਥਿੰਕ ਟੈਂਕ' ਦੇ ਦਿਮਾਗ ਦੀ ਕਾਢ ਹਨ, ਇਸ ਲਈ ਸ਼ਾਇਦ ਹੀ ਕਿਸੇ ਨੂੰ ਭੁਲੇਖਾ ਹੋਵੇ ਕਿ ਤੱਥ ਖੋਜ ਦੇ ਨਾਂ ਹੇਠ ਇਸ ਕਵਾਇਦ ਦਾ ਮਨੋਰਥ ਕੀ ਹੈ।

ਦਿੱਲੀ ਦੀਆਂ ਮੁੱਖ ਯੂਨੀਵਰਸਿਟੀਆਂ ਦੇ ਜਾਗਰੂਕ ਵਿਦਿਆਰਥੀਆਂ ਉਪਰ ਸੰਘ ਬ੍ਰਿਗੇਡ ਦੇ ਹਮਲਿਆਂ ਤੋਂ ਲੈ ਕੇ ਕਰੋਨਾ ਵਾਇਰਸ ਲਾਗ ਦੇ ਬਹਾਨੇ ਸ਼ਾਹੀਨ ਬਾਗ ਦੇ ਪੁਰਅਮਨ ਮੋਰਚੇ ਨੂੰ ਪੁਲਿਸ ਵੱਲੋਂ ਖਦੇੜਨ ਦੇ ਘਟਨਾਕ੍ਰਮ ਵਿਚ ਹੁਕਮਰਾਨ ਧਿਰ ਧੱਕੇਸ਼ਾਹੀ ਦੇ ਤੱਥਾਂ ਨੂੰ ਮੀਡੀਆ ਦਾ ਨਿਰਪੱਖ ਹਿੱਸਾ ਦੁਨੀਆਂ ਅੱਗੇ ਪੇਸ਼ ਕਰਦਾ ਰਿਹਾ ਹੈ। ਮੀਡੀਆ ਕਵਰੇਜ਼ ਅਤੇ ਆਜ਼ਾਦਾਨਾ ਰਿਪੋਰਟਾਂ ਕਾਰਨ ਹੋਰ ਮੁਲਕਾਂ ਦੇ ਨਿਆਂਪਸੰਦ ਬੁੱਧੀਜੀਵੀ ਅਤੇ ਮਨੁੱਖੀ ਹੱਕਾਂ ਦੀਆਂ ਸੰਸਥਾਵਾਂ ਭਾਰਤ ਸਰਕਾਰ ਨੂੰ ਲਗਾਤਾਰ ਸਵਾਲ ਕਰ ਰਹੇ ਹਨ। ਹਾਲ ਹੀ ਵਿਚ ਅਮਰੀਕਾ ਦੇ ਵਕੀਲਾਂ ਅਤੇ ਕਾਨੂੰਨ ਦੇ ਵਿਦਿਆਰਥੀਆਂ ਦੀ ਸਭ ਤੋਂ ਵੱਕਾਰੀ ਸੰਸਥਾ 'ਅਮਰੀਕਨ ਬਾਰ ਐਸੋਸੀਏਸ਼ਨ' ਦੇ ਸੈਂਟਰ ਫਾਰ ਹਿਊਮਨ ਰਾਈਟਸ ਨੇ ਆਪਣੀ ਰਿਪੋਰਟ ਵਿਚ ਸਫੂਰਾ ਜ਼ਰਗਰ ਮਾਮਲੇ ਵਿਚ ਕੌਮਾਂਤਰੀ ਸੰਧੀਆਂ ਦੇ ਹਵਾਲੇ ਨਾਲ ਭਾਰਤ ਸਰਕਾਰ ਅਤੇ ਅਦਾਲਤੀ ਰਵੱਈਏ ਉਪਰ ਸਵਾਲ ਉਠਾਏ ਹਨ। ਨੋਮ ਚੌਮਸਕੀ ਸਮੇਤ ਦੁਨੀਆਂ ਦੇ 160 ਬੁੱਧੀਜੀਵੀਆਂ, ਪੈਨ ਇੰਟਰਨੈਸ਼ਨਲ, ਐਮਨੈਸਟੀ ਇੰਟਰਨੈਸ਼ਨਲ ਆਦਿ ਨੇ ਪ੍ਰੋਫੈਸਰ ਸਾਈਬਾਬਾ, ਪ੍ਰੋਫੈਸਰ ਵਰਾਵਰਾ ਰਾਓ ਅਤੇ ਹੋਰ ਉਘੀਆਂ ਸ਼ਖਸੀਅਤਾਂ ਨੂੰ ਜ਼ਮਾਨਤ ਨਾ ਦੇਣ ਕਾਰਨ ਭਾਰਤੀ ਹੁਕਮਰਾਨਾਂ ਨੂੰ ਫਿਟਕਾਰ ਪਾਈ ਹੈ। ਇਹ ਆਵਾਜ਼ਾਂ ਸੰਘ ਬ੍ਰਿਗੇਡ ਨੂੰ ਪ੍ਰੇਸ਼ਾਨ ਕਰਦੀਆਂ ਹਨ। ਇਸੇ ਵਿਚੋਂ ਭਗਵੇਂ 'ਥਿੰਕ ਟੈਂਕ' ਨੂੰ ਰਾਜਕੀ ਪੁਸ਼ਤਪਨਾਹੀ ਹੇਠ ਘਚੋਲਾ ਪਾਊ ਜਾਅਲੀ ਤੱਥ-ਖੋਜ ਰਿਪੋਰਟਾਂ ਦੀ ਜ਼ਰੂਰਤ ਮਹਿਸੂਸ ਹੋਈ ਲੱਗਦੀ ਹੈ।



ਭੀਮਾ-ਕੋਰੇਗਾਓਂ ਮਾਮਲੇ ਵਿਚ ਵੀ ਇਸੇ ਤਰ੍ਹਾਂ 'ਤੱਥ ਖੋਜ' ਰਿਪੋਰਟ ਜਾਰੀ ਕਰਵਾਈ ਸੀ ਜਿਸ ਕੋਲੋਂ ਪੁਣੇ ਪੁਲਿਸ ਦੀ 'ਮਾਓਵਾਦੀ ਸਾਜ਼ਿਸ਼' ਦੀ ਥਿਊਰੀ ਉਪਰ ਮੋਹਰ ਲਗਵਾਈ ਸੀ। ਦਿੱਲੀ ਹਿੰਸਾ ਮਾਮਲਾ ਭੀਮਾ-ਕੋਰੇਗਾਓਂ ਸਾਜ਼ਿਸ਼ ਮਾਮਲੇ ਦਾ ਇੰਨ-ਬਿੰਨ ਦਿੱਲੀ ਐਡੀਸ਼ਨ ਹੈ। ਦੋਨਾਂ ਮਾਮਲਿਆਂ ਵਿਚ ਇਕ ਸਾਂਝਾ ਨਮੂਨਾ ਦੇਖਿਆ ਜਾ ਸਕਦਾ ਹੈ। ਆਰ.ਐਸ.ਐਸ.-ਭਾਜਪਾ ਰਾਜ ਦੀਆਂ ਮਨਮਾਨੀਆਂ ਵਿਰੁਧ ਲਾਮਬੰਦੀ ਤੋੜਨ ਲਈ ਸੰਘ ਬ੍ਰਿਗੇਡ ਦੇ ਆਗੂਆਂ ਨੇ ਖੁੱਲ੍ਹੇਆਮ ਹਿੰਸਾ ਭੜਕਾਈ ਅਤੇ ਪੁਰਅਮਨ ਲੋਕਾਂ ਉਪਰ ਹਮਲੇ ਕੀਤੇ। ਪੁਲਿਸ ਨੇ ਭਗਵੇਂ ਆਗੂਆਂ ਦੀ ਯੋਜਨਾਬੱਧ ਹਿੰਸਾ ਨੂੰ ਜਾਂਚ ਦੇ ਘੇਰੇ 'ਚੋਂ ਪੂਰੀ ਤਰ੍ਹਾਂ ਬਾਹਰ ਰੱਖਿਆ ਅਤੇ ਮਜ਼ਲੂਮ ਧਿਰ ਨੂੰ ਹੀ ਮੁਲਜ਼ਿਮ ਨਾਮਜ਼ਦ ਕਰ ਲਿਆ। ਜਾਂਚ ਦੇ ਨਾਂ ਹੇਠ ਹਿੰਸਾ ਭੜਕਾਉਣ ਦੀ ਸਰਕਾਰ ਵਿਰੋਧੀ ਸਾਜ਼ਿਸ਼ ਈਜਾਦ ਕੀਤੀ ਗਈ ਅਤੇ ਲੋਕਪੱਖੀ ਕਾਰਕੁੰਨਾਂ ਨੂੰ ਗ੍ਰਿਫਤਾਰ ਕਰਕੇ ਗੈਰਜ਼ਮਾਨਤੀ ਕਾਨੂੰਨਾਂ ਤਹਿਤ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ। ਭੀਮਾ-ਕੋਰੇਗਾਓਂ ਵਿਚ ਹਮਲਿਆਂ ਦੇ ਸਰਗਣੇ ਭਗਵੇਂ ਆਗੂ ਸੰਭਾਜੀ ਭੀੜੇ ਅਤੇ ਮਿਲਿੰਦ ਏਕਬੋਟੇ ਸਨ, ਦਿੱਲੀ ਮਾਮਲੇ ਵਿਚ ਇਹ ਭੂਮਿਕਾ ਕਪਿਲ ਮਿਸ਼ਰਾ, ਅਨੁਰਾਗ ਠਾਕੁਰ, ਪ੍ਰਵੇਸ਼ ਵਰਮਾ, ਰਾਗਿਨੀ ਤਿਵਾੜੀ ਆਦਿ ਨੇ ਨਿਭਾਈ। ਭੀਮਾ-ਕੋਰੇਗਾਓਂ ਵਿਚ ਸਾਜ਼ਿਸ਼ ਦਾ ਇਲਜ਼ਾਮ ਸਿਰਮੌਰ ਬੁੱਧੀਜੀਵੀਆਂ, ਕਵੀਆਂ, ਜਮਹੂਰੀ ਕਾਰਕੁਨਾਂ ਅਤੇ ਦਲਿਤ ਕਾਰਕੁਨਾਂ ਉਪਰ ਲਗਾਇਆ ਗਿਆ। ਦਿੱਲੀ ਹਿੰਸਾ ਦੀ ਸਕ੍ਰਿਪਟ ਵਿਚ ਪੁਲਿਸ ਨੇ ਸੀ.ਏ.ਏ.-ਐਨ.ਆਰ.ਸੀ. ਵਿਰੁਧ ਪੁਰਅਮਨ ਸੰਘਰਸ਼ ਵਿਚ ਸਰਗਰਮ ਵਿਦਿਆਰਥਣਾਂ ਅਤੇ ਹੋਰ ਕਾਰਕੁਨਾਂ ਨੂੰ ਧਰ ਲਿਆ। ਇਹ ਇਕ ਪਹਿਲਾਂ ਹੀ ਘੜੀ ਫਾਸ਼ੀਵਾਦੀ ਸਕ੍ਰਿਪਟ ਹੈ, ਜਿਸ ਵਿਚ ਸਹੂਲਤ ਅਨੁਸਾਰ ਕਿਰਦਾਰਾਂ ਅਤੇ ਥਾਂਵਾਂ ਦੇ ਨਾਂ ਬਦਲ ਲਏ ਜਾਂਦੇ ਹਨ।

ਤੱਥ ਖੋਜ ਪੋਰਟਲ 'ਆਲਟ ਨਿਊਜ਼' ਨੇ ਉਪਰੋਕਤ ਰਿਪੋਰਟ ਦੀ ਬਾਰੀਕੀ 'ਚ ਪੁਣਛਾਣ ਕਰਕੇ ਇਸ ਚਲਾਕੀ ਨੂੰ ਬੇਪਰਦ ਕੀਤਾ ਹੈ। ਮਿਸਾਲ ਲਈ, ਸੀ.ਏ.ਏ. ਵਿਰੁਧ ਅਮਰੀਕਾ, ਇੰਗਲੈਂਡ, ਦੱਖਣੀ ਅਫਰੀਕਾ, ਆਸਟਰੇਲੀਆ ਸਮੇਤ ਕਈ ਮੁਲਕਾਂ ਦੇ ਤਿੰਨ ਦਰਜਨ ਸ਼ਹਿਰਾਂ ਵਿਚ ਮੁਜ਼ਾਹਰੇ ਹੁੰਦੇ ਰਹੇ ਜਿਨ੍ਹਾਂ ਦੀ ਮੁੱਖ ਮੀਡੀਆ ਸਮੂਹਾਂ ਨੇ ਬਾਕਾਇਦਾ ਰਿਪੋਰਟਿੰਗ ਕੀਤੀ। ਉਪਰੋਕਤ ਰਿਪੋਰਟ ਨੇ ਬੇਸ਼ਰਮੀ ਨਾਲ ਦਾਅਵਾ ਕੀਤਾ ਕਿ ਸੀ.ਏ.ਏ. ਵਿਰੋਧੀਆਂ ਦੇ ਅੰਦੋਲਨ ਨੂੰ ਕੌਮਾਂਤਰੀ ਭਾਈਚਾਰੇ ਦੀ ਸਮਾਜੀ, ਇਖਲਾਕੀ ਜਾਂ ਰਾਜਨੀਤਕ ਹਮਾਇਤ ਨਹੀਂ ਮਿਲੀ। ਇਸੇ ਤਰ੍ਹਾਂ, ਇਕ ਵੀਡੀਓ ਕਲਿੱਪ ਨੂੰ ਸਬੂਤ ਵਜੋਂ ਪੇਸ਼ ਕਰਕੇ ਇਹ ਦਾਅਵਾ ਕੀਤਾ ਗਿਆ ਕਿ ਔਰਤਾਂ ਨੂੰ 500-500 ਰੁਪਏ ਅਤੇ ਮਰਦਾਂ ਨੂੰ 700-800 ਰੁਪਏ ਦੇ ਕੇ ਸੀ.ਏ.ਏ. ਵਿਰੁਧ ਪੱਕੇ ਮੋਰਚੇ ਵਿਚ ਸ਼ਿਫਟਾਂ ਵਿਚ ਬਿਠਾਇਆ ਜਾਂਦਾ ਸੀ। ਪੁਣਛਾਣ ਕਰਨ 'ਤੇ ਸਾਹਮਣੇ ਆਇਆ ਕਿ ਇਹ ਵੀਡੀਓ ਦਰਅਸਲ ਦਿੱਲੀ ਹਿੰਸਾ ਪੀੜਤਾਂ ਨੂੰ ਸਹਾਇਤਾ ਦਿੱਤੇ ਜਾਣ ਦਾ ਹੈ।

ਰਿਪੋਰਟ ਵਿਚ ਚਾਰ ਥਾਂਵਾਂ ਉਪਰ ਇਹ ਉਚੇਚਾ ਜ਼ਿਕਰ ਕੀਤਾ ਗਿਆ ਹੈ ਕਿ ਵਿਦਿਆਰਥੀ ਆਗੂ ਉਮਰ ਖਾਲਿਦ ਨੇ ਆਪਣੇ ਭਾਸ਼ਣ ਵਿਚ ਡੋਨਲਡ ਟਰੰਪ ਦੀ ਫੇਰੀ ਤੋਂ ਪਹਿਲਾਂ ਦੰਗੇ ਕਰਾਉਣ ਦਾ ਸੱਦਾ ਦਿੱਤਾ; ਜਦਕਿ 17 ਫਰਵਰੀ ਦੇ ਸਬੰਧਤ ਭਾਸ਼ਣ ਦੀ ਵੀਡੀਓ ਵਿਚ ਖਾਲਿਦ ਹਿੰਸਾ ਬਦਲੇ ਹਿੰਸਾ ਨਾ ਕਰਨ ਅਤੇ ਗੋਲੀਆਂ ਦਾ ਜਵਾਬ ਸੰਵਿਧਾਨ ਫੜ ਕੇ ਦੇਣ ਲਈ ਕਹਿ ਰਿਹਾ ਹੈ। ਇਹ ਦਿੱਲੀ ਪੁਲਿਸ ਦੀ ਘੜੀ ਝੂਠੀ ਕਹਾਣੀ ਨੂੰ ਸੱਚ ਸਾਬਤ ਕਰਨ ਲਈ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਦਿੱਲੀ ਹਿੰਸਾ ਦੇ ਯੋਜਨਾਘਾੜੇ ਉਮਰ ਖਾਲਿਦ ਅਤੇ ਹੋਰ ਆਗੂ ਹਨ।

ਇਸੇ ਤਰ੍ਹਾਂ ਰਿਪੋਰਟ ਦੇ ਇਹ ਦਾਅਵੇ ਝੂਠੇ ਸਾਬਤ ਹੋਏ ਕਿ ਦਿੱਲੀ ਵਕਫ ਬੋਰਡ ਦੇ ਚੇਅਰਮੈਨ ਅਮਾਨਤਉਲਾ ਖਾਨ ਨੇ ਜਾਮੀਆ ਨਗਰ ਵਿਚ ਫਸਾਦਾਂ ਦੀ ਅਗਵਾਈ ਕੀਤੀ ਅਤੇ ਉਘੇ ਕਾਰਕੁਨ ਹਰਸ਼ ਮੰਦਰ ਨੇ ਜਾਮੀਆ ਮਿਲੀਆ ਵਿਚ ਭਾਸ਼ਣ ਦੇ ਕੇ ਹਿੰਸਾ ਲਈ ਉਕਸਾਇਆ। ਇਸੇ ਤਰ੍ਹਾਂ ਪੰਜ ਥਾਂਵਾਂ ਉਪਰ ਰਿਪੋਰਟ ਇਕ ਫਲਾਂ ਵਾਲੇ ਅਤੇ ਇਕ ਔਰਤ ਨੂੰ ਗਵਾਹ ਬਣਾ ਕੇ ਦਾਅਵਾ ਕਰਦੀ ਹੈ ਕਿ ਦੰਗਿਆਂ ਤੋਂ ਇਕ ਦਿਨ ਪਹਿਲਾਂ ਹੀ, 23 ਫਰਵਰੀ ਨੂੰ 7000 ਸਿਖਲਾਈਯਾਫਤਾ ਲੋਕ ਸ਼ਾਹੀ ਈਦਗਾਹ ਮਸਜਿਦ ਵਿਚ ਜਮ੍ਹਾਂ ਕੀਤੇ ਗਏ ਸਨ। ਆਲਟ ਨਿਊਜ਼ ਨੂੰ ਇਸ ਦੀ ਸਚਾਈ ਦੀ ਜਾਂਚ ਕਰਨ 'ਤੇ ਮੁੱਖਧਾਰਾ ਮੀਡੀਆ ਵਿਚ ਐਸੀ ਕੋਈ ਰਿਪੋਰਟ ਨਹੀਂ ਮਿਲੀ। ਮੁਕਾਮੀ ਥਾਣਾ ਮੁਖੀ ਨੇ ਵੀ ਦੱਸਿਆ ਕਿ ਉਸ ਦਿਨ ਐਸਾ ਕੋਈ ਇਕੱਠ ਨਹੀਂ ਹੋਇਆ। ਇਸੇ ਤਰ੍ਹਾਂ, ਫੇਸਬੁੱਕ ਪੇਜ 'ਜਾਮੀਆ ਨਿਊਜ਼' ਦੇ ਫਰੀਲਾਂਸ ਰਿਪੋਰਟਰ ਮੀਰ ਫੈਜ਼ਲ ਦੀ ਇਕ ਫੇਸਬੁੱਕ ਪੋਸਟ ਨੂੰ ਤੋੜ-ਮਰੋੜ ਕੇ ਇਹ ਸਾਬਤ ਕਰਨ ਲਈ ਵਰਤਿਆ ਗਿਆ ਕਿ ਉਹ ਪੱਕੇ ਮੋਰਚੇ 'ਤੇ ਬੈਠੇ ਲੋਕਾਂ ਨੂੰ ਹਿੰਸਾ ਲਈ ਉਕਸਾ ਰਿਹਾ ਸੀ; ਜਦਕਿ ਉਸ ਨੇ ਆਪਣੀ ਪੋਸਟ ਵਿਚ ਇਹ ਦੁੱਖ ਜ਼ਾਹਿਰ ਕੀਤਾ ਸੀ ਕਿ ਸ਼ਾਹੀਨ ਬਾਗ ਮੋਰਚੇ ਦੀ ਇਕ ਸੜਕ ਖਰੂਦੀ ਅਨਸਰਾਂ ਨੇ ਖਾਲੀ ਕਰਾ ਲਈ ਸੀ।

ਕਥਿਤ ਤੱਥ-ਖੋਜ ਨੇ ਸੀ.ਏ.ਏ. ਪੱਖੀ ਗਰੁੱਪ ਦੇ ਫਿਰਕੂ ਨਫਰਤ ਭੜਕਾਉਣ ਵਾਲੇ ਭਾਸ਼ਣਾਂ ਦਾ ਨਾਮਾਤਰ ਜ਼ਿਕਰ ਹੀ ਕੀਤਾ; ਜਦਕਿ 'ਦੇਸ਼ ਕੇ ਗ਼ੱਦਾਰੋਂ ਕੋ', 'ਹਿੰਦੁਸਤਾਨ ਮੇਂ ਰਹਨਾ ਹੋਗਾ, ਤੋ ਜੈ ਸ੍ਰੀਰਾਮ ਕਹਨਾ ਹੋਗਾ' ਦੇ ਨਾਅਰੇ ਲਾਉਂਦੇ ਹਜੂਮ ਦੀਆਂ ਮੀਡੀਆ ਨੇ ਬਾਕਾਇਦਾ ਰਿਪੋਰਟਾਂ ਛਾਪੀਆਂ ਅਤੇ ਇਨ੍ਹਾਂ ਦੇ ਵੀਡੀਓ ਵੀ ਸੋਸ਼ਲ ਮੀਡੀਆ ਉਪਰ ਵਾਇਰਲ ਹੁੰਦੇ ਰਹੇ। ਰਾਗਨੀ ਤਿਵਾੜੀ ਉਰਫ ਜਾਨਕੀ ਬਹਿਨ ਨੇ ਹਿੰਸਾ ਤੋਂ ਇਕ ਦਿਨ ਪਹਿਲਾਂ 23 ਫਰਵਰੀ ਨੂੰ ਮੌਜਪੁਰ ਤੋਂ ਫੇਸਬੁਕ ਉਪਰ ਲਾਈਵ ਹੋ ਕੇ ਸੱਦਾ ਦਿੱਤਾ: 'ਬਹੁਤ ਹੂਆ ਸਨਾਤਨ ਪਰ ਵਾਰ, ਸਨਾਤਨੀਓਂ ਬਾਹਰ ਆਓ। ਮਰੋ ਯਾ ਮਾਰ ਡਾਲੋ। ਬਾਅਦ ਮੇਂ ਦੇਖੀ ਜਾਏਗੀ। ਬਹੁਤ ਹੂਆ। ਅਬ ਜਿਸ ਕਾ ਖੂਨ ਨਾ ਖੌਲਾ, ਖੂਨ ਨਹੀਂ ਵੋ ਪਾਨੀ ਹੈ।' ਇਸ ਵੀਡੀਓ ਅਤੇ ਹੋਰ ਸਬੂਤਾਂ ਦੇ ਬਾਵਜੂਦ ਨਾ ਰਿਪੋਰਟ ਵਿਚ ਇਸ ਦਾ ਜ਼ਿਕਰ ਹੈ, ਨਾ ਪੁਲਿਸ ਦੀ ਪੇਸ਼ ਕੀਤੀ ਚਾਰਜਸ਼ੀਟ ਵਿਚ।

ਤੱਥ-ਖੋਜ ਦਾ ਪੱਖਪਾਤ ਮੌਤਾਂ ਦੇ ਤੱਥਾਂ ਦੇ ਘਾਲੇਮਾਲੇ ਤੋਂ ਵੀ ਜ਼ਾਹਿਰ ਹੋ ਜਾਂਦਾ ਹੈ। 52 ਮ੍ਰਿਤਕਾਂ ਵਿਚੋਂ 39 ਮੁਸਲਮਾਨ ਸਨ; ਲੇਕਿਨ ਰਿਪੋਰਟ ਚਲਾਕੀ ਨਾਲ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕਰਦੀ ਹੈ ਕਿ ਮਾਰੇ ਗਏ ਹਿੰਦੂ ਸਨ। ਤੱਥ ਖੋਜਣ ਸਮੇਂ ਟੀਮ ਨੇ ਪੀੜਤਾਂ ਅਤੇ ਚਸ਼ਮਦੀਦ ਗਵਾਹਾਂ ਦੇ ਬਿਆਨ ਲੈਣ ਵੇਲੇ 27 ਵਿਚੋਂ 21 ਬਿਆਨ ਹਿੰਦੂਆਂ ਦੇ ਲਏ; ਯਾਨੀ ਮਜ਼ਲੂਮ ਧਿਰ ਦੇ ਬਿਆਨ ਲੈਣੇ ਜ਼ਰੂਰੀ ਨਹੀਂ ਸਮਝੇ ਗਏ। ਇਸੇ ਤਰ੍ਹਾਂ, ਰਿਪੋਰਟ 24 ਫਰਵਰੀ ਨੂੰ ਚਾਂਦ ਬਾਗ ਇਲਾਕੇ ਵਿਚ ਪੈਟਰੋਲ ਪੰਪ ਸਾੜਨ ਦਾ ਜ਼ਿਕਰ ਕਰਦੀ ਹੈ ਜਦਕਿ ਉਸੇ ਦਿਨ ਉਥੇ ਪੈਟਰੋਲ ਪੰਪ ਦੇ ਨਾਲ ਜੋ ਮਜ਼ਾਰ ਸਾੜੀ ਗਈ, ਉਸ ਬਾਰੇ ਰਿਪੋਰਟ ਚੁੱਪ ਹੈ। ਰਿਪੋਰਟ ਵਿਚ ਘਟਨਾਵਾਂ ਦੀ ਜਾਣਕਾਰੀ ਦੇ ਸਰੋਤ ਵਜੋਂ 'ਔਪਇੰਡੀਆ' ਨਾਂ ਦੀ ਵੈੱਬਸਾਈਟ ਦਾ ਘੱਟੋ-ਘੱਟ 10 ਵਾਰ ਹਵਾਲਾ ਦਿੱਤਾ ਗਿਆ ਹੈ। ਇਹ ਵੈੱਬਸਾਈਟ ਝੂਠੀ ਜਾਣਕਾਰੀ ਅਤੇ ਜਾਅਲੀ ਖਬਰਾਂ ਫੈਲਾਉਣ ਲਈ ਬਦਨਾਮ ਹੈ। 2017 ਤੋਂ ਲੈ ਕੇ ਇਹ ਕਈ ਵਾਰ ਇਸ ਘਿਨਾਉਣੇ ਕਾਰੇ ਦੀ ਦੋਸ਼ੀ ਨਿਕਲੀ ਹੈ। ਪਿਛਲੇ ਸਾਲ 'ਦਿ ਇਕਨਾਮਿਕ ਟਾਈਮਜ਼' ਨੇ ਰਿਪੋਰਟ ਛਾਪੀ ਸੀ ਕਿ ਆਈ.ਐਫ.ਸੀ.ਐਨ. (ਇੰਟਰਨੈਸ਼ਨਲ ਫੇਕਟ ਚੈਕਿੰਗ ਨੈੱਟਵਰਕ) ਦੀ ਪੱਖਪਾਤੀ ਰਿਪੋਰਟਿੰਗ ਕਾਰਨ ਇਸ ਵੈੱਬਸਾਈਟ ਦੀ ਦਰਖਾਸਤ ਰੱਦ ਕਰ ਦਿੱਤੀ ਗਈ ਸੀ।

ਆਲਟ ਨਿਊਜ਼ ਦੇ ਵਿਸ਼ਲੇਸ਼ਣਕਾਰ ਇਸ ਨਤੀਜੇ 'ਤੇ ਪਹੁੰਚੇ ਹਨ ਕਿ ਇਸ ਰਿਪੋਰਟ ਨੂੰ 'ਤੱਥ-ਖੋਜ' ਬਿਲਕੁਲ ਨਹੀਂ ਕਿਹਾ ਜਾ ਸਕਦਾ ਸਗੋਂ ਇਹ ਪਹਿਲਾਂ ਹੀ ਸਥਾਪਤ ਤੱਥਾਂ ਬਾਰੇ ਘਚੋਲਾ ਪੈਦਾ ਕਰਨ ਲਈ ਗਲਤ ਜਾਣਕਾਰੀ ਦਾ ਪੁਲੰਦਾ ਹੈ। ਇਸ ਦੀ ਜਾਣਕਾਰੀ ਦਾ ਸਰੋਤ ਸ਼ੱਕੀ ਵੈੱਬਸਾਈਟ ਹੈ ਜਿਸ ਦੀ ਭਰੋਸੇਯੋਗਤਾ ਹੀ ਸਵਾਲਾਂ ਦੇ ਘੇਰੇ ਵਿਚ ਹੈ। ਰਿਪੋਰਟ ਵਿਚ ਤੱਥ ਨਾ ਸਿਰਫ ਇਕਤਰਫਾ ਪੇਸ਼ ਕੀਤੇ ਗਏ ਹਨ ਸਗੋਂ ਇਸ ਦੀ ਘਟਨਾਵਾਂ ਦੀ ਤਰਤੀਬ ਵੀ ਗੁੰਮਰਾਹਕੁਨ ਹੈ। ਲਿਹਾਜ਼ਾ, ਇਹ ਰਿਪੋਰਟ ਦਰਅਸਲ ਖਾਸ ਬਿਰਤਾਂਤ ਘੜਨ ਦੀ ਕੋਸ਼ਿਸ਼ ਹੈ ਕਿ ਦਿੱਲੀ ਵਿਚ ਹੋਈ ਹਿੰਸਾ ਲਈ ਮੁਸਲਿਮ ਭਾਈਚਾਰਾ ਜ਼ਿੰਮੇਵਾਰ ਹੈ ਅਤੇ ਦਿੱਲੀ ਪੁਲਿਸ ਸੀ.ਏ.ਏ. ਵਿਰੋਧੀ ਮੁਸਲਿਮ ਲੜਕੀਆਂ ਅਤੇ ਹੋਰ ਕਾਰੁਕਨਾਂ ਨੂੰ ਯੂ.ਏ.ਪੀ.ਏ. ਲਗਾ ਕੇ ਸਹੀ ਫਰਜ਼ ਨਿਭਾ ਰਹੀ ਹੈ।

# ਬੌਧਿਕ ਗੁਲਾਮੀ ਦਾ ਫਾਹਾ

ਅਮਰੀਕਾ ਵਿਚ ਸਿਆਹਫਾਮ ਨੌਜਵਾਨ ਜਾਰਜ ਫਲਾਇਡ ਦੀ ਪੁਲਿਸ ਹੱਥੋਂ ਹੱਤਿਆ ਵਿਰੁਧ ਚੱਲ ਰਹੇ ਪ੍ਰਦਰਸ਼ਨਾਂ ਦੇ ਨਤੀਜੇ ਵਜੋਂ ਕ੍ਰਿਸਟੋਫਰ ਕੋਲੰਬਸ ਦੀ ਮੂਰਤੀ ਲੋਕਾਂ ਨੇ ਡੇਗ ਦਿੱਤੀ। ਇਹ ਖਬਰ ਭਾਰਤ ਲਈ ਵਿਸ਼ੇਸ਼ ਰੂਪ ਨਾਲ ਮਹੱਤਵਪੂਰਨ ਹੈ। ਕੋਲੰਬਸ ਭਾਰਤ ਦੀ ਖੋਜ ਲਈ ਨਿਕਲਿਆ ਸੀ। 1442 ਵਿਚ ਸਪੇਨ ਦੇ ਰਾਜਾ ਫਰਡਿਨਾਂਡ ਅਤੇ ਰਾਣੀ ਈਸਾਬੇਲਾ ਨੇ ਉਸ ਨੂੰ ਜਿਸ ਸਮੁੰਦਰੀ ਯਾਤਰਾ ਦੀ ਮੁਹਿੰਮ ਲਈ ਭੇਜਿਆ ਸੀ, ਉਸ ਦਾ ਮੁੱਖ ਉਦੇਸ਼ ਪੂਰਬ ਵਲ ਜਾ ਕੇ ਭਾਰਤ ਪਹੁੰਚਣਾ ਸੀ। ਕੋਲੰਬਸ ਭਾਰਤ ਨਾ ਪਹੁੰਚ ਕੇ ਦੱਖਣੀ ਅਮਰੀਕਾ ਪੁੱਜ ਗਿਆ ਅਤੇ ਉਸ ਦੇ ਕਦਮ ਜਿਸ

**ਅਭੈ ਕੁਮਾਰ ਦੂਬੇ**

ਜ਼ਮੀਨ 'ਤੇ ਪਏ, ਉਹ ਕੈਰੀਬੀਅਨ ਟਾਪੂ ਸਮੂਹ ਦੀ ਸੀ। ਉਸ ਦਾ ਉਦੇਸ਼ ਤਾਂ ਭਾਰਤ ਪਹੁੰਚਣਾ ਸੀ, ਇਸ ਲਈ ਉਸ ਨੇ ਅਮਰੀਕਾ ਦੇ ਮੂਲ ਨਿਵਾਸੀਆਂ ਨੂੰ ਇੰਡੀਅਨ ਕਿਹਾ। ਇਸੇ ਘਟਨਾ ਨਾਲ ਯੂਰਪੀ ਬਸਤੀਵਾਦ ਦੀ ਸ਼ੁਰੂਆਤ ਹੋਈ।

ਅਠਾਰ੍ਹਵੀਂ ਸਦੀ 'ਚ ਭਾਰਤ ਵੀ ਬਸਤੀਵਾਦ ਦੀ ਲਪੇਟ 'ਚ ਆਇਆ ਸੀ। ਭਾਰਤ 'ਤੇ ਕਬਜ਼ਾ ਕਰਨ ਲਈ ਫਰਾਂਸੀਸੀ, ਡੱਚ ਤੇ ਬਰਤਾਨਵੀ ਬਸਤੀਵਾਦੀਆਂ ਵਿਚ ਮੁਕਾਬਲਾ ਹੋਇਆ ਜਿਸ ਵਿਚ ਅੰਗਰੇਜ਼ ਜੇਤੂ ਰਹੇ। ਫਿਰ ਕਰੀਬ 190 ਸਾਲ ਤੱਕ ਦੇਸੀ ਰਿਆਸਤਾਂ ਨੂੰ ਛੱਡ ਕੇ ਜ਼ਿਆਦਾਤਰ ਭਾਰਤ ਦਾ ਸ਼ਾਸਨ ਲੰਡਨ ਤੋਂ ਚੱਲਿਆ। ਇਸ ਪ੍ਰਕਿਰਿਆ ਵਿਚ ਹੋਇਆ ਇਹ ਕਿ ਭਾਰਤ ਵਿਚ ਵੀ ਕੋਲੰਬਸ ਨਾ ਸਹੀ ਪਰ ਜਾਰਜ ਪੰਚਮ ਦੀ ਮੂਰਤੀ ਲੱਗ ਗਈ। ਪਤਾ ਨਹੀਂ ਕਿੰਨੀਆਂ ਕੁ ਸੜਕਾਂ ਅਤੇ ਥਾਂਵਾਂ ਦੇ ਨਾਂ ਅੰਗਰੇਜ਼ਾਂ ਦੇ ਨਾਂ 'ਤੇ ਰੱਖ ਦਿੱਤੇ ਗਏ। ਅੱਜ ਜਾਰਜ ਪੰਚਮ ਦੀ ਮੂਰਤੀ ਹਟਾ ਦਿੱਤੀ ਗਈ ਹੈ ਅਤੇ ਅਸੀਂ ਚਾਹੀਏ ਤਾਂ ਸੜਕਾਂ ਅਤੇ ਥਾਂਵਾਂ ਦੇ ਨਾਂਵਾਂ ਦਾ ਵੀ ਭਾਰਤੀਕਰਨ ਕਰ ਸਕਦੇ ਹਾਂ।

ਕਹਿਣ ਦੀ ਲੋੜ ਨਹੀਂ ਕਿ ਨਾਂ ਬਦਲਣਾ ਅਤੇ ਮੂਰਤੀ ਹਟਾਉਣਾ ਸੌਖਾ ਹੈ। ਜੇ ਕੋਲੰਬਸ ਨੂੰ ਬਸਤੀਵਾਦ ਦਾ ਰੂਪਕ ਮੰਨੀਏ ਤਾਂ ਅਸਲੀ ਔਖਾ ਕੰਮ ਭਾਰਤ ਦੇ ਬੌਧਿਕ ਜੀਵਨ ਦੇ ਕੇਂਦਰ ਵਿਚੋਂ ਕੋਲੰਬਸ ਦੀ ਅਦ੍ਰਿਸ਼ ਮੂਰਤੀ ਨੂੰ ਢਾਹੁਣ ਦਾ ਹੈ। ਇਹ ਅਦ੍ਰਿਸ਼ ਮੂਰਤੀ ਅਠਾਰ੍ਹਵੀਂ ਸਦੀ ਵਿਚ ਪ੍ਰਾਚੀਨਵਾਦ (ਓਰੀਐਂਟਲਿਜ਼ਮ) ਦੀ ਯੋਜਨਾ ਦੇ ਜ਼ਰੀਏ ਸਥਾਪਤ ਕੀਤੀ ਗਈ ਸੀ। ਇਸੇ ਦਾ ਨਤੀਜਾ ਹੈ ਕਿ ਅੱਜ ਸਾਡੇ ਬੁੱਧੀਜੀਵੀਆਂ ਦਾ ਇਕ ਹਿੱਸਾ ਖੁਦ ਨੂੰ ਲਿਬਰਲ ਜਾਂ ਉਦਾਰਵਾਦੀ ਕਹਿੰਦਾ ਹੈ। ਕੁਝ ਖੁਦ ਨੂੰ ਮਾਰਕਸਵਾਦੀ ਕਹਿੰਦੇ ਹਨ, ਕੁਝ ਸਮਾਜਵਾਦੀ। ਕੁਝ ਖੁਦ ਨੂੰ 'ਕੰਜ਼ਰਵੇਟਿਵ' ਕਹਾਉਣਾ ਪਸੰਦ ਕਰਦੇ ਹਨ। ਇਨ੍ਹਾਂ ਤਮਾਮ ਸ਼੍ਰੇਣੀਆਂ ਵਿਚ ਤਰ੍ਹਾਂ-ਤਰ੍ਹਾਂ ਦੇ ਵਖਰੇਵੇਂ ਹਨ ਪਰ ਇਕ ਸਮਾਨਤਾ ਹੈ। ਇਹ ਸਾਰੀਆਂ ਉਨ੍ਹੀਵੀਂ ਸਦੀ ਦੌਰਾਨ ਭਾਰਤ 'ਤੇ ਬਸਤੀਵਾਦੀਆਂ ਦੇ ਕਬਜ਼ੇ ਨੂੰ ਜਾਇਜ਼ ਕਹਾਉਣ ਦੀ ਕਵਾਇਦ ਵਿਚ ਵਰਤੇ ਜਾਂਦੇ ਰਹੇ ਹਨ।

ਅਠਾਰ੍ਹਵੀਂ ਸਦੀ ਦੌਰਾਨ ਸ਼ੁਰੂ ਹੋਇਆ ਬਰਤਾਨਵੀ ਪ੍ਰਾਚੀਨਵਾਦ ਭਾਰਤ ਵਿਚ ਅੰਗਰੇਜ਼ੀ ਸ਼ਾਸਨ ਨੂੰ ਲੰਮੀ ਉਮਰ ਦੇਣ ਅਤੇ ਗੈਰ ਨਿਵੇਸ਼ਕ ਅਧੀਨਤਾ ਨੂੰ ਜਾਇਜ਼ ਠਹਿਰਾਉਣ ਦਾ ਬੌਧਿਕ ਕਾਰਾ ਸੀ। ਇਸ ਦੇ ਕੇਂਦਰ ਵਿਚ ਸਪਸ਼ਟ ਰੂਪ ਨਾਲ ਭਾਸ਼ਾ ਅਤੇ ਸਭਿਆਚਾਰ ਦੀ ਖੇਡ ਸੀ। ਭਾਰਤੀ ਜੀਵਨ ਸ਼ੈਲੀ ਪ੍ਰਤੀ ਸ਼ੁਰੂਆਤੀ ਅੰਗਰੇਜ਼ੀ ਲਗਾਓ ਅਤੇ ਇਸ ਦੇ ਕਾਰਨ ਇੰਗਲੈਂਡ ਵਿਚ ਹੋਈ ਈਸਟ ਇੰਡੀਆ ਕੰਪਨੀ ਦੀ ਆਲੋਚਨਾ ਦੀ ਆੜ ਵਿਚ ਇਹ ਤੱਥ ਨਹੀਂ ਲੁਕ ਸਕਦਾ ਕਿ ਪ੍ਰਾਚੀਨਵਾਦ ਦਾ ਬਰਤਾਨਵੀ ਸੰਸਕਰਨ ਉਸ ਸਮੇਂ ਕੀ ਕਰ ਰਿਹਾ ਸੀ। ਇਸ ਪ੍ਰਾਚੀਨਵਾਦ ਨੇ ਸਭਿਆਚਾਰ ਦੇ ਪ੍ਰਾਚੀਨ ਗ੍ਰੰਥ ਖੋਜ ਕੇ ਉਨ੍ਹਾਂ ਦੇ ਆਧਾਰ 'ਤੇ ਸੁਨਹਿਰੇ ਭਾਰਤੀ ਅਤੀਤ ਦੀ ਮਨਮਾਨੀ ਰੂਪ-ਰੇਖਾ ਤਿਆਰ ਕੀਤੀ, ਤਾਂ ਕਿ ਉਸ ਨੂੰ ਭਾਰਤ ਦੇ ਸਮਕਾਲੀ ਯਥਾਰਥ ਦੇ ਮੁਕਾਬਲੇ ਖੜ੍ਹਾ ਕਰ ਕੇ ਅੰਧਕਾਰਪੂਰਨ ਮੱਧ ਯੁੱਗ ਅਤੇ ਵਰਤਮਾਨ ਦਾ ਢਾਂਚਾ ਤਿਆਰ ਕੀਤਾ ਜਾ ਸਕੇ। ਅੰਗਰੇਜ਼ ਪ੍ਰਾਚੀਨਵਾਦ ਤੋਂ ਵਰਤਦਿਆਂ ਭਾਰਤ ਵਾਸੀਆਂ ਵਿਚ ਬਰਤਾਨਵੀ ਸ਼ਾਸਨ ਪ੍ਰਤੀ ਲਗਾਓ ਕਾਇਮ ਕਰਨ ਅਤੇ ਉਨ੍ਹਾਂ ਦੀਆਂ ਜ਼ਿਆਦਤੀਆਂ ਬਰਦਾਸ਼ਤ ਕਰਦਿਆਂ ਹੋਇਆਂ ਉਸ ਨੂੰ ਅੰਗੀਕਾਰ ਕਰਾਉਣ ਲਈ ਉਪਯੋਗੀ ਤਰਕ-ਯੋਜਨਾ ਅਪਣਾਈ। ਇਸ ਤਰ੍ਹਾਂ ਪ੍ਰਾਚੀਨਵਾਦ ਬਸਤੀਵਾਦ ਨੂੰ ਬਸਤੀਵਾਦੀਆਂ ਦੇ ਗਲੇ ਹੇਠਾਂ ਕਰਨ ਦਾ ਸੰਦ ਬਣਿਆ।

ਦਰਅਸਲ, ਯੂਰਪ ਵਿਚ ਸਤਾਰ੍ਹਵੀਂ ਅਤੇ ਅਠਾਰ੍ਹਵੀਂ ਸਦੀ ਮਿਆਰੀਕਰਨ ਦੀ ਵਿਧੀ ਦੀ ਵਰਤੋਂ ਕਰਕੇ ਭਾਸ਼ਾ ਦੇ 'ਸ਼ੁੱਧੀਕਰਨ' ਦੇ ਸੱਦਿਆਂ ਨਾਲ ਭਰੀ ਹੋਈ ਦਿਖਾਈ ਦਿੰਦੀ ਹੈ। ਦੂਜਾ, ਪ੍ਰਾਚੀਨਵਾਦੀਆਂ ਨੇ ਹੀ 'ਭਾਰਤੀ ਭਾਸ਼ਾ ਪਰਿਵਾਰ' ਦੀ ਧਾਰਨਾ ਦੇ ਆਧਾਰ 'ਤੇ ਸੰਸਕ੍ਰਿਤ ਬੋਲਣ ਵਾਲੇ ਗੋਰੇ ਰੰਗ ਦੇ ਹਮਲਾਵਰ ਆਰੀਅਨਾਂ ਅਤੇ 'ਦ੍ਰਵਿੜ ਭਾਸ਼ਾ ਪਰਿਵਾਰ' ਦੀਆਂ ਭਾਸ਼ਾਵਾਂ ਬੋਲਣ ਵਾਲੇ ਕਾਲੇ ਰੰਗ ਦੇ ਦੱਖਣ ਭਾਰਤੀਆਂ ਦੇ ਵਿਚਕਾਰ ਦਵੰਦ ਦਾ ਵਿਚਾਰ ਤਿਆਰ ਕੀਤਾ ਗਿਆ। ਯੂਰਪੀ ਭਾਸ਼ਾ ਪਰਿਵਾਰ ਦਾ ਪੂਰਾ ਪ੍ਰਪੰਚ ਅਠਾਰ੍ਹਵੀਂ ਸਦੀ ਦੇ ਆਖਰੀ ਵਰ੍ਹਿਆਂ ਵਿਚ ਵੀ ਵਿਲੀਅਮ ਜੋਂਸ ਵਲੋਂ ਕਲਕੱਤੇਦੀ ਏਸ਼ੀਆਟਿਕ ਸੁਸਾਇਟੀ ਵਿਚ ਦਿੱਤੇ ਗਏ ਪ੍ਰਵਚਨਾਂ ਰਾਹੀਂ ਰਚਿਆ ਗਿਆ ਸੀ। ਉਨ੍ਹਾਂ ਦੀ ਇਹ ਕਲਪਨਾਸ਼ੀਲਤਾ ਬਸਤੀਵਾਦ ਦੀ ਭਾਸ਼ਾਈ ਵਿਚਾਰਧਾਰਾ ਦੀ ਦੇਣ ਸੀ। ਤੀਜਾ, ਬਸਤੀਵਾਦੀ ਬੌਧਿਕਤਾ ਦੇ ਚੋਣਵੇਂ ਨੁਮਾਇੰਦਿਆਂ ਦੇ ਰੂਪ ਵਿਚ ਅੰਗਰੇਜ਼-ਪ੍ਰਸਤ ਪ੍ਰਾਚੀਨਵਾਦੀਆਂ ਨੇ ਹੀ ਭਾਰਤੀ ਕਿਰਦਾਰ 'ਤੇ ਯੂਰਪੀ ਕਿਰਦਾਰ ਦੀ, ਭਾਰਤੀ ਭਾਸ਼ਾਵਾਂ 'ਤੇ ਅੰਗਰੇਜ਼ੀ ਭਾਸ਼ਾਵਾਂ ਦੀ ਅਤੇ ਭਾਰਤੀ ਰਵਾਇਤੀ ਗਿਆਨ 'ਤੇ ਪੱਛਮੀ ਗਿਆਨ ਦੀ ਸਰਬਉਚਤਾ ਦਾ ਪਹਿਲਾ ਦਾਅਵਾ ਪੇਸ਼ ਕੀਤਾ। 1820 ਦੇ ਦਹਾਕੇ ਦੇ ਆਖਰੀ ਵਰ੍ਹਿਆਂ ਤੱਕ ਬਰਤਾਨਵੀ ਬਸਤੀਵਾਦ ਦੀ ਸਭਿਆਚਾਰਕ ਰਾਜਨੀਤੀ ਖਾਸੀ ਅੱਗੇ ਵਧ ਚੁੱਕੀ ਸੀ ਅਤੇ ਬਸਤੀਵਾਦੀਆਂ ਨੇ ਆਪਣੀ ਜ਼ਿਦ ਛੱਡ ਕੇ ਭਾਰਤ ਵਿਚ ਅੰਗਰੇਜ਼ੀ ਸਿੱਖਿਆ ਲਾਗੂ ਕਰਨ ਦਾ ਮਨ ਬਣਾਉਣਾ ਸ਼ੁਰੂ ਕਰ ਦਿੱਤਾ ਸੀ।

ਅੰਗਰੇਜ਼ਾਂ ਦੇ ਆਸਰੇ ਪੈਦਾ ਹੋਏ ਭਾਰਤੀ ਮੱਧ ਵਰਗ ਦੇ ਪ੍ਰਤੀਨਿਧੀਆਂ ਨੇ ਭਾਰਤੀ ਗਿਆਨ ਦੀ 'ਹੇਠੀ' ਦਾ ਤਰਕ ਪੇਸ਼ ਕਰਦਿਆਂ ਸਿੱਖਿਆ ਦੇ ਖੇਤਰ ਵਿਚ ਅੰਗਰੇਜ਼ੀ ਭਾਸ਼ਾ ਦੇ ਰਾਹੀਂ ਪੱਛਮੀ ਗਿਆਨ ਦੀ ਮੰਗ ਸ਼ੁਰੂ ਕਰ ਦਿੱਤੀ ਸੀ। ਸਿੱਖਿਆ ਭਾਸ਼ਾ ਗਿਆਨ ਦੇ ਬਸਤੀਵਾਦੀ ਸਮੀਕਰਨ ਇਸੇ ਮੁਕਾਮ 'ਤੇ ਆ ਕੇ ਪ੍ਰਵਾਨ ਚੜ੍ਹਨ ਲੱਗੇ ਸਨ।

ਅੰਗਰੇਜ਼-ਪ੍ਰਸਤ ਪ੍ਰਾਚੀਨਵਾਦ ਦੀ ਸਭ ਤੋਂ ਵੱਡੀ ਸਫਲਤਾ ਇਹ ਸੀ ਕਿ ਉਸ ਨੇ ਭਾਰਤ ਦੇ ਬੁੱਧੀਜੀਵੀਆਂ ਦੀ ਨਵੀਂ ਪੀੜ੍ਹੀ ਨੂੰ ਪੱਛਮੀ ਸਭਿਅਤਾ ਦਾ ਵਿਚੋਲਾ ਬਣਾ ਲਿਆ। ਇਹ ਸ਼ਾਇਦ ਸੁਣਨ ਵਿਚ ਕੌੜਾ ਜ਼ਰੂਰ ਲਗਦਾ ਪਰ ਸਚਾਈ ਇਹੀ ਹੈ ਕਿ ਅੰਗਰੇਜ਼ੀ ਪ੍ਰਧਾਨ ਸਿੱਖਿਆ ਪ੍ਰਣਾਲੀ ਨੇ ਸਾਡਾ ਨਾਤਾ ਪ੍ਰਾਚੀਨ ਅਤੇ ਮੱਧ ਯੁੱਗ ਦੇ ਭਾਰਤੀ ਗਿਆਨ ਨਾਲੋਂ ਤੋੜ ਦਿੱਤਾ। ਇਸੇ ਕਾਰਨ ਅੱਜ ਜੋ ਅਸੀਂ ਪੜ੍ਹਦੇ-ਸੁਣਦੇ ਹਾਂ, ਉਹ ਪੱਛਮੀ ਗਿਆਨ ਹੀ ਹੈ। ਦਰਅਸਲ, ਪੱਛਮੀ ਗਿਆਨ ਹੀ ਸਾਡੇ ਲਈ ਗਿਆਨ ਦਾ ਇਕਲੌਤਾ ਸਰੂਪ ਬਣ ਚੁੱਕਾ ਹੈ। ਭਾਰਤੀ ਸਿੱਖਿਆ ਪ੍ਰਣਾਲੀ ਦੇ ਨਤੀਜਿਆਂ ਦੀ ਭਿਆਨਕਤਾ ਸਪੇਨੀਆਂ ਅਤੇ ਪੁਰਤਗਾਲੀਆਂ ਵਲੋਂ ਅਮਰੀਕੀ ਮਹਾਂਦੀਪ 'ਤੇ ਗੁਲਾਮੀ ਠੋਸਣ ਨਾਲੋਂ ਘੱਟ ਨਹੀਂ ਹੈ। ਇਸ ਦਾ ਕਾਰਨ ਸਪਸ਼ਟ ਹੈ। ਉਥੇ ਇਸ ਦਾ ਨਤੀਜਾ ਲੱਖਾਂ ਲੋਕਾਂ ਦੇ ਕਤਲੇਆਮ ਵਿਚ ਨਿਕਲਿਆ। ਜਾਂ ਤਾਂ ਉਨ੍ਹਾਂ ਨੂੰ ਜ਼ਮੀਨ ਵਿਚ 6 ਫੁੱਟ ਹੇਠਾਂ ਗੱਡ ਦਿੱਤਾ ਗਿਆ ਜਾਂ ਸਾੜ ਦਿੱਤਾ ਗਿਆ। ਭਾਰਤੀ ਸਿੱਖਿਆ ਪ੍ਰਣਾਲੀ ਨੇ ਉਸ ਨਾਲੋਂ ਵੀ ਜ਼ਿਆਦਾ ਵੱਡੀ ਗਿਣਤੀ ਵਿਚ ਲੋਕਾਂ ਨੂੰ ਉਸੇ ਤਰ੍ਹਾਂ ਦੇ ਕੈਦਖਾਨਿਆਂ ਵਿਚ ਬੰਦ ਕਰ ਦਿੱਤਾ ਹੈ, ਉਨ੍ਹਾਂ ਦੇ ਦਿਮਾਗਾਂ ਨੂੰ ਲਕਵਾ ਮਾਰ ਚੁੱਕਾ ਹੈ, ਇਕ ਤਰ੍ਹਾਂ ਨਾਲ ਉਹ ਮ੍ਰਿਤਕ ਹਨ। 6 ਫੁੱਟ ਹੇਠਾਂ ਦਫਨ ਕਰ ਦਿੱਤੇ ਗਏ ਅਮਰੀਕਨ ਇੰਡੀਅਨਾਂ ਅਤੇ ਉਨ੍ਹਾਂ ਦੇ ਵਿਚਕਾਰ ਦਾ ਅੰਤਰ ਸਿਰਫ ਇਹ ਹੈ ਕਿ ਉਹ ਜ਼ਿਆਦਾ ਤੋਂ ਜ਼ਿਆਦਾ ਧਰਤੀ ਦੇ ਉਤੇ ਚੱਲਣ ਦਾ ਦਿਖਾਵਾ ਕਰ ਸਕਦੇ ਹਨ। ਇਹੀ ਕਾਰਨ ਹੈ ਕਿ ਭਾਰਤ ਦੀ ਆਜ਼ਾਦੀ ਦੇ ਸੱਤ ਦਹਾਕੇ ਤੋਂ ਵੀ ਜ਼ਿਆਦਾ ਸਮਾਂ ਹੋ ਜਾਣ ਦੇ ਬਾਵਜੂਦ ਭਾਰਤ ਦੇ ਸਮਾਜ ਵਿਗਿਆਨੀ ਕਿਸੇ ਵੀ ਤਰ੍ਹਾਂ ਦੀ ਨਵੀਂ ਸਿਧਾਂਤਿਕਤਾ ਦੀ ਰਚਨਾ ਕਰਨ ਵਿਚ ਅਸਮਰੱਥ ਰਹੇ ਹਨ।

# ਮੁੰਬਈ ਨੂੰ ਕੁਦਰਤੀ ਆਫਤਾਂ ਦੀ ਮਾਰ ਤੋਂ ਕਿਵੇਂ ਬਚਾਇਆ ਜਾਵੇ?



ਡਾ. ਗੁਰਿੰਦਰ ਕੌਰ, ਪਟਿਆਲਾ

ਅਰਬ ਸਾਗਰ ਤੋਂ ਉਠਿਆ ਨਿਸਰਗ ਚੱਕਰਵਤੀ ਤੂਫਾਨ 3 ਜੂਨ ਨੂੰ ਦਿਨ ਦੇ 12.30 ਵਜੇ ਮਹਾਰਾਸ਼ਟਰ ਦੇ ਜਿਲਾ ਰਾਏਗੜ੍ਹ ਦੇ ਅਲੀਬਾਗ ਕਸਬੇ ਦੇ ਤੱਟ ਨਾਲ ਟਕਰਾ ਗਿਆ, ਜਿਸ ਨਾਲ ਅਲੀਬਾਗ ਕਸਬੇ, ਇਸ ਦੇ ਆਸ-ਪਾਸ ਦੇ ਖੇਤਰਾਂ ਅਤੇ ਜਿਲਾ ਰਾਏਗੜ੍ਹ ਵਿਚ ਘਰਾਂ, ਦਰੱਖਤਾਂ, ਬਿਜਲੀ ਦੇ ਖੰਭਿਆਂ ਆਦਿ ਨੂੰ ਬਹੁਤ ਨੁਕਸਾਨ ਪਹੁੰਚਿਆ ਹੈ। 4 ਵਿਅਕਤੀਆਂ ਦੀ ਤਾਂ ਮੌਤ ਹੋ ਗਈ ਅਤੇ ਕਈ ਵਿਅਕਤੀ ਜ਼ਖਮੀ ਵੀ ਹੋ ਗਏ ਹਨ। ਇਸ ਚੱਕਰਵਤੀ ਤੂਫਾਨ ਤੋਂ ਮੁੰਬਈ ਸ਼ਹਿਰ ਨੂੰ ਬਹੁਤ ਖਤਰਾ ਬਣਿਆ ਹੋਇਆ ਸੀ, ਜਿਸ ਕਰਕੇ ਮੁੰਬਈ ਦੇ ਤੱਟਵਰਤੀ ਖੇਤਰਾਂ ਵਿਚ ਰਹਿੰਦੇ 40 ਹਜ਼ਾਰ ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਥਾਂਵਾਂ ਉਤੇ ਪਹੁੰਚਾਇਆ ਗਿਆ। ਕੁਝ ਹਵਾਈ ਉਡਾਣਾਂ ਵੀ ਰੱਦ ਕੀਤੀਆਂ ਗਈਆਂ ਅਤੇ ਰੇਲ ਗੱਡੀਆਂ ਦੇ ਚੱਲਣ ਦੇ ਸਮੇਂ ਵਿਚ ਵੀ ਬਦਲਾਅ ਕੀਤਾ ਗਿਆ, ਪਰ ਕੁਦਰਤੀ ਤੌਰ ਉਤੇ ਹੀ ਮੁੰਬਈ ਸ਼ਹਿਰ ਨਿਸਰਗ ਤੂਫਾਨ ਦੇ ਕਹਿਰ ਦੀ ਮਾਰ ਤੋਂ ਬਚ ਗਿਆ। ਸ਼ਹਿਰ ਦਾ ਬਚਾਅ ਦੋ ਕਾਰਨਾਂ ਕਰਕੇ ਹੋਇਆ, ਇਕ ਤਾਂ ਨਿਸਰਗ ਦਾ ਤੱਟ ਨਾਲ ਟਕਰਾਉਣ ਦਾ ਕੇਂਦਰਬਿੰਦੂ ਮੁੰਬਈ ਤੋਂ 80 ਕਿਲੋਮੀਟਰ ਦੂਰ ਸੀ ਅਤੇ ਦੂਜਾ ਇਸ ਤੂਫਾਨ ਦੇ ਸੰਭਾਵਿਤ ਰਸਤੇ ਵਿਚ ਅਚਾਨਕ ਬਦਲਾਅ ਆ ਗਿਆ।

ਇਹ ਇਕ ਬਹੁਤ ਹੀ ਰਾਹਤ ਦੇਣ ਵਾਲੀ ਗੱਲ ਹੈ ਕਿ ਕਰੋਨਾ ਦੀ ਮਾਰ ਝੱਲ ਰਹੇ ਮੁੰਬਈ ਸ਼ਹਿਰ ਦਾ ਚੱਕਰਵਾਤੀ ਤੂਫਾਨ ਤੋਂ ਬਚਾਓ ਹੋ ਗਿਆ। ਅਸਲ ਵਿਚ ਮੁੰਬਈ ਵਿਚ ਅਜਿਹੇ ਚੱਕਰਵਾਤੀ ਤੂਫਾਨ ਦੀ ਆਮਦ ਬਹੁਤ ਹੀ ਘੱਟ ਹੈ। ਇਸ ਤੋਂ ਪਹਿਲਾਂ ਇਕ ਭਿਆਨਕ ਚੱਕਰਵਾਤੀ ਤੂਫਾਨ 1891 ਅਤੇ ਦੂਜਾ ਉਸ ਪਿਛੋਂ 1948 ਵਿਚ ਆਇਆ ਸੀ। ਇਸ ਤੂਫਾਨ ਤੋਂ ਬਚਾਓ ਹੋ ਜਾਣ ਨਾਲ ਮਹਾਰਾਸ਼ਟਰ ਅਤੇ ਕੇਂਦਰ ਸਰਕਾਰ ਨੂੰ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਮੁੰਬਈ ਤੇ ਇਸ ਦੇ ਨਾਲ ਲੱਗਦੇ ਖੇਤਰਾਂ ਤੋਂ ਸਮੁੰਦਰ ਨਾਲ ਸਬੰਧਿਤ ਕੁਦਰਤੀ ਆਫਤਾਂ ਤੋਂ ਸਦਾ ਲਈ ਖਤਰਾ ਟਲ ਗਿਆ ਹੈ। ਧਰਤੀ ਦੇ ਔਸਤ ਤਾਪਮਾਨ ਵਿਚ ਵਾਧੇ ਦੇ ਨਾਲ ਨਾਲ ਸਮੁੰਦਰ ਦੇ ਪਾਣੀ ਦੇ ਤਾਪਮਾਨ ਵਿਚ ਵੀ ਵਾਧਾ ਹੋ ਰਿਹਾ ਹੈ।

ਅਮਰੀਕਾ ਦੀ ਨੌਆ ਏਜੰਸੀ ਦੀ ਇਕ ਰਿਪੋਰਟ ਅਨੁਸਾਰ ਸਮੁੰਦਰ ਦੇ ਪਾਣੀ ਦੇ ਤਾਪਮਾਨ ਵਿਚ ਵਾਧੇ ਅਤੇ ਸਮੁੰਦਰ ਦੇ ਜਲ ਪੱਧਰ ਦੇ ਉਚਾ ਹੋਣ ਨਾਲ ਚੱਕਰਵਾਤਾਂ ਅਤੇ ਸੁਨਾਮੀ ਜਿਹੀਆਂ ਕੁਦਰਤੀ ਆਫਤਾਂ ਦੀ ਆਮਦ ਦੀ ਗਿਣਤੀ ਤੇ ਉਨ੍ਹਾਂ ਦੀ ਮਾਰ ਦੀ ਗਹਿਰਾਈ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਇਸ ਰਿਪੋਰਟ ਅਨੁਸਾਰ ਅਰਬ ਸਾਗਰ ਵਿਚ ਚੱਕਰਵਾਤਾਂ ਦੀ ਆਮਦ ਦੀ ਵਧਦੀ ਗਿਣਤੀ ਵੀ ਧਰਤੀ ਦੇ ਔਸਤ ਤਾਪਮਾਨ ਵਿਚ ਵਾਧੇ ਕਾਰਨ ਹੀ ਹੈ। ਮੁੰਬਈ ਸ਼ਹਿਰ ਨੂੰ ਸਮੁੰਦਰੀ ਆਫਤਾਂ ਤੋਂ ਖਤਰੇ ਬਾਰੇ ਤਾਂ ਸਪੇਨ ਦੇ ਬੈਸਕਿਊ ਸੈਂਟਰ ਫਾਰ ਕਲਾਈਮੇਟ ਚੇਂਜ, ਯੂਨਾਈਟਿਡ ਕਿੰਗਡਮ ਦੇ ਲਿਵਰਪੂਲ ਦੇ ਓਸ਼ਨੋਗਰਾਫਿਕ ਸੈਂਟਰ ਅਤੇ ਲੰਡਨ ਸਕੂਲ ਆਫ ਇਕਨਾਮਿਕਸ ਦੀ ਇਕ ਖੋਜ ਨੇ ਬਹੁਤ ਚਿੰਤਾਜਨਕ ਅੰਕੜੇ ਪੇਸ਼ ਕੀਤੇ ਹਨ। ਇਨ੍ਹਾਂ ਸੰਸਥਾਵਾਂ ਨੇ ਦੁਨੀਆਂ ਦੇ 136 ਤੱਟਵਰਤੀ ਇਲਾਕਿਆਂ ਵਿਚ ਵੱਸੇ ਸ਼ਹਿਰਾਂ ਦਾ ਸਰਵੇਖਣ ਕੀਤਾ ਸੀ ਅਤੇ ਇਨ੍ਹਾਂ ਦੀ ਖੋਜ ਅਨੁਸਾਰ ਮੁੰਬਈ ਸ਼ਹਿਰ ਆਉਣ ਸਮੇਂ ਵਿਚ ਸਮੁੰਦਰ ਆਫਤਾਂ ਦੀ ਮਾਰ ਖਾਣ ਵਾਲੇ ਦਰਜੇ ਅਨੁਸਾਰ ਦੁਨੀਆਂ ਦਾ ਦੂਜਾ ਸ਼ਹਿਰ ਹੋਵੇਗਾ ਅਤੇ ਚੀਨ ਦਾ ਗੁਆਨਜੋਆ ਸ਼ਹਿਰ ਪਹਿਲੇ ਨੰਬਰ 'ਤੇ ਹੋਵੇਗਾ।

ਇਸ ਰਿਪੋਰਟ ਉਤੇ ਸ਼ੱਕ ਕਰਨ ਦਾ ਕੋਈ ਸਵਾਲ ਤਾਂ ਉਠਦਾ ਹੀ ਨਹੀਂ, ਕਿਉਂਕਿ ਇਕ ਤਾਂ 2014 ਵਿਚ ਆਈ. ਪੀ. ਸੀ. ਸੀ. ਦੀ ਆਈ ਪਹਿਲੀ ਰਿਪੋਰਟ ਅਨੁਸਾਰ ਤਾਪਮਾਨ ਦੇ ਵਾਧੇ ਨਾਲ ਆਉਣ ਵਾਲੀਆਂ ਮੌਸਮੀ ਤਬਦੀਲੀਆਂ ਦੇ ਖਤਰਿਆਂ ਤੋਂ ਭਾਰਤ ਤੇ ਚੀਨ ਬਾਕੀ ਦੇਸ਼ਾਂ ਨਾਲੋਂ ਵੱਧ ਸਨਮੁੱਖ ਹੋਣਗੇ ਅਤੇ ਦੂਜਾ ਸਾਡੇ ਦੇਸ਼ ਦੇ ਦੱਖਣ ਵੱਲ ਤਿੰਨ ਪਾਸੇ ਸਮੁੰਦਰ ਲੱਗਦਾ ਹੈ, ਜਿਸ ਕਰਕੇ ਭਾਰਤ ਦੇ ਦਸ ਰਾਜ ਤੇ ਚਾਰ ਕੇਂਦਰੀਸ਼ਾਸ਼ਤ ਰਾਜ ਸਮੁੰਦਰ ਦੇ ਤੱਟਵਰਤੀ ਖੇਤਰਾਂ ਵਿਚ ਸਥਿਤ ਹਨ। ਤਾਪਮਾਨ ਵਿਚ ਲਗਾਤਾਰ ਵਾਧੇ ਨਾਲ ਪਹਾੜਾਂ ਅਤੇ ਧਰੁਵਾਂ ਉਤੇ ਜੰਮੀ ਬਰਫ ਤੇਜ਼ੀ ਨਾਲ ਪਿਘਲ ਰਹੀ ਹੈ ਅਤੇ ਸਮੁੰਦਰ ਦੇ ਜਲ ਪੱਧਰ ਨੂੰ ਉਚਾ ਕਰ ਰਹੀ ਹੈ। ਆਈ. ਪੀ. ਸੀ. ਸੀ. ਦੀ 2014 ਦੀ ਇਕ ਰਿਪੋਰਟ ਅਨੁਸਾਰ 1901 ਤੋਂ 2010 ਤੱਕ ਦੇ ਸਮੇਂ ਵਿਚ ਸਮੁੰਦਰ ਦਾ ਜਲ ਪੱਧਰ 19 ਸੈਂਟੀਮੀਟਰ ਉਚਾ ਹੋ ਗਿਆ ਹੈ।

ਇੰਡੀਅਨ ਨੈਸ਼ਨਲ ਸੈਂਟਰ ਫਾਰ ਓਸ਼ਨ ਇਨਫਰਮੇਸ਼ਨ ਸਰਵਿਸ ਆਫ ਹੈਦਰਾਬਾਦ ਅਨੁਸਾਰ ਭਾਰਤ ਦੇ ਤੱਟਵਰਤੀ ਖੇਤਰਾਂ ਨਾਲ ਲੱਗਦੇ ਸਮੁੰਦਰ ਦਾ ਜਲ ਪੱਧਰ ਔਸਤਨ 1.6-1.7 ਮਿਲੀਮੀਟਰ ਦੀ ਦਰ ਨਾਲ ਪ੍ਰਤੀ ਸਾਲ ਵਧ ਰਿਹਾ ਹੈ। ਨੇਚਰ ਕਮਿਊਨੀਕੇਸ਼ਨ ਨਾਂ ਦੀ ਖੋਜ ਪ੍ਰਤਿਕਾ ਵਿਚ ਛਪੀ ਇੱਕ ਖੋਜ ਅਨੁਸਾਰ ਸਮੁੰਦਰ ਦਾ ਜਲ ਪੱਧਰ ਉਚਾ ਹੋਣ ਨਾਲ 2050 ਤੱਕ ਭਾਰਤ ਦੀ 36 ਮਿਲੀਅਨ ਆਬਾਦੀ, ਜੋ ਤੱਟਵਰਤੀ ਖੇਤਰਾਂ ਵਿਚ ਵੱਸੀ ਹੋਈ ਹੈ, ਸਮੁੰਦਰੀ ਹੜ੍ਹਾਂ ਦੀ ਲਪੇਟ ਵਿਚ ਆ ਜਾਵੇਗੀ ਅਤੇ ਸਦੀ ਦੇ ਅੰਤ ਤੱਕ 44 ਮਿਲੀਅਨ ਭਾਰਤੀ ਇਸ ਆਫਤ ਦੀ ਮਾਰ ਵਿਚ ਆ ਸਕਦੇ ਹਨ। ਇਸ ਦੇ ਨਾਲ-ਨਾਲ ਤੱਟਵਰਤੀ ਖੇਤਰਾਂ ਵਿਚਲੇ ਟਾਪੂ ਸਮੁੰਦਰ ਵਿਚ ਸਮਾ ਸਕਦੇ ਹਨ। ਬੰਗਾਲ ਦੀ ਖਾੜੀ ਵਿਚ ਵੱਸੇ ਨਿਊਮਰ ਅਤੇ ਲੋਹਚਾਗ ਨਾਂ ਦੇ ਦੋ ਟਾਪੂ ਕ੍ਰਮਵਾਰ 1970 ਅਤੇ 1980 ਵਿਚ ਸਮੁੰਦਰ ਵਿਚ ਸਮਾ ਚੁਕੇ ਹਨ ਅਤੇ ਹੁਣ ਘੋਰਾਮਾਗ ਨਾਂ ਦਾ ਟਾਪੂ ਹੌਲੀ ਹੌਲੀ ਆਪਣਾ ਵਜੂਦ ਖੋ ਰਿਹਾ ਹੈ। ਅਰਬ ਸਾਗਰ ਵਿਚ ਮੁੰਬਈ ਕੋਲ ਸਮੁੰਦਰ ਦੇ ਜਲ ਪੱਧਰ ਦੀ ਉਚਾ ਹੋਣ ਦੀ ਦਰ 1.2 ਮਿਲੀਮੀਟਰ ਪ੍ਰਤੀ ਸਾਲ ਹੈ, ਜੋ ਮੁੰਬਈ ਲਈ ਇਕ ਭਿਆਨਕ ਖਤਰੇ ਦਾ ਸੰਕੇਤ ਹੈ, ਜਿਸ ਨਾਲ ਆਉਣ ਵਾਲੇ ਸਮੇਂ ਵਿਚ ਮੁੰਬਈ ਦਾ ਵੱਡਾ ਹਿੱਸਾ ਸਮੁੰਦਰ ਵਿਚ ਸਮਾ ਸਕਦਾ ਹੈ।

ਸਮੁੰਦਰ ਦੇ ਪਾਣੀ ਦੇ ਤਾਪਮਾਨ ਵਿਚ ਵਾਧਾ ਹੋਣ ਨਾਲ ਸਮੁੰਦਰੀ ਤੂਫਾਨਾਂ (ਚੱਕਰਵਾਤਾਂ ਤੇ ਸੁਨਾਮੀਆਂ) ਦੀ ਆਮਦ ਦੀ ਗਿਣਤੀ ਅਤੇ ਉਨ੍ਹਾਂ ਦੀ ਮਾਰ ਦੀ ਗਹਿਰਾਈ ਵਿਚ ਕਈ ਗੁਣਾ ਵਾਧਾ ਹੋ ਜਾਂਦਾ ਹੈ। ਡੇਨੀਅਲ ਲੈਵਿਟ ਅਤੇ ਨਿਕੋ ਕੈਮਨੈਡਾ ਦੀ ਇਕ ਖੋਜ ਅਨੁਸਾਰ ਜੇ ਸਮੁੰਦਰੀ ਪਾਣੀ ਦੇ ਤਾਪਮਾਨ ਵਿਚ ਇਕ ਡਿਗਰੀ ਦਾ ਵਾਧਾ ਹੁੰਦਾ ਹੈ ਤਾਂ ਸਮੁੰਦਰੀ ਤੂਫਾਨ ਵਿਚਲੀ ਹਵਾ ਦੀ ਗਤੀ ਵਿਚ 5 ਫੀਸਦ ਵਾਧਾ ਹੁੰਦਾ ਹੈ ਅਤੇ ਵੱਧ ਗਤੀ ਵਾਲੀ ਹਵਾ ਵਾਲਾ ਤੂਫਾਨ ਵੱਧ ਤਬਾਹੀ ਮਚਾਉਂਦਾ ਹੈ, ਜਿਸ ਦੀਆਂ ਪ੍ਰਖਤਾ ਮਿਸਾਲਾਂ ਹਾਲ ਵਿਚ ਭਾਰਤ ਦੇ ਰਾਜ ਪੱਛਮੀ ਬੰਗਾਲ ਵਿਚ ਆਏ ਅਮਫਾਨ ਅਤੇ 2017 ਵਿਚ ਤਾਮਿਲਨਾਡੂ ਵਿਚ ਓਖੀ ਚੱਕਰਵਾਤੀ ਤੂਫਾਨਾਂ ਦੇ ਨਾਲ ਨਾਲ ਅਮਰੀਕਾ ਵਿਚ ਪਿਛਲੇ ਸਾਲਾਂ ਵਿਚ ਆਏ ਹਾਰਵੇ, ਇਰਮਾ, ਮਾਰੀਆ, ਫੋਲਰੈਂਸ ਆਦਿ ਹਨ। ਸਮੁੰਦਰ ਦੇ ਪਾਣੀ ਦੇ ਔਸਤ ਤਾਪਮਾਨ ਵਿਚ ਵਾਧਾ ਹੋਣ ਨਾਲ ਤੱਟਵਰਤੀ ਇਲਾਕੇ ਚੱਕਰਵਾਤਾਂ ਦੇ ਨਾਲ ਨਾਲ ਇਕ ਹੋਰ ਸਮੁੰਦਰੀ ਆਫਤ ਸੁਨਾਮੀ ਦੀ ਮਾਰ ਵੀ ਝੱਲਣਗੇ। ਸਮੁੰਦਰੀ ਜਲ ਪੱਧਰ ਉਚਾ ਹੋਣ ਨਾਲ ਸਿੰਗਾਪੁਰ ਦੀ ਨਾਨਯਾਂਗ ਟੈਕਨਾਲੋਜੀਕਲ ਯੂਨੀਵਰਸਿਟੀ ਦੀ ਇਕ ਖੋਜ ਅਨੁਸਾਰ ਸਮੁੰਦਰੀ ਜਲ ਪੱਧਰ ਵਿਚ 0.5 ਮੀਟਰ ਦੇ ਵਾਧੇ ਨਾਲ ਸੁਨਾਮੀ ਦੇ ਆਉਣ ਦੇ ਖਤਰੇ ਵਿਚ 2.4 ਗੁਣਾ ਅਤੇ ਇਕ ਮੀਟਰ ਦੇ ਵਾਧੇ ਨਾਲ 4.7 ਗੁਣਾ ਵਾਧਾ ਹੋ ਸਕਦਾ ਹੈ। ਹੁਣ ਤੋਂ 16 ਸਾਲ ਪਹਿਲਾਂ 2004 ਵਿਚ ਆਈ ਸੁਨਾਮੀ ਨਾਲ ਭਾਰਤ ਵਿਚ 10,000 ਲੋਕ ਮਾਰੇ ਗਏ ਸਨ। ਉਸ ਪਿਛੋਂ ਲਗਾਤਾਰ ਧਰਤੀ ਅਤੇ ਸਮੁੰਦਰ ਦੇ ਔਸਤ ਤਾਪਮਾਨ ਵਿਚ ਵਾਧਾ ਹੋ ਰਿਹਾ ਹੈ। ਜੇ ਅਸੀਂ ਨਾ ਸੰਭਲੇ ਤਾਂ ਇਹ ਵਰਤਾਰਾ ਭਾਰਤ ਵਿਚ ਭਿਆਨਕ ਤਬਾਹੀ ਲਿਆ ਸਕਦਾ ਹੈ।



ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਔਰੇਗਾਨ ਯੂਨੀਵਰਸਿਟੀ ਦੀ ਇਕ ਖੋਜ ਅਨੁਸਾਰ ਹਿੰਦ ਮਹਾਸਾਗਰ ਦਾ ਪਾਣੀ ਹੋਰ ਸਮੁੰਦਰਾਂ ਦੇ ਮੁਕਾਬਲੇ ਤੇਜ਼ੀ ਨਾਲ ਗਰਮ ਹੋ ਰਿਹਾ ਹੈ, ਜੋ ਬਹੁਤ ਚਿੰਤਾ ਵਾਲੀ ਗੱਲ ਹੈ, ਜਿਸ ਨਾਲ ਹਿੰਦ ਮਹਾਸਾਗਰ ਵਿਚ ਪੈਦਾ ਹੋਣ ਵਾਲੇ ਚੱਕਰਵਾਤਾਂ ਦੀ ਗਿਣਤੀ ਵਿਚ ਵਾਧਾ ਹੋ ਸਕਦਾ ਹੈ। ਆਮ ਤੌਰ 'ਤੇ ਇੱਥੇ ਹਰ ਸਾਲ ਪੈਦਾ ਹੋਣ ਵਾਲੇ ਚੱਕਰਵਾਤਾਂ ਦੀ ਔਸਤਨ ਗਿਣਤੀ 5 ਹੁੰਦੀ ਸੀ, ਪਰ ਪਿਛਲੇ ਦੋ ਸਾਲਾਂ ਵਿਚ ਇਨ੍ਹਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। 2019 ਵਿਚ ਇਨ੍ਹਾਂ ਦੀ ਗਿਣਤੀ ਵਧ ਕੇ 8 ਹੋ ਗਈ ਸੀ। ਡਬਲਿਊ. ਐਮ. ਓ. ਅਤੇ ਯੂਰਪੀਨ ਸੈਂਟਰ ਫਾਰ ਮੀਡੀਅਮ ਰੇਂਜ ਫੋਰਕਾਸਟ ਸੰਸਥਾਵਾਂ ਅਨੁਸਾਰ ਚੱਕਰਵਾਤਾਂ ਦੀ ਗਿਣਤੀ ਵਿਚ ਵਾਧਾ ਵਾਤਾਵਰਨ ਵਿਚ ਤਾਪਮਾਨ ਅਤੇ ਨਮੀ ਦੇ ਵਾਧੇ ਕਾਰਨ ਹੋ ਰਿਹਾ ਹੈ। ਆਮ ਤੌਰ 'ਤੇ ਭਾਰਤ ਦਾ ਪੂਰਬੀ ਤੱਟ ਭਾਵ ਬੰਗਾਲ ਦੀ ਖਾੜੀ ਵਾਲਾ ਖੇਤਰ ਪੱਛਮੀ ਤੱਟ (ਅਰਬ ਸਾਗਰ) ਵਾਲੇ ਖੇਤਰ ਨਾਲੋਂ ਚੱਕਰਵਾਤਾਂ ਦੀ ਵੱਧ ਮਾਰ ਝੱਲਦਾ ਹੈ, ਪਰ 2019 ਦੌਰਾਨ 8 ਵਿਚੋਂ 5 ਚੱਕਰਵਾਤੀ ਤੂਫਾਨ ਅਰਬ ਸਾਗਰ ਵਿਚ ਆਏ, ਜੋ ਔਸਤ ਤੋਂ 400 ਫੀਸਦ ਵੱਧ ਸਨ ਅਤੇ ਬੰਗਾਲ ਦੀ ਖਾੜੀ ਵਿਚ ਸਿਰਫ 3 ਆਏ, ਜੋ ਔਸਤ ਨਾਲੋਂ ਘੱਟ ਸਨ। ਚੱਕਰਵਾਤਾਂ ਦੀ ਆਮਦ ਵਿਚ ਬਦਲਦਾ ਵਰਤਾਰਾ ਵੀ ਇਹ ਮੰਗ ਕਰਦਾ ਹੈ ਕਿ ਹੁਣ ਅਰਬ ਸਾਗਰ ਦੇ ਤੱਟ ਨਾਲ ਵੱਸੇ ਭਾਰਤੀ ਰਾਜ ਚੱਕਰਵਾਤਾਂ ਦੀ ਮਾਰ ਤੋਂ ਬਚਣ ਲਈ ਪੁਖਤਾ ਤੌਰ 'ਤੇ ਉਪਰਾਲੇ ਕਰਨ ਜਿਵੇਂ ਉੜੀਸਾ ਕਰ ਰਿਹਾ ਹੈ।

ਭਾਰਤ ਵਿਚ ਮੀਂਹ ਦਾ ਜ਼ਿਆਦਾਤਰ ਹਿੱਸਾ ਵੀ ਮੌਨਸੂਨ ਪੌਣਾਂ ਨਾਲ ਹੀ ਪੈਂਦਾ ਹੈ ਅਤੇ ਮੌਨਸੂਨ ਪੌਣਾਂ ਦੀ ਆਮਦ ਤੇ ਉਨ੍ਹਾਂ ਦੁਆਰਾ ਮੀਂਹ ਪੈਣ ਦੀ ਮਾਤਰਾ ਸਮੁੰਦਰੀ ਪਾਣੀ ਦੇ ਤਾਪਮਾਨ ਉਤੇ ਨਿਰਭਰ ਕਰਦੀ ਹੈ। ਤਾਪਮਾਨ ਵਿਚ ਵਾਧੇ ਨਾਲ ਮੌਨਸੂਨ ਪੌਣਾਂ ਦੀ ਆਮਦ ਅਤੇ ਮੀਂਹ ਪੈਣ ਦੀ ਪ੍ਰਕ੍ਰਿਆ ਵੀ ਬੁਰੀ ਤਰ੍ਹਾਂ ਗੜਬੜਾ ਗਈ ਹੈ। 2015 ਵਿਚ ਚੇਨੱਈ ਤੇ 2018 ਵਿਚ ਕੇਰਲ ਵਿਚ ਪਾਏ ਭਾਰੀ ਮੀਂਹ ਅਤੇ 2017 ਤੇ 2018 ਵਿਚ ਮੁੰਬਈ ਵਿਚ ਆਏ ਹੜ੍ਹਾਂ; ਮਹਾਰਾਸ਼ਟਰ ਤੇ ਗੁਜਰਾਤ ਵਿਚ ਹਰ ਸਾਲ ਪੈਂਦਾ ਸੋਕਾ ਅਤੇ ਸਮੁੰਦਰੀ ਤੂਫਾਨਾਂ ਦੀਆਂ ਵਧਦੀਆਂ ਘਟਨਾਵਾਂ ਸਾਨੂੰ ਸੁਚੇਤ ਕਰ ਰਹੀਆਂ ਹਨ ਕਿ ਅਸੀਂ ਇਨ੍ਹਾਂ ਕੁਦਰਤੀ ਆਫਤਾਂ ਨਾਲ ਸਿੱਝਣ ਲਈ ਤਿਆਰ ਰਹੀਏ ਅਤੇ ਜੇ ਅਸੀਂ ਮੁੰਬਈ ਤੇ ਹੋਰ ਪੱਛਮੀ ਤੱਟਵਰਤੀ ਖੇਤਰਾਂ ਨੂੰ ਤਾਪਮਾਨ ਦੇ ਵਾਧੇ ਨਾਲ ਆਉਣ ਵਾਲੀਆਂ ਕੁਦਰਤੀ ਆਫਤਾਂ ਦੀ ਮਾਰ ਤੋਂ ਬਚਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਕੌਮਾਂਤਰੀ ਪੱਧਰ ਦੇ ਨਾਲ ਨਾਲ ਸਥਾਨਕ ਪੱਧਰ 'ਤੇ ਉਪਰਾਲੇ ਕਰਨ ਦੀ ਸਖਤ ਲੋੜ ਹੈ। ਸਭ ਤੋਂ ਪਹਿਲਾਂ ਤਾਂ ਮੁੰਬਈ ਨੂੰ ਸਮੁੰਦਰੀ ਆਫਤਾਂ ਦੀ ਮਾਰ ਤੋਂ ਬਚਾਉਣ ਲਈ ਮਹਾਰਾਸ਼ਟਰ ਸਰਕਾਰ ਨੂੰ ਚਾਹੀਦਾ ਹੈ ਕਿ ਸ਼ਹਿਰ ਦੇ ਆਰਥਕ ਵਿਕਾਸ ਦੇ ਨਾਂ ਉਤੇ ਇੱਥੋਂ ਦੇ ਆਰੇ ਵਰਗੇ ਜੀਵ-ਵਿਭਿੰਨਤਾ ਭਰਪੂਰ ਜੰਗਲਾਂ ਅਤੇ ਮੁੰਬਈ ਵਿਚਲੀਆਂ ਜਲਗਾਹਾਂ ਦਾ ਉਜਾੜਾ ਨਾ ਕਰਕੇ ਉਨ੍ਹਾਂ ਦੀ ਚੰਗੀ ਤਰ੍ਹਾਂ ਸਾਂਭ-ਸੰਭਾਲ ਕਰੇ। ਇਸ ਦੇ ਨਾਲ ਨਾਲ ਪੱਛਮੀ ਘਾਟਾਂ ਦੇ ਖੇਤਰ ਵਿਚਲੇ ਸਾਰੇ ਰਾਜਾਂ ਗੁਜਰਾਤ, ਮਹਾਰਾਸ਼ਟਰ, ਕਰਨਾਟਕ, ਗੋਆ ਅਤੇ ਕੇਰਲ ਦੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਵਾਤਾਵਰਨ ਵਿਗਿਆਨੀ ਮਾਧਵ ਗਾਡਗਿੱਲ ਦੀ 2011 ਵਿਚ ਕੇਂਦਰ ਸਰਕਾਰ ਨੂੰ ਪੇਸ਼ ਕੀਤੀ ਗਈ ਇਕ ਰਿਪੋਰਟ ਅਨੁਸਾਰ ਹੀ ਵਿਕਾਸ ਯੋਜਨਾਵਾਂ ਬਣਾਉਣ। ਆਰਥਕ ਵਿਕਾਸ ਦੇ ਨਾਂ ਉਤੇ ਵਾਤਾਵਰਨ ਸੰਵੇਦਨਸ਼ੀਲ ਖੇਤਰਾਂ ਦਾ ਉਜਾੜਾ ਨਾ ਕਰਨ ਤੇ ਇਨ੍ਹਾਂ ਖੇਤਰਾਂ ਵਿਚ ਨਵੇਂ ਸ਼ਹਿਰ ਅਤੇ ਡੈਮ ਬਣਾਉਣ ਤੋਂ ਗੁਰੇਜ਼ ਕਰਨ ਦੇ ਨਾਲ ਨਾਲ ਜਲਗਾਹਾਂ ਤੇ ਦਰਿਆਵਾਂ ਉਤੇ ਉਸਾਰੀਆਂ, ਸੈਰ-ਸਪਾਟਾ ਵਿਭਾਗ ਦੇ ਪਸਾਰੇ ਅਤੇ ਖਣਿਜਾਂ ਆਦਿ ਦੀ ਖੁਦਾਈ ਆਦਿ ਉਤੇ ਰੋਕ ਲਾਉਣ। ਕੇਰਲ ਤੋਂ ਲੈ ਕੇ ਗੁਜਰਾਤ ਤੱਕ ਦੇ ਸਾਰੇ ਰਾਜ ਤੱਟਵਰਤੀ ਵਾਤਾਵਰਨ ਸੰਵੇਦਨਸ਼ੀਲ ਖੇਤਰਾਂ ਵਿਚ ਕਿਸੇ ਵੀ ਤਰ੍ਹਾਂ ਦੀ ਉਸਾਰੀ ਉਤੇ ਪੂਰਨ ਤੌਰ 'ਤੇ ਰੋਕ ਲਾਉਣ, ਕਿਉਂਕਿ ਤੱਟਵਰਤੀ ਖੇਤਰਾਂ ਦੀ ਕੁਦਰਤੀ ਬਨਸਪਤੀ, ਜਲਗਾਹਾਂ, ਰੇਤਲੇ ਮੈਦਾਨ ਆਦਿ ਕੁਦਰਤ ਵੱਲੋਂ ਬਣਾਏ ਗਏ ਆਫਤ ਨਿਰੋਧਕ ਹਨ। ਜੇ ਅਸੀਂ ਇਨ੍ਹਾਂ ਨੂੰ ਉਜਾੜ ਦੇਵਾਂਗੇ ਤਾਂ ਅਸੀਂ ਹੋਰ ਵੱਧ ਕੁਦਰਤੀ ਆਫਤਾਂ ਦਾ ਸ਼ਿਕਾਰ ਹੋਵਾਂਗੇ।

## ਭਾਰਤ ਨੇ ਇਮਰਾਨ ਖਾਨ ਦੀ ਪੇਸ਼ਕਸ਼ ਦਾ ਮਖੌਲ ਉਡਾਇਆ

**ਨਵੀਂ ਦਿੱਲੀ/ਇਸਲਾਮਾਬਾਦ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਵਲੋਂ ਬੀਤੇ ਦਿਨੀਂ ਭਾਰਤ ਨੂੰ ਵਿੱਤੀ ਮਦਦ ਦੇਣ ਦੀ ਕੀਤੀ ਪੇਸ਼ਕਸ਼ ਨੂੰ ਭਾਰਤ ਸਰਕਾਰ ਨੇ ਹਾਸੋਹੀਣਾ ਕਰਾਰ ਦਿੱਤਾ ਹੈ। ਖਾਨ ਨੇ ਟਵਿੱਟਰ 'ਤੇ ਇਕ ਖਬਰ ਦੇ ਹਵਾਲੇ ਨਾਲ ਕਿਹਾ ਸੀ ਕਿ ਭਾਰਤ ਦੇ ਕਰੀਬ 34 ਫੀਸਦ ਲੋਕ ਮਦਦ ਬਿਨਾਂ ਇਕ ਹਫਤਾ ਵੀ ਨਹੀਂ ਕੱਟ ਸਕਣਗੇ। ਇਸ ਲਈ ਉਹ ਮਦਦ ਦੇਣ ਲਈ ਤਿਆਰ ਹਨ।

ਇਮਰਾਨ ਖਾਨ ਦਾ ਇਸ ਟਵੀਟ ਕਾਰਨ ਸੋਸ਼ਲ ਮੀਡੀਆ 'ਤੇ ਭਾਰਤੀਆਂ ਅਤੇ ਪਾਕਿਸਤਾਨੀਆਂ ਨੇ ਖੂਬ ਮਜ਼ਾਕ ਉਡਾਇਆ। ਭਾਰਤ ਦੇ ਵਿਦੇਸ਼ ਮਾਮਲਿਆਂ ਬਾਰੇ ਮੰਤਰਾਲੇ ਦੇ ਤਰਜਮਾਨ ਅਨੁਰਾਗ ਸ੍ਰੀਵਾਸਤਵ ਨੇ ਖਾਨ 'ਤੇ ਚੁਟਕੀ ਲੈਂਦਿਆਂ ਕਿਹਾ ਕਿ ਪਾਕਿਸਤਾਨ ਨੂੰ ਆਪਣੇ ਲੋਕਾਂ ਨੂੰ ਪੈਸਾ ਦੇਣ ਦੀ ਬਜਾਏ ਮੁਲਕ ਤੋਂ ਬਾਹਰ ਪੈਸਾ ਭੇਜਣ ਲਈ ਜਾਣਿਆ ਜਾਂਦਾ ਹੈ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਭਾਰਤ ਦਾ ਵਿੱਤੀ ਰਾਹਤ ਪੈਕੇਜ ਹੀ ਪਾਕਿਸਤਾਨ ਦੇ ਸਲਾਨਾ ਕੁੱਲ ਘਰੇਲੂ ਉਤਪਾਦਨ ਜਿੰਨਾ ਹੈ।

## ਇਕ ਹੋਰ ਗੁਆਂਢੀ ਨੇਪਾਲ ਨੇ ਵੀ ਭਾਰਤ ਨੂੰ ਅੱਖਾਂ ਦਿਖਾਈਆਂ

**ਨਵੀਂ ਦਿੱਲੀ:** ਚੀਨ ਤੇ ਪਾਕਿਸਤਾਨ ਤੋਂ ਬਾਅਦ ਹੁਣ ਗੁਆਂਢੀ ਮੁਲਕ ਨੇਪਾਲ ਵੀ ਭਾਰਤ ਨਾਲ ਉਲਝ ਪਿਆ ਹੈ। ਭਾਰਤ ਦੇ ਤਿੱਖੇ ਵਿਰੋਧ ਦੇ ਬਾਵਜੂਦ ਗੁਆਂਢੀ ਮੁਲਕ ਨੇਪਾਲ ਦੀ ਸੰਸਦ ਵਲੋਂ ਸਰਬਸੰਮਤੀ ਨਾਲ ਦੇਸ਼ ਦੇ ਨਵੇਂ ਨਕਸ਼ੇ ਸਬੰਧੀ ਸੋਧ ਬਿੱਲ ਪਾਸ ਕਰ ਦਿੱਤਾ ਗਿਆ। ਇਸ ਨਕਸ਼ੇ ਵਿਚ ਭਾਰਤ ਦੀ ਸਰਹੱਦ ਨਾਲ ਲੱਗਦੇ ਰਣਨੀਤਕ ਤੌਰ 'ਤੇ ਅਹਿਮ ਖੇਤਰਾਂ ਲਿਪੂਲੇਖ, ਕਾਲਾਪਾਣੀ ਅਤੇ ਲਿੰਪੀਆਧੁਰਾ ਨੂੰ ਸ਼ਾਮਲ ਕੀਤਾ ਗਿਆ ਹੈ। ਦੂਜੇ ਪਾਸੇ, ਭਾਰਤ ਨੇ ਕਿਹਾ ਹੈ ਕਿ ਨੇਪਾਲ ਵਲੋਂ ਨਵੇਂ ਨਕਸ਼ੇ ਸਬੰਧੀ ਬਿੱਲ ਪਾਸ ਕਰਨ ਦੀ ਕਾਰਵਾਈ ਜਾਇਜ਼ ਨਹੀਂ ਹੈ।



ਨੇਪਾਲ ਦੇ ਹੇਠਲੇ ਸਦਨ ਵਿਚ ਕੌਮੀ ਏਕਤਾ ਦਾ ਪ੍ਰਦਰਸ਼ਨ ਕਰਦਿਆਂ ਵਿਰੋਧੀ ਪਾਰਟੀਆਂ-ਜਿਨ੍ਹਾਂ ਵਿਚ ਨੇਪਾਲੀ ਕਾਂਗਰਸ (ਐਨ.ਸੀ.), ਰਾਸ਼ਟਰੀ ਜਨਤਾ ਪਾਰਟੀ-ਨੇਪਾਲ (ਆਰ.ਜੇ.ਪੀ-ਐੱਨ) ਅਤੇ ਰਾਸ਼ਟਰੀ ਪ੍ਰਜਾਤੰਤਰ ਪਾਰਟੀ (ਆਰ.ਪੀ.ਪੀ.) ਸ਼ਾਮਲ ਹਨ, ਨੇ ਸੰਵਿਧਾਨ ਦੇ ਸ਼ਡਿਊਲ 3 ਵਿਚ ਸੋਧ ਸਬੰਧੀ ਬਿੱਲ ਦਾ ਸਮਰਥਨ ਕੀਤਾ। ਇਸ ਬਿੱਲ ਰਾਹੀਂ ਨਵੇਂ ਵਿਵਾਦਿਤ ਨਕਸ਼ੇ ਨੂੰ ਪ੍ਰਵਾਨਗੀ ਦੇ ਕੇ ਕੌਮੀ ਨਿਸ਼ਾਨ ਵਿਚ ਤਬਦੀਲੀ ਕੀਤੀ ਜਾਵੇਗੀ। ਨੇਪਾਲ ਸੰਸਦ ਦੇ ਕੁੱਲ 275 ਕਾਨੂੰਨਸਾਜ਼ਾਂ 'ਚੋਂ ਹੇਠਲੇ ਸਦਨ ਵਿਚ ਮੌਜੂਦ 258 ਮੈਂਬਰਾਂ ਨੇ ਸੋਧ ਬਿੱਲ ਦੇ ਹੱਕ ਵਿਚ ਵੋਟ ਪਾਈ ਅਤੇ ਇਕ ਵੀ ਵੋਟ ਵਿਰੋਧ ਵਿਚ ਨਹੀਂ ਭੁਗਤੀ।

ਸਪੀਕਰ ਅਗਨੀ ਸਾਪਕੋਟਾ ਨੇ ਐਲਾਨ ਕੀਤਾ, "ਸੋਧ ਪ੍ਰਸਤਾਵ ਦੋ-ਤਿਹਾਈ ਬਹੁਮਤ ਨਾਲ ਪਾਸ ਕਰ ਦਿੱਤਾ ਗਿਆ ਹੈ।" ਭਾਰਤ ਨੇ ਗੁਆਂਢੀ ਮੁਲਕ ਦੀ ਇਸ ਕਾਰਵਾਈ ਦਾ ਵਿਰੋਧ ਕੀਤਾ ਹੈ। ਵਿਦੇਸ਼ ਮਾਮਲਿਆਂ ਬਾਰੇ ਮੰਤਰਾਲੇ ਦੇ ਤਰਜਮਾਨ ਅਨੁਰਾਗ ਸ੍ਰੀਵਾਸਤਵ ਨੇ ਕਿਹਾ ਕਿ ਅਸੀਂ ਇਸ ਮੁੱਦੇ ਸਬੰਧੀ ਪਹਿਲਾਂ ਹੀ ਆਪਣਾ ਸਟੈਂਡ ਸਪੱਸ਼ਟ ਕਰ ਚੁੱਕੇ ਹਾਂ। ਮਨਸੂਈ ਤੌਰ 'ਤੇ ਖੇਤਰ ਵਿਚ ਵਾਧਾ ਕਰਨਾ ਕਿਸੇ ਤਰ੍ਹਾਂ ਦੇ ਇਤਿਹਾਸਕ ਤੱਥਾਂ ਜਾਂ ਸਬੂਤਾਂ ਉਤੇ ਆਧਾਰਿਤ ਨਹੀਂ ਹੈ ਅਤੇ ਇਹ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ। ਇਹ ਸਰਹੱਦਾਂ ਸਬੰਧੀ ਬਕਾਇਆ ਮੁੱਦਿਆਂ ਨੂੰ ਗੱਲਬਾਤ ਰਾਹੀਂ ਹੱਲ ਕਰਨ ਸਬੰਧੀ ਸਾਡੀ ਮੌਜੂਦਾ ਸਮਝ ਦੀ ਵੀ ਉਲੰਘਣਾ ਹੈ।

ਦੋਵਾਂ ਮੁਲਕਾਂ ਵਿਚਾਲੇ ਰਿਸ਼ਤਿਆਂ ਵਿਚ ਖਟਾਸ ਉਸ ਵੇਲੇ ਆਈ ਜਦੋਂ 8 ਮਈ ਨੂੰ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਲਿਪੂਲੇਖ ਪਾਸ ਨੂੰ ਉਤਰਾਖੰਡ ਦੇ ਧਾਰਚੁਲਾ ਨਾਲ ਜੋੜਦੀ 80 ਕਿਲੋਮੀਟਰ ਲੰਬੀ ਸੜਕ ਦਾ ਨੀਂਹ ਪੱਥਰ ਰੱਖਿਆ। ਨੇਪਾਲ ਨੇ ਇਸ ਸੜਕ ਦਾ ਤਿੱਖਾ ਵਿਰੋਧ ਕਰਦਿਆਂ ਦਾਅਵਾ ਕੀਤਾ ਕਿ ਇਹ ਸੜਕ ਨੇਪਾਲੀ ਖੇਤਰ 'ਚੋਂ ਲੰਘਦੀ ਹੈ। ਇਸ ਵਿਵਾਦ ਦੌਰਾਨ ਜਨਰਲ ਨਰਵਾਣੇ ਨੇ ਚੀਨ ਦੀ ਇਸ ਮਾਮਲੇ ਵਿਚ ਭੂਮਿਕਾ ਵੱਲ ਇਸ਼ਾਰਾ ਕਰਦਿਆਂ ਬਿਆਨ ਦਿੱਤਾ ਕਿ ਨੇਪਾਲ ਵਲੋਂ ਸੜਕ 'ਤੇ ਇਤਰਾਜ਼ 'ਕਿਸੇ ਹੋਰ ਦੇ' ਕਹਿਣ ਉਤੇ ਕੀਤਾ ਗਿਆ ਹੈ। ਇਨ੍ਹਾਂ ਟਿੱਪਣੀਆਂ ਦਾ ਨੇਪਾਲ ਨੇ ਕਾਫੀ ਬੁਰਾ ਮਨਾਇਆ ਅਤੇ ਕੁਝ ਹੀ ਦਿਨਾਂ ਬਾਅਦ ਨਵਾਂ ਨਕਸ਼ਾ ਜਾਰੀ ਕਰਦਿਆਂ ਲਿਪੂਲੇਖ, ਕਾਲਾਪਾਣੀ ਅਤੇ ਲਿੰਪੀਆਧੁਰਾ ਨੂੰ ਆਪਣੇ ਖੇਤਰ ਦਾ ਹਿੱਸਾ ਦੱਸਿਆ।

### ਭਾਰਤ ਹੁਣ ਕਮਜ਼ੋਰ ਨਹੀਂ: ਰਾਜਨਾਥ ਸਿੰਘ

**ਨਵੀਂ ਦਿੱਲੀ:** ਦੇਸ਼ ਦੇ ਰੱਖਿਆ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਚੀਨ ਨਾਲ ਪੂਰਬੀ ਲੱਦਾਖ ਖੇਤਰ ਸਮੇਤ ਸਰਹੱਦੀ ਵਿਵਾਦ 'ਤੇ ਕੂਟਨੀਤਕ ਅਤੇ ਫੌਜੀ ਪੱਧਰ 'ਤੇ ਗੱਲਬਾਤ ਚੱਲ ਰਹੀ ਹੈ। ਰੱਖਿਆ ਮੰਤਰੀ ਨੇ ਕਿਹਾ ਕਿ ਭਾਰਤ ਆਪਣੇ ਰਾਸ਼ਟਰੀ ਮਾਣ ਨਾਲ ਸਮਝੌਤਾ ਨਹੀਂ ਕਰੇਗਾ। ਨਾਲ ਹੀ ਉਨ੍ਹਾਂ ਕਿਹਾ ਕਿ ਭਾਰਤ ਹੁਣ ਕਮਜ਼ੋਰ ਦੇਸ਼ ਨਹੀਂ ਰਿਹਾ ਅਤੇ ਉਸ ਦੀ ਸੁਰੱਖਿਆ ਸਮਰੱਥਾ ਵੀ ਵੱਧ ਗਈ ਹੈ। ਕੇਂਦਰ ਸਰਕਾਰ ਸਰਹੱਦ 'ਤੇ ਕਿਸੇ ਵੀ ਘਟਨਾਕ੍ਰਮ ਬਾਰੇ ਸੰਸਦ ਜਾਂ ਕਿਸੇ ਨੂੰ ਵੀ ਹਨੇਰੇ 'ਚ ਨਹੀਂ ਰੱਖੇਗੀ ਤੇ ਢੁਕਵਾਂ ਸਮਾਂ ਆਉਣ 'ਤੇ ਜਾਣਕਾਰੀਆਂ ਸਾਂਝੀਆਂ ਕੀਤੀਆਂ ਜਾਣਗੀਆਂ।


# ਅਜਮੇਰ ਔਲਖ ਨੂੰ ਯਾਦ ਕਰਦਿਆਂ

ਪ੍ਰਿੰ. ਸਰਵਣ ਸਿੰਘ

ਪ੍ਰੋ. ਅਜਮੇਰ ਸਿੰਘ ਔਲਖ ਨੂੰ ਗੁਜ਼ਰਿਆਂ ਤਿੰਨ ਵਰ੍ਹੇ ਹੋ ਗਏ, ਪਰ ਉਹ ਮੁੜ ਮੁੜ ਯਾਦ ਆ ਜਾਂਦੈ। ਉਹ ਨਿਮਨ ਕਿਸਾਨੀ ਦਾ ਹਮਦਰਦ ਨਾਟਕਕਾਰ ਸੀ। ਉਸ ਦੇ ਤਿੰਨ ਦਰਜਨ ਤੋਂ ਵੱਧ ਨਾਟਕਾਂ ਦੀਆਂ ਹਜ਼ਾਰਾਂ ਪੇਸ਼ਕਾਰੀਆਂ ਹੋਈਆਂ ਸਨ, ਜਿਨ੍ਹਾਂ ਤੋਂ ਲੱਖਾਂ ਲੋਕਾਂ ਨੇ ਸੰਘਰਸ਼ ਕਰਨ ਦੀ ਸੇਧ ਲਈ। 2015 ਵਿਚ ਹਜ਼ਾਰਾਂ ਲੋਕਾਂ ਦੇ 'ਕੱਠ ਨੇ ਉਹਦਾ ਲੋਕ ਸਨਮਾਨ ਕੀਤਾ ਸੀ। ਉਸ ਨੂੰ ਭਾਰਤੀ ਸਾਹਿਤ ਅਕਾਦਮੀ ਅਵਾਰਡ, ਭਾਰਤੀ ਸੰਗੀਤ ਤੇ ਨਾਟਕ ਅਕਾਦਮੀ ਅਵਾਰਡ, ਭਾਸ਼ਾ ਵਿਭਾਗ ਪੰਜਾਬ ਦਾ ਸ਼੍ਰੋਮਣੀ ਨਾਟਕਕਾਰ ਅਵਾਰਡ, ਪੰਜਾਬੀ ਸਾਹਿਤ ਅਕਾਦਮੀ ਦਾ ਕਰਤਾਰ ਸਿੰਘ ਧਾਲੀਵਾਲ ਅਵਾਰਡ, ਇੰਟਰਨੈਸ਼ਨਲ ਪਾਸ਼ ਮੈਮੋਰੀਅਲ ਅਵਾਰਡ ਅਤੇ ਹੋਰ ਅਨੇਕਾਂ ਮਾਨ ਸਨਮਾਨ ਮਿਲੇ ਸਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਉਸ ਨੂੰ ਡੀ. ਲਿੱਟ. ਦੀ ਆਨਰੇਰੀ ਡਿਗਰੀ ਦੇ ਕੇ ਸਨਮਾਨਿਆ; ਪਰ ਉਹ ਅਜਿਹੇ ਮਾਨਾਂ ਸਨਮਾਨਾਂ ਤੋਂ ਉਤੇ ਸੀ। ਸੈਕੂਲਰ ਭਾਰਤ ਵਿਚ ਧਾਰਮਿਕ ਅਸਹਿਣਸ਼ੀਲਤਾ ਦੇ ਮੁੱਦੇ ਉਤੇ ਉਸ ਨੇ ਭਾਰਤੀ ਸਾਹਿਤ ਅਕਾਦਮੀ ਦਾ ਇਨਾਮ ਮੋੜ ਵੀ ਦਿੱਤਾ ਸੀ। ਉਸ ਦੇ ਨਾਟਕ ਪੰਜਾਬ ਤੇ ਹਰਿਆਣੇ ਦੇ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਤੋਂ ਲੈ ਕੇ, ਚੰਡੀਗੜ੍ਹ, ਦਿੱਲੀ, ਕੋਲਕਾਤਾ, ਮੁੰਬਈ ਅਤੇ ਅਮਰੀਕਾ/ਕੈਨੇਡਾ ਤਕ ਖੇਡੇ ਗਏ ਅਤੇ ਯੂਨੀਵਰਸਿਟੀਆਂ ਤੇ ਸਿੱਖਿਆ ਬੋਰਡਾਂ ਦੀਆਂ ਪਾਠ ਪੁਸਤਕਾਂ ਵਿਚ ਪੜ੍ਹਾਏ ਗਏ। ਉਨ੍ਹਾਂ ਬਾਰੇ ਅਨੇਕਾਂ ਖੋਜ ਲੇਖ ਤੇ ਖੋਜ ਪ੍ਰਬੰਧ ਲਿਖੇ ਗਏ। ਉਹ ਨਾਟਕ ਤੇ ਰੰਗ ਮੰਚ ਦਾ ਤੁਰਿਆ ਫਿਰਦਾ ਇਨਸਾਈਕਲੋਪੀਡੀਆ ਸੀ।

ਔਲਖ ਦੇ ਪੂਰੇ ਨਾਟਕਾਂ ਦੇ ਨਾਂ ਹਨ: ਸੱਤ ਬਗਾਨੇ, ਕਿਹਰ ਸਿੰਘ ਦੀ ਮੌਤ, ਇੱਕ ਸੀ ਦਰਿਆ, ਸਲਵਾਨ, ਝਨਾਂ ਦੇ ਪਾਣੀ, ਨਿੱਕੇ ਸੂਰਜਾਂ ਦੀ ਲੜਾਈ, ਭੱਜੀਆਂ ਬਾਹਾਂ ਤੇ ਨਿਉਂ ਜੜ੍ਹ। ਇਕਾਂਗੀ ਨਾਟਕ ਹਨ: ਬਾਲ ਨਾਥ ਦੇ ਟਿੱਲੇ 'ਤੇ, ਮਿਰਜ਼ੇ ਦੀ ਮੌਤ, ਤੂੜੀ ਵਾਲਾ ਕੋਠਾ, ਜਦੋਂ ਬੋਹਲ ਰੋਂਦੇ ਹਨ, ਅੰਨ੍ਹੇ ਨਿਸ਼ਾਨਚੀ, ਸਿੱਧਾ ਰਾਹ ਵਿੰਗਾ ਰਾਹ, ਢਾਂਡਾ, ਐਸੇ ਰਚਿਉ ਖਾਲਸਾ, ਆਪਣਾ-ਆਪਣਾ ਹਿੱਸਾ, ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀਂ, ਹਰਿਉ ਬੂਟ, ਅੰਨ੍ਹੇਰ-ਕੋਠੜੀ ਤੇ ਹਾਏ ਨੀ ਮਨਮੀਤ ਕੁਰੇ। ਲਘੂ ਨਾਟਕ ਹਨ: ਅਰਬਦ ਨਰਬਦ ਧੁੰਦੂਕਾਰਾ, ਬੇਗਾਨੇ ਬੋਹੜ ਦੀ ਛਾਂ, ਸੁੱਕੀ ਕੁੱਖ, ਇੱਕ ਰਮਾਇਣ ਹੋਰ, ਭੱਠ ਖੇੜਿਆਂ ਦਾ ਰਹਿਣਾ, ਗਾਨੀ, ਤੇੜਾਂ, ਲੋਹੇ ਦਾ ਪੁੱਤ, ਐਇੰ ਨੀ ਹੁਣ ਸਰਨਾ, ਉਂਈ-ਮੂੰਈਂ ਦਾ ਕੁਸ ਨੀ ਹੁੰਦਾ, ਕਉਲੇ ਉਤੇ ਰੱਖਿਆ ਕੌਲਾ, ਚੱਲ ਵੀਰਨਾ ਵੇ ਉਥੇ ਚੱਲੀਏ, ਬੰਦ ਬੂਹਿਆਂ ਵਾਲੀ ਹਵੇਲੀ ਤੇ ਪੱਪੂ ਦੀ ਪੈਂਟ ਆਦਿ। ਉਸ ਨੇ ਹੋਰਨਾਂ ਲੇਖਕਾਂ ਦੀਆਂ ਕੁਝ ਕਹਾਣੀਆਂ ਤੇ ਨਾਵਲਾਂ ਨੂੰ ਵੀ ਨਾਟਕੀ ਰੂਪ ਦਿੱਤਾ ਸੀ।

ਔਲਖ ਦਾ ਜਨਮ 19 ਅਗਸਤ 1942 ਨੂੰ ਜਿਲਾ ਸੰਗਰੂਰ ਦੇ ਪਿੰਡ ਕੁੰਭੜਵਾਲ ਵਿਚ ਪਿਤਾ ਕੌਰ ਸਿੰਘ ਦੇ ਘਰ ਮਾਤਾ ਹਰਨਾਮ ਕੌਰ ਦੀ ਕੁੱਖੋਂ ਹੋਇਆ ਸੀ। ਕੁੰਭੜਵਾਲ ਉਦੋਂ ਰਿਆਸਤੀ ਪਿੰਡ ਸੀ ਤੇ ਹਿੰਦੁਸਤਾਨ ਅੰਗਰੇਜ਼ਾਂ ਦਾ ਗੁਲਾਮ ਸੀ। ਉਤੋਂ ਦੂਜੀ ਵਿਸ਼ਵ ਜੰਗ ਲੱਗੀ ਹੋਈ ਸੀ। ਕਿਸਾਨੀ ਦਾ ਬੁਰਾ ਹਾਲ ਸੀ। ਉਹਦਾ ਬਾਬਾ ਹਰਨਾਮ ਸਿੰਘ 1944-45 ਵਿਚ ਪਰਿਵਾਰ ਸਮੇਤ ਕੁੰਭੜਵਾਲ ਤੋਂ ਉਠ ਕੇ ਭੀਖੀ ਨੇੜੇ ਪਿੰਡ ਕਿਸ਼ਨਗੜ੍ਹ ਫਰਵਾਹੀ ਜਾ ਬੈਠਾ ਸੀ। ਅਜਮੇਰ ਸਿੰਘ ਕਿਸ਼ਨਗੜ੍ਹ ਫਰਵਾਹੀ ਤੋਂ ਚਾਰ, ਭੀਖੀ ਤੋਂ ਦਸ ਤੇ ਪੰਜਾਬੀ ਯੂਨੀਵਰਸਿਟੀ ਪਟਿਆਲੇ ਤੋਂ ਐਮ. ਏ. ਕਰ ਕੇ 1965 ਤੋਂ 2000 ਤਕ ਨਹਿਰੂ ਮੈਮੋਰੀਅਲ ਕਾਲਜ ਮਾਨਸਾ ਵਿਚ ਪੰਜਾਬੀ ਦਾ ਲੈਕਚਰਾਰ ਰਿਹਾ ਅਤੇ ਉਥੇ ਹੀ ਆਪਣਾ ਘਰ ਪਾ ਲਿਆ। ਉਥੇ ਹੀ ਉਹ ਨਾਟਕਕਾਰ, ਪ੍ਰੋਡਿਊਸਰ, ਡਾਇਰੈਕਟਰ ਤੇ ਅਦਾਕਾਰ ਬਣਿਆ ਅਤੇ ਆਪਣੀ ਪਤਨੀ ਮਨਜੀਤ ਕੌਰ ਤੇ ਤਿੰਨੇ ਧੀਆਂ ਨੂੰ ਅਦਾਕਾਰ ਬਣਾਇਆ। ਉਥੇ ਹੀ ਉਸ ਨੇ 1976 ਵਿਚ ਲੋਕ ਕਲਾ ਮੰਚ ਮਾਨਸਾ ਦੀ ਸਥਾਪਨਾ ਕੀਤੀ। ਮਾਨਸਾ ਵਿਚਲੇ ਘਰ ਤੋਂ ਬਿਨਾ ਉਹਦੀ ਕੋਈ ਜ਼ਮੀਨ ਜਾਇਦਾਦ ਨਹੀਂ ਸੀ ਬਚੀ। ਨਿਮਨ ਕਿਸਾਨੀ ਦਾ ਦੁੱਖ-ਦਰਦ ਉਸ ਨੇ ਆਪਣੇ ਹੱਡੀਂ ਹੰਢਾਇਆ ਸੀ।


ਅਜਮੇਰ ਔਲਖ ਨੂੰ ਆਪਣੀ ਪੁਸਤਕ ਭੇਟ ਕਰਦੇ ਹੋਏ ਪ੍ਰਿੰ. ਸਰਵਣ ਸਿੰਘ

ਉਹ 2008 ਤੋਂ ਨਾਮੁਰਾਦ ਬਿਮਾਰੀ ਕੈਂਸਰ ਵਿਰੁੱਧ ਜੂਝਦਾ ਆ ਰਿਹਾ ਸੀ। ਕਦੇ ਮਾਨਸਾ, ਕਦੇ ਦਿੱਲੀ, ਕਦੇ ਫਰੀਦਕੋਟ ਤੇ ਕਦੇ ਫੋਰਟਿਸ ਹਸਪਤਾਲ ਮੁਹਾਲੀ ਵਿਚ ਉਹਦਾ ਇਲਾਜ ਚਲਦਾ ਰਿਹਾ। ਮਹਿੰਗੇ ਇਲਾਜ 'ਤੇ ਲੱਖਾਂ ਰੁਪਏ ਲੱਗੇ, ਜਿਸ ਵਿਚ ਸੰਗੀਆਂ ਸਾਥੀਆਂ ਨੇ ਵੀ ਪਰਿਵਾਰ ਦੀ ਬਣਦੀ ਸਰਦੀ ਮਾਇਕ ਮਦਦ ਕੀਤੀ। ਵਿਚ ਵਿਚਾਲੇ ਉਹ ਆਰਜ਼ੀ ਤੌਰ 'ਤੇ ਠੀਕ ਵੀ ਹੋ ਜਾਂਦਾ ਰਿਹਾ, ਪਰ ਆਖਰ 15 ਜੂਨ 2017 ਦੇ ਵੱਡੇ ਤੜਕੇ ਉਹਦਾ ਦੇਹਾਂਤ ਹੋ ਗਿਆ। ਉਸ ਦੀ ਪਤਨੀ ਮਨਜੀਤ ਕੌਰ ਦੇ ਦੱਸਣ ਮੂਜਬ ਤਿੰਨ ਵਜੇ ਉਸ ਨੂੰ ਪਾਸਾ ਦੁਆਇਆ ਗਿਆ ਸੀ ਤੇ ਚਾਰ ਵਜੇ ਦੂਜਾ ਪਾਸਾ ਦੁਆਉਣ ਤੋਂ ਪਹਿਲਾਂ ਹੀ ਉਹਦਾ ਭੌਰ ਉਡਾਰੀ ਮਾਰ ਚੁਕਾ ਸੀ।

ਕੈਂਸਰ ਫੇਫੜਿਆਂ ਵਿਚ ਪਹੁੰਚ ਜਾਣ ਅਤੇ ਆਸ ਮੁੱਕ ਜਾਣ 'ਤੇ 10 ਜੂਨ ਨੂੰ ਮੁਹਾਲੀ ਦੇ ਫੋਰਟਿਸ ਹਸਪਤਾਲ ਤੋਂ ਉਹਨੂੰ ਮਾਨਸਾ ਆਪਣੇ ਘਰ ਲੈ ਆਂਦਾ ਗਿਆ ਸੀ ਕਿ ਹੁਣ ਘਰ ਹੀ ਸੇਵਾ ਕਰੀਏ। ਜਿਹੜੇ ਹਾਲ ਚਾਲ ਪੁੱਛਣ ਆਉਂਦੇ, ਮੁਸਕਰਾ ਕੇ ਚੰਗਾ ਹੀ ਦੱਸਦਾ। ਜਾਂਦੀ ਵਾਰ ਦੀਆਂ ਤਿੰਨ ਇੱਛਾਵਾਂ ਦੱਸੀਆਂ। ਅਖੇ ਧੀਆਂ ਚਿਖਾ ਨੂੰ ਅਗਨੀ ਲਾਉਣ, ਕਿਸੇ ਧਾਰਮਿਕ ਰਸਮ ਦੀ ਲੋੜ ਨਹੀਂ, ਕੇਵਲ ਸਾਦਾ ਸ਼ਰਧਾਂਜਲੀ ਸਮਾਗਮ ਹੋਵੇ, ਜਿਸ ਵਿਚ ਕੁਝ ਇਕ ਸਾਥੀ ਤੇ ਲੇਖਕ ਹੀ ਬੋਲਣ ਅਤੇ ਸਮਾਗਮ ਬੇਲੋੜਾ ਲੰਮਾ ਨਾ ਕੀਤਾ ਜਾਵੇ। ਜੀਵਨ ਸਾਥਣ ਮਨਜੀਤ ਕੌਰ ਦੇ ਵਾਰੇ ਜਾਈਏ, ਜੋ ਆਪਣੇ ਜੀਵਨ ਸਾਥੀ ਦਾ ਇਲਾਜ ਕਰਾਉਣ ਲਈ ਉਸ ਨੂੰ ਥਾਂ ਥਾਂ ਲਈ ਫਿਰੀ।

ਔਲਖ ਆਪਣੀ ਬਿਮਾਰੀ ਵੱਲੋਂ ਬੇਪਰਵਾਹ ਸੀ, ਉਸ ਨੂੰ ਤਾਂ ਹਰ ਵੇਲੇ ਦੱਬੇ-ਕੁਚਲੇ ਲੋਕਾਂ ਦੇ ਚੰਗੇ ਭਵਿੱਖ ਦੀ ਹੀ ਪਰਵਾਹ ਸੀ। ਦਵਾਈਆਂ ਦੇਣ ਦੀ ਪਰਵਾਹ ਪਤਨੀ ਨੂੰ ਹੀ ਕਰਨੀ ਪੈਂਦੀ ਸੀ। ਉਹ ਅਕਸਰ ਕਹਿੰਦਾ ਸੀ, ਬਿਮਾਰੀ-ਬਮੂਰੀ ਦਾ ਮੈਨੂੰ ਆਪ ਨ੍ਹੀਂ ਪਤਾ, ਮਨਜੀਤ ਨੂੰ ਪੁੱਛ ਲਓ। ਕੈਂਸਰ ਦਾ ਪਤਾ 2008 ਵਿਚ ਲੱਗਾ ਸੀ, ਕੀ ਪਤਾ ਜੜ੍ਹ ਕਦੋਂ ਦੀ ਲੱਗੀ ਹੋਵੇ? ਉਹ ਤਾਂ ਨਿਉਂ-ਜੜ੍ਹ ਵਰਗੇ ਨਾਟਕ ਖੇਡਣ ਵਿਚ ਹੀ ਮਗਨ ਸੀ। ਉਹ ਆਪਣੇ ਪਿਛੇ ਪਤਨੀ, ਧੀਆਂ, ਜੁਆਈਆਂ ਤੇ ਦੋਹਤੇ-ਦੋਹਤੀਆਂ ਦਾ ਭਰਿਆ ਪਰਿਵਾਰ ਛੱਡ ਗਿਆ ਸੀ।

ਆਪਣੀ ਸਵੈਜੀਵਨੀ ਦਾ ਨਾਂ ਉਸ ਨੇ 'ਨੰਗਾ ਢਿੱਡ' ਚਿਤਵਿਆ ਸੀ, ਜਿਸ ਦੇ ਕੁਝ ਕੁ ਕਾਂਡ ਲਿਖੇ ਗਏ, ਜੋ ਜੀਵਨ ਯਾਦਾਂ ਦੀ ਪੁਸਤਕ 'ਭੂੰਨੀ ਹੋਈ ਛੱਲੀ' ਵਿਚ ਛਪੇ ਹਨ। ਜਦੋਂ ਉਹਦਾ ਬਾਬਾ ਕਿਸ਼ਨਗੜ੍ਹ ਫਰਵਾਹੀ ਆਇਆ ਸੀ, ਉਦੋਂ ਉਹ ਜਗੀਰਦਾਰਾਂ ਦਾ ਮੁਜਾਰਾ ਪਿੰਡ ਸੀ। ਪਿੰਡ ਦੀ ਸਾਰੀ ਜ਼ਮੀਨ ਦੇ ਮਾਲਕ ਦੋ ਜਗੀਰਦਾਰ ਸਨ। ਮਾਰੂਸੀ ਤੇ ਗੈਰ-ਮਾਰੂਸੀ ਕਿਸਾਨ ਉਨ੍ਹਾਂ ਦੇ ਮੁਜਾਰੇ ਬਣ ਕੇ ਖੇਤੀ ਕਰਦੇ ਸਨ। ਹਰਨਾਮ ਸਿੰਘ ਦਾ ਪਰਿਵਾਰ ਇਕ ਜਗੀਰਦਾਰ ਦੀ ਅੱਠ ਕਿੱਲੇ ਜ਼ਮੀਨ ਵਾਹੁਣ ਲੱਗਾ ਸੀ, ਜਿਸ 'ਚੋਂ ਜਗੀਰਦਾਰ ਦੀ ਵਟਾਈ ਦੇ ਕੇ ਪਰਿਵਾਰ ਦਾ ਗੁਜ਼ਾਰਾ ਮਸਾਂ ਚਲਦਾ। ਉਨ੍ਹਾਂ ਦਿਨਾਂ ਵਿਚ ਖੇਤਾਂ ਦੀ ਉਪਜ ਵੀ ਘੱਟ ਹੀ ਹੁੰਦੀ ਸੀ। ਕਿਸੇ ਖੇਤ ਨੂੰ ਪਾਣੀ ਲੱਗਦਾ, ਕਿਸੇ ਨੂੰ ਨਹੀਂ ਸੀ ਲੱਗਦਾ। ਹਰਨਾਮ ਸਿੰਘ ਦੇ ਪਰਿਵਾਰ 'ਚ ਦੋ ਪੁੱਤ ਤੇ ਅੱਗੋਂ ਉਨ੍ਹਾਂ ਦੀ ਔਲਾਦ ਸੀ। ਅੱਠ ਕਿੱਲਿਆਂ ਵਾਲਾ ਮੁਜਾਰਾ ਥੁੜ੍ਹਿਆ-ਟੁੱਟਿਆ ਕਿਸਾਨ ਹੀ ਵੱਜਦਾ ਸੀ।

ਕਿਸੇ ਵੀ ਲੇਖਕ ਨੂੰ ਸਮਝਣ ਲਈ ਉਹਦਾ ਪਰਿਵਾਰਕ ਪਿਛੋਕੜ ਜਾਣਨਾ ਜ਼ਰੂਰੀ ਹੁੰਦਾ ਹੈ। ਲੇਖਕ ਦਾ ਬਚਪਨ ਜਿਨ੍ਹਾਂ ਹਾਲਤਾਂ ਵਿਚ ਦੀ ਗੁਜ਼ਰਿਆ ਹੋਵੇ, ਉਨ੍ਹਾਂ ਦਾ ਅਸਰ ਉਹਦੀ ਸ਼ਖਸੀਅਤ ਅਤੇ ਉਹਦੀ ਸਾਹਿਤਕਾਰੀ 'ਤੇ ਵੀ ਪੈਂਦਾ ਹੈ। ਅਜਮੇਰ ਔਲਖ ਦਾ ਪਛੜੇ ਇਲਾਕੇ ਦੇ ਇਕ ਮੁਜਾਰਾ ਪਰਿਵਾਰ ਵਿਚ ਜੰਮ ਕੇ ਐਮ. ਏ. ਤਕ ਪੜ੍ਹ ਸਕਣਾ, ਲੈਕਚਰਾਰ ਲੱਗ ਸਕਣਾ ਅਤੇ ਸਫਲ ਨਾਟਕਕਾਰ ਬਣ ਸਕਣਾ, ਔਲਖ ਦੇ ਕਹਿਣ ਵਾਂਗ 'ਮਹਿਜ਼ ਇਕ ਇਤਫਾਕ' ਦੀ ਗੱਲ ਸੀ।

ਉਸ ਨੇ ਆਪਣੀ ਸਾਹਿਤਕ ਸਵੈਜੀਵਨੀ 'ਮੇਰੀ ਨਾਟ-ਯਾਤਰਾ' ਵਿਚ ਲਿਖਿਆ: ਜਦ ਮੈਂ ਬਚਪਨ ਤੋਂ ਲੈ ਕੇ ਆਪਣੇ ਨਾਟਕਕਾਰ ਬਣਨ ਤਕ ਦੇ ਸਾਹਿਤਕ ਸਫਰ ਉਤੇ ਝਾਤ ਮਾਰਦਾ ਹਾਂ ਤਾਂ ਨਾਟਕ ਲਿਖਣ ਵੱਲ ਰੁਚਿਤ ਹੋਣ ਦਾ ਵਰਤਾਰਾ ਮੈਨੂੰ 'ਮਹਿਜ਼ ਇਕ ਇਤਫਾਕ' ਤੋਂ ਬਿਨਾ ਹੋਰ ਕੁਝ ਨਜ਼ਰ ਨਹੀਂ ਆਉਂਦਾ। ਆਪਣੀ ਉਮਰ ਦੇ 27-28 ਵਰ੍ਹਿਆਂ ਤਕ ਮੈਨੂੰ ਆਪਣੇ ਆਪ ਨੂੰ ਵੀ ਨਹੀਂ ਸੀ ਪਤਾ ਕਿ ਮੈਂ ਕਦੇ ਨਾਟਕ ਵੀ ਲਿਖਾਂਗਾ ਤੇ ਪੰਜਾਬੀ ਸਾਹਿਤ-ਜਗਤ ਵਿਚ ਮੇਰੀ ਪਛਾਣ 'ਇੱਕ ਨਾਟਕਕਾਰ' ਦੇ ਰੂਪ ਵਿਚ ਹੋਵੇਗੀ। ਮੈਂ ਪਹਿਲਾਂ ਕਵਿਤਾ/ਗੀਤ ਲਿਖਣੇ ਸ਼ੁਰੂ ਕੀਤੇ ਸਨ। ਜਦ ਮੈਂ ਗੁਰਮੁਖੀ ਅੱਖਰ ਜੋੜਨ ਦੇ ਯੋਗ ਹੋ ਗਿਆ ਤਾਂ ਸ਼ਬਦਾਂ ਨੂੰ ਗੁਣ-ਗੁਣਾਉਂਦਿਆਂ ਕਾਗਜ਼ਾਂ ਉਤੇ ਉਤਾਰਨ ਲੱਗ ਪਿਆ। ਮੈਂ ਆਪਣੀ ਪਹਿਲੀ ਸਾਹਿਤਕ ਰਚਨਾ ਕਦੋਂ ਤੇ ਕਿੰਨੀ ਉਮਰ ਵਿਚ ਕੀਤੀ, ਇਸ ਬਾਰੇ ਮੈਨੂੰ ਕੁਝ ਪੱਕਾ ਯਾਦ ਨਹੀਂ। ਜਿਥੋਂ ਤਕ ਮੈਨੂੰ ਯਾਦ ਹੈ, ਮੈਂ ਐਨੀ ਕੁ ਗੱਲ ਵਿਸ਼ਵਾਸ ਨਾਲ ਕਹਿ ਸਕਦਾਂ ਕਿ ਮੈਂ 8-10 ਸਾਲ ਦੀ ਉਮਰ ਵਿਚ ਕੁਝ ਨਾ ਕੁਝ ਤੁਕਬੰਦੀ ਕਰ ਕੇ ਉਸ ਨੂੰ ਗਾਉਣ ਲੱਗ ਪਿਆ ਸੀ।


## Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

***One of the Fastest Growing City in America and Best School System...***



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

**ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ**

**Gurdeep (Garry) Chhokar**
Realtor/Broker
**Cell: 317-500-1247**

Star Alliance BROKERAGE



***We do all type of Home and Commercial Loan. Same day loan approval...***

# ਸਿਆਹਫਾਮ ਮਨੁੱਖ ਦੀ ਹੋਣੀ

**ਕਲਾ ਪਰਿਕਰਮਾ**

'ਰੂਟਸ: ਇਕ ਅਮਰੀਕਨ ਪਰਿਵਾਰ ਦੀ ਗਾਥਾ' ਇਤਿਹਾਸਕ ਨਾਵਲ ਹੈ ਜਿਹੜਾ ਅਫਰੀਕਨ-ਅਮਰੀਕਨ ਲੇਖਕ ਐਲੈਕਸ ਹੇਲੀ ਦੇ ਖਾਨਦਾਨੀ ਪਿਛੋਕੜ 'ਤੇ ਝਾਤ ਪੁਆਉਂਦਾ ਹੈ। 1976 ਵਿਚ ਅੰਗਰੇਜ਼ੀ 'ਚ ਛਪੇ ਇਸ ਨਾਵਲ ਦੇ ਛਪਣ ਦੇ ਦੋ ਸਾਲਾਂ ਵਿਚ ਹੀ ਇਸ ਦੀਆਂ ਅੱਸੀ ਲੱਖ ਕਾਪੀਆਂ ਛਾਪੀਆਂ ਗਈਆਂ। ਇਸ ਨਾਵਲ ਨੂੰ ਨੈਸ਼ਨਲ ਬੁੱਕ ਐਵਾਰਡ ਅਤੇ ਪੁਲਿਟਜ਼ਰ ਪੁਰਸਕਾਰ ਸਮੇਤ 271 ਇਨਾਮ ਮਿਲੇ। ਨਾਵਲ ਦਾ 37 ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕਾ ਹੈ। ਇਸ ਨਾਵਲ 'ਤੇ ਆਧਾਰਿਤ ਟੈਲੀਵਿਜ਼ਨ ਦੇ ਏ. ਬੀ. ਸੀ. ਚੈਨਲ ਉਪਰ ਸਾਲ 1977 ਵਿਚ ਜਨਵਰੀ 23 ਤੋਂ 30 ਤੱਕ ਬਾਰਾਂ ਘੰਟਿਆਂ ਦੀ ਫਿਲਮ ਨੂੰ ਛੋਟੀਆਂ ਕਿਸ਼ਤਾਂ ਵਿਚ ਦਿਖਾਇਆ ਗਿਆ। ਇਨ੍ਹਾਂ ਅੱਠ ਰਾਤਾਂ 'ਚ ਇਸ ਲੜੀਵਾਰ ਨੂੰ ਇੱਕ ਕਰੋੜ ਤੀਹ ਲੱਖ ਲੋਕਾਂ ਨੇ ਦੇਖਿਆ। ਇਹ ਲੜੀਵਾਰ ਟੈਲੀਵਿਜ਼ਨ ਦੇ ਇਤਿਹਾਸ ਵਿਚ ਦਰਸ਼ਕਾਂ ਦੀ ਗਿਣਤੀ ਪੱਖੋਂ ਮੀਲ ਪੱਥਰ ਸਾਬਤ ਹੋਇਆ।

ਰੂਟਸ ਦੇ ਲੇਖਕ ਐਲੈਕਸ ਹੇਲੀ ਦਾ ਜਨਮ 1921 ਵਿਚ ਨਿਊ ਯਾਰਕ ਦੇ ਇਥਾਕਾ ਸ਼ਹਿਰ ਵਿਚ ਪ੍ਰੋਫੈਸਰ ਪਿਤਾ ਅਤੇ ਸਕੂਲ ਅਧਿਆਪਕ ਮਾਤਾ ਦੇ ਘਰ ਹੋਇਆ। ਉਹ ਤਿੰਨ ਭਰਾਵਾਂ ਵਿਚੋਂ ਸਭ ਤੋਂ ਵੱਡਾ ਸੀ। ਹੇਲੀ ਅਮਰੀਕਾ ਦੀ



**ਹਰਪ੍ਰੀਤ ਸੇਖਾ**
**ਫੋਨ: 778-231-1189**

ਸਟੇਟ ਟੈਨੈਸੀ ਦੇ ਛੋਟੇ ਜਿਹੇ ਕਸਬੇ ਹੇਨਿੰਗ ਵਿਖੇ ਵੱਡਾ ਹੋਇਆ। ਉਥੇ ਉਹ ਆਪਣੇ ਬਜ਼ੁਰਗਾਂ ਤੋਂ ਅਫਰੀਕਨ ਮੂਲ ਦੇ ਆਪਣੇ ਇਕ ਅਜਿਹੇ ਵਡੇਰੇ ਦੀਆਂ ਬਾਤਾਂ ਸੁਣਦਾ ਸੀ ਜਿਹੜਾ ਆਪਣਾ ਗੁਲਾਮ ਨਾਂ 'ਟੋਬੀ' ਕਹਾਉਣ ਤੋਂ ਇਨਕਾਰੀ ਸੀ।

ਐਲੈਕਸ ਹੇਲੀ ਨੇ 20 ਸਾਲ ਜਲ ਸੈਨਾ (ਕੋਸਟ ਗਾਰਡ) ਵਿਚ ਨੌਕਰੀ ਕੀਤੀ। 1959 ਵਿਚ ਹੇਲੀ ਨੇ ਨੌਕਰੀ ਤੋਂ ਸੇਵਾਮੁਕਤ ਹੋ ਕੇ ਲੇਖਨ ਨੂੰ ਕਿੱਤੇ ਦੇ ਤੌਰ 'ਤੇ ਅਪਣਾਇਆ। ਉਹ 'ਰੀਡਰਜ਼ ਡਾਈਜੈਸਟ' ਅਤੇ 'ਪਲੇਅਬੌਇ' ਵਰਗੇ ਰਸਾਲਿਆਂ ਲਈ ਕੰਮ ਕਰਨ ਲੱਗਾ। ਬਚਪਨ ਵਿਚ ਸੁਣੀਆਂ ਕਹਾਣੀਆਂ ਤੋਂ ਪ੍ਰਭਾਵਿਤ ਹੋ ਕੇ 1964 ਵਿਚ ਹੇਲੀ ਨੇ ਆਪਣੇ ਨਾਨਕੇ ਖਾਨਦਾਨ ਬਾਰੇ ਖੋਜ ਕਰਨ ਬਾਰੇ ਸੋਚਿਆ। ਉਸ ਨੇ ਪਰਿਵਾਰ ਵਲੋਂ ਬੋਲੇ ਜਾਂਦੇ ਅਫਰੀਕਨ ਸ਼ਬਦਾਂ ਦੇ ਉਚਾਰਨ ਬਾਰੇ ਬਹੁਤ ਸਾਰੀਆਂ ਯੂਨੀਵਰਸਿਟੀਆਂ ਦੇ ਭਾਸ਼ਾ ਵਿਗਿਆਨੀਆਂ ਨਾਲ ਰਾਬਤਾ ਕਾਇਮ ਕੀਤਾ। ਉਨ੍ਹਾਂ ਮਾਹਿਰਾਂ ਨੇ ਉਸ ਬੋਲੀ ਅਤੇ ਸ਼ਬਦਾਂ ਦੇ ਜਨਮ ਸਥਾਨ ਬਾਰੇ ਤਸਦੀਕ ਕੀਤਾ। ਹੇਲੀ ਪੱਛਮੀ ਅਫਰੀਕਾ ਵਿਚ ਗਾਂਬੀਆ ਦੇ ਛੋਟੇ ਜਿਹੇ ਉਸ ਪਿੰਡ ਜ਼ੁਫੂਰੇ ਪਹੁੰਚ ਗਿਆ। ਉਥੇ ਉਹ ਗਰਾਇਟ (ਮੌਖਿਕ ਇਤਿਹਾਸਕਾਰ) ਨੂੰ ਮਿਲਿਆ ਜਿਸ ਨੇ ਉਸ ਨੂੰ ਮਨਡਿੰਕਾ ਕਬੀਲੇ ਦੀਆਂ ਸੱਤ ਪੁਸ਼ਤਾਂ ਦਾ ਇਤਿਹਾਸ ਸੁਣਾਇਆ।

ਆਪਣੀ ਅਮਰੀਕਾ ਵਾਪਸੀ ਵੇਲੇ ਹੇਲੀ ਮਾਲ-ਜਹਾਜ਼ ਰਾਹੀਂ ਪਰਤਿਆ ਤਾਂ ਜੋ ਉਹ ਆਪਣੇ ਵਡੇਰਿਆਂ ਦੇ ਅਮਰੀਕਾ ਨੂੰ ਤਿੰਨ ਮਹੀਨਿਆਂ ਦੇ ਸਫਰ ਵੇਲੇ ਆਈਆਂ ਔਖਿਆਈਆਂ ਨੂੰ ਮਹਿਸੂਸ ਕਰ ਸਕੇ। ਇਨ੍ਹਾਂ ਦਸਾਂ ਰਾਤਾਂ ਦੌਰਾਨ ਉਹ ਖੁਰਦਰੇ ਫੱਟਿਆਂ ਉਪਰ ਜਹਾਜ਼ ਦੇ ਸਭ ਤੋਂ ਹੇਠਲੇ ਹਿੱਸੇ ਵਿਚ ਰਬੜ ਦੀਆਂ ਗੱਠਾਂ ਦੇ ਵਿਚਕਾਰ ਸੌਂਦਾ। ਇਥੇ ਪਿਆ ਉਹ ਕਲਪਨਾ ਕਰਨ ਦੀ ਕੋਸ਼ਿਸ਼ ਕਰਦਾ ਕਿ ਸੈਂਕੜੇ ਹੋਰਾਂ ਦੇ ਨਾਲ ਘੁਸੜ ਕੇ ਮਨੁੱਖੀ ਗੰਦ ਦੇ ਕੋਲ ਪਿਆ ਇਨਸਾਨ ਕਿਵੇਂ ਮਹਿਸੂਸ ਕਰਦਾ ਹੋਵੇਗਾ। ਬਾਰਾਂ ਸਾਲਾਂ ਬਾਅਦ ਹੇਲੀ ਨੇ ਆਪਣੀ ਖੋਜ ਨੂੰ 'ਰੂਟਸ' ਦੇ ਨਾਂ ਥੱਲੇ ਕਿਤਾਬੀ ਰੂਪ ਦੇ ਦਿੱਤਾ। ਫਰਵਰੀ 1992 ਵਿਚ ਐਲੈਕਸ ਹੇਲੀ ਦੀ ਮੌਤ ਹੋ ਗਈ।

ਐਲੈਕਸ ਹੇਲੀ ਦੀ ਸਾਹਿਤਕ ਖੇਤਰ ਵਿਚ ਪਛਾਣ ਮੁੱਖ ਤੌਰ 'ਤੇ ਭਾਵੇਂ ਇਸ ਇਤਿਹਾਸਕ ਨਾਵਲ ਕਰ ਕੇ ਹੀ ਹੈ ਪਰ ਉਸ ਨੇ ਅਨੇਕਾਂ ਹੋਰ ਲੇਖ ਵੀ ਲਿਖੇ ਜਿਹੜੇ ਮਸ਼ਹੂਰ ਰਸਾਲਿਆਂ ਵਿਚ ਛਪੇ ਅਤੇ ਟੈਲੀਵਿਜ਼ਨ ਪ੍ਰੋਗਰਾਮਾਂ ਵਿਚ ਵਰਤੇ ਗਏ।


'ਰੂਟਸ' ਨਾਵਲ ਦੀ ਕਹਾਣੀ ਪੱਛਮੀ ਅਫਰੀਕਾ ਵਿਚ ਗਾਂਬੀਆ ਦੇ ਛੋਟੇ ਜਿਹੇ ਪਿੰਡ ਜ਼ੁਫੂਰੇ ਵਿਚ ਜਨਮੇ ਕੁੰਤਾ ਕਿੰਤੇ ਅਤੇ ਅਮਰੀਕਾ ਵਿਚ ਉਸ ਦੇ ਉਤਰਾਧਿਕਾਰੀਆਂ ਦੀ ਹੈ। ਕੁੰਤਾ ਕਿੰਤੇ ਉਹੀ ਅਫਰੀਕਨ ਹੈ ਜਿਸ ਦੀਆਂ ਕਹਾਣੀਆਂ ਹੇਲੀ ਦੀ ਨਾਨੀ ਤੇ ਹੋਰ ਪਰਿਵਾਰਕ ਮੈਂਬਰ ਬਚਪਨ ਵਿਚ ਉਸ ਨੂੰ ਸੁਣਾਉਂਦੇ ਸਨ। ਇਹ ਨਾਵਲ ਹੇਲੀ ਦੇ ਉਸ ਅਫਰੀਕੀ ਖਾਨਦਾਨੀ ਦੀ ਕਹਾਣੀ ਹੈ ਜਿਸ ਨੂੰ 1776 ਵਿਚ ਗ਼ੁਲਾਮ ਬਣਾ ਕੇ ਅਮਰੀਕਾ ਦੇ ਮੈਰੀਲੈਂਡ ਸੂਬੇ ਵਿਚ ਲਿਆਂਦਾ ਗਿਆ। ਕਹਾਣੀ ਉਸ ਦੇ ਸਪੋਟੀਸਵੇਨੀਆ, ਵਰਜੀਨੀਆ ਵਿਚ ਗੁਲਾਮੀ ਦੇ ਜੀਵਨ ਦੀ ਬਾਤ ਪਾਉਂਦੀ ਹੈ।

ਇਸ ਨਾਵਲ ਮੁਤਾਬਿਕ ਕੁੰਤਾ ਆਪਣੇ ਅਫਰੀਕਨ ਪਿਛੋਕੜ ਨੂੰ ਭੁੱਲ ਕੇ ਗੋਰੇ ਮਾਲਕਾਂ ਦੇ ਤੌਰ ਤਰੀਕਿਆਂ 'ਤੇ ਚੱਲਣ ਤੋਂ ਇਨਕਾਰੀ ਹੈ। ਉਹ ਗੁਲਾਮੀ 'ਚੋਂ ਨਿਕਲਣ ਦੀਆਂ ਕੋਸ਼ਿਸ਼ਾਂ ਕਰਦਾ ਹੈ। ਪਿੱਛੋਂ ਜਾ ਕੇ ਉਹ ਰਸੋਈ ਵਿਚ ਕੰਮ ਕਰਦੀ ਇੱਕ ਹੋਰ ਗੁਲਾਮ ਔਰਤ ਨਾਲ ਸ਼ਾਦੀ ਕਰਦਾ ਹੈ ਅਤੇ ਉਨ੍ਹਾਂ ਦੇ ਲੜਕੀ ਜਨਮ ਲੈਂਦੀ ਹੈ ਜਿਸ ਦਾ ਨਾਂ ਉਹ ਕਿਜੀ ਰੱਖਦੇ ਹਨ। ਕੁੰਤਾ ਉਸ ਨੂੰ ਮਾਂ-ਬੋਲੀ ਅਫਰੀਕੀ ਸਿਖਾਉਂਦਾ ਹੈ। ਪੰਦਰਾਂ ਸਾਲਾਂ ਦੀ ਕਿਜੀ ਦੇ ਬਲਾਤਕਾਰ ਦੇ ਨਤੀਜੇ ਵਜੋਂ ਤੀਜੀ ਪੁਸ਼ਤ ਜੌਰਜ ਦਾ ਜਨਮ ਹੁੰਦਾ ਹੈ ਜਿਹੜਾ ਆਪਣੀ ਮਾਂ ਦੀਆਂ ਕਹਾਣੀਆਂ ਤੋਂ ਆਪਣੇ ਅਫਰੀਕਨ ਵਿਰਸੇ ਬਾਰੇ ਸਿੱਖਦਾ ਹੈ। ਕੁੰਤਾ ਕਿੰਤੇ ਤੋਂ ਬਾਅਦ ਐਲੈਕਸ ਹੇਲੀ ਦਾ ਇਹ ਮਸ਼ਹੂਰ ਵਡੇਰਾ ਹੈ। ਜੌਰਜ ਦੇ ਮੈਥਲਡਾ ਨਾਲ ਅੱਠ ਬੱਚੇ ਪੈਦਾ ਹੁੰਦੇ ਹਨ। ਉਸ ਦਾ ਚੌਥਾ ਪੁੱਤਰ ਟੌਮ ਲੇਖਕ ਦੀ ਨਾਨੀ ਸਿੰਥੀਆ ਦਾ ਪਿਓ ਸੀ। ਸਿੰਥੀਆ ਨੂੰ ਗੁਲਾਮੀ ਮੁਕਤ ਕਰ ਕੇ ਵੈਗਨ ਰਾਹੀਂ ਹੈਨਿੰਗ, ਟੈਨੈਸੀ ਲਿਜਾਇਆ ਜਾਂਦਾ ਹੈ। ਹੈਨਿੰਗ ਵਿਖੇ ਸਿੰਥੀਆ ਵੈੱਲ ਪਾਮਰ ਨੂੰ ਮਿਲਦੀ ਹੈ ਅਤੇ ਉਨ੍ਹਾਂ ਦਾ ਵਿਆਹ ਹੋ ਜਾਂਦਾ ਹੈ। ਉਨ੍ਹਾਂ ਦੇ ਘਰ ਲੜਕੀ ਦਾ ਜਨਮ ਹੁੰਦਾ ਹੈ ਜਿਸ ਦਾ ਨਾਂ ਬਰਥਾ ਰੱਖਿਆ ਜਾਂਦਾ ਹੈ। ਬਰਥਾ ਦਾ ਵਿਆਹ ਸਿਮਨ ਹੇਲੀ ਨਾਲ ਹੁੰਦਾ ਹੈ ਅਤੇ ਇਹ ਐਲੈਕਸ ਹੇਲੀ ਦੇ ਮਾਪੇ ਬਣਦੇ ਹਨ।


ਨਾਵਲ ਦਾ ਬਿਰਤਾਂਤ ਲਕੀਰੀ ਹੈ। ਨਾਵਲ ਵਿਚ ਪੱਛਮੀ ਅਫਰੀਕਾ ਤੋਂ ਗੁਲਾਮ ਬਣਾ ਕੇ ਲਿਆਂਦੇ ਨੌਜਵਾਨ ਲੜਕੇ ਲੜਕੀਆਂ ਦੇ ਸ਼ੋਸ਼ਣ ਨੂੰ ਬਾਖੂਬੀ ਚਿਤਰਿਆ ਗਿਆ ਹੈ। ਇਹ ਗੁਲਾਮ, ਕੁੰਤਾ ਕਿੰਤੇ ਤੋਂ ਬਾਅਦ ਪੁਸ਼ਤ ਦਰ ਪੁਸ਼ਤ ਆਪਣੇ ਵਿਰਸੇ ਦੀਆਂ ਯਾਦਾਂ ਨੂੰ ਸੰਭਾਲਦਿਆਂ ਹੌਲੀ-ਹੌਲੀ ਉਸ ਦਿਨ ਵੱਲ ਵਧਦੇ ਹਨ, ਜਦੋਂ ਉਹ ਗੁਲਾਮ ਨਹੀਂ ਰਹਿੰਦੇ। 'ਰੂਟਸ' ਨਾਵਲ ਨੇ ਅਮਰੀਕੀ ਇਤਿਹਾਸ ਦੇ ਸਭ ਤੋਂ ਦੁਖਦਾਈ ਪੰਨੇ ਵੱਲ ਲੋਕਾਂ ਦਾ ਧਿਆਨ ਦਿਵਾਇਆ। ਇਹ ਨਾਵਲ ਗੁਲਾਮੀ, ਕਾਲੇ ਲੋਕਾਂ ਦੀ ਸ਼ਨਾਖਤ ਅਤੇ ਮੌਖਿਕ ਇਤਿਹਾਸ ਦੀ ਮਹੱਤਤਾ ਦੀ ਗੱਲ ਕਰਦਾ ਹੈ। ਇਸ ਦੇ ਨਾਲ ਹੀ ਮੁੜ ਉਭਰਨ ਸ਼ਕਤੀ ਅਤੇ ਮਨੁੱਖੀ ਨੈਤਿਕਤਾ ਦੀ ਅੱਤਿਆਚਾਰ ਉਪਰ ਜਿੱਤ ਦਾ ਜਸ਼ਨ ਵੀ ਮਨਾਉਂਦਾ ਹੈ। ਇਹ ਨਾਵਲ ਸਾਂਝੇ ਪਰਿਵਾਰ ਦੀ ਤਾਕਤ, ਪਰਿਵਾਰਕ ਮੈਂਬਰਾਂ ਦਾ ਇੱਕ-ਦੂਜੇ ਦੀ ਸਹਾਇਤਾ ਲਈ ਤਤਪਰ ਰਹਿਣ ਅਤੇ ਅਸੂਲਾਂ 'ਤੇ ਪਹਿਰਾ ਦੇਣ ਲਈ ਖਤਰਾ ਮੁੱਲ ਲੈਣ ਦਾ ਸਬਕ ਵੀ ਸਿਖਾਉਂਦਾ ਹੈ। ਇਨ੍ਹਾਂ ਵਿਸ਼ਿਆਂ ਕਰਕੇ ਇਸ ਨਾਵਲ ਨੂੰ ਬੇਹੱਦ ਪ੍ਰਸਿੱਧੀ ਮਿਲੀ।

ਕੁਝ ਸਿਆਹਫਾਮ ਆਗੂਆਂ ਨੇ ਇਸ ਨਾਵਲ ਨੂੰ ਮਨੁੱਖੀ ਅਧਿਕਾਰਾਂ ਦੀ ਇੱਕ ਮਹੱਤਵਪੂਰਨ ਘਟਨਾ ਕਿਹਾ। ਬਹੁਤੇ ਆਲੋਚਕਾਂ ਨੇ ਇਸ ਨਾਵਲ ਦੀ ਪ੍ਰਸ਼ੰਸਾ ਹੀ ਕੀਤੀ ਪਰ ਉਨ੍ਹਾਂ ਨੂੰ ਇਸ ਗੱਲ ਦਾ ਪੂਰਾ ਯਕੀਨ ਨਹੀਂ ਸੀ ਕਿ ਰੂਟਸ ਨੂੰ ਨਾਵਲ ਦੀ ਸ਼੍ਰੇਣੀ ਵਿਚ ਰੱਖਣ ਜਾਂ ਇਤਿਹਾਸ ਦੀ। ਇਹ ਕਿਤਾਬ ਸੱਚੀਆਂ ਘਟਨਾਵਾਂ 'ਤੇ ਆਧਾਰਿਤ ਹੈ ਪਰ ਪਾਤਰਾਂ ਦੇ ਸੰਵਾਦ, ਸੋਚਾਂ ਅਤੇ ਭਾਵਨਾਵਾਂ ਨੂੰ ਗਲਪੀ ਰੂਪ ਦਿੱਤਾ ਗਿਆ ਹੈ। ਰੂਟਸ ਦੇ ਪ੍ਰਕਾਸ਼ਨ ਤੋਂ ਬਾਅਦ ਨਾਵਲਕਾਰ 'ਤੇ ਕੁਝ ਦੋਸ਼ ਵੀ ਲੱਗੇ। 1977 ਵਿਚ ਦੋ ਲੇਖਕਾਂ ਮਾਰਗ੍ਰੇਟ ਵਾਕਰ ਅਤੇ ਹਰਲਡ ਕੋਰਲੈਂਡਰ ਨੇ ਦੋਸ਼ ਲਗਾਏ ਕਿ ਐਲੈਕਸ ਹੇਲੀ ਨੇ ਉਨ੍ਹਾਂ ਦੀਆਂ ਲਿਖਤਾਂ ਦੀ ਚੋਰੀ ਕਰਕੇ ਰੂਟਸ ਵਿਚ ਵਰਤਿਆ ਹੈ। ਬਾਅਦ ਵਿਚ ਮਾਰਗ੍ਰੇਟ ਵਾਕਰ ਨੇ ਇਹ ਦੋਸ਼ ਵਾਪਸ ਲੈ ਲਏ। ਹੇਲੀ ਨੇ ਮੰਨਿਆ ਕਿ ਉਸ ਨੇ ਅਣਜਾਣਪੁਣੇ ਵਿਚ ਕੋਰਲੈਂਡਰ ਦੀ ਕਿਤਾਬ 'ਦਿ ਅਫਰੀਕਨ' (1968) ਵਿਚੋਂ ਤਿੰਨ ਪੈਰੇ ਲੈ ਲਏ ਸਨ। ਇਸ ਦੇ ਬਦਲੇ ਹੇਲੀ ਨੇ ਕੋਰਲੈਂਡਰ ਨੂੰ ਪੰਜ ਲੱਖ ਡਾਲਰ ਦੇ ਕੇ ਸਮਝੌਤਾ ਕਰ ਲਿਆ। ਇਨ੍ਹਾਂ ਵਿਵਾਦਾਂ ਦੇ ਬਾਵਜੂਦ ਲੋਕਾਂ ਵਿਚ ਰੂਟਸ ਦੀ ਸਾਖ ਨੂੰ ਕੋਈ ਫਰਕ ਨਹੀਂ ਪਿਆ। ਇਹ ਹਾਲੇ ਵੀ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਇਤਿਹਾਸ ਅਤੇ ਸਾਹਿਤ ਦੇ ਸਿਲੇਬਸ ਵਿਚ ਪੜ੍ਹਾਇਆ ਜਾਂਦਾ ਹੈ।


ਇਸ ਨਾਵਲ ਦਾ ਪੰਜਾਬੀ ਵਿਚ ਵੀ ਅਨੁਵਾਦ ਹੋ ਚੁੱਕਾ ਹੈ। ਇਹ ਅਨੁਵਾਦ ਕਿਸੇ ਯੂਨੀਵਰਸਿਟੀ ਜਾਂ ਕਿਸੇ ਹੋਰ ਸੰਸਥਾ ਨੇ ਨਹੀਂ ਕਰਵਾਇਆ ਸਗੋਂ ਕੈਨੇਡਾ ਦੇ ਐਡਮਿੰਟਨ ਸ਼ਹਿਰ ਦੇ ਵਾਸੀ ਅੱਸੀ ਸਾਲਾਂ ਦੇ ਬਜ਼ੁਰਗ ਮਰਹੂਮ ਦਲਜੀਤ ਸਿੰਘ ਦੀ ਮਿਹਨਤ ਦਾ ਸਿੱਟਾ ਹੈ।



*ਸੰਸਾਰ ਪ੍ਰਸਿੱਧ ਨਾਵਲ 'ਰੂਟਸ' ਦਾ ਲਿਖਾਰੀ ਐਲੈਕਸ ਹੇਲੀ।*




*1996 ਵਿਚ ਛਪੇ ਨਾਵਲ 'ਰੂਟਸ' ਦੇ ਪਹਿਲੇ ਅਡੀਸ਼ਨ ਦਾ ਮੁਖੜਾ।*




*'ਰੂਟਸ' 'ਤੇ ਬਣੀ ਫਿਲਮ ਦਾ ਪੋਸਟਰ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 27 ਜੂਨ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-435



*ਨਿੱਕੜਾ ਜਿਹਾ ਬਾਲ ਹਾਂ, ਪਰ ਹਾਂ ਗੁਰੂ ਦਾ ਸਿੱਖ।*
*ਪੰਥ ਖਾਲਸਾ ਮਾਣ ਕਰੇਗਾ, ਵੇਖ ਨਿਆਰੀ ਦਿੱਖ।*

## ਕੈਪਸ਼ਨ ਮੁਕਾਬਲਾ-433



ਚਾਵਾਂ ਦੇ ਨਾਲ ਖਿੱਚੀ ਤਿਆਰੀ
ਇਤਰ-ਫਲੇਲ ਵੀ ਲਾਇਆ।
ਮੋਰ, ਤੋਤਿਆਂ ਵਾਲਾ ਝੋਲਾ
ਹੈਂਡਲ ਨਾਲ ਲਟਕਾਇਆ।
ਬੇੜਾ ਬਹਿ ਜੇ ਸੈਕਲ ਦਾ
ਜਿਹਨੇ ਚੈਨ ਦਾ ਪੰਗਾ ਪਾਇਆ।
**-ਜਗਮੀਤ ਸਿੰਘ ਪੰਧੇਰ**

---

ਉਸ ਸਮੇਂ ਦੀ ਗੱਲ ਜਾਪਦੀ
ਸਾਈਕਲ ਸੀ ਸ਼ਾਹੀ ਅਸਵਾਰੀ।
ਦੋਸੂਤੀ ਦਾ ਟੰਗ ਕੇ ਝੋਲਾ
ਸਹੁਰੇ ਜਾਣ ਲਈ ਖਿੱਚੀ ਤਿਆਰੀ।
ਚੇਨ ਕਵਰ ਨੂੰ ਠੀਕ ਕਰਦਾ
ਨਾਲੇ ਮੁਸਕੀ ਮੁਸਕੀ ਮੁਸਕਾਵੇ।
ਮਿੱਠੀਆਂ ਮਿੱਠੀਆਂ ਗੱਲਾਂ ਕਰਕੇ
ਨਾਲੇ ਵਹੁਟੀ ਨੂੰ ਭਰਮਾਵੇ।
**-ਸੇਵਾ ਸਿੰਘ ਨੂਰਪੁਰੀ**

---

ਸੱਜ ਵਿਆਹੀ ਜੋੜੀ ਚੱਲੀ
ਪਾ ਕੇ ਪਹਿਲਾ ਫੇਰਾ।
ਚੱਜ ਦੀ ਸਵਾਰੀ ਲੈ ਕੇ ਆਈਂ
ਸਮਝਾਇਆ ਸੀ ਬਥੇਰਾ।
ਸਿੱਠਣੀਆਂ, ਨਿਹੋਰਿਆਂ ਦੇ ਨਾਲ
ਗ੍ਰਹਿਸਥੀ ਚੱਲੇ ਆਪਣੀ ਚਾਲ।
ਮੁਸ਼ਕਿਲਾਂ ਨਾਲ ਜੂਝਦੇ ਪਾਰ ਹੋਵਣ
ਜਿਹੜੇ ਮਿਲਾ ਕੇ ਰੱਖਣ ਸੁਰ-ਤਾਲ।
**-ਅਮਰਜੀਤ ਸਿੰਘ ਤੂਰ**

---

ਕੁੜਤਾ, ਪਜਾਮਾ, ਮੋਢੇ ਪਰਨਾ
ਤੋਤੇ, ਮੋਰਾਂ ਵਾਲਾ ਝੋਲਾ ਲਿਆ ਲਟਕਾ।
ਨਵੀਂ ਵਹੁਟੀ ਨਾਲ ਸਹੁਰੀਂ ਜਾਣ ਦਾ
ਗੱਭਰੂ ਨੂੰ ਸਾਈਕਲ 'ਤੇ ਜਾਣ ਦਾ ਚਾਅ।
ਲਹਿ ਗਈ ਚੇਨ, ਰੇਤ ਵਿਚ ਧੱਸਿਆ
ਮੱਥਾ ਫੜ ਦਿਖਾਵੇ, ਐਵੇਂ ਪੰਗਾ ਲੈ ਲਿਆ।
**-ਦਵਿੰਦਰ ਕੌਰ**

---

ਸਭਿਆਚਾਰ ਦਰਸਾਉਂਦੀ ਇਹ ਤਸਵੀਰ
ਇਕ ਹੈ ਰਾਂਝਾ ਤੇ ਇਕ ਹੈ ਹੀਰ।
ਸ਼ਾਲਾ ਇਵੇਂ ਹੀ ਰਹੇ ਸਾਡਾ ਸਭਿਆਚਾਰ
ਬਣਿਆ ਰਹੇ ਇੰਦਾਂ ਹੀ ਇਹ ਪਿਆਰ।
**-ਇੰਦਰਜੀਤ ਮੰਗਾ, ਪਿਟਸਬਰਗ**

---

ਸਿੱਧੀ ਸਾਦੀ ਜ਼ਿੰਦਗੀ ਹੈ
ਨਵ-ਵਿਆਹੁਤਾ ਰੱਖੇ ਮੱਥੇ 'ਤੇ ਹੱਥ
ਲਿਸ਼ਕੇ ਸ਼ਗਨਾਂ ਦਾ ਚੂੜਾ,
ਸੰਗਵਾਂ ਬੁੱਲ੍ਹਾਂ 'ਤੇ ਹਾਸਾ
ਆਪਸੀ ਸਹਿਯੋਗ ਦਿਖਾ ਗਿਆ।
ਆਈ ਅੜਚਣ ਰਸਤਾ ਨਹੀਂ ਰੋਕਦੀ
ਹੋਵੇ ਜੇ ਨਾ ਝੋਰਾ, ਨਾ ਮਗੋਰਾ
ਲੁਤਫ ਜ਼ਿੰਦਗੀ ਸੱਜਰੀ ਨਹੀਂ ਰੁਕਦੀ
ਇਕ ਇਕ ਦੋ ਗਿਆਰਾਂ।
**-ਦਰਸ਼ਨਪਾਲ ਦੋਸਾਂਝ**

---

ਸੋਹਣਾ ਝੋਲਾ ਮੋਰਾਂ-ਤੋਤਿਆਂ ਵਾਲਾ
ਨਾਲ ਸਾਈਕਲ ਦੇ ਟੰਗਿਆ।
ਚੱਲਿਆ ਪਹਿਲੀ ਵਾਰ ਸਹੁਰਿਆਂ ਦੇ
ਰਤਾ ਵੀ ਨਹੀਂ ਸੰਗਿਆ।
ਕੀ ਪਤਾ ਸੀ ਕਿਸਮਤ ਮਾੜੀ
ਚੈਨ ਸਾਈਕਲ ਦੀ ਰਾਹ ਵਿਚ
ਉਤਰੀ ਕਈ ਵਾਰੀ।
ਨਵੀਂ ਵਿਆਹੀ ਜਾਵੇ ਮੱਥੇ 'ਤੇ ਹੱਥ ਮਾਰੀ
ਕੋਸੀ ਜਾਵੇ ਘਰ ਵਾਲੇ ਨੂੰ
ਕਾਹਤੋਂ ਸਾਈਕਲ ਦੀ ਕਰੀ ਸਵਾਰੀ?
**-ਗੋਰਾ ਪ੍ਰਜਾਪਤ, ਨਿਊ ਯਾਰਕ**

# ਪੰਜਾਬ ਦੇ ਜ਼ਿਲਿਆਂ ਤੇ ਡਿਵੀਜ਼ਨਾਂ ਦਾ ਮਸਲਾ

ਨਿੱਕ ਸੁੱਕ

ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮਹਾਮਾਰੀ ਦੇ ਦੁੱਖਾਂ ਦਾ ਅੰਤ ਨਹੀਂ, ਪਰ ਇਹ ਸਾਨੂੰ ਨਵੀਆਂ ਗੱਲਾਂ ਵੀ ਸੁਝਾਉਂਦੀ ਹੈ। ਮੈਂ ਯੂਟਿਊਬ 'ਤੇ ਜਾਣੇ-ਪਛਾਣੇ ਪੱਤਰਕਾਰ ਸਤਨਾਮ ਸਿੰਘ ਮਾਣਕ ਦੀ ਵੀਡੀਓ 'ਦਰਦ ਦਾ ਦਰਿਆ' ਵੇਖ ਕੇ ਹਟਿਆ ਹਾਂ। ਅਚਾਨਕ ਥੋਪੀ ਤਾਲਾਬੰਦੀ ਕਾਰਨ ਪੈਦਾ ਹੋਏ ਪਰਵਾਸੀ ਮਜ਼ਦੂਰਾਂ ਦੇ ਸੰਤਾਪ ਬਾਰੇ ਏਧਰ ਮੇਰੇ ਸਾਹਮਣੇ ਇੰਡੀਅਨ ਸਟੈਟਿਸਟੀਕਲ ਲਾਇਬਰੇਰੀ, ਲੁਧਿਆਣਾ ਵਲੋਂ ਪ੍ਰਕਾਸ਼ਿਤ 'ਪੰਜਾਬ ਦੇ ਨਵੇਂ ਜ਼ਿਲੇ, ਤਹਿਸੀਲਾਂ ਤੇ ਬਲਾਕ' ਨਾਂ ਦੀ ਪੋਥੀ ਵੀ ਪਈ ਹੈ। ਦੋਵੇਂ ਧਿਆਨ ਮੰਗਦੀਆਂ ਹਨ। ਪਹਿਲਾਂ ਪੰਜਾਬ ਦੀ ਗੱਲ ਤੇ ਫੇਰ ਪਰਵਾਸੀ ਕਾਮਿਆਂ ਦੀ।

ਸਟੈਟਿਸਟੀਕਲ ਲਾਇਬਰੇਰੀ ਦੀ ਪੋਥੀ ਅਨੁਸਾਰ ਪੰਜਾਬ ਸਰਕਾਰ ਨੇ 2012 ਦੀਆਂ ਵਿਧਾਨ ਸਭਾ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਪੰਜਾਬ ਦੇ ਪ੍ਰਬੰਧਕੀ ਢਾਂਚੇ ਵਿਚ ਕਈ ਤਬਦੀਲੀਆਂ ਕੀਤੀਆਂ। ਪ੍ਰਬੰਧਕੀ ਢਾਂਚੇ ਦੀਆਂ ਡਿਵੀਜ਼ਨਾਂ, ਜ਼ਿਲੇ, ਤਹਿਸੀਲਾਂ, ਸਬ-ਤਹਿਸੀਲਾਂ ਅਤੇ ਡਿਵੈਲਪਮੈਂਟ ਬਲਾਕਾਂ ਦੀ ਗਿਣਤੀ ਵਿਚ ਵਾਧਾ ਕੀਤਾ ਗਿਆ। ਨਤੀਜੇ ਵਜੋਂ ਡਿਵੀਜ਼ਨਾਂ ਦੀ ਗਿਣਤੀ ਚਾਰ ਤੋਂ ਵੱਧ ਕੇ ਪੰਜ ਅਤੇ ਜ਼ਿਲਿਆਂ ਦੀ ਗਿਣਤੀ ਵੀਹ ਤੋਂ ਵੱਧ ਕੇ ਬਾਈ ਹੋ ਗਈ। ਚਾਰ ਸਬ-ਤਹਿਸੀਲਾਂ ਨੂੰ ਤਹਿਸੀਲਾਂ ਦਾ ਦਰਜਾ ਦਿੱਤਾ ਗਿਆ ਅਤੇ ਗਿਆਰਾਂ ਨਵੀਆਂ ਸਬ-ਤਹਿਸੀਲਾਂ ਬਣਾਈਆਂ ਗਈਆਂ। ਬਲਾਕਾਂ ਦੀ ਗਿਣਤੀ ਵੀ 142 ਤੋਂ ਵੱਧ ਕੇ 145 ਹੋ ਗਈ।

ਚੋਣਾਂ ਤੋਂ ਥੋੜ੍ਹਾ ਪਹਿਲਾਂ ਰੂਪਨਗਰ (ਰੋਪੜ) ਤੇ ਅਜੀਤਗੜ੍ਹ (ਮੁਹਾਲੀ/ਐਸ. ਏ. ਐਸ. ਨਗਰ) ਸਿਰਫ ਦੋ ਜ਼ਿਲਿਆਂ ਦੀ ਨਵੀਂ (ਪੰਜਵੀਂ) ਡਿਵੀਜ਼ਨ ਬਣਾਉਣ ਪਿੱਛੇ ਕਿਹੜੀ ਸੋਚ ਕੰਮ ਕਰਦੀ ਸੀ? ਇਹ ਤਾਂ ਅਕਾਲੀ ਸਰਕਾਰ ਹੀ ਜਾਣੇ, ਪਰ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਸਰਕਾਰ ਵਲੋਂ ਇਸ ਨੂੰ ਹੁਣ ਤੱਕ ਜਿਉਂ ਦੀ ਤਿਉਂ ਮਾਨਤਾ ਦਈ ਰੱਖਣਾ ਉਕਾ ਹੀ ਸਮਝੋਂ ਬਾਹਰ ਹੈ। ਅੱਜ ਦੇ ਦਿਨ ਪਟਿਆਲਾ, ਫਿਰੋਜ਼ਪੁਰ ਤੇ ਫਰੀਦਕੋਟ ਵਿਚ ਕ੍ਰਮਵਾਰ ਪੈਂਦੇ ਪੰਜ, ਚਾਰ ਤੇ ਤਿੰਨ ਜ਼ਿਲਿਆਂ ਦੇ ਟਾਕਰੇ ਉਤੇ ਜਲੰਧਰ ਡਿਵੀਜ਼ਨ ਵਿਚ ਅੱਠ ਜ਼ਿਲੇ ਤੇ ਰੂਪਨਗਰ ਡਿਵੀਜ਼ਨ ਵਿਚ ਸਿਰਫ ਦੋ ਜ਼ਿਲੇ ਹਨ। ਜੇ ਕਾਂਗਰਸ ਸਰਕਾਰ ਅਕਾਲੀ-ਭਾਜਪਾ ਸਰਕਾਰ ਜਿੰਨਾ ਵੱਡਾ ਫੈਸਲਾ ਨਹੀਂ ਲੈ ਸਕਦੀ ਤਾਂ ਉਨ੍ਹਾਂ ਦੀ ਕਾਣੀ ਵੰਡ ਤਾਂ ਸੋਧ ਸਕਦੀ ਹੈ।

ਇਹ ਮੇਰਾ ਵਿਸ਼ਾ ਤਾਂ ਨਹੀਂ, ਪਰ ਮੇਰਾ ਮਨ ਮੈਨੂੰ ਚੁੱਪ ਰਹਿਣ ਦੀ ਇਜਾਜ਼ਤ ਨਹੀਂ ਦਿੰਦਾ। ਮਸਲੇ ਦਾ ਹੱਲ ਵੀ ਸੌਖਾ ਹੈ। ਜਲੰਧਰ ਡਿਵੀਜ਼ਨ ਦੇ ਦੋ ਹਿੱਸੇ ਕਰਕੇ ਅੰਮ੍ਰਿਤਸਰ ਨਾਂ ਦਾ ਨਵਾਂ ਡਿਵੀਜ਼ਨ ਬਣਾਇਆ ਜਾ ਸਕਦਾ ਹੈ। ਬਿਆਸ ਨਦੀ ਦੋਹਾਂ ਡਿਵੀਜ਼ਨਾਂ ਦੀ ਸਾਂਝੀ ਹੱਦ ਹੋ ਸਕਦੀ ਹੈ। ਅੰਮ੍ਰਿਤਸਰ ਡਿਵੀਜ਼ਨ ਵਿਚ ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ ਤੇ ਤਰਨਤਾਰਨ ਜ਼ਿਲੇ ਚਲੇ ਜਾਣ ਨਾਲ ਜਲੰਧਰ ਡਿਵੀਜ਼ਨ ਵਿਚ ਕਪੂਰਥਲਾ, ਜਲੰਧਰ, ਹੁਸ਼ਿਆਰਪੁਰ ਤੇ ਨਵਾਂ ਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਰਹਿ ਜਾਣਗੇ। ਦੋਹਾਂ ਡਿਵੀਜ਼ਨਾਂ ਵਿਚ ਚਾਰ ਚਾਰ ਜ਼ਿਲੇ ਹੋ ਜਾਣਗੇ। ਬਰੋਬਰਾਬਰ, ਦੋ ਤੋਂ ਵੱਧ ਤੇ ਪੰਜ ਤੋਂ ਘੱਟ।

ਇਸੇ ਤਰ੍ਹਾਂ ਪਟਿਆਲਾ ਡਿਵੀਜ਼ਨ ਵਿਚੋਂ ਜ਼ਿਲਾ ਫਤਿਹਗੜ੍ਹ ਸਾਹਿਬ ਕੱਢ ਕੇ ਰੂਪਨਗਰ ਡਿਵੀਜ਼ਨ ਵਿਚ ਮਿਲਾਇਆਂ ਉਨ੍ਹਾਂ ਡਿਵੀਜ਼ਨਾਂ ਦੇ ਜ਼ਿਲਿਆਂ ਦੀ ਨਿਸਬਤ ਵੀ 5-2 ਦੀ ਥਾਂ 4-3 ਹੋ ਜਾਵੇਗੀ। ਨਿਕਟਤਾ ਬਣੀ ਰਹੇਗੀ ਤੇ ਕਾਣੀ ਵੰਡ ਖਤਮ ਹੋ ਜਾਵੇਗੀ।

ਉਂਜ ਵੀ ਨਵੇਂ ਡਿਵੀਜ਼ਨ ਦਾ ਨਾਂ ਗੁਰੂਨਗਰੀ ਅੰਮ੍ਰਿਤਸਰ ਰੱਖਿਆਂ ਪੰਜਾਬੀ ਭਾਈਚਾਰਾ ਖਿੜੇ ਮੱਥੇ ਪ੍ਰਵਾਨ ਕਰੇਗਾ। ਕਰੋ ਤੇ ਜੱਸ ਖੱਟੋ ਨਵੀਂ ਸਰਕਾਰ ਦੇ ਚਾਲਕੋ! ਜੇ ਸਾਹਿਤਕਾਰ ਦੀ ਨਹੀਂ ਸੁਣਨੀ ਤਾਂ ਸਟੈਟਿਸਟੀਕਲ ਲਾਇਬਰੇਰੀ ਦੇ ਵਰਕੇ ਪਰਤੋ, ਮਾਮਲਾ ਸਪਸ਼ਟ ਹੋ ਜਾਵੇਗਾ।

**ਤਾਲਾਬੰਦੀ ਵਾਲੇ ਤਵੇ ਦਾ ਪੁੱਠਾ ਪਾਸਾ:** ਅਚਾਨਕ ਲਾਏ ਕਰਫਿਊ ਅਤੇ ਤਾਲਾਬੰਦੀ ਦੇ ਫੈਸਲੇ ਨੇ ਮੁਹੰਮਦ ਤੁਗਲਕ ਤਾਂ ਕੀ, ਹਿਟਲਰ ਅਤੇ ਹਿੰਦੁਸਤਾਨ ਦੀ ਵੰਡ ਕਰਵਾਉਣ ਵਾਲੇ ਮੂਰਖ ਵੀ ਚੇਤੇ ਕਰਵਾ ਦਿੱਤੇ ਹਨ। ਮੈਂ ਦੇਸ਼ ਵੰਡ ਦੇ ਸੰਤਾਪ ਦਾ ਚਸ਼ਮਦੀਦ ਗਵਾਹ ਹਾਂ, ਪਰ ਜੋ ਨਕਸ਼ਾ ਸਤਨਾਮ ਸਿੰਘ ਮਾਣਕ ਨੇ ਅਚਾਨਕ ਥੋਪੀ ਤਾਲਾਬੰਦੀ ਦਾ ਖਿੱਚਿਆ ਹੈ, ਅੰਤਾਂ ਦਾ ਦੁਖਦਾਈ ਹੈ। ਇਸ ਗੀਤ ਵਾਲੀ ਵੀਡੀਓ 'ਦਰਦ ਦਾ ਦਰਿਆ' ਰਾਹੀਂ। ਸਮਝ ਨਹੀਂ ਆਉਂਦੀ ਕਿ ਉਸ ਦਰਦ ਦੀ ਤਲਾਫੀ ਕੀ ਹੋਵੇ, ਜੋ ਪਰਵਾਸੀ ਜਿੰਦਾਂ ਨੇ ਭੋਗਿਆ ਹੈ। ਮਾਣਕ ਦੇ ਬੋਲ ਧੁਰ ਅੰਦਰ ਤੱਕ ਅਸਰ ਕਰਦੇ ਹਨ,

ਇਹ ਦਰਦ ਦਾ ਦਰਿਆ ਹੈ
ਕੋਈ ਤਰੇ ਤਾਂ ਕਿੰਜ ਤਰੇ?
ਇਹ ਬੇਬਸੀ ਦਾ ਆਲਮ ਏ
ਕੋਈ ਕਰੇ ਤਾਂ ਕੀ ਕਰੇ?
ਉਹ ਜੋ ਸਨਅਤਾਂ ਦੇ ਪਹੀਏ ਘੁਮਾਉਂਦੇ ਰਹੇ
ਉਹ ਜੋ ਖੇਤਾਂ 'ਚ ਫਸਲਾਂ ਉਗਾਉਂਦੇ ਰਹੇ
ਉਹ ਜੋ ਭੰਨ ਤੋੜ ਸੜਕਾਂ ਬਣਾਉਂਦੇ ਰਹੇ
ਉਹ ਜੋ ਕਿਰਤਾਂ ਦੀ ਮਹਿਕ ਫੈਲਾਉਂਦੇ ਰਹੇ
ਗਮ ਉਨ੍ਹਾਂ ਦੀ ਜੁਦਾਈ ਦਾ ਜਰੇ ਤਾਂ ਕਿੰਜ ਜਰੇ?

ਇਸ ਵੀਡੀਓ ਵਿਚ ਉਪਰੋਕਤ ਬੋਲਾਂ ਨੂੰ ਪੇਸ਼ ਕਰਦੀਆਂ ਅਜਿਹੀਆਂ ਤਸਵੀਰਾਂ ਵੇਖਣ ਨੂੰ ਮਿਲਦੀਆਂ ਹਨ, ਜੋ ਦਿਲ ਕੰਬਾਊ ਹਨ; ਪਰ ਸਮੇਂ ਦੇ ਹਾਕਮਾਂ ਨੂੰ ਹੋਸ਼ ਆਉਂਦੀ ਹੈ ਜਾਂ ਨਹੀਂ! ਇਸ ਬੇਹੂਦਰੀ ਕਾਰਵਾਈ ਨੇ ਪੱਤਰਕਾਰ ਸਤਨਾਮ ਸਿੰਘ ਦੇ ਸੰਗੀਤਮਈ ਮਨ ਦਾ ਪਰਵਾਹ ਬਾਹਰ ਲੈ ਆਂਦਾ ਹੈ। ਵੇਖੋ, ਸੁਣੋ ਤੇ ਵਿਚਾਰੋ!

**ਅੰਤਿਕਾ: ਮਿਰਜ਼ਾ ਗਾਲਿਬ**

ਮੇਰੀ ਕਿਸਮਤ ਮੇਂ ਗਮ ਗਰ ਇਤਨਾ ਥਾ
ਦਿਲ ਭੀ ਐ ਰੱਬ! ਕਈ ਦੀਏ ਹੋਤੇ,
ਆ ਹੀ ਜਾਤਾ ਵੁਹ ਰਾਹ ਪਰ ਗਾਲਿਬ
ਕੋਈ ਦਿਨ ਔਰ ਭੀ ਜੀਏ ਹੋਤੇ।

# ਬਚਪਨ ਦੀਆਂ ਬੇਤਰਤੀਬੀਆਂ

ਡਾਇਰੀ ਦੇ ਪੰਨੇ

ਨਿੰਦਰ ਘੁਗਿਆਣਵੀ
ਫੋਨ: 91-94174-21700

ਕਣਕਾਂ ਨਿੱਸਰਦੀਆਂ। ਬੇਰੀਆਂ ਨੂੰ ਬੂਰ ਪੈਣ ਲਗਦੇ। ਕਣਕਾਂ ਸਿੱਟੇ ਕੱਢ ਖਲੋਂਦੀਆਂ, ਬੇਰੀਆਂ ਬੇਰਾਂ ਨਾਲ ਲੱਦੀਆਂ ਦਿਸਦੀਆਂ। ਉਦੋਂ ਮਲਿਆਂ ਤੇ ਦੇਸੀ ਬੇਰੀਆਂ ਦੇ ਬੇਰ ਮੰਡੀ-ਬਾਜ਼ਾਰ ਨਹੀਂ ਸਨ ਵਿਕਦੇ, ਆਮ ਜੁ ਹੁੰਦੇ ਸਨ। ਜਿਹੜੇ ਇਲਾਕਿਆਂ ਵਿਚ ਬੇਰੀਆਂ ਘੱਟ ਹੁੰਦੀਆਂ, ਲੋਕੀਂ ਆਪਣੇ ਰਿਸ਼ਤੇਦਾਰਾਂ ਨੂੰ ਰੁੱਤ ਦਾ ਮੇਵਾ ਝੋਲੇ ਭਰ-ਭਰ ਕੇ ਬੇਰਾਂ ਦੇ ਭੇਜਦੇ। ਸੀਜ਼ਨ ਦੀ ਸੌਗਾਤ ਲੈ ਕੇ ਲੋਕ ਪ੍ਰਸੰਨ ਹੁੰਦੇ ਸਨ। ਸੇਊ ਬੇਰ ਹਾਲੇ ਨਹੀਂ ਸੀ ਹੋਣ ਲੱਗੇ। ਬੇਰੀਆਂ ਪੇਂਦਣਾ ਬਹੁਤ ਬਾਅਦ 'ਚ ਸ਼ੁਰੂ ਹੋਇਆ।

ਮੇਰੇ ਨਾਨਕੇ ਪਿੰਡ ਸ਼ਰੀਂਹ ਵਾਲਾ ਵਿਚ ਝੌਂਜਣ ਦੀ ਫਸਲ ਬਹੁਤ ਹੁੰਦੀ ਸੀ। ਇਹ ਝੋਨਾ ਲਾਉਣ ਤੋਂ ਪਹਿਲਾਂ ਤਿਆਰ ਕੀਤੀ ਜਾਂਦੀ, ਕੁਝ ਵਿਚੇ ਵਾਹ ਲੈਂਦੇ ਤੇ ਬਾਕੀ ਦੀ ਬਾਲਣ ਵਾਸਤੇ ਸਾਂਭ ਲੈਂਦੇ। ਝੌਂਜਣ ਦੇ ਟਾਂਡੇ ਕਾਫੀ ਮੋਟੇ ਤੇ ਲੰਬੇ ਹੁੰਦੇ। ਇਹ ਸੁੱਕੇ ਟਾਂਡੇ ਛੇਤੀ ਕੀਤਿਆਂ ਟੁੱਟਦੇ ਨਹੀਂ ਸਨ। ਮੇਰਾ ਪਿਓ ਇੱਕ-ਅੱਧ ਵਾਰ ਬੋਤੀ-ਗੱਡੀ 'ਤੇ ਟਾਂਡੇ ਲੈਣ ਗਿਆ ਸੀ। ਵਾਪਸੀ 'ਤੇ ਮੇਰੇ ਨਾਨੇ ਨੇ ਮੇਰੇ ਬਹਿਣ ਲਈ ਖੇਸ ਚੌਹਰਾ ਕਰ ਕੇ ਟਾਂਡਿਆਂ 'ਤੇ ਵਿਛਾ ਦਿੱਤਾ ਤਾਂ ਕਿ ਨਿਆਣੇ ਦੋਹਤੇ ਦੇ ਟਾਂਡੇ ਨਾ ਖੁਭਣ। ਮੈਂ ਭਰੀ ਗੱਡੀ ਦੀ ਸਿਖਰ 'ਤੇ ਰਾਜਾ ਬਣਿਆ ਬੈਠਾ ਆਲੇ-ਦੁਆਲੇ ਨੂੰ ਨਿਹਾਰ ਰਿਹਾ ਨਜ਼ਾਰੇ ਲੈ ਰਿਹਾ ਸਾਂ। ਦੂਰ ਤੀਕ ਖੇਤਾਂ ਵਿਚ ਖੜ੍ਹੀਆਂ ਫਸਲਾਂ ਤੇ ਰੁੱਖ ਮੇਰੇ ਮਨ ਨੂੰ ਖੇੜਾ ਦੇਈ ਜਾਂਦੇ ਸਨ। ਪਿਤਾ ਗੱਡੀ ਦੇ ਅਗਲੇ ਹਿੱਸੇ (ਗਾਡਰ) 'ਤੇ ਬੈਠਾ ਹੋਇਆ ਸੀ। ਕਦੇ-ਕਦੇ ਉਹ ਬੋਤੀ ਦੀ ਮੁਹਾਰ ਫੜ ਕੇ ਅੱਗੇ ਅੱਗੇ ਤੁਰਨ ਲਗਦਾ, ਜਦ ਜੀਅ ਕਰਦਾ ਬਹਿ ਜਾਂਦਾ। ਨਾਲੇ ਨਾਲ ਮੇਰੇ 'ਤੇ ਵੀ ਨਿਗ੍ਹਾ ਰਖਦਾ। ਬੋਤੀ ਲੰਮੀਆਂ-ਲੰਮੀਆਂ ਲਾਂਘਾਂ ਭਰਦੀ ਤਾਂ ਗੱਡੀ ਝੂਲਦੀ, ਮੈਨੂੰ ਝੂਟੇ ਆਉਂਦੇ, ਮੈਂ ਖੁਸ਼ ਹੁੰਦਾ ਤਾਂ ਪਿਤਾ ਵੀ ਖੁਸ਼ ਹੋ ਕੇ ਪੁਛਦਾ, "ਕਿਵੇਂ ਆ, ਆਉਂਦੇ ਐ ਠੂਠਣੇਂ?" ਜਦ ਸਾਦਿਕ ਮੰਡੀ ਆਉਂਦੀ ਤਾਂ ਪਿਤਾ ਮੈਨੂੰ ਮੱਕੀ ਦੇ ਫੁੱਲੇ ਜਾਂ ਕੁਲਫੀ ਲੈ ਦਿੰਦਾ।



ਜਦ ਮਾਮਿਆਂ ਨੇ ਪਹਿਲੀ ਵਾਰ ਪੁਰਾਣਾ ਟਰੈਕਟਰ ਲਿਆਂਦਾ ਤਾਂ ਉਹ ਟਰਾਲੀ ਭਰ ਕੇ ਟਾਂਡਿਆਂ ਦੀ ਭੈਣਾਂ ਦੇ ਘਰ ਲਾਹੁਣ ਆ ਜਾਂਦੇ। ਅੱਧੀ ਸਾਡੇ ਲਾਹੁੰਦੇ ਤੇ ਅੱਧੀ ਮੇਰੀ ਮਾਸੀ ਕੇ। ਟਰਾਲੀ ਲਾਹ ਕੇ ਆਥਣੇ ਦਾਰੂ ਪੀਂਦੇ। ਪਿਤਾ ਕੂੰਡੇ 'ਚ ਮਸਾਲਾ ਰਗੜਦਾ ਤੇ ਖੂੰਡੇ 'ਚੋਂ ਕੁਕਤ ਕੱਢ ਕੇ ਰਿੰਨ੍ਹਦਾ। ਟਾਂਡਿਆਂ ਦਾ ਬਾਲਣ ਨਹੀਂ ਸੀ ਮੁੱਕਦਾ। ਮਾਮਿਆਂ ਦੇ ਚਲੇ ਜਾਣ ਮਗਰੋਂ ਦਾਦਾ ਮੇਰੇ ਪਿਓ ਨਾਲ ਲੜਦਾ, "ਆਬਦੇ ਘਰੇ ਐਨਾ ਬਾਲਣ ਪਿਐ, ਅੱਗ ਨੀ ਲਗਦਾ ਸਾਲਾ...ਸੱਪਾਂ ਦੇ ਲੁਕਣ ਨੂੰ ਹੋਰ ਥਾਂ ਬਣਾਈ ਜਾਨੇ ਓਂ, ਤੇਰੇ ਸਾਲਿਆਂ ਦੇ ਘਰ ਬਾਲਣ ਰੱਖਣ ਨੂੰ ਤਾਂ ਹੈਨੀ, ਤਾਹੀਂ ਹੈਥੇ ਲਾਹ ਜਾਂਦੇ ਐ, ਅਗਾਂਹ ਨੂੰ ਨਾ ਆਉਣ...!" ਏਨੀ ਸੁਣ ਮੇਰੀ ਮਾਂ ਚਿੜ ਜਾਂਦੀ ਤੇ ਨੂੰਹ-ਸਹੁਰਾ ਲੜਨ ਲਗਦੇ।

ਮਾਮੇ ਹੁਰੀਂ ਵੰਗੇ ਬਹੁਤ ਬੀਜਦੇ ਗਰਮੀਆਂ 'ਚ। ਜਦ ਨਾਨਾ-ਨਾਨੀ ਜਾਂ ਕੋਈ ਮਾਮਾ-ਮਾਮੀ ਸਾਡੇ ਕੋਲ ਆਉਂਦੇ ਤਾਂ ਵੰਗਿਆਂ ਦੇ ਝੋਲੇ ਭਰੀ ਲਿਆਉਂਦੇ। ਇੱਕ ਝੋਲਾ ਸਾਡੇ ਘਰ, ਦੂਜਾ ਮਾਸੀ ਕੇ। ਫਰਿਜਾਂ ਦਾ ਅਜੇ ਨਾਮੋ-ਨਿਸ਼ਾਨ ਨਹੀਂ ਸੀ। ਬੋਰਿਆਂ 'ਚ ਬਰਫ ਦੇ ਡਲੇ (ਬਲਾਕ) ਸ਼ਹਿਰੋਂ ਰੇਹੜਿਆਂ 'ਤੇ ਲੱਦੇ ਆਉਂਦੇ, ਕਾਫੀ ਸਾਰੀ ਬਰਫ ਰਾਹੇ ਖੁਰ ਜਾਂਦੀ, ਬਚਦੀ ਚੁਆਨੀ-ਚੁਆਨੀ ਦੀ ਲੋਕ ਲਿਜਾਂਦੇ। ਬਰਫ ਦੀ ਵਰਤੋਂ ਤੋਂ ਵੀ ਆਮ ਲੋਕ ਪਰਹੇਜ਼ ਹੀ ਕਰਦੇ ਸਨ। ਖੂਹਾਂ ਤੇ ਨਲਕਿਆਂ ਦਾ ਪਾਣੀ ਬਰਫ ਦੇ ਪਾਣੀ ਨੂੰ ਮਾਤ ਪਾਉਂਦਾ ਸੀ। ਖੇਤਾਂ ਵਿਚ ਨੱਕੋ-ਨੱਕ ਭਰੇ ਵਗਦੇ ਕੱਚੇ ਖਾਲਾਂ ਦਾ ਪਾਣੀ ਅਸੀਂ ਬੁੱਕਾਂ ਭਰ-ਭਰ ਅਕਸਰ ਹੀ ਪੀ ਲੈਂਦੇ ਸਾਂ। ਖਾਲਿਆਂ ਤੇ ਟੋਭਿਆਂ ਦਾ ਇਹ ਪਾਣੀ ਨਿੱਤਰਿਆ ਤੇ ਸਾਫ-ਸੁਥਰਾ ਹੁੰਦਾ।

ਮੇਰਾ ਪਿਓ ਖੂਹੀ 'ਚੋਂ ਪਾਣੀ ਦੀ ਬਾਲਟੀ ਖਿੱਚਦਾ ਤੇ ਬਾਲਟੀ 'ਚ ਵੰਗੇ ਸੁੱਟ ਦਿੰਦਾ। ਖੇਤੋਂ ਔੜ ਕੇ ਲਿਆਂਦੀ ਖੱਟੀ (ਨਿੰਬੂ ਦੀ ਭੈਣ) ਠੰਢੇ ਵੰਗਿਆਂ 'ਤੇ ਨਿਚੋੜ ਕੇ ਕਾਲੀ-ਲੂਣ ਮਿਰਚ ਭੁੱਕ ਲਈ ਜਾਂਦੀ। ਉਨ੍ਹੀਂ ਦਿਨੀਂ ਰਾਤ ਦੀ ਰੋਟੀ ਨਾਲ ਖਾਣ ਵਾਲਾ ਸਲਾਦ ਇਹੋ ਹੀ ਹੁੰਦਾ ਸੀ। ਟਮਾਟਰ, ਖੀਰੇ, ਤਰਾਂ ਆਦਿ ਬਾਰੇ ਕਦੇ ਕੋਈ ਸੋਚਦਾ ਵੀ ਨਹੀਂ ਸੀ। ਖੇਤੋਂ ਖੱਖੜੀਆਂ, ਖਰਬੂਜੇ ਤੇ ਮਤੀਰੇ ਆਮ ਲਹਿੰਦੇ। ਕਰਤਾਰਾ ਬੌਰੀਆ ਸਾਡੇ ਖੂਹ ਵਾਲੇ ਖੇਤ ਬਹੁਤ ਸਾਲ ਖੱਖੜੀਆਂ, ਖਰਬੂਜੇ ਤੇ ਮਤੀਰੇ ਅੱਧ 'ਤੇ ਬੀਜਦਾ ਰਿਹਾ। ਕਦੇ-ਕਦੇ ਘਰ ਦਾ ਕੋਈ ਜੀਅ ਸ਼ਹਿਰ ਜਾਂਦਾ ਤਾਂ ਲਿਆਂਦੇ ਗਏ ਅੰਬ ਵੀ ਖੂਹੀ ਦੇ ਪਾਣੀ ਨਾਲ ਠੰਢੇ ਕੀਤੇ ਜਾਂਦੇ। ਆਮ ਤੌਰ 'ਤੇ ਰਾਤ ਦੀ ਰੋਟੀ ਨਾਲ ਸਲਾਦ ਵਜੋਂ ਗੰਢੇ ਭੰਨੇ ਜਾਂਦੇ। ਲੋਕ ਅਜੇ ਅੰਬ ਦਾ ਅਚਾਰ ਨਹੀਂ ਸੀ ਪਾਉਣ ਲੱਗੇ। ਉਦੋਂ ਜੋ ਕੁਝ ਖੇਤੋਂ ਮਿਲਦਾ, ਉਸੇ ਦਾ ਅਚਾਰ ਪਾਇਆ ਜਾਂਦਾ, ਕਰੀਰਾਂ ਦੇ ਡੇਲੇ ਆਮ ਸਨ ਸਾਡੇ ਖੇਤ ਟਿੱਬਿਆਂ 'ਤੇ। ਕਿੱਕਰਾਂ ਦੇ ਤੁੱਕਿਆਂ ਦਾ ਅਚਾਰ ਘਰ-ਘਰ ਪੈਂਦਾ ਸੀ। ਮਿਰਚਾਂ ਵੀ ਖੇਤੋਂ ਤੋੜ ਕੇ ਹੀ ਅਚਾਰ ਪਾਇਆ ਜਾਂਦਾ। ਜਦ ਅੰਬ ਦਾ ਅਚਾਰ ਪੈਣਾ ਸ਼ੁਰੂ ਹੋਇਆ ਤਾਂ ਤੁੱਕਿਆਂ ਤੇ ਡੇਲਿਆਂ ਦਾ ਅਚਾਰ ਖਾਣ ਵੱਲੋਂ ਲੋਕਾਂ ਦਾ ਧਿਆਨ ਹਟਣ ਲੱਗਾ। ਹੌਲੀ-ਹੌਲੀ ਲੋਕਾਂ ਨੇ ਖੇਤਾਂ 'ਚ ਕੁਝ-ਕੁਝ ਬੂਟੇ ਨਿੰਬੂ ਤੇ ਖੱਟੀ ਦੇ ਲਾਉਣੇ ਸ਼ੁਰੂ ਕੀਤੇ, ਤਾਂ ਇਹ ਵੀ ਅਚਾਰ ਦੇ ਕੰਮ ਆਉਣ ਲੱਗੇ। ਮੇਰਾ ਦਾਦਾ ਘਰੇ ਅਕਸਰ ਹੀ ਟੋਕਦਾ ਹੁੰਦਾ ਕਿ ਸਾਉਣ ਦੀ ਝੜੀ ਪਿੱਛੋਂ ਖੱਖੜੀਆਂ, ਖਰਬੂਜੇ, ਮਤੀਰੇ ਨਹੀਂ ਖਾਈਦੇ। ਇਨ੍ਹਾਂ ਵਿਚ ਪਾਣੀ ਭਰ ਜਾਂਦਾ ਹੈ ਤੇ ਹੈਜ਼ਾ ਹੋਣ ਦਾ ਡਰ ਬਣਿਆ ਰਹਿੰਦਾ ਹੈ। ਮੀਂਹਾਂ ਤੋਂ ਪਹਿਲਾਂ ਖੱਖੜੀਆਂ, ਖਰਬੂਜੇ ਆਮ ਹੀ ਖਾਧੇ ਜਾਂਦੇ ਤੇ ਦਾਦੀ ਖੱਖੜੀ ਦੀ ਸਬਜ਼ੀ ਵੀ ਬਣਾਉਂਦੀ ਰਹਿੰਦੀ।

(ਚਲਦਾ)

# ਕੋਵਿਡ-19 ਕਾਰਨ ਦੁਨੀਆਂ ਹੋ ਸਕਦੀ ਹੈ 'ਫੂਡ ਐਮਰਜੈਂਸੀ' ਦਾ ਸ਼ਿਕਾਰ!

ਮੁਹੰਮਦ ਅੱਬਾਸ ਧਾਲੀਵਾਲ
ਫੋਨ: 91-98552-59650

ਇਸ ਸਮੇਂ ਕੋਵਿਡ-19 ਤੋਂ ਪੀੜਤ ਲੋਕਾਂ ਦੀ ਗਿਣਤੀ 72 ਲੱਖ ਨੂੰ ਪਾਰ ਕਰ ਚੁਕੀ ਹੈ, ਜਦੋਂ ਕਿ ਮਹਾਮਾਰੀ ਦੀ ਲਪੇਟ ਵਿਚ ਆ ਕੇ ਹੁਣ ਤੱਕ ਕਰੀਬ 4.11 ਲੱਖ ਲੋਕ ਆਪਣੀਆਂ ਜਾਨਾਂ ਗੁਆ ਚੁਕੇ ਹਨ। ਇਸ ਸੰਦਰਭ ਵਿਚ 10 ਜੂਨ ਤੱਕ ਅਮਰੀਕਾ ਦੀ ਜਾਨ ਹਾਪਕਿੰਸ ਯੂਨੀਵਰਸਿਟੀ ਦੇ ਸੈਂਟਰ ਫਾਰ ਸਾਇੰਸ ਅਤੇ ਇੰਜੀਨੀਅਰਿੰਗ (ਸੀ. ਐਸ. ਐਸ. ਈ.) ਦੇ ਤਾਜ਼ਾ ਤਰੀਨ ਅੰਕੜਿਆਂ ਅਨੁਸਾਰ ਕਰੋਨਾ ਵਾਇਰਸ ਨਾਲ ਹੁਣ ਤੱਕ ਵਿਸ਼ਵ ਭਰ ਵਿਚ ਸਮੁੱਚੇ ਰੂਪ ਵਿਚ 72,37,093 ਵਿਅਕਤੀ ਪ੍ਰਭਾਵਿਤ ਹੋ ਚੁਕੇ ਹਨ, ਜਦੋਂ ਕਿ 4,11,177 ਵਿਅਕਤੀ ਇਸ ਬੀਮਾਰੀ ਦੀ ਲਪੇਟ ਵਿਚ ਆ ਕੇ ਹਲਾਕ ਹੋ ਚੁਕੇ ਹਨ। ਇਸ ਮਹਾਮਾਰੀ ਨੂੰ ਨੱਥ ਪਾਉਣ ਲਈ ਸਭ ਤੋਂ ਕਾਰਗਰ ਤਰੀਕਾ ਲੌਕਡਾਉਨ ਨੂੰ ਦੱਸਿਆ ਜਾ ਰਿਹਾ ਹੈ, ਪਰ ਲੌਕਡਾਉਨ ਦੇ ਚਲਦਿਆਂ ਰੋਜ਼ ਦੀ ਕਮਾ ਖਾਣ ਵਾਲੇ ਲੋਕਾਂ ਦਾ ਜਿਊਣਾ ਮੁਸ਼ਕਿਲ ਹੋ ਗਿਆ ਹੈ, ਉਨ੍ਹਾਂ ਦੇ ਕੰਮ ਕਾਜ ਖੁੱਸ ਗਏ ਹਨ, ਜਿਸ ਕਾਰਨ ਬਹੁਤ ਸਾਰੇ ਲੋਕਾਂ ਨੂੰ ਭੁੱਖਮਰੀ ਜਿਹੇ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੇ ਹਾਲਾਤ ਇਸੇ ਤਰ੍ਹਾਂ ਬਰਕਰਾਰ ਰਹਿੰਦੇ ਹਨ ਤਾਂ ਦੁਨੀਆਂ ਦੇ ਗਰੀਬ-ਗੁਰਬੇ ਲੋਕਾਂ ਨੂੰ ਮੁਸ਼ਕਿਲਾਂ ਦੇ ਕਿਸ ਦੌਰ ਵਿਚੋਂ ਲੰਘਣਾ ਪੈ ਸਕਦਾ ਹੈ, ਉਸ ਦੀ ਕਲਪਨਾ ਕਰਨ ਨਾਲ ਹੀ ਸਰੀਰ 'ਤੇ ਲੂਈਂ ਕੰਡਿਆ ਜਾਂਦੀ ਹੈ।

ਇਸ ਸੰਦਰਭ 'ਚ ਹਾਲ ਹੀ ਵਿਚ ਸੰਯੁਕਤ ਰਾਸ਼ਟਰ (ਯੂ. ਐਨ. ਓ.) ਦੇ ਜਨਰਲ ਸਕੱਤਰ ਐਂਟੋਨੀਓ ਗੁਟਰੇਸ ਨੇ ਦੁਨੀਆਂ ਨੂੰ ਚਿਤਾਵਨੀ ਦਿੰਦਿਆਂ ਆਖਿਆ ਹੈ ਕਿ ਕਰੋਨਾ ਮਹਾਮਾਰੀ ਕਾਰਨ ਦੁਨੀਆਂ 'ਚ 'ਫੂਡ ਐਮਰਜੈਂਸੀ' ਪੈਦਾ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਇਸ ਮਹਾਮਾਰੀ ਦੇ ਪ੍ਰਕੋਪ ਦੌਰਾਨ ਭੋਜਨ ਜਾਂ ਪੋਸ਼ਣ ਸਬੰਧੀ ਅਸੁਰੱਖਿਅਤ ਰਹਿਣ ਵਾਲੇ ਲੋਕਾਂ ਦੀ ਗਿਣਤੀ 'ਚ ਬਹੁਤ ਤੇਜ਼ ਰਫਤਾਰੀ ਨਾਲ ਇਜ਼ਾਫਾ ਹੋ ਰਿਹਾ ਹੈ।

ਅਖਬਾਰ ਦੀ ਇਕ ਰਿਪੋਰਟ ਅਨੁਸਾਰ ਸੰਯੁਕਤ ਰਾਸ਼ਟਰ ਮੁਖੀ ਨੇ ਖੁਰਾਕ ਸੁਰੱਖਿਆ ਅਤੇ ਪੋਸ਼ਣ ਕੋਵਿਡ-19 ਦੇ ਪ੍ਰਭਾਵ ਬਾਰੇ ਸੰਯੁਕਤ ਰਾਸ਼ਟਰ ਦੀ ਨੀਤੀ ਦੀ ਸ਼ੁਰੂਆਤ ਕਰਨ ਦੌਰਾਨ ਆਪਣੇ ਇਕ ਵੀਡੀਓ ਸੰਦੇਸ਼ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਇਸ ਸਮੇਂ ਦੁਨੀਆਂ 'ਚ ਸਾਡੀ ਕੁੱਲ ਆਬਾਦੀ 8 ਅਰਬ ਲੋਕਾਂ ਦੀ ਹੈ, ਜਿਸ 'ਚ ਖਾਣ ਲਈ ਭੋਜਨ ਕਾਫੀ ਹੈ, ਪਰ ਇਸ ਦੇ ਬਾਵਜੂਦ 2 ਕਰੋੜ ਤੋਂ ਵਧੇਰੇ ਲੋਕੀ ਭੁੱਖੇ ਰਹਿਣ ਲਈ ਮਜਬੂਰ ਹਨ।

ਖੁਲਾਸੇ ਤੋਂ ਬਾਅਦ ਜੋ ਤੱਥ ਸਾਹਮਣੇ ਆਏ ਹਨ, ਉਸ ਅਨੁਸਾਰ ਚਿੰਤਾ ਵਾਲੀ ਗੱਲ ਇਹ ਹੈ ਕਿ ਪੰਜ ਸਾਲ ਤੋਂ ਘੱਟ ਉਮਰ ਦੇ 14.4 ਕਰੋੜ ਬੱਚਿਆਂ ਦਾ ਸਰੀਰਕ ਵਿਕਾਸ ਸਿਰਫ ਭੁੱਖ ਕਾਰਨ ਰੁਕਿਆ ਹੋਇਆ ਹੈ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਸਾਡੀ ਸਾਰੀ ਖੁਰਾਕ ਪ੍ਰਣਾਲੀ ਕਿਸ ਕਦਰ ਅਸਫਲ ਹੋ ਰਹੀ ਹੈ। ਐਂਟੋਨੀਓ ਗੁਟਰੇਸ ਨੇ ਇਹ ਚਿਤਾਵਨੀ ਵੀ ਦਿੱਤੀ ਹੈ ਕਿ ਜੇ ਇਸ 'ਤੇ ਤੁਰੰਤ ਕਾਰਵਾਈ ਨਾ ਹੋਈ ਤਾਂ ਇਹ ਸਮੱਸਿਆ ਵਧਦੀ ਜਾਵੇਗੀ, ਜਿਸ ਦੇ ਨਤੀਜੇ ਵਜੋਂ ਅੱਗੇ ਜਾ ਕੇ ਇਹ 'ਫੂਡ ਐਮਰਜੈਂਸੀ' ਦੀ ਸ਼ਕਲ ਅਖਤਿਆਰ ਕਰ ਲਵੇਗੀ, ਜਿਸ ਦਾ ਲੱਖਾਂ ਬੱਚਿਆਂ ਅਤੇ ਬਾਲਗਾਂ 'ਤੇ ਬਹੁਤ ਲੰਮੇ ਸਮੇਂ ਤੱਕ ਪ੍ਰਭਾਵ ਪਵੇਗਾ।

ਉਨ੍ਹਾਂ ਇਹ ਵੀ ਕਿਹਾ ਕਿ ਕਰੋਨਾ ਮਹਾਂਮਾਰੀ ਕਾਰਨ ਹੁਣ ਤੱਕ 4.9 ਕਰੋੜ ਹੋਰ ਲੋਕ ਗਰੀਬੀ ਦੀ ਦਲਦਲ 'ਚ ਧਸ ਜਾਣ ਦਾ ਖਦਸ਼ਾ ਹੈ। ਉਨ੍ਹਾਂ ਕਿਹਾ, ਇਸ ਨਾਜ਼ੁਕ ਦੌਰ ਵਿਚ ਅਸੀਂ ਵੇਖਿਆ ਕਿ ਚੰਗੇ ਤੋਂ ਚੰਗੇ ਖਾਂਦੇ ਪੀਂਦੇ ਦੇਸ਼ਾਂ 'ਚ ਵੀ ਭੋਜਨ ਦੀ ਸਪਲਾਈ ਲੜੀ ਵਿਚ ਵਿਘਨ ਪਏ ਹਨ।

ਇਸ ਸਮੇਂ ਜਨਰਲ ਸਕੱਤਰ ਐਂਟੋਨੀਓ ਗੁਟਰੇਸ ਨੇ ਕੌਮਾਂਤਰੀ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਉਹ ਜ਼ਿੰਦਗੀਆਂ ਅਤੇ ਲੋਕਾਂ ਦੀ ਜਾਨ ਮਾਲ ਦੀ ਰਾਖੀ ਲਈ ਲਾਮਬੰਦ ਹੋਣ। ਉਨ੍ਹਾਂ ਸੰਸਾਰ ਦੇ ਦੇਸ਼ਾਂ ਨੂੰ ਅਪੀਲ ਕੀਤੀ ਹੈ ਕਿ ਭੋਜਨ ਪ੍ਰੋਸੈਸਿੰਗ, ਟਰਾਂਸਪੋਰਟ ਅਤੇ ਸਥਾਨਕ ਖੁਰਾਕੀ ਬਾਜ਼ਾਰਾਂ ਲਈ ਮਦਦ ਵਧਾਉਣ ਅਤੇ ਉਨ੍ਹਾਂ ਨੂੰ ਭੋਜਨ ਪ੍ਰਣਾਲੀਆਂ ਦੇ ਨਿਰੰਤਰ ਕਾਰਜਸ਼ੀਲਤਾ ਨੂੰ ਯਕੀਨੀ ਬਣਾਉਣ।

ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰਾਂ ਯਕੀਨੀ ਬਣਾਉਣ ਕਿ ਰਾਹਤ ਪ੍ਰੇਰਨਾ ਪੈਕੇਜ ਸਭ ਤੋਂ ਵੱਧ ਕਮਜ਼ੋਰ ਤੇ ਲੋੜਵੰਦਾਂ ਤੱਕ ਪਹੁੰਚਾਏ ਜਾਣ। ਉਨ੍ਹਾਂ ਸਾਰੇ ਦੇਸ਼ਾਂ ਨੂੰ ਅਪੀਲ ਕੀਤੀ ਕਿ ਸਕੂਲਾਂ 'ਚ ਪੜ੍ਹਦੇ ਉਨ੍ਹਾਂ ਕਮਜ਼ੋਰ ਬੱਚਿਆਂ ਦੀ ਭੋਜਨ ਲਈ ਮਦਦ ਕਰਨ, ਜਿਨ੍ਹਾਂ ਦੀ ਭੋਜਨ ਤੱਕ ਪਹੁੰਚ ਨਹੀਂ ਹੈ। ਉਨ੍ਹਾਂ ਨੂੰ ਸਕੂਲਾਂ 'ਚ ਭੋਜਨ ਮੁਹੱਈਆ ਕਰਵਾਇਆ ਜਾਵੇ।

ਜਿਵੇਂ ਕਿ ਅਸੀਂ ਆਪਣੇ ਦੇਸ਼ ਅੰਦਰ ਪਿਛਲੇ ਕਰੀਬ ਢਾਈ ਮਹੀਨਿਆਂ ਤੋਂ ਵੇਖ ਰਹੇ ਹਾਂ ਕਿ ਬੇਰੁਜ਼ਗਾਰੀ ਅਤੇ ਭੁੱਖ ਤੋਂ ਤੰਗ ਆ ਕੇ ਕਿੰਨੇ ਹੀ ਲੋਕਾਂ ਨੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ, ਇਸ ਤੋਂ ਇਲਾਵਾ ਪਰਵਾਸੀ ਮਜ਼ਦੂਰਾਂ ਦੇ ਅਕਹਿ ਦਰਦ ਦੀਆਂ ਤਸਵੀਰਾਂ ਰੋਜ਼ਾਨਾ ਹੀ ਸਾਡੀਆਂ ਅੱਖਾਂ ਸਾਹਮਣੇ ਦੀ ਗੁਜ਼ਰਦੀਆਂ ਹਨ ਕਿ ਕਿਸ ਤਰ੍ਹਾਂ ਵੱਖ ਵੱਖ ਮਹਾਨਗਰਾਂ ਵਿਚ ਆਪਣੇ ਕੰਮ ਕਾਜ ਅਤੇ ਰੁਜ਼ਗਾਰ ਦੇ ਠੱਪ ਹੋਣ ਪਿੱਛੋਂ ਉਹ ਆਪਣੇ ਘਰਾਂ ਵੱਲ ਪਲਾਇਨ ਕਰ ਰਹੇ ਹਨ। ਇਸ ਪਲਾਇਨ ਦੌਰਾਨ ਕਿੰਨੇ ਹੀ ਰੇਲ ਗੱਡੀ ਦੇ ਹੇਠਾਂ ਆ ਕੁਚਲੇ ਗਏ। ਇਸ ਤੋਂ ਇਲਾਵਾ ਸੈਂਕੜੇ ਹੀ ਗਰੀਬ ਮਜ਼ਦੂਰ ਸੜਕਾਂ ਤੇ ਵੱਖ ਵੱਖ ਹਾਦਸਿਆਂ ਦਾ ਸ਼ਿਕਾਰ ਹੋ ਇਸ ਦੁਨੀਆਂ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਗਏ।

ਕੁਲ ਮਿਲਾ ਕੇ ਆਉਣ ਵਾਲੇ ਸਮੇਂ ਵਿਚ ਹਾਲਾਤ ਬਹੁਤ ਗੰਭੀਰ ਹੋਣ ਵਾਲੇ ਹਨ, ਇਸ ਸੰਦਰਭ ਵਿਚ ਵੱਖ ਵੱਖ ਦੇਸ਼ਾਂ ਦੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਹੁਣੇ ਤੋਂ ਇਸ ਮਹਾਮਾਰੀ ਦੇ ਪ੍ਰਕੋਪ ਦੇ ਚਲਦਿਆਂ ਖੁਸ ਰਹੇ ਰੁਜ਼ਗਾਰ ਲੋਕਾਂ ਨੂੰ ਮੁੜ ਬਹਾਲ ਕਰਨ ਦਾ ਸੁਹਿਰਦਤਾ ਨਾਲ ਉਪਰਾਲਾ ਕਰਨ ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾ ਕੇ ਭੁੱਖਮਰੀ ਤੋਂ ਬਚਾਇਆ ਜਾ ਸਕੇ ਅਤੇ ਜੀਵਨ ਦੀ ਲੀਹੋਂ ਲੱਥੀ ਗੱਡੀ ਨੂੰ ਮੁੜ ਲਾਈਨ 'ਤੇ ਲਿਆਇਆ ਜਾ ਸਕੇ।

# ਛਾਂਗੇ ਜਾਣ ਦੀਆਂ ਬਖਸ਼ਿਸ਼ਾਂ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਜਾਗਦੇ ਰਹੋ ਦਾ ਹੋਕਾ ਦਿੱਤਾ ਸੀ, "ਜਾਗ ਵੇ ਵੀਰਨਾ! ਘੇਸਲ ਵੱਟ ਕੇ ਕਿੰਨਾ ਕੁ ਸਮਾਂ ਲੰਘਾਇਆ ਜਾ ਸਕਦਾ? ਸੁੱਤਿਆਂ ਬਹੁਤ ਦੇਰ ਹੋ ਗਈ ਏ। ਹੋਰ ਦੇਰ ਨਾ ਕਰ, ਕਿਉਂਕਿ ਮੌਤ, ਮਰਸੀਆ ਤੇ ਮਾਤਮ ਦਾ ਕੋਈ ਵਸਾਹ ਨਹੀਂ। ਪੁਲਾਂ ਹੇਠੋਂ ਬਹੁਤ ਪਾਣੀ ਲੰਘ ਚੁਕਾ। ਹੁਣ ਹੀ ਕੁਝ ਅਜਿਹਾ ਕਰ ਕਿ ਤੇਰਾ ਨਾਮ ਇਤਿਹਾਸ ਦੇ ਵਰਕਿਆਂ 'ਤੇ ਸੂਰਜ ਵਾਂਗ ਚਮਕਦਾ ਰਹੇ।" ਹਥਲੇ ਲੇਖ ਵਿਚ ਉਨ੍ਹਾਂ ਰੰਭਾ ਤੇ ਜਵਾਕ ਚੰਡੇ ਜਾਣ ਦੀ ਗੱਲ ਨੂੰ ਛਾਂਗੇ ਜਾਣ ਦੇ ਪ੍ਰਸੰਗ ਵਿਚ ਪੇਸ਼ ਕੀਤਾ ਹੈ। ਉਹ ਕਹਿੰਦੇ ਹਨ, "ਬਹੁਤ ਕੁਝ ਛੁਪਿਆ ਹੁੰਦਾ ਹੈ, ਮਨੁੱਖ ਅਤੇ ਰੁੱਖ ਦੇ ਨਕਸ਼ਾਂ ਵਿਚ। ਮਨੁੱਖ ਅਤੇ ਰੁੱਖ-ਦੋਵੇਂ ਹੀ ਛਾਂਗ-ਛੰਗਾਈ ਪਿਛੋਂ ਫਿਰ ਫੁੱਟਦੇ ਤੇ ਕਰੂਬਲਾਂ ਨਿਕਲਦੀਆਂ।...ਮਨੁੱਖ ਅਤੇ ਰੁੱਖ ਵਿਚ ਫਰਕ ਇਹ ਹੁੰਦਾ ਕਿ ਛਾਂਗੇ ਗਏ ਰੁੱਖ ਆਪਣੀ ਊਰਜਾ ਨੂੰ ਸਹੀ ਪਾਸੇ ਲਾ ਕੇ ਤਣੇ ਤੇ ਟਾਹਣੀਆਂ ਨੂੰ ਨਰੋਈ ਸੇਧ ਦਿੰਦੇ ਅਤੇ ਆਲੇ-ਦੁਆਲੇ ਨੂੰ ਭਾਗ ਲਾਉਂਦੇ; ਪਰ ਮਨੁੱਖ ਛਾਂਗੇ ਜਾਣ 'ਤੇ ਵੀ ਕਈ ਵਾਰ ਆਪਣੀਆਂ ਕੋਝੀਆਂ ਹਰਕਤਾਂ, ਕਮੀਨੀਆਂ ਚਾਲਾਂ ਅਤੇ ਕੋਹਜਪੁਣੇ ਨੂੰ ਜਾਹਰ ਕਰਨੋਂ ਬਾਜ ਨਹੀਂ ਆਉਂਦਾ।" ਪਰ ਨਾਲ ਹੀ ਡਾ. ਭੰਡਾਲ ਖਬਰਦਾਰ ਕਰਦੇ ਹਨ, "ਕਈ ਵਾਰ ਬੇਲੋੜਾ ਛਾਂਗੇ ਜਾਣਾ ਜਾਂ ਕੱਟ-ਕਟਾਈ ਹੀਣ ਭਾਵਨਾ ਅਤੇ ਪ੍ਰਫੁਲਤਾ ਵਿਚ ਵਿਘਨ ਵੀ ਬਣਦੀ, ਜੋ ਮਾਨਸਿਕ, ਸਰੀਰਕ ਤੇ ਸਮਾਜਕ ਪੱਧਰ 'ਤੇ ਹੋ ਰਹੀ ਪ੍ਰਗਤੀ ਨੂੰ ਰੋਕਦੀ ਅਤੇ ਮਨ ਵਿਚ ਢਾਹੂ ਵਿਚਾਰਾਂ ਨੂੰ ਪੈਦਾ ਕਰਦੀ। ਲੋੜ ਹੈ, ਛਾਂਗਣ ਵਾਲਾ ਸੁਚੇਤ ਹੋਵੇ ਤਾਂ ਕਿ ਕਿਸੇ ਨੂੰ ਮਾਨਸਿਕ ਤੌਰ 'ਤੇ ਕੋਈ ਚੋਟ ਨਾ ਲੱਗੇ, ਭਾਵਨਾਵਾਂ ਨੂੰ ਠੇਸ ਨਾ ਪਹੁੰਚੇ, ਜੋ ਉਸ ਦੇ ਵਿਕਾਸ ਲਈ ਵਿਨਾਸ਼ ਬਣ ਜਾਵੇ।" -ਸੰਪਾਦਕ*

ਮਨੁੱਖ ਤੇ ਰੁੱਖ ਇਕੋ ਜਿਹੇ। ਦੋਹਾਂ ਦੀ ਸਾਂਭ-ਸੰਭਾਲ ਵਿਚੋਂ ਸਫਲਤਾਵਾਂ ਦੇ ਮਿੱਠੜੇ ਫਲ ਲੱਗਦੇ। ਰੰਗਦਾਰ ਤੇ ਮਹਿਕੀਲੇ ਫੁੱਲ ਵੀ ਲਗਦੇ। ਰੁੱਖ ਦੀ ਹਰਿਆਵਲੀ ਰੰਗਤ ਵਿਚੋਂ ਵਿਅਕਤੀ ਨੂੰ ਆਪਣੀ ਮਹਿਕ ਖਿਲਾਰਨ ਅਤੇ ਚੰਗਿਆਈ ਨੂੰ ਚੌਗਿਰਦੇ ਵਿਚ ਵੰਡਣ ਦੀ ਨਿਆਮਤ ਮਿਲਦੀ।

ਰੁੱਖ ਅਤੇ ਮਨੁੱਖ ਕੁੱਖ ਵਿਚ ਜਨਮ ਲੈਂਦੇ। ਇਨ੍ਹਾਂ ਦਾ ਸਰੂਪ ਕੁੱਖ ਦੀ ਤਾਸੀਰ ਤਕਦੀਰ ਅਤੇ ਤਦਬੀਰ 'ਤੇ ਨਿਰਭਰ। ਬੀਜ ਦੀ ਕਿਸਮ, ਮਿੱਟੀ ਦੀ ਤਾਸੀਰ ਅਤੇ ਇਸ 'ਤੇ ਨਿਰਭਰ ਕਰਦਾ ਕਿ ਕਿਹੜੀ ਸੋਚ-ਸਾਧਨਾ ਭਰੇ ਵਕਤ ਵਿਚੋਂ ਬੀਜ ਨੂੰ ਪੁੰਗਰਨਾ ਨਸੀਬ ਹੁੰਦਾ। ਬਹੁਤ ਕੁਝ ਛੁਪਿਆ ਹੁੰਦਾ ਹੈ, ਮਨੁੱਖ ਅਤੇ ਰੁੱਖ ਦੇ ਨਕਸ਼ਾਂ ਵਿਚ। ਮਨੁੱਖ ਅਤੇ ਰੁੱਖ ਦੋਵੇਂ ਹੀ ਛਾਂਗ-ਛੰਗਾਈ ਪਿਛੋਂ ਫਿਰ ਫੁੱਟਦੇ ਅਤੇ ਕਰੂਬਲਾਂ ਨਿਕਲਦੀਆਂ। ਇਸੇ ਲਈ ਛਾਂਗ-ਛੰਗਾਈ ਰੂਪੀ ਸੋਧ-ਸੁਧਾਈ ਇਕ ਲਗਾਤਾਰਤਾ ਵਾਲਾ ਵਰਤਾਰਾ ਹੁੰਦਾ।

ਮਨੁੱਖ ਅਤੇ ਰੁੱਖ ਦੀ ਛਾਂਗ ਛੰਗਾਈ ਵੀ ਸਿਰਫ ਆਪਣੇ ਹੀ ਕਰਦੇ, ਜਿਨ੍ਹਾਂ ਨਾਲ ਪਿਆਰ ਹੁੰਦਾ। ਸ਼ੁਭ ਚਿੰਤਨ ਤੇ ਸ਼ੁਭ-ਭਾਵਨਾ ਹੁੰਦੀ। ਇਸ ਨਾਲ ਹੀ ਕੁਝ ਅਜਿਹਾ ਮਨ-ਧਰਾਤਲ 'ਤੇ ਵਾਪਰਦਾ ਕਿ ਅਸੀਂ ਦੂਜਿਆਂ ਦੀ ਭਲਾਈ ਵਿਚੋਂ ਆਪਣੀ ਨੇਕ-ਨੀਤੀ ਨੂੰ ਆਪਣਾ ਕਰਮ ਬਣਾਉਂਦੇ।

ਮਨੁੱਖ ਅਤੇ ਰੁੱਖ ਦੀ ਕੇਹੀ ਕਰਮ-ਜਾਚਨਾ ਕਿ ਉਨ੍ਹਾਂ ਦੀ ਛਾਂਗ-ਛੰਗਾਈ ਵਾਲੇ ਬਹੁਤ ਹੀ ਦਿਆਲੂ, ਕਿਰਪਾਲੂ ਅਤੇ ਉਨ੍ਹਾਂ ਲਈ ਹਰਦਮ ਹਾਜ਼ਰ-ਨਾਜ਼ਰ ਹੋਣ। ਅਜਿਹਾ ਨਸੀਬਾ ਕੁਝ ਵਿਰਲਿਆਂ ਦਾ ਹੀ ਹੁੰਦਾ।

ਮਨੁੱਖ ਅਤੇ ਰੁੱਖ, ਆਉਣ ਵਾਲੀਆਂ ਨਸਲਾਂ ਲਈ ਆਧਾਰ ਵੀ ਬਣਦੇ, ਜਿਨ੍ਹਾਂ ਨੇ ਮਾਨਵਤਾ ਅਤੇ ਕੁਦਰਤ ਨੂੰ ਹੋਰ ਅਮੀਰੀ ਤੇ ਵਿਰਾਸਤੀ ਰੰਗਤ ਬਖਸ਼ਣੀ ਹੁੰਦੀ। ਖੁਦ ਵੀ ਆਪਣੇ ਆਪ ਨੂੰ ਦਿਲਕਸ਼ ਅਤੇ ਅੰਤਰੀਵੀ ਸੁੰਦਰਤਾ ਨਾਲ ਓਤ-ਪੋਤ ਕਰਨਾ ਹੁੰਦਾ।

ਮਨੁੱਖ ਅਤੇ ਰੁੱਖ ਜਨਮ ਤੋਂ ਮੌਤ ਤੱਕ ਛਾਂਗ-ਛੰਗਾਈ ਨੂੰ ਸਹਿੰਦਿਆਂ, ਪੀੜਾ ਵਿਚੋਂ ਵੀ ਗੁਜਰਦਾ, ਪਰ ਇਹ ਪੀੜ ਸਿਰਫ ਕੁਝ ਪਲਾਂ ਦੀ ਹੀ ਪ੍ਰਾਹੁਣੀ ਹੁੰਦੀ। ਇਸ ਪਿਛੋਂ ਇਕ ਸੰਤੁਸ਼ਟੀ ਅਤੇ ਭਰਪੂਰਤਾ ਦਾ ਅਹਿਸਾਸ ਦੋਹਾਂ ਨੂੰ ਨੱਕੋ-ਨੱਕ ਭਰਦਾ ਅਤੇ ਮਾਨਵਤਾ ਦੀ ਸਦੀਵਤਾ ਦੀ ਹਾਮੀ ਭਰਦਾ।

ਮਨੁੱਖ ਅਤੇ ਰੁੱਖ ਜਦ ਛਾਂਗੇ ਜਾਂਦੇ ਤਾਂ ਇਨ੍ਹਾਂ ਦੇ ਜ਼ਖਮ ਲੱਗਦੇ, ਦੀਦਿਆਂ ਵਿਚੋਂ ਨੀਰ ਵਗਦਾ ਅਤੇ ਕੁਝ ਸਮਾਂ ਲੱਗਦਾ ਇਨ੍ਹਾਂ ਨੂੰ ਭਰਨ ਵਿਚ; ਪਰ ਉਨ੍ਹਾਂ ਦੇ ਚੇਤਿਆਂ ਵਿਚ ਛਾਂਗੇ ਜਾਣ ਦਾ ਨਿਰਮਲ ਭੈਅ ਵੀ ਧਰ ਜਾਂਦੇ, ਜਿਸ ਕਾਰਨ ਉਹ ਹੋਰ ਉਕਾਈਆਂ, ਕੁਤਾਹੀਆਂ, ਖੁਨਾਮੀਆਂ ਤੇ ਕੁਕਰਮ ਕਰਨ ਤੋਂ ਤ੍ਰਹਿੰਦੇ ਅਤੇ ਆਪਣੇ ਰਾਹਾਂ ਨੂੰ ਫੁੱਲਾਂ ਲੱਧੇ ਮਾਰਗ ਦੀ ਮਹਿਕੀਲੀ ਇਬਾਰਤ ਬਣਾਉਣ ਵੰਨੀਂ ਪ੍ਰੇਰਿਤ ਕਰਦੇ।

ਮਨੁੱਖ ਅਤੇ ਰੁੱਖ-ਦੋਹਾਂ ਦੇ ਸਰਬਮੁਖੀ ਵਿਕਾਸ ਲਈ ਮਾਲਕ, ਮਾਲੀ, ਮੁਹੱਬਤ, ਮਦਦ, ਮਿਹਨਤ ਅਤੇ ਮਿਕਨਾਤੀਸੀ ਸੋਚ ਦਾ ਹੋਣਾ ਬਹੁਤ ਜਰੂਰੀ। ਸਾਰੇ ਤੱਤ ਰਲ ਕੇ ਇਕ ਸੰਪੂਰਨ ਕਲਾ-ਕਿਰਤੀ ਦੀ ਸਿਰਜਣਾ ਕਰਦੇ। ਇਸ ਵਿਚੋਂ ਹੀ ਦੋਹਾਂ ਨੂੰ ਸਰਬ-ਗੁਣੀ ਪ੍ਰਫੁਲਤਾ ਦੇ ਭਾਗ ਲੱਗਦੇ।

ਮਨੁੱਖ ਅਤੇ ਰੁੱਖ-ਦੋਹਾਂ ਲਈ ਦਿਸਦੀ ਅਤੇ ਅਣਦਿਸਦੀ ਵਾੜ ਦਾ ਹੋਣਾ ਅਤਿ ਜਰੂਰੀ ਤਾਂ ਕਿ ਕੋਈ ਵੀ ਇਨ੍ਹਾਂ ਦੇ ਵਧਣ-ਫੁਲਣ ਲਈ ਰੋੜਾ ਨਾ ਬਣੇ ਅਤੇ ਨਾ ਹੀ ਇਨ੍ਹਾਂ ਦੀ ਅਧੋਗਤੀ ਦਾ ਕਾਰਨ ਬਣੇ। ਇਹ ਵਾੜਾਂ ਹੀ ਹੁੰਦੀਆਂ, ਜੋ ਦੋਖੀਆਂ, ਦੁਸ਼ਮਣਾਂ ਅਤੇ ਦਰਦ ਦੇਣ ਵਾਲਿਆਂ ਦੇ ਦਾਅਵਤੀ ਦਾਅਵਿਆਂ ਨੂੰ ਖਾਰਜ ਕਰ, ਨਰੋਈ ਅਤੇ ਉਤਮ ਸੋਚ ਦੇ ਫੈਲਾਅ ਵਿਚ ਸਹਾਈ ਹੁੰਦੀਆਂ।

ਮਨੁੱਖ ਅਤੇ ਰੁੱਖ ਵਿਚ ਇਹ ਫਰਕ ਹੁੰਦਾ ਕਿ ਛਾਂਗੇ ਗਏ ਰੁੱਖ ਆਪਣੀ ਊਰਜਾ ਨੂੰ ਸਹੀ ਪਾਸੇ ਲਾ ਕੇ ਤਣੇ ਅਤੇ ਟਾਹਣੀਆਂ ਨੂੰ ਨਰੋਈ ਸੇਧ ਦਿੰਦੇ ਅਤੇ ਆਲੇ-ਦੁਆਲੇ ਨੂੰ ਭਾਗ ਲਾਉਂਦੇ; ਪਰ ਮਨੁੱਖ ਛਾਂਗੇ ਜਾਣ 'ਤੇ ਵੀ ਆਪਣੀ ਕੋਝੀਆਂ ਹਰਕਤਾਂ, ਕਮੀਨੀਆਂ ਚਾਲਾਂ ਅਤੇ ਕੋਹਜਪੁਣੇ ਨੂੰ ਜਾਹਰ ਕਰਨੋਂ ਬਾਜ ਨਹੀਂ ਆਉਂਦਾ।

ਮਨੁੱਖ ਅਤੇ ਰੁੱਖ ਵਿਚ ਦੂਜਾ ਫਰਕ ਇਹ ਹੈ ਕਿ ਰੁੱਖ ਨੂੰ ਪਿਉਂਦ ਲਾ ਕੇ, ਇਸ ਦੀ ਨਸਲ, ਤਾਸੀਰ, ਤਸਵੀਰ ਤੇ ਤਕਦੀਰ ਵਿਚ ਨਿਖਾਰ ਲਿਆਇਆ ਜਾ ਸਕਦਾ। ਇਸ ਵਿਚੋਂ ਹੋਰ ਵੰਨਗੀਆਂ ਅਤੇ ਨਸਲਾਂ ਦਾ ਵਿਕਾਸ ਹੁੰਦਾ, ਜੋ ਰੁੱਖਾਂ ਦੇ ਬਹੁ-ਪਰਤੀ ਪੱਖਾਂ ਨੂੰ ਸੁਚਾਰੂ ਰੂਪ ਵਿਚ ਪ੍ਰਗਟਾਉਂਦੇ। ਇਹ ਪਿਉਂਦੇ ਰੁੱਖ ਆਪਣੇ ਮੂਲ ਨਾਲੋਂ ਟੁੱਟ ਕੇ ਜਿਉਣ ਦਾ ਦਰਦ ਭਾਵੇਂ ਹੰਢਾਉਂਦੇ, ਪਰ ਮਨੁੱਖ ਦੀਆਂ ਮਨ ਮੰਗੀਆਂ ਮੁਰਾਦਾਂ ਦੀ ਝੋਲੀ ਭਰਦੇ। ਅਜੇ ਤੀਕ ਪਿਉਂਦ ਕੀਤਾ ਗਿਆ ਮਨੁੱਖ ਨਹੀਂ ਪੈਦਾ ਕੀਤਾ ਗਿਆ, ਭਾਵੇਂ ਕਲੋਨਿੰਗ ਦੇ ਜ਼ਰੀਏ ਅਜੋਕਾ ਮਨੁੱਖ ਚਾਹੁੰਦਾ ਤਾਂ ਹੈ ਕਿ ਉਹ ਆਪਣੀ ਮਰਜ਼ੀ ਦਾ ਬੱਚਾ ਪੈਦਾ ਕਰੇ, ਜੋ ਗੁਣ, ਸ਼ਕਲ, ਰੰਗ, ਰੂਪ, ਸਿਆਣਪ, ਲਿਆਕਤ ਸਮੇਤ ਹਰ ਪੱਖ ਤੋਂ ਸੰਪੂਰਨ ਹੋਵੇ; ਪਰ ਇਹ ਅਜੇ ਤੀਕ ਸਿਰਫ ਖਿਆਲ ਹੀ ਹੈ। ਜੇ ਪਿਉਂਦ ਕੀਤੇ ਗਏ ਮਨੁੱਖ ਪੈਦਾ ਹੋ ਗਏ ਤਾਂ ਹੌਲੀ ਹੌਲੀ ਅਸਲੀ ਮਨੁੱਖ ਖਤਮ ਹੋ ਜਾਵੇਗਾ। ਅਜਿਹੇ ਮਨੁੱਖ ਵਿਚੋਂ ਅਸਲੀਅਤ ਦਾ ਗੁਆਚਣਾ, ਮਨੁੱਖਤਾ ਅਤੇ ਕਾਇਨਾਤ ਲਈ ਤਬਾਹੀ ਹੋ ਸਕਦਾ ਹੈ।

ਮਨੁੱਖ ਤੇ ਰੁੱਖ ਤਾਂ ਬਚਪਨ ਤੋਂ ਹੀ ਛਾਂਗਿਆ ਜਾਂਦਾ ਹੈ, ਸਹੀ ਦਿਸ਼ਾ ਤੇ ਦਸ਼ਾ ਲਈ ਅਤੇ ਚੰਗੇਰੇ ਰੂਪ ਵਿਚ ਵਧਣ-ਫੁਲਣ ਤੇ ਸਹੀ ਸ਼ਕਲ ਦੇਣ ਲਈ। ਛਾਂਗਣ ਵਿਚੋਂ ਹੀ ਇਸ ਦੇ ਸਰੂਪ ਨੂੰ ਅੱਡਰੀ ਦਿੱਖ, ਪਛਾਣ ਤੇ ਪਰਿਭਾਸ਼ਾ ਮਿਲਦੀ।

ਰੁੱਖ ਵਾਂਗ ਮਨੁੱਖ ਨੂੰ ਛਾਂਗਣਾ ਬਹੁਤ ਜਰੂਰੀ, ਕਿਉਂਕਿ ਇਸ ਦੀ ਬੇਤਰਤੀਬੀ ਨੂੰ ਤਰਤੀਬ ਵਿਚ ਲਿਆਉਣਾ ਅਤੇ ਇਸ ਦੀ ਸਾਰਥਕਤਾ ਤੇ ਸੇਧ ਨੂੰ ਸਹੀ ਦਿਸ਼ਾ ਦੇਣ ਲਈ ਬੇਲੋੜੇ ਵਿਸਥਾਰ ਜਾਂ ਵਿਕਾਸ ਨੂੰ ਰੋਕਣਾ ਬਹੁਤ ਜਰੂਰੀ ਹੁੰਦਾ।

ਛਾਂਗੇ ਜਾਣ ਦਾ ਦਰਦ ਤਾਂ ਬਹੁਤ ਹੁੰਦਾ। ਬਹੁਤ ਕੁਝ ਖੁੱਸਦਾ ਜਾਪਦਾ ਅਤੇ ਕੁਝ ਪ੍ਰਤੱਖ ਨਜ਼ਰ ਆਉਣ ਦਾ ਡਰ ਵੀ ਹੁੰਦਾ, ਪਰ ਮਾਲੀ ਇਸ ਸਭ ਕਾਸੇ ਤੋਂ ਨਿਰਲੇਪ ਆਪਣਾ ਕਰਮ ਨਿਭਾਉਂਦਾ, ਕਿਉਂਕਿ ਉਹ ਜਾਣਦਾ ਕਿ ਛਾਂਗਣਾ ਕਿੰਨਾ ਜਰੂਰੀ ਹੁੰਦਾ। ਉਸ ਨੂੰ ਇਹ ਵੀ ਪਤਾ ਹੁੰਦਾ ਕਿ ਕਿਸ ਰੁੱਤੇ ਅਤੇ ਕਿਹੜੇ ਪਾਸਿਆਂ ਤੋਂ ਛਾਂਗਣ 'ਤੇ, ਨਵੀਆਂ ਕਰੂੰਬਲਾਂ ਫੁੱਟ ਕੇ ਇਸ ਦੀ ਦਿੱਖ ਨੂੰ ਚਾਰ ਚੰਨ ਲਾਉਣਗੀਆਂ; ਪਰ ਛਾਂਗੇ ਜਾਣ ਲਈ ਉਸਤਾਦ ਮਾਲੀ ਦੀ ਲੋੜ। ਅਣਜਾਣ ਵਿਅਕਤੀ ਤਾਂ ਕਈ ਵਾਰ ਸਹੀ ਟਾਹਣੀਆਂ ਨੂੰ ਕੱਟ ਕੇ ਇਸ ਦੇ ਵਾਧੇ ਅਤੇ ਵਿਕਾਸ ਨੂੰ ਨਿਗੁਣਾ ਹੀ ਕਰ ਦਿੰਦਾ।

ਛਾਂਗਣ ਲਈ ਬਜੁਰਗ ਬਹੁਤ ਮਾਹਰ ਹੁੰਦੇ ਸਨ ਅਤੇ ਉਨ੍ਹਾਂ ਨੂੰ ਪਤਾ ਹੁੰਦਾ ਸੀ ਕਿ ਕਿਹੜੀ ਟਾਹਣੀ ਵੱਧ ਤੰਦਰੁਸਤ ਹੈ ਅਤੇ ਜਿਸ ਨੂੰ ਰੱਖਣਾ ਬਹੁਤ ਜਰੂਰੀ ਹੁੰਦਾ। ਰੁੱਖਾਂ ਨੂੰ ਛਾਂਗਣ ਦੀ ਪ੍ਰਕ੍ਰਿਆ ਵਾਂਗ ਬਜੁਰਗਾਂ ਦਾ ਇਹ ਵੀ ਕਹਿਣਾ ਸੀ ਕਿ ਰੰਭਾ, ਜੁਆਕ ਅਤੇ ਵਹਿੜਕਾ ਚੰਡਿਆ ਹੀ ਸਹੀ ਰਹਿੰਦਾ। ਦਰਅਸਲ ਆਪਣੀ ਔਲਾਦ ਨੂੰ ਸਹੀ ਰਸਤੇ 'ਤੇ ਤੋਰਨਾ ਅਤੇ ਉਸ ਦੇ ਮਨ ਵਿਚ ਕੱਚੀ ਉਮਰੇ ਪਨਪਣ ਵਾਲੀਆਂ ਅਲਾਮਤਾਂ ਨੂੰ ਪਛਾਣ ਕੇ, ਇਸ ਦਾ ਖਾਤਮਾ ਕਰਨਾ, ਉਨ੍ਹਾਂ ਦੀ ਪਹਿਲ ਹੁੰਦੀ ਸੀ। ਉਹ ਤਾਂ ਅੱਥਰੇ ਵਹਿੜਕੇ ਨੂੰ ਵੀ ਹੌਲੀ ਹੌਲੀ ਵਧੀਆ ਹਾਲੀ ਬਣਾ ਲੈਂਦੇ ਸਨ।

ਦਰਅਸਲ ਛਾਂਗਣਾ ਇਕ ਅਜਿਹਾ ਤਰੀਕਾ ਹੈ, ਜੋ ਗੁਣਾਂ ਨੂੰ ਆਪਣੀ ਲਪੇਟ ਵਿਚ ਲੈਣ ਵਾਲੇ ਔਗੁਣਾਂ ਨੂੰ ਖਤਮ ਕਰਦਾ ਹੈ। ਛਾਂਗਣਾ, ਜੁਆਕ ਨੂੰ ਜੀਵਨ ਦੀਆਂ ਬਾਰੀਕੀਆਂ ਸਮਝਾਉਣ ਦਾ ਨਾਮ ਹੈ। ਉਸ ਦੇ ਮਨ ਵਿਚ ਕਦਰਾਂ-ਕੀਮਤਾਂ ਨੂੰ ਸਮਝਣ, ਇਨ੍ਹਾਂ ਨੂੰ ਅਪਨਾਉਣ ਅਤੇ ਇਨ੍ਹਾਂ 'ਤੇ ਆਧਾਰਤ ਜੀਵਨ ਜਿਉਣ ਦਾ ਨਾਮ ਵੀ ਹੈ।

ਛਾਂਗਣਾ ਇਕ ਨਿਰੰਤਰ ਕਾਰਜ ਹੈ, ਕਿਉਂਕਿ ਮਨ ਬਹੁਤ ਚੰਚਲ ਹੁੰਦਾ। ਇਹ ਕਦੇ ਵੀ ਤੇ ਕਿਸੇ ਵੀ ਮੋੜ 'ਤੇ ਥਿੜਕ ਸਕਦਾ। ਇਸ ਨੂੰ ਖਾਸ ਦਿਸ਼ਾ ਵੰਨੀਂ ਕੇਂਦ੍ਰਿਤ ਕਰਨ, ਇਸ ਦੇ ਨਿਸ਼ਾਨੇ ਤੇ ਮੰਜ਼ਿਲਾਂ ਮਿਥਣ ਤੇ ਇਨ੍ਹਾਂ ਨੂੰ ਪ੍ਰਾਪਤ ਕਰਨ ਵੰਨੀਂ ਉਤੇਜਿਤ ਕਰਨਾ, ਨਿਰੰਤਰ ਸਾਧਨਾ ਹੈ। ਇਹ ਸਾਧਨਾ ਮਾਪਿਆਂ ਦੀ ਸਭ ਤੋਂ ਵੱਡੀ ਬੰਦਗੀ ਅਤੇ ਇਸ ਵਿਚੋਂ ਹੀ ਹੁੰਦਾ ਏ, ਬਿਹਤਰ ਮਨੁੱਖ ਦਾ ਵਿਕਾਸ।

ਮਨੁੱਖ ਨੂੰ ਛਾਂਗ ਅਤੇ ਸੋਧ ਕੇ ਹੀ ਚੰਗੇ ਇਨਸਾਨ ਬਣਨ ਵੰਨੀਂ ਤੋਰਿਆ ਜਾ ਸਕਦਾ। ਮਨੁੱਖ ਦੀ ਛਾਂਗ-ਛੰਗਾਈ ਜੰਮਦਿਆਂ ਹੀ ਸ਼ੁਰੂ ਹੋ ਜਾਂਦੀ। ਮਾਂ ਦੀ ਗੋਦ ਵਿਚ ਪਲਦਾ ਬੱਚਾ, ਮਾਂ ਕੋਲੋਂ ਬਹੁਤ ਕੁਝ ਅਚੇਤ ਅਤੇ ਸੁਚੇਤ ਰੂਪ ਵਿਚ ਹਾਸਲ ਕਰਦਾ।



**ਮਨੁੱਖ ਅਤੇ ਰੁੱਖ ਜਦ ਛਾਂਗੇ ਜਾਂਦੇ ਤਾਂ ਇਨ੍ਹਾਂ ਦੇ ਜ਼ਖਮ ਲੱਗਦੇ, ਦੀਦਿਆਂ ਵਿਚੋਂ ਨੀਰ ਵਗਦਾ ਅਤੇ ਕੁਝ ਸਮਾਂ ਲੱਗਦਾ ਇਨ੍ਹਾਂ ਨੂੰ ਭਰਨ ਵਿਚ; ਪਰ ਉਨ੍ਹਾਂ ਦੇ ਚੇਤਿਆਂ ਵਿਚ ਛਾਂਗੇ ਜਾਣ ਦਾ ਨਿਰਮਲ ਭੈਅ ਵੀ ਧਰ ਜਾਂਦੇ, ਜਿਸ ਕਾਰਨ ਉਹ ਹੋਰ ਉਕਾਈਆਂ, ਕੁਤਾਹੀਆਂ, ਖੁਨਾਮੀਆਂ ਤੇ ਕੁਕਰਮ ਕਰਨ ਤੋਂ ਤ੍ਰਹਿੰਦੇ ਅਤੇ ਆਪਣੇ ਰਾਹਾਂ ਨੂੰ ਫੁੱਲਾਂ ਲੱਧੇ ਮਾਰਗ ਦੀ ਮਹਿਕੀਲੀ ਇਬਾਰਤ ਬਣਾਉਣ ਵੰਨੀਂ ਪ੍ਰੇਰਿਤ ਕਰਦੇ।**

ਨਿੱਕੀਆਂ ਝਿੜਕਾਂ, ਮਿੱਠੀਆਂ ਘੂਰੀਆਂ, ਦਬਕਾ, ਗੁੱਸਾ ਕਰਨਾ, ਹੱਲਾਸ਼ੇਰੀਆਂ, ਗਲਤੀਆਂ ਤੋਂ ਹੋੜਨਾ ਅਤੇ ਚੰਗੀਆਂ ਆਦਤਾਂ ਦਾ ਨਿਰਮਾਣ ਕਰਨਾ, ਬਹੁਤ ਠਰੰਮੇ ਤੇ ਧੀਰਜ ਭਰੀ ਤਪੱਸਿਆ ਅਤੇ ਇਸ ਜੋਗ ਨੂੰ ਕਮਾਉਣ ਵਿਚ ਮਾਂ ਦਾ ਨਹੀਂ ਕੋਈ ਸਾਨੀ। ਮਨੁੱਖ ਦੇ ਵਿਅਕਤੀਤਵ ਵਿਚ ਉਸ ਦੀ ਮਾਂ ਦੇ ਬਹੁਤ ਸਾਰੇ ਰੂਪ ਅਤੇ ਗੁਣ, ਸੂਖਮ ਅਤੇ ਸਾਜ਼ਗਾਰ ਰੂਪ ਵਿਚ ਪ੍ਰਤੱਖ ਦੇਖੇ ਜਾ ਸਕਦੇ। ਬੱਚੇ ਜਿਥੇ ਮਾਂ ਦੀਆਂ ਆਦਤਾਂ, ਖਾਣ-ਪੀਣ ਦੀ ਪਸੰਦ, ਚਾਲ-ਢਾਲ ਗ੍ਰਹਿਣ ਕਰਦੇ, ਉਥੇ ਉਨ੍ਹਾਂ ਦੀ ਸਮੁੱਚੀ ਦਿੱਖ ਵਿਚ ਮਾਂ ਦਾ ਪ੍ਰਤੀਬਿੰਬ ਹਰ ਵੇਲੇ ਹਾਜ਼ਰ-ਨਾਜ਼ਰ।

ਬੱਚੇ ਦੇ ਵਿਅਕਤੀਤਵ ਨੂੰ ਸਿਰਜਣ ਵਿਚ ਇਕੱਲੀ ਮਾਂ ਹੀ ਨਹੀਂ, ਉਸ ਦੇ ਵੱਡੇ ਭੈਣ-ਭਰਾ, ਸਾਥੀ, ਵਡੇਰੇ ਜਾਂ ਮਾਪਿਆਂ ਸਮੇਤ ਹੋਰ ਨੇੜਲੇ ਵਿਅਕਤੀ ਵੀ ਕਿਸੇ ਨਾ ਕਿਸੇ ਰੂਪ ਵਿਚ ਆਪਣਾ ਯੋਗਦਾਨ ਜਰੂਰ ਪਾਉਂਦੇ। ਇਹ ਵੱਖਰੀ ਗੱਲ ਕਿ ਉਹ ਚੰਗੇਰੇ ਰੂਪ ਵਿਚ ਜਾਂ ਮਾੜੇ ਰੂਪ ਵਿਚ ਯੋਗਦਾਨ ਪਾਉਂਦੇ। ਸੋ ਬਚਪਨੀ ਛੰਗਾਈ ਸਭ ਤੋਂ ਅਹਿਮ ਹੁੰਦੀ, ਕਿਉਂਕਿ ਦਸ ਸਾਲ ਤੀਕ ਬਣੀਆਂ ਆਦਤਾਂ ਦਾ ਪਿਛੋਂ ਬਦਲਨਾ ਬਹੁਤ ਮੁਸ਼ਕਿਲ ਹੁੰਦਾ।

ਗਮਲੇ ਵਿਚ ਲਾਏ ਬੂਟੇ ਵਾਂਗ ਬੱਚੇ ਦੀ ਛਾਂਗ-ਛੰਗਾਈ ਦਾ ਦੂਜਾ ਦੌਰ, ਸਕੂਲੀ ਜਾਂ ਉਚੇਰੀ ਪੜ੍ਹਾਈ ਦੌਰਾਨ, ਅਧਿਆਪਕਾਂ ਦੀ ਰਹਿਨੁਮਾਈ, ਉਨ੍ਹਾਂ ਦੀਆਂ ਸਿਖਿਆਵਾਂ ਨੂੰ ਅਪਨਾ, ਉਨ੍ਹਾਂ ਨੂੰ ਰੋਲ ਮਾਡਲ ਸਮਝ ਕੇ, ਉਨ੍ਹਾਂ ਜਿਹਾ ਬਣਨ ਦੀ ਲੋਚਾ ਪੈਦਾ ਹੋਣੀ ਹੁੰਦਾ। ਅਜਿਹੇ ਵੇਲੇ ਬੱਚਾ ਸੁਪਨੇ ਲੈਣ ਅਤੇ ਇਨ੍ਹਾਂ ਦੀ ਪੂਰਤੀ ਲਈ ਅਧਿਆਪਕਾਂ ਦੀਆਂ ਤਰਕੀਬਾਂ ਤੇ ਤਮੰਨਾਵਾਂ ਨੂੰ, ਆਪਣੀਆਂ ਤਰਜ਼ੀਹਾਂ ਨੂੰ ਆਪਣਾ ਜੀਵਨੀ ਮੂਲ-ਮੰਤਰ ਬਣਾਉਂਦਾ। ਇਸ ਦੌਰਾਨ ਬੇਲੋੜੀਆਂ ਲਾਲਸਾਵਾਂ, ਖਿਆਲਾਂ, ਸੋਚਾਂ ਅਤੇ ਤ੍ਰਿਸ਼ਨਾਵਾਂ ਨੂੰ ਨਿੱਤ ਦਿਨ ਛਾਂਗਦੇ ਰਹਿਣਾ ਅਤੇ ਇਹਨੂੰ ਪੁੰਗਰਨ ਨਾ ਦੇਣਾ ਵੀ, ਛਾਂਗਣ ਦਾ ਹੀ ਰੂਪ ਹੁੰਦਾ, ਕਿਉਂਕਿ ਮਨ ਨੂੰ ਭਟਕਾਉਣ ਵਾਲੀਆਂ ਤਰਜ਼ੀਹਾਂ ਜਾਂ ਆਦਤਾਂ ਤੁਹਾਡੀ ਸੁਪਨ-ਸਦਾਕਤ ਨੂੰ ਧੁੰਦਲਾ ਕਰ, ਮੰਜ਼ਿਲ ਤੋਂ ਭਟਕਾ, ਤੁਹਾਡੇ ਰਾਹਾਂ ਨੂੰ ਹੋਰ ਬਿਖੜਾ ਅਤੇ ਕਠਿਨਾਈਆਂ ਭਰਿਆ ਬਣਾ ਸਕਦੇ ਨੇ।

ਦਰਅਸਲ ਇਸ ਰੁੱਤੇ ਮਨੁੱਖ ਦਾ ਵਿਅਕਤੀਤਵ ਬਿੰਬ ਆਪਣਾ ਰੂਪ ਵਟਾਉਣ ਲੱਗਦਾ। ਉਸ ਦੀ ਦਿੱਖ ਵਿਚ ਖਿੱਚ, ਸਮਰੱਥਾ 'ਤੇ ਨਾਜ਼ ਅਤੇ ਜੋਸ਼ 'ਚ ਜਜ਼ਬਾਤ ਹਾਵੀ ਹੁੰਦੇ। ਉਹ ਕੁਝ ਅਜਿਹਾ ਕਰਨ ਬਾਰੇ ਜਰੂਰ ਸੋਚਦਾ, ਜੋ ਉਸ ਦੀ ਪਛਾਣ ਬਣਨ ਵਿਚ ਸਹਾਈ ਹੋਵੇ। ਅਜਿਹੇ ਮੌਕੇ ਮਾੜੀ ਪਛਾਣ ਬਣਾਉਣ ਵਾਲੀ ਸੋਚ ਨੂੰ ਖਤਮ ਕਰਨਾ, ਚੰਗੇਰੀ ਪਛਾਣ ਨੂੰ ਉਤਸ਼ਾਹਤ ਕਰਨਾ ਅਤੇ ਪੈਰਾਂ ਦੇ ਨਾਮ ਸੂਰਜੀ ਸਿਰਨਾਵਾਂ ਕਰਨਾ ਮੰਜ਼ਿਲਾਂ ਨੂੰ ਨਰੋਈ ਦਿੱਖ ਪ੍ਰਦਾਨ ਕਰ ਸਕਦਾ। ਜਵਾਨੀ ਦੇ ਇਸ ਮੋੜ 'ਤੇ ਕੀਤੀ ਛੰਗਾਈ ਸਾਰੀ ਉਮਰ ਹੀ ਯਾਦ ਰਹਿੰਦੀ, ਕਿਉਂਕਿ ਇਸ 'ਤੇ ਨਿਰਭਰ ਕਰਦਾ ਕਿ ਉਸ ਨੇ ਜੀਵਨ ਵਿਚ ਕਿਹੜੀਆਂ ਬੁਲੰਦੀਆਂ ਨੂੰ ਛੂਹਣਾ ਜਾਂ ਕਿਹੜੀ ਦਲਦਲ ਵਿਚ ਖੁੱਭ ਕੇ ਗਰਕਣੀ ਦਾ ਰੂਪ ਵਟਾਉਣਾ ਹੈ? ਚੰਗੇ ਅਧਿਆਪਕ, ਚੰਗਾ ਸਾਥੀ ਅਤੇ ਚੰਗੀ ਵਿਚਾਰਧਾਰਾ ਵਿਚੋਂ ਹੀ ਅਜਿਹਾ ਸ਼ਖਸੀ ਨਿਰਮਾਣ ਹੁੰਦਾ, ਜੋ ਆਪਣੇ ਪਰਿਵਾਰ, ਸਮਾਜ ਅਤੇ ਕੌਮ ਲਈ ਮਾਣਮੱਤਾ ਨਾਮ ਹੋਵੇ। ਵਧੀਆ ਤਰੀਕੇ ਨਾਲ ਛਾਂਗ-ਛੰਗਾਈ ਅਤੇ ਸੇਧਤ ਰੂਪ ਵਿਚ ਵਾਧੇ ਨੂੰ ਪ੍ਰਫੁਲਤ ਕਰਨ ਵਾਲੇ ਹੀ ਨਵੀਆਂ ਪ੍ਰਾਪਤੀਆਂ ਦਾ ਸਿਰਲੇਖ ਹੁੰਦੇ। ਅਜਿਹੇ ਸ਼ਿਲਾਲੇਖ ਵਕਤ ਦੀ ਤਹਿਜੀਬ ਬਣਦੇ।

ਕਈ ਵਾਰ ਬੇਲੋੜਾ ਛਾਂਗੇ ਜਾਣਾ ਜਾਂ ਕੱਟ-ਕਟਾਈ ਹੀਣ ਭਾਵਨਾ ਅਤੇ ਪ੍ਰਫੁਲਤਾ ਵਿਚ ਵਿਘਨ ਵੀ ਬਣਦੀ, ਜੋ ਮਾਨਸਿਕ, ਸਰੀਰਕ ਤੇ ਸਮਾਜਕ ਪੱਧਰ 'ਤੇ ਹੋ ਰਹੀ ਪ੍ਰਗਤੀ ਨੂੰ ਰੋਕਦੀ ਅਤੇ ਮਨ ਵਿਚ ਢਾਹੂ ਵਿਚਾਰਾਂ ਨੂੰ ਪੈਦਾ ਕਰਦੀ। ਲੋੜ ਹੈ, ਛਾਂਗਣ ਵਾਲਾ ਸੁਚੇਤ ਹੋਵੇ ਤਾਂ ਕਿ ਕਿਸੇ ਨੂੰ ਮਾਨਸਿਕ ਤੌਰ 'ਤੇ ਕੋਈ ਚੋਟ ਨਾ ਲੱਗੇ, ਭਾਵਨਾਵਾਂ ਨੂੰ ਠੇਸ ਨਾ ਪਹੁੰਚੇ, ਜੋ ਉਸ ਦੇ ਵਿਕਾਸ ਲਈ ਵਿਨਾਸ਼ ਬਣ ਜਾਵੇ।

ਮਨੁੱਖੀ ਸ਼ਖਸੀਅਤ ਨੂੰ ਤਰਾਸ਼ਣ ਵਿਚ ਉਸ ਦੇ ਜੀਵਨ-ਸਾਥੀ ਤੇ ਜਿਗਰੀ ਯਾਰਾਂ ਦਾ ਸਭ ਤੋਂ ਵੱਡਾ ਯੋਗਦਾਨ ਹੁੰਦਾ। ਇਹ ਦੋ ਸਬੰਧ ਅਜਿਹੇ ਹੁੰਦੇ, ਜੋ ਸਭ ਤੋਂ ਕਰੀਬ, ਸਾਹਾਂ ਤੋਂ ਵੱਧ ਹਬੀਬ ਅਤੇ ਅਦਬ-ਅਦੀਬ ਹੁੰਦੇ। ਉਹ ਤੁਹਾਡੀ ਚੰਗਿਆਈ, ਬੰਦਿਆਈ ਅਤੇ ਭਲਿਆਈ ਨੂੰ ਵਕਤ ਦਾ ਸ਼ਰਫ ਬਣਾਉਣ ਦੇ ਚਾਹਵਾਨ। ਉਹ ਤੁਹਾਨੂੰ ਟੋਕ ਸਕਦੇ, ਰੋਕ ਸਕਦੇ, ਵਰਜ ਸਕਦੇ, ਹਟਕ ਸਕਦੇ ਅਤੇ ਸਹੀ ਸਲਾਹ ਦੇ ਕੇ ਤੁਹਾਡੀਆਂ ਕੁਤਾਹੀਆਂ ਨੂੰ ਦੱਸਣ ਵਿਚ ਕਦੇ ਗੁਰੇਜ਼ ਨਹੀਂ ਕਰਦੇ। ਉਨ੍ਹਾਂ ਵਿਚ ਤੁਹਾਡੇ ਸਾਹਮਣੇ ਸੱਚ ਨੂੰ ਸੱਚ ਕਹਿਣ ਦੀ ਜੁਰਅਤ, ਕਿਉਂਕਿ ਉਹ ਤੁਹਾਡੇ ਸੱਚੇ ਹਮਦਰਦ, ਹਿਤੈਸ਼ੀ ਅਤੇ ਹਮਦਮ ਹੁੰਦੇ। ਉਨ੍ਹਾਂ ਦਾ ਕੋਈ ਨਿਜੀ ਮੁਫਾਦ ਨਹੀਂ ਹੁੰਦਾ। ਉਹ ਤੁਹਾਡੇ ਨਾਲ ਦਿਲੋਂ ਮੁਹੱਬਤ ਕਰਦੇ। ਤੁਹਾਡੀਆਂ ਬਲਾਵਾਂ ਆਪਣੇ ਸਿਰ ਲੈਂਦੇ, ਥਿੜਕਣ ਤੋਂ ਬਚਾਉਂਦੇ ਅਤੇ ਤੁਹਾਡੇ ਰਾਹਾਂ ਵਿਚ ਚਾਨਣ ਵਿਛਾਉਂਦੇ। ਬਹੁਤ ਕਿਸਮਤ ਵਾਲੇ ਹੁੰਦੇ ਨੇ ਉਹ, ਜਿਨ੍ਹਾਂ ਦੇ ਦੋ ਕੁ ਜਿਗਰੀ ਯਾਰ ਹੋਣ, ਜਿਨ੍ਹਾਂ ਨਾਲ ਦਿਲ ਦੀਆਂ ਗੱਲਾਂ ਕਰਦਿਆਂ, ਦਿਲ-ਦਰਵਾਜੇ ਖੁੱਲ੍ਹੇ ਰਹਿਣ ਤਾਂ ਕਿ ਤੁਸੀਂ ਆਪਣੀਆਂ ਕਮੀਨਗੀਆਂ ਨੂੰ ਤਿਆਗ, ਆਪਣੀ ਉਚਤਮਤਾ ਨੂੰ ਬਰਕਰਾਰ ਰੱਖ ਸਕੋ।

ਕਈ ਵਾਰ ਮਨੁੱਖ ਛਾਂਗੇ ਜਾਣ 'ਤੇ ਕਸੀਸ ਵੱਟਦਾ ਅਤੇ ਮਾਲੀ ਦੇ ਹੱਥਾਂ ਵਿਚੋਂ ਖਿਸਕਣ ਲਈ ਤਤਪਰ ਹੁੰਦਾ। ਇਸ ਤਤਪਰਤਾ ਵਿਚੋਂ ਹੀ ਬਜੁਰਗਾਂ ਦੀ ਅਵੱਗਿਆ, ਅਧਿਆਪਕਾਂ ਦਾ ਨਿਰਾਦਰ ਜਾਂ ਮਾਪਿਆਂ ਦੀਆਂ ਸਲਾਹਾਂ ਦੀ ਅਣਦੇਖੀ ਜਨਮ ਲੈਂਦੀ। ਸਿਆਣਿਆਂ ਤੋਂ ਨਾਬਰ ਹੋ, ਉਨ੍ਹਾਂ ਦੀਆਂ ਮੱਤਾਂ ਨੂੰ ਨਕਾਰ ਅਤੇ ਕੁਦਰਤੀ ਕ੍ਰਿਆਵਾਂ ਵਿਚ ਖਲਲ ਪਾ ਕੇ ਮਨੁੱਖ ਨੇ ਕੀ ਖੱਟਿਆ ਹੈ, ਇਹ ਸੋਚਣ ਦੀ ਲੋੜ ਹੈ। ਪੰਜਾਬ ਜਾਂ ਵਿਕਸਿਤ ਦੇਸ਼ਾਂ ਵਿਚ ਬਿਮਾਰੀਆਂ ਦੀ ਬਹੁਲਾਤ, ਮਨੁੱਖੀ ਨਾ-ਮਰਦੀ, ਹਸਪਤਾਲਾਂ ਦੀ ਬਹੁਲਾਤ ਅਤੇ ਹਰ ਖਾਧ ਪਦਾਰਥ ਵਿਚ ਮਿਲਾਵਟ ਤੇ ਗੈਰ-ਕੁਦਰਤੀ ਉਤਪਾਦਨ ਨੇ ਮਨੁੱਖ ਨੂੰ ਆਪਣੇ ਅਸਲੇ ਤੋਂ ਬਹੁਤ ਦੂਰ ਲੈ ਆਂਦਾ ਹੈ। ਇਹ ਮਨੁੱਖੀ ਮਨ ਦਾ ਛਾਂਗਿਆ ਨਾ ਜਾਣਾ ਅਤੇ ਸਥਾਪਤ ਕੁਦਰਤੀ ਕ੍ਰਿਆਵਾਂ ਨੂੰ ਅਣਗੌਲੇ ਕਾਰਨ ਹੀ ਵਾਪਰ ਰਿਹਾ ਏ।

ਮਨੁੱਖ ਅਤੇ ਰੁੱਖ ਦੀ ਛਾਂਗ-ਛੰਗਾਈ ਵਿਚੋਂ ਸਾਰਥਕਤਾ, ਸੰਭਾਵਨਾਵਾਂ ਤੇ ਸਚਿਆਰੇਪਣ ਨੂੰ ਪਛਾਣ ਕੇ ਅਤੇ ਨਿਸ਼ਚਿਤ ਹੱਦਾਂ ਵਿਚ ਆਪਣੀਆਂ ਲੋੜਾਂ, ਤਮੰਨਾਵਾਂ ਤੇ ਸੁੱਖ-ਸਹੂਲਤਾਂ ਨੂੰ ਨਿਰਧਾਰਤ ਕਰਕੇ ਸੁਖਨ-ਭਰੀ ਜ਼ਿੰਦਗੀ ਜੀਵੀ ਜਾ ਸਕਦੀ ਹੈ। ਇਹ ਜੀਵਨ-ਮਾਰਗ, ਸਾਡੇ ਧਾਰਮਿਕ ਰਹਿਨੁਮਾਵਾਂ ਨੇ ਸਾਨੂੰ ਵਿਰਾਸਤ ਵਿਚ ਦਿਤਾ ਸੀ ਤੇ ਅਸੀਂ ਇਸ ਤੋਂ ਹੀ ਦੂਰ ਜਾ ਰਹੇ ਹਾਂ।

ਜਰਾ ਸੋਚਣਾ! ਮਾਂ-ਬਾਪ ਦੀਆਂ ਝਿੜਕਾਂ, ਅਧਿਆਪਕਾਂ ਦੀ ਕੁੱਟ ਅਤੇ ਬਜੁਰਗਾਂ ਦੀ ਅੱਖ ਦੀ ਸ਼ਰਮ ਮੰਨਣ ਵਾਲਿਆਂ ਨੇ ਕਿੰਨੇ ਉਚੇ ਮਰਤਬੇ ਪ੍ਰਾਪਤ ਕੀਤੇ ਨੇ? ਅਜੋਕੀ ਬਨਾਵਟੀ ਸ਼ਖਸੀ ਆਜ਼ਾਦੀ ਦੇ ਨਾਂ 'ਤੇ ਮਨੁੱਖ ਕਿੰਨਾ ਰਸਾਤਲ 'ਚ ਗਰਕ ਚੁਕਾ ਹੈ? ਜ਼ਰਜਰੀ ਕਦਰਾਂ-ਕੀਮਤਾਂ, ਤਿੜਕੇ ਰਿਸ਼ਤਿਆਂ ਅਤੇ ਸਰਾਪੀਆਂ ਸਾਂਝਾਂ ਦੀ ਹੂਕ ਜਰੂਰ ਸੁਣਨਾ। ਫਿਰ ਆਪਣੇ ਆਪ ਨੂੰ ਇਕ ਨਿਸ਼ਚਿਤ ਦਾਇਰੇ ਵਿਚ ਪ੍ਰਵਾਨ ਚੜ੍ਹਨ ਅਤੇ ਨਵੀਆਂ ਪ੍ਰਾਪਤੀਆਂ ਵੱਲ ਤੋਰਨਾ, ਤੁਹਾਡੇ ਰਾਹਾਂ ਨੂੰ ਛਾਂਗੇ ਜਾਣ ਦਾ ਅਫਸੋਸ ਨਹੀਂ ਹੋਵੇਗਾ। ਤੁਸੀਂ ਛਾਂਗੇ ਜਾਣ ਨੂੰ ਆਪਣਾ ਧੰਨਭਾਗ ਸਮਝੋਗੇ।

ਅਮੋੜ ਦਰਿਆਵਾਂ, ਔਝੜੇ ਰਾਹਾਂ, ਪਰਹੀਣ ਭਾਵਾਂ, ਤਰਕਹੀਣ ਸਲਾਹਾਂ ਅਤੇ ਤੱਥਹੀਣ ਸੁਝਾਵਾਂ ਨੂੰ ਸਹੀ, ਸੁੱਚੀ ਤੇ ਸੱਚੀ ਸੇਧ ਦੇਣ ਲਈ ਕੁਝ ਅਸੂਲ ਤਾਂ ਘੜਨੇ ਹੀ ਪੈਣੇ ਨੇ। ਅਸੀਂ ਇਸ ਦੀ ਸ਼ੁਰੂਆਤ ਖੁਦ ਤੋਂ ਕਿਉਂ ਨਹੀਂ ਕਰਦੇ?

# ਲੋਕਤੰਤਰ ਦੀ ਰੀਸ ਨਹੀਂ

*ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਚੰਡੀਗੜ੍ਹ ਦੀ ਲਿਖਤ 'ਖਾਲਿਸਤਾਨ ਦਾ ਐਲਾਨਨਾਮਾ: ਪ੍ਰਚੰਡ ਜਜ਼ਬਿਆਂ ਦੀ ਨਵੀਂ ਸਵੇਰ, ਨਵੀਂ ਬਹਾਰ' ਬਾਰੇ ਪਿਛਲੇ ਅੰਕਾਂ ਵਿਚ ਅਸੀਂ ਹਜ਼ਾਰਾ ਸਿੰਘ ਮਿਸੀਸਾਗਾ, ਹਰਜੀਤ ਦਿਓਲ ਬਰੈਂਪਟਨ, ਗੁਰਬਚਨ ਸਿੰਘ, ਡਾ. ਬਲਕਾਰ ਸਿੰਘ, ਅਮ ਰਜੀਤ ਸਿੰਘ ਮੁਲਤਾਨੀ, ਕਮਲਜੀਤ ਸਿੰਘ ਬਾਸੀ, ਹਾਕਮ ਸਿੰਘ ਅਤੇ ਕੈਨੇਡਾ ਤੋਂ ਛਪਦੇ ਪਰਚੇ 'ਸਿੱਖ ਵਿਰਸਾ' ਦੇ ਸੰਪਾਦਕ ਹਰਚਰਨ ਸਿੰਘ ਪਰਮਾਰ ਦੇ ਵਿਚਾਰ ਪਾਠਕਾਂ ਦੇ ਰੂ-ਬ-ਰੂ ਕਰ ਚੁਕੇ ਹਾਂ। ਐਤਕੀਂ ਨੰਦ ਸਿੰਘ ਬਰਾੜ ਦੇ ਵਿਚਾਰ ਛਾਪ ਰਹੇ ਹਾਂ, ਜਿਸ ਵਿਚ ਉਨ੍ਹਾਂ ਧਰਮਤੰਤਰ ਨਾਲੋਂ ਲੋਕਤੰਤਰ ਦੀ ਹਮਾਇਤ ਕੀਤੀ ਹੈ। -ਸੰਪਾਦਕ*

## ਪ੍ਰਤੀਕਰਮ

ਪੰਜਾਬ ਟਾਈਮਜ਼ ਦੇ 18 ਮਈ ਦੇ ਅੰਕ ਵਿਚ ਸ. ਕਰਮਜੀਤ ਸਿੰਘ ਚੰਡੀਗੜ੍ਹ ਨੇ ਖਾਲਿਸਤਾਨ ਦੇ ਐਲਾਨਨਾਮੇ ਦੀ 34ਵੀਂ ਵਰ੍ਹੇਗੰਢ ਨੂੰ ਪ੍ਰਚੰਡ ਜਜ਼ਬਿਆਂ ਦੀ ਨਵੀਂ ਸਵੇਰ, ਨਵੀਂ ਬਹਾਰ ਨਾਲ ਤੁਲਨਾਉਂਦਿਆਂ ਇਕ ਭਾਵਪੂਰਤ ਲੇਖ ਲਿਖਿਆ। ਮੈਂ ਇਕ ਆਮ ਸਮਝ ਵਾਲਾ ਪਾਠਕ ਹਾਂ ਅਤੇ ਉਹ ਨਾਮੀ ਪੰਜਾਬੀ ਅਖਬਾਰ ਦੇ ਸੀਨੀਅਰ ਸਬ-ਐਡੀਟਰ ਰਹੇ ਹਨ ਤੇ ਉਚਕੋਟੀ ਦੇ ਵਿਦਵਾਨ ਲਿਖਾਰੀ ਹਨ। ਸ਼ਾਇਦ ਇਸੇ ਕਰਕੇ ਉਨ੍ਹਾਂ ਦਾ ਇਹ ਲੇਖ ਇਕ ਤੋਂ ਵੱਧ ਵਾਰ ਪੜ੍ਹ ਕੇ ਵੀ ਮੈਂ ਸਮਝ ਨਹੀਂ ਸਕਿਆ ਕਿ ਉਨ੍ਹਾਂ ਨੇ ਖਾਲਿਸਤਾਨ ਦੇ ਐਲਾਨਨਾਮੇ ਨੂੰ 'ਪ੍ਰਚੰਡ ਜਜ਼ਬਿਆਂ ਦੀ ਨਵੀਂ ਸਵੇਰ, ਨਵੀਂ ਬਹਾਰ' ਕਿਵੇਂ ਸਾਬਤ ਕੀਤਾ ਹੈ। ਖੈਰ! ਮੈਂ ਇਸ ਲੇਖ 'ਤੇ ਕਿਸੇ ਤਰ੍ਹਾਂ ਦੀ ਟਿੱਪਣੀ ਕਰਨ ਦੇ ਯੋਗ ਤਾਂ ਨਹੀਂ, ਪਰ ਮੈਨੂੰ ਕਿਸ ਤਰ੍ਹਾਂ ਦਾ ਰਾਜ ਪ੍ਰਬੰਧ ਠੀਕ ਲੱਗਦਾ ਹੈ, ਉਸ ਬਾਰੇ ਆਪਣੀ ਸਮਝ ਅਨੁਸਾਰ ਲਿਖਣ ਦੀ

ਨੰਦ ਸਿੰਘ ਬਰਾੜ
ਫੋਨ: 916-501-3974

ਕੋਸ਼ਿਸ਼ ਕਰ ਰਿਹਾਂ।

ਬਹੁਤ ਹੀ ਪੁਰਾਣੇ ਸਮਿਆਂ ਵਿਚ ਸਾਰੀ ਵੱਸੋਂ ਇੱਕੋ ਧਰਮ ਦੀ ਹੁੰਦੀ ਸੀ ਤੇ ਰਾਜ ਪ੍ਰਬੰਧ ਰਾਜਾਸ਼ਾਹੀ ਹੁੰਦੇ ਸਨ। ਰਾਜ ਪ੍ਰਬੰਧ ਦੇ ਕਾਰ ਵਿਹਾਰ ਅਤੇ ਫੈਸਲਿਆਂ ਵਿਚ ਮੁੱਖ ਭੂਮਿਕਾ ਉਸ ਧਰਮ ਦੇ ਪੁਜਾਰੀਆਂ ਦੀ ਹੁੰਦੀ ਸੀ। ਪੁਜਾਰੀਆਂ ਦੇ ਨਾਂ ਪਾਦਰੀ, ਮੁੱਲਾਂ, ਪ੍ਰੋਹਿਤ ਆਦਿ ਧਰਮ ਅਨੁਸਾਰ ਵੱਖ ਵੱਖ ਹੁੰਦੇ ਸਨ। ਅੱਜ ਕੱਲ ਕਰੀਬ ਸਾਰੇ ਦੇਸ਼ਾਂ ਵਿਚ ਇੱਕ ਤੋਂ ਵੱਧ ਧਰਮਾਂ ਦੇ ਲੋਕ ਰਹਿੰਦੇ ਹਨ। ਸੰਵਿਧਾਨਕ ਤੌਰ 'ਤੇ ਉਥੇ ਹਰ ਨਾਗਰਿਕ ਨੂੰ ਬਿਨਾ ਕਿਸੇ ਧਰਮ ਜਾਂ ਜਾਤ ਦੇ ਵਖਰੇਵੇਂ ਤੋਂ ਹਰ ਖੇਤਰ ਵਿਚ ਬਰਾਬਰ ਦੇ ਹੱਕ ਹਨ; ਕੁਝ ਬਹੁਤ ਹੀ ਥੋੜ੍ਹੇ ਦੇਸ਼ਾਂ ਵਿਚ ਅਜੇ ਵੀ ਰਾਜਾਸ਼ਾਹੀ ਜਾਂ ਲੋਕਾਂ ਵਲੋਂ ਚੁਣੀਆਂ ਹੋਈਆਂ ਸਰਕਾਰਾਂ ਹਨ, ਪਰ ਕਾਨੂੰਨ ਉਥੇ ਧਾਰਮਿਕ ਮੁਖੀਆਂ ਅਨੁਸਾਰ ਹੀ ਬਣਦਾ ਅਤੇ ਕੰਮ ਕਰਦਾ ਹੈ। ਇਨ੍ਹਾਂ ਦੇ ਰਾਜ ਪ੍ਰਬੰਧਾਂ ਨੂੰ ਵੀ ਧਰਮਤੰਤਰਕ ਰਾਜ ਪ੍ਰਬੰਧ ਹੀ ਕਹਿ ਸਕਦੇ ਹਾਂ। ਹਮੇਸ਼ਾ ਤੋਂ ਧਰਮਤੰਤਰ ਅਨੁਸਾਰ ਚੱਲ ਰਹੇ ਦੇਸ਼ਾਂ 'ਚ ਵਿਗਿਆਨਕ ਅਤੇ ਤਰਕਸ਼ੀਲ ਸੋਚ ਵਾਲੇ ਵਿਅਕਤੀ ਜ਼ਬਰ ਦਾ ਸ਼ਿਕਾਰ ਹੁੰਦੇ ਰਹੇ ਹਨ। ਇਸੇ ਕਰਕੇ ਹੀ ਅਜਿਹੇ ਰਾਜਤੰਤਰ ਵਿਗਿਆਨਕ ਖੋਜਾਂ ਅਤੇ ਮਨੁੱਖਤਾ ਦੇ ਵਿਕਾਸ ਦੇ ਰਸਤੇ ਵਿਚ ਸਭ ਤੋਂ ਵੱਡਾ ਅੜਿੱਕਾ ਰਹੇ ਹਨ।

ਇਤਿਹਾਸ ਵਿਚੋਂ ਅਜਿਹੇ ਰਾਜਾਂ ਦੁਆਰਾ ਕੁਝ ਕੁ ਮਹਾਪੁਰਖਾਂ ਅਤੇ ਵਿਗਿਆਨਕਾਂ ਨਾਲ ਹੋਏ ਜ਼ੁਲਮੋ ਸਿਤਮ ਬਾਰੇ ਜਾਣ ਕੇ ਇਸ ਤੱਥ ਸਬੰਧੀ ਕੋਈ ਭੁਲੇਖਾ ਨਹੀਂ ਰਹਿ ਜਾਂਦਾ। ਸੁਕਰਾਤ ਬਾਰੇ ਆਪਾਂ ਸਭ ਨੇ ਸੁਣਿਆ ਹੋਇਆ ਹੈ। ਉਹ ਤਰਕ ਅਤੇ ਦਲੀਲ ਨਾਲ ਲੋਕਾਂ ਨੂੰ ਸੱਚਾਈ ਬਾਰੇ ਸਮਝਾਉਂਦਾ ਸੀ, ਜੋ ਉਸ ਵੇਲੇ ਦੇ ਪੁਜਾਰੀਆਂ ਤੇ ਹਾਕਮਾਂ ਨੂੰ ਹਜਮ ਨਹੀਂ ਸੀ ਹੁੰਦੀ। ਉਸ ਨੂੰ ਪਹਿਲਾਂ ਲੰਮਾ ਸਮਾਂ ਕੈਦ ਵਿਚ ਸਾੜਿਆ ਤੇ ਅੰਤ ਜ਼ਹਿਰ ਦੇ ਪਿਆਲੇ ਨਾਲ ਖਤਮ ਕਰ ਦਿੱਤਾ। ਦੋਸ਼ ਇਹ ਲਾਇਆ ਗਿਆ ਸੀ ਕਿ ਇਹ ਲੋਕਾਂ ਨੂੰ ਧਰਮ ਤੋਂ ਦੂਰ ਕਰਕੇ ਨੌਜਵਾਨਾਂ ਨੂੰ ਖਰਾਬ ਕਰ ਰਿਹਾ ਹੈ। ਮਨਸੂਰ ਬਾਰੇ ਵੀ ਸਾਥੋਂ ਕੁੱਝ ਭੁੱਲਿਆ ਨਹੀਂ ਹੈ। ਉਹ ਲੋਕਾਂ ਨੂੰ ਸਮਝਾਉਂਦਾ ਸੀ ਕਿ ਰੱਬ ਕੋਈ ਬਾਹਰ ਨਹੀਂ, ਸਗੋਂ ਤੁਹਾਡੇ-ਸਾਡੇ ਸਭ ਦੇ ਅੰਦਰ ਹੈ। ਉਸ ਨੂੰ ਪੱਥਰ ਮਾਰ ਮਾਰ ਕੇ ਮਾਰ ਦਿੱਤਾ ਗਿਆ ਤੇ ਦੋਸ਼ ਓਹੀ ਘੜਿਆ ਘੜਾਇਆ ਕਿ ਇਹ ਲੋਕਾਂ ਨੂੰ ਅਧਰਮੀ ਬਣਾ ਰਿਹਾ ਸੀ। ਈਸਾ ਮਸੀਹ ਨੂੰ ਸੂਲੀ 'ਤੇ ਟੰਗ ਦਿੱਤਾ ਗਿਆ, ਕਿਉਂਕਿ ਉਹ ਹਾਕਮਾਂ ਤੇ ਪੁਜਾਰੀਆਂ ਦੀ ਸੱਚਾਈ ਸਾਹਮਣੇ ਲਿਆਉਂਦਾ ਸੀ।

ਅਸੀਂ ਕਿੰਨੇ ਹੀ ਵਿਗਿਆਨੀਆਂ ਦੇ ਨਾਂ ਜਾਣਦੇ ਹਾਂ, ਜਿਨ੍ਹਾਂ ਨੂੰ ਜਾਂ ਤਾਂ ਖਤਮ ਕਰ ਦਿੱਤਾ ਗਿਆ ਜਾਂ ਫਿਰ ਉਨ੍ਹਾਂ ਦੀਆਂ ਖੋਜਾਂ ਤੇ ਲੱਭਤਾਂ ਨੂੰ ਮਿੱਟੀ ਘੱਟੇ ਰੋਲ ਦਿੱਤਾ ਗਿਆ। ਵਿਗਿਆਨੀ ਬਰੂਨੋ ਨੂੰ ਜਿਉਂਦੇ ਨੂੰ ਅੱਗ ਵਿਚ ਸਾੜ ਦਿੱਤਾ ਗਿਆ। ਕਾਪਰਨਿਕਸ, ਗੈਲੀਲੀਓ ਆਦਿ ਨਾਲ ਕੀ ਹੋਇਆ, ਸਭ ਜਾਣਦੇ ਹਨ। ਜੀਵ ਵਿਕਾਸ ਦੇ ਪਿਤਾਮਾ ਡਾਰਵਿਨ ਨੇ ਡਰ ਦੇ ਕਾਰਨ ਆਪਣੀਆਂ ਲਿਖਤਾਂ ਨੂੰ ਘੱਟੋ ਘੱਟ ਦਸ ਸਾਲ ਤੱਕ ਲਕੋ ਕੇ ਰਖਿਆ। ਸਾਡੇ ਆਪਣੇ ਭਾਰਤ ਮਹਾਨ ਵਿਚ ਆਰੀਆ ਭੱਟ ਜਿਹੇ ਅਨੇਕਾਂ ਵਿਗਿਆਨੀਆਂ ਨੂੰ ਉਤਸ਼ਾਹਤ ਕਰਨ ਦੀ ਥਾਂ ਉਨ੍ਹਾਂ ਦੀਆਂ ਲੱਭਤਾਂ ਨੂੰ ਮਿੱਟੀ ਘੱਟੇ ਰੋਲੀ ਰਖਿਆ, ਜਿਸ ਕਰਕੇ ਅੱਜ ਅਸੀਂ ਵਿਗਿਆਨ ਵਿਚ ਮੋਹਰੀ ਹੋਣ ਦੀ ਥਾਂ ਦੂਜਿਆਂ ਤੋਂ ਪੱਛੜੇ ਹੋਏ ਹਾਂ। ਇਤਿਹਾਸ ਵਿਚੋਂ ਅਜਿਹੀਆਂ ਅਣਗਿਣਤ ਮਿਸਾਲਾਂ ਤੋਂ ਪਤਾ ਲੱਗਦਾ ਹੈ ਕਿ ਸਮੁੱਚੀ ਮਨੁੱਖਤਾ ਦੇ ਵਿਕਾਸ ਵਿਚ ਸਭ ਤੋਂ ਵੱਡਾ ਰੋੜਾ ਧਰਮਤੰਤਰ ਰਾਜ ਹੀ ਰਹੇ ਹਨ।

ਸਾਡੇ ਆਪਣੇ ਭਾਰਤ ਮਹਾਨ, ਜਿਸ ਨੂੰ ਸੰਤਾਂ ਤੇ ਮਹਾਪੁਰਸ਼ਾਂ ਦਾ ਦੇਸ਼ ਹੋਣ ਦਾ ਮਾਣ ਹਾਸਲ ਹੈ, ਵਿਚ ਅਨੇਕਾਂ ਮਹਾਪੁਰਸ਼ਾਂ ਨਾਲ ਕੀ-ਕੀ ਹੋਇਆ ਹੈ, ਆਪਾਂ ਜਾਣਦੇ ਹਾਂ। ਭਗਤ ਨਾਮਦੇਵ, ਸੰਤ ਗਣੇਸ਼ਵਰ, ਭਗਤ ਕਬੀਰ, ਭਗਤ ਰਵਿਦਾਸ ਜੀ 'ਤੇ ਉਸ ਸਮੇਂ ਦੇ ਹਾਕਮਾਂ ਨੇ ਆਪਣੇ ਪੁਜਾਰੀਆਂ ਦੀ ਹਮਾਇਤ ਵਾਸਤੇ ਅਨੇਕਾਂ ਜ਼ੁਲਮ ਢਾਹੇ। ਸਾਡੇ ਗੁਰੂ ਸਾਹਿਬਾਨ 'ਤੇ ਜੋ-ਜੋ ਜ਼ੁਲਮ ਢਾਹੇ ਗਏ, ਸਾਨੂੰ ਸਭ ਨੂੰ ਕਦੇ ਭੁੱਲ ਨਹੀਂ ਸਕਦੇ। ਇਹ ਸਭ ਕੁਝ 'ਪਵਿੱਤਰ ਧਰਮਾਂ' ਦੇ ਧਰਮਤੰਤਰ ਰਾਜਾਂ ਦੌਰਾਨ ਹੀ ਹੋਇਆ ਹੈ।

ਇਹ ਇੱਕ ਸੱਚਾਈ ਹੈ ਕਿ ਧਰਮ ਦਾ ਨਾਂ ਸੁਣ ਕੇ ਸਾਨੂੰ ਸਕੂਨ ਅਤੇ ਸ਼ਾਂਤੀ ਮਿਲਦੀ ਹੈ। ਇੱਕ ਸੱਚਾ ਧਰਮ ਸਾਡੇ ਅੰਦਰ ਅਜਿਹੇ ਸੰਕਲਪ ਦਾ ਅਹਿਸਾਸ ਜਗਾਉਂਦਾ ਹੈ, ਜਿਸ ਅਨੁਸਾਰ ਸੱਚ ਬੋਲਣਾ ਤੇ ਹਮੇਸ਼ਾ ਸੱਚੇ ਰਹਿਣਾ, ਕਿਸੇ ਦਾ ਹੱਕ ਨਾ ਮਾਰਨਾ, ਹਮੇਸ਼ਾ ਸਰਬਤ ਦਾ ਭਲਾ ਚਾਹੁਣਾ, ਨੇਕ ਕਮਾਈ ਕਰਨੀ, ਕਿਸੇ ਨਾਲ ਧੋਖਾ ਫਰੇਬ ਨਾ ਕਰਨਾ, ਹਰ ਇਕ ਨੂੰ ਬਰਾਬਰ ਸਮਝਦਿਆਂ ਕਿਸੇ ਤਰ੍ਹਾਂ ਦਾ ਭਿੰਨ ਭੇਦ ਨਾ ਕਰਨਾ, ਇਤਿਆਦਿ। ਇਸ ਤਰ੍ਹਾਂ ਦੇ ਅਹਿਸਾਸ ਦਾ ਜਜ਼ਬਾ ਹਰ ਮਨੁੱਖ ਵਿਚ ਜਮਾਂਦਰੂ ਹੁੰਦਾ ਹੈ। ਇਸ ਵਾਸਤੇ ਮਨੁੱਖ ਦੀ ਨਸਲ, ਕੌਮ, ਦੇਸ਼, ਧਰਮ, ਮਜ਼ਹਬ, ਰੰਗ, ਲਿੰਗ ਆਦਿ ਦਾ ਕੋਈ ਸਬੰਧ ਨਹੀਂ ਹੁੰਦਾ। ਇਥੋਂ ਤੱਕ ਕਿ ਉਸ ਦੇ ਰੱਬ ਦੀ ਹੋਂਦ ਵਿਚ ਵਿਸ਼ਵਾਸ ਰੱਖਣ ਜਾਂ ਨਾ ਰੱਖਣ ਨਾਲ ਵੀ ਇਸ ਅਹਿਸਾਸ 'ਤੇ ਕੋਈ ਪ੍ਰਭਾਵ ਨਹੀਂ ਪੈਂਦਾ। ਇਸ ਅਹਿਸਾਸ ਨੂੰ ਅਸੀਂ ਅੰਦਰ ਜਾਂ ਜ਼ਮੀਰ ਦੀ ਅਵਾਜ਼ ਵੀ ਕਹਿ ਸਕਦੇ ਹਾਂ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇ ਧਰਮ ਅਜਿਹਾ ਮਾਨਵਵਾਦੀ ਅਹਿਸਾਸ ਹੈ ਤਾਂ ਇਹ ਸਮੁੱਚਾ ਸੰਸਾਰ ਭਗਤ ਰਵਿਦਾਸ ਵਲੋਂ ਚਿਤਵਿਆ ਬੇਗਮਪੁਰਾ ਬਣਨਾ ਚਾਹੀਦਾ ਸੀ, ਪਰ ਧਰਮਾਂ ਦੇ ਆਧਾਰ 'ਤੇ ਬਣੇ ਧਰਮਤੰਤਰ ਮਨੁੱਖਤਾ ਦੀ ਤਬਾਹੀ ਦਾ ਕਾਰਨ ਕਿਉਂ ਬਣਦੇ ਹਨ। ਇਸ ਦਾ ਉਤਰ ਹੈ, ਧਰਮ ਦਾ ਮਾਨਵਵਾਦੀ ਅਹਿਸਾਸ ਉਨਾ ਚਿਰ ਹੀ ਕਾਇਮ ਰਹਿੰਦਾ ਹੈ, ਜਿਨ੍ਹਾਂ ਚਿਰ ਮਨੁੱਖ ਕਿਸੇ ਨਾਂ ਵਾਲੇ ਧਰਮ ਦਾ ਹਿੱਸਾ ਨਹੀਂ ਬਣ ਜਾਂਦਾ। ਇਨ੍ਹਾਂ ਨਾਂ ਵਾਲੇ ਧਰਮਾਂ ਜਿਵੇਂ ਈਸਾਈ, ਇਸਲਾਮ, ਹਿੰਦੂ, ਸਿੱਖ ਆਦਿ ਧਰਮਾਂ ਨੂੰ ਅਸੀਂ ਸਥਾਪਤ ਧਰਮ ਕਹਿ ਸਕਦੇ ਹਾਂ। ਕੋਈ ਵੀ ਸਥਾਪਤ ਧਰਮ ਸਮੁੱਚੀ ਮਨੁੱਖਤਾ ਦਾ ਸਾਂਝਾ ਧਰਮ ਨਹੀਂ ਹੁੰਦਾ, ਸਗੋਂ ਇਹ ਤਾਂ ਕਿਸੇ ਇਕ ਜਾਂ ਦੂਜੇ ਵਰਗ ਜਾਂ ਸੱਭਿਆਚਾਰ ਲਈ ਹੁੰਦਾ ਹੈ ਅਤੇ ਇਹ ਉਸ ਵਰਗ ਦੀ ਅੰਦਰੂਨੀ ਤੇ ਬਾਹਰੀ ਸ਼ੈਲੀ ਨੂੰ ਦਰਸਾਉਂਦਾ ਹੈ, ਜਿਵੇਂ ਉਸ ਸਥਾਪਤ ਧਰਮ ਦੇ ਪ੍ਰਾਣੀਆਂ ਨੇ ਕਿਵੇਂ ਰਹਿਣਾ ਹੈ, ਕੀ ਖਾਣਾ ਹੈ, ਕਿਸ ਤਰ੍ਹਾਂ ਦਾ ਪਹਿਰਾਵਾ ਕਰਨਾ ਹੈ, ਕਿਸ ਤਰ੍ਹਾਂ ਆਪਣੇ ਜੀਵਨ ਦੇ ਬਾਕੀ ਕਾਰ ਵਿਹਾਰ ਤੇ ਸੰਸਕਾਰ ਕਰਨੇ ਹਨ, ਕਿਸ ਤਰ੍ਹਾਂ ਆਪਣੇ ਇਸ਼ਟ ਦੀ ਪੂਜਾ ਅਰਚਨਾ ਕਰਨੀ ਹੈ ਅਤੇ ਸਭ ਤੋਂ ਅਹਿਮ, ਕਿਸ ਤਰ੍ਹਾਂ ਬਾਕੀ ਸੰਸਾਰ ਨਾਲੋਂ ਆਪਣੀ ਵੱਖਰੀ ਹੋਂਦ ਬਣਾ ਕੇ ਰੱਖਣੀ ਹੈ? ਸੋ ਜਿਥੇ ਨਿਰੋਲ ਧਰਮ ਸਮੁੱਚੀ ਮਾਨਵਤਾ ਵਿਚ ਪ੍ਰੇਮ ਪਿਆਰ ਅਤੇ ਇਕਸੁਰਤਾ ਬਣਾ ਕੇ ਸਮੁੱਚੇ ਸੰਸਾਰ ਨੂੰ ਬੇਗਮਪੁਰਾ ਬਣਿਆ ਲੋਚਦਾ ਹੈ, ਉਥੇ ਸਥਾਪਤ ਧਰਮ ਮਾਨਵਤਾ ਨੂੰ ਧੜਿਆਂ ਵਿਚ ਵੰਡਦਾ ਹੈ। ਸਮੁੱਚੀ ਦੁਨੀਆਂ ਦੇ ਸਾਰੇ ਸਥਾਪਤ ਧਰਮਾਂ ਦੇ ਸਿਧਾਂਤ ਭਾਵੇਂ ਉਪਰੋਂ ਦੇਖਣ ਨੂੰ ਸੱਚੇ ਸੁੱਚੇ ਧਰਮ ਵਾਲੇ ਹੀ ਲਗਦੇ ਹਨ, ਪਰ ਹਕੀਕਤ ਵਿਚ ਉਹ ਉਦਾਂ ਦੇ ਬਣ ਜਾਂਦੇ ਹਨ, ਜਿਵੇਂ ਪੁਜਾਰੀ ਕਹਿੰਦਾ ਹੈ ਅਤੇ ਹੌਲੀ ਹੌਲੀ ਪੁਜਾਰੀ ਹੀ ਧਰਮ ਦਾ ਸਭ ਕੁਝ ਬਣ ਜਾਂਦਾ ਹੈ (ਪੁਜਾਰੀ ਦਾ ਨਾਂ ਕੋਈ ਵੀ ਹੋ ਸਕਦਾ ਹੈ, ਜੋ ਸਥਾਪਤ ਧਰਮ ਦੇ ਅਨੁਸਾਰ ਬਦਲਦਾ ਰਹਿੰਦਾ ਹੈ)। ਧਰਮ ਜਦੋਂ ਪੂਰੀ ਤਰ੍ਹਾਂ ਸਥਾਪਤ ਹੋ ਜਾਂਦਾ ਤਾਂ ਪੈਰੋਕਾਰ ਤੇ ਆਮ ਲੋਕ, ਜਿਨ੍ਹਾਂ ਵਾਸਤੇ ਮਹਾਪੁਰਖਾਂ ਨੇ ਕੁਰਬਾਨੀਆਂ ਕੀਤੀਆਂ ਹੁੰਦੀਆਂ ਹਨ, ਅਣਗੌਲੇ ਹੋ ਜਾਂਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮਹਾਪੁਰਖਾਂ ਦੀ ਬਾਣੀ ਵੀ ਸਾਨੂੰ ਅਜਿਹੇ ਸਥਾਪਤ ਧਰਮਾਂ ਤੋਂ ਕਿਨਾਰਾ ਕਰਨ ਵਾਸਤੇ ਸੁਚੇਤ ਕਰਦੀ ਹੈ, ਜਿਵੇਂ ਮੇਰੀ ਸਮਝ ਅਨੁਸਾਰ ਭਗਤ ਕਬੀਰ ਜੀ ਉਸ ਵੇਲੇ ਦੇ ਸਥਾਪਤ ਧਰਮਾਂ ਤੇ ਉਨ੍ਹਾਂ ਦੇ ਪੁਜਾਰੀਆਂ ਤੋਂ ਕਿਨਾਰਾ ਕਰਨ ਬਾਰੇ ਲਿਖ ਕੇ ਦੱਸਣਾ ਚਾਹੁੰਦੇ ਹਨ ਕਿ ਇਨ੍ਹਾਂ ਧਰਮਾਂ ਤੇ ਇਨ੍ਹਾਂ ਦੇ ਪੁਜਾਰੀਆਂ ਦੀਆਂ ਹਦਾਇਤਾਂ ਨੂੰ ਛੱਡਣ ਨਾਲ ਸਾਡਾ ਕਿਸੇ ਨਾਲ ਵੀ ਕੋਈ ਝਗੜਾ ਨਹੀਂ ਰਹੇਗਾ। ਕਬੀਰ ਜੀ ਲਿਖਦੇ ਹਨ,

ਉਲਟਿ ਜਾਤਿ ਕੁਲ ਦੋਊ ਬਿਸਾਰੀ॥
ਸੁੰਨ ਸਹਜ ਮਹਿ ਬੁਨਤ ਹਮਾਰੀ॥੧॥
ਹਮਰਾ ਝਗਰਾ ਰਹਾ ਨ ਕੋਊ॥
ਪੰਡਿਤ ਮੁਲਾਂ ਛਾਡੇ ਦੋਊ॥੧॥ ਰਹਾਉ॥
ਬੁਨਿ ਬੁਨਿ ਆਪ ਆਪੁ ਪਹਿਰਾਵਉ॥
ਜਹ ਨਹੀ ਆਪੁ ਤਹਾ ਹੋਇ ਗਾਵਉ॥੨॥
ਪੰਡਿਤ ਮੁਲਾਂ ਜੋ ਲਿਖਿ ਦੀਆ॥
ਛਾਡਿ ਚਲੇ ਹਮ ਕਛੂ ਨ ਲੀਆ॥੩॥
ਰਿਦੈ ਇਖਲਾਸੁ ਨਿਰਖਿ ਲੇ ਮੀਰਾ॥
ਆਪੁ ਖੋਜਿ ਖੋਜਿ ਮਿਲੇ ਕਬੀਰਾ॥

ਮੈਨੂੰ ਇਉਂ ਮਹਿਸੂਸ ਹੁੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਵੀ ਭੈਰਉ ਰਾਗ ਵਿਚ ਕਬੀਰ ਜੀ ਦਾ ਉਪਰੋਕਤ ਸੰਦੇਸ਼ ਸਾਨੂੰ ਹੋਰ ਵੀ ਸਪਸ਼ਟ ਕਰਕੇ ਸਮਝਾਉਣ ਵਾਸਤੇ ਲਿਖਦੇ ਹਨ,

ਵਰਤ ਨ ਰਹਉ ਨ ਮਹ ਰਮਦਾਨਾ॥
ਤਿਸੁ ਸੇਵੀ ਜੋ ਰਖੈ ਨਿਦਾਨਾ॥1॥
ਏਕੁ ਗੁਸਾਈ ਅਲਹੁ ਮੇਰਾ॥
ਹਿੰਦੂ ਤੁਰਕ ਦੁਹਾਂ ਨੇਬੇਰਾ॥1॥ ਰਹਾਉ॥
ਹਜ ਕਾਬੈ ਜਾਉ ਨ ਤੀਰਥ ਪੂਜਾ॥
ਏਕੋ ਸੇਵੀ ਅਵਰੁ ਨ ਦੂਜਾ॥2॥
ਪੂਜਾ ਕਰਉ ਨ ਨਿਵਾਜ ਗੁਜਾਰਉ॥
ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥3॥
ਨਾ ਹਮ ਹਿੰਦੂ ਨ ਮੁਸਲਮਾਨ॥
ਅਲਹ ਰਾਮ ਕੇ ਪਿੰਡੁ ਪਰਾਨ॥4॥
ਕਹੁ ਕਬੀਰ ਇਹੁ ਕੀਆ ਵਖਾਨਾ॥
ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ॥

ਗੁਰੂ ਨਾਨਕ ਦੇਵ ਜੀ ਤਾਂ ਸਮਝਣ ਵਿਚ ਬੜੀ ਹੀ ਸੌਖੀ ਅਤੇ ਸਰਲ ਭਾਸ਼ਾ ਵਿਚ ਉਸ ਵੇਲੇ ਦੇ ਪੁਜਾਰੀਆਂ ਦੇ ਲੋਕ ਵਿਰੋਧੀ ਕਿਰਦਾਰ ਨੂੰ ਪੂਰੀ ਤਰ੍ਹਾਂ ਨੰਗਾ ਕਰਨ ਵਿਚ ਕੋਈ ਭੁਲੇਖਾ ਨਹੀਂ ਰਹਿਣ ਦਿੰਦੇ, ਜਦੋਂ ਉਹ ਲਿਖਦੇ ਹਨ,

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ॥

ਧਰਮਤੰਤਰ ਰਾਜਾਂ ਦੇ ਮਨੁੱਖਤਾ ਵਿਰੋਧੀ ਕਿਰਦਾਰ ਤਾਂ ਅਸੀਂ ਇਤਿਹਾਸ 'ਚ ਵੇਖੇ ਹੀ ਹਨ, ਪਰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮਹਾਪੁਰਖਾਂ ਦੀ ਬਾਣੀ ਨੇ ਤਾਂ ਕੋਈ ਭੁਲੇਖਾ ਹੀ ਨਹੀਂ ਰਹਿਣ ਦਿੱਤਾ। ਸਾਡੇ ਸਮਿਆਂ ਦੇ ਸਭ ਤੋਂ ਉਘੇ ਸਿੱਖ ਚਿੰਤਕ ਡਾ. ਗੁਰਭਗਤ ਸਿੰਘ ਨੇ ਆਪਣੀ ਸਾਰੀ ਉਮਰ ਪੰਜਾਬ ਦੀ ਖਾੜਕੂ ਸਿੱਖ ਲਹਿਰ ਦਾ ਰੈਸ਼ਨੇਲ ਸਥਾਪਤ ਕਰਦਿਆਂ ਬਿਤਾ ਦਿੱਤੀ। ਉਨ੍ਹਾਂ 'ਵਿਸਮਾਦੀ ਪੂੰਜੀ' ਨਾਂ ਦੀ ਆਪਣੀ ਪੁਸਤਕ ਦੇ ਪੰਨਾ 96 'ਤੇ 'ਸਭਿਆਚਾਰਕ ਸੰਵਾਦ, ਵਿਸ਼ੇਸ਼ਤਾ ਅਤੇ ਵਿਸਮਾਦ' ਸਿਰਲੇਖ ਹੇਠ ਲਿਖਿਆ ਹੈ, "ਕੌਮ ਇੱਕ ਸੌੜਾ ਸੰਕਲਪ ਹੈ। ਕੌਮ ਦੇ ਸੰਕਲਪ ਅੰਦਰ ਇੱਕ ਵਿਚਾਰਧਾਰਾ ਦੀ ਪ੍ਰਧਾਨਤਾ ਹੁੰਦੀ ਹੈ, ਆਮ ਤੌਰ 'ਤੇ ਜੋ ਵਰਗ ਤਾਕਤ ਵਿਚ ਹੁੰਦਾ ਹੈ, ਆਪਣੇ ਰਾਜਨੀਤਕ ਅਤੇ ਆਰਥਕ ਬਲ ਨਾਲ ਦੂਜੇ ਵਰਗਾਂ ਨੂੰ ਉਨ੍ਹਾਂ ਦੇ ਦ੍ਰਿਸ਼ਟੀਕੋਣਾਂ ਤੇ ਵਿਚਾਰਧਾਰਾਵਾਂ ਸਮੇਤ ਦਬਾ ਲੈਂਦਾ ਹੈ। ਆਪਣੀ ਵਿਚਾਰਧਾਰਾ ਸਥਾਪਤ ਕਰ ਲੈਂਦਾ ਹੈ। ਇਸ ਲਈ ਕੌਮ ਅਤੇ ਕੌਮਵਾਦ ਲਹੂ-ਲੁਹਾਣ ਕਰਨ ਵਾਲੀ ਕਿਰਿਆ ਤੋਂ ਮੁਕਤ ਨਹੀਂ। ਸੱਭਿਆਚਾਰ ਵਿਸ਼ਾਲ ਸੰਕਲਪ ਹੈ। ਸੱਭਿਆਚਾਰ ਵਿਚ ਕਈ ਕੌਮਾਂ ਸਹਿਹੋਂਦ ਨਾਲ ਇਕੱਠੀਆਂ ਵੱਸ ਸਕਦੀਆਂ ਹਨ। ਸੱਭਿਆਚਾਰ ਦਾ ਪਰਿਪੇਖ ਪਰਿਵਰਤਨਸ਼ੀਲ ਹੁੰਦਾ ਹੈ। ਇਸ ਦਾ ਆਪਦਾ ਗੌਰਵ ਹੁੰਦਾ ਹੈ ਤੇ ਨਿਗਾਹ 'ਵਿਗਾਸ' ਵੱਲ ਹੁੰਦੀ ਹੈ।"

ਐਨਾ ਸਭ ਕੁਝ ਸਪਸ਼ਟ ਹੋਣ ਦੇ ਬਾਵਜੂਦ ਜੇ ਅਸੀਂ ਕਿਸੇ ਨਵੀਂ ਕਿਸਮ ਦੇ ਧਰਮਤੰਤਰ ਦੀ ਹਮਾਇਤ ਕਰਦੇ ਹਾਂ ਤਾਂ ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ ਵਾਸਤੇ ਤਿਆਰ ਰਹਿਣਾ ਪਵੇਗਾ।

ਮੈਨੂੰ ਆਪਣੀ ਆਮ ਸਮਝ ਅਨੁਸਾਰ ਲੱਗਦਾ ਹੈ ਕਿ ਲੋਕਤੰਤਰ ਸਭ ਤੋਂ ਵਧੀਆ ਹੈ, ਜੇ ਇਹ ਸਹੀ ਅਰਥਾਂ ਵਿਚ ਲਾਗੂ ਹੋਵੇ। ਭਗਤ ਰਵਿਦਾਸ ਵਲੋਂ ਬੇਗਮਪੁਰਾ ਸਬੰਧੀ ਲਿਖਿਆ ਸ਼ਬਦ ਵੀ ਮੈਨੂੰ ਲੋਕਤੰਤਰ ਪ੍ਰਬੰਧ ਵੱਲ ਇਸ਼ਾਰਾ ਕਰਦਾ ਲਗਦਾ ਹੈ। ਉਹ ਲਿਖਦੇ ਹਨ,

ਬੇਗਮ ਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥
ਖਉਫੁ ਨ ਖਤਾ ਨ ਤਰਸੁ ਜਵਾਲੁ॥੧॥
ਅਬ ਮੋਹਿ ਖੂਬ ਵਤਨ ਗਹ ਪਾਈ॥
ਊਹਾਂ ਖੈਰਿ ਸਦਾ ਮੇਰੇ ਭਾਈ॥੧॥ ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ॥
ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥
ਊਹਾਂ ਗਨੀ ਬਸਹਿ ਮਾਮੂਰ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥
ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤੁ ਹਮਾਰਾ॥

ਇੱਕ ਉਘੇ ਵਿਦਵਾਨ ਲੇਖਕ ਗੁਰਦਿਆਲ ਸਿੰਘ ਬੱਲ ਵੀ ਪੰਜਾਬ ਟਾਈਮਜ਼ ਵਿਚ ਲਿਖੀ ਇੱਕ ਲੰਮੀ ਲੇਖ ਲੜੀ "ਗੁਰਮੀਤ ਸਿੰਘ ਪਿੰਕੀ ਦੀਆਂ 'ਚਿੰਘਾੜਾਂ' ਤੇ ਪੰਜਾਬ ਸਿਆਸਤ ਦੀਆਂ ਸਿਮਰਤੀਆਂ" ਵਿਚ ਇਸੇ ਧਾਰਨਾ ਨੂੰ ਪੱਕਾ ਕਰਦਿਆਂ ਲਿਖਦੇ ਹਨ, "ਵੇਖੋ, ਸੌ ਹੱਥ ਰੱਸਾ ਤੇ ਸਿਰੇ 'ਤੇ ਗੰਢ ਵਾਲੀ ਗੱਲ ਹੈ। ਸਾਡੀ ਜਾਚੇ ਜਮਹੂਰੀ ਪ੍ਰਣਾਲੀ ਵਿਚ ਹਜ਼ਾਰ ਖਾਮੀਆਂ ਹੋਣ, ਇਸ ਦਾ ਕੋਈ ਬਦਲ ਨਹੀਂ, ਇਸ ਤੋਂ ਬਿਨਾ ਕੋਈ ਹੋਰ ਬਿਹਤਰ ਰਾਹ ਨਹੀਂ ਹੈ।"

ਸੋ ਉਨ੍ਹਾਂ ਦੇ ਕਹਿਣ ਤੋਂ ਅਸੀਂ ਇਸ ਨਿਰਣੇ 'ਤੇ ਪਹੁੰਚਦੇ ਹਾਂ ਕਿ ਕੁਝ ਖਾਮੀਆਂ ਦੇ ਬਾਵਜੂਦ ਲੋਕਤੰਤਰ ਸਭ ਤੋਂ ਵਧੀਆ ਪ੍ਰਬੰਧ ਹੈ, ਜੇ ਅਸੀਂ ਇਸ ਦੀਆਂ ਖਾਮੀਆਂ ਦੂਰ ਕਰ ਸਕੀਏ ਤਾਂ ਲੋਕਤੰਤਰੀ ਪ੍ਰਬੰਧ ਦੀ ਕੋਈ ਰੀਸ ਨਹੀਂ ਹੈ। ਲੋਕਤੰਤਰ ਨੂੰ ਸਥਾਪਤ ਕਰਨ ਵਾਸਤੇ ਆਮ ਜਨਤਾ ਸਭ ਤੋਂ ਅਹਿਮ ਹੈ। ਇਸ ਵਾਸਤੇ ਲੋਕਾਂ ਨੂੰ ਆਪਣੇ ਹੱਕਾਂ, ਫਰਜਾਂ ਤੇ ਆਪਣੀ ਸਮਰਥਾ ਬਾਰੇ ਜਾਗਰੂਕ ਅਤੇ ਚੇਤੰਨ ਕਰਨਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ।

# ਲਮਹੋਂ ਨੇ ਖਤਾ ਕੀ, ਸਦੀਓਂ ਨੇ ਸਜ਼ਾ ਪਾਈ

## ਸੰਪਾਦਕ ਦੀ ਡਾਕ

**ਸੰਪਾਦਕ ਜੀ,**

ਪਿਛਲੇ ਕੁਝ ਸਮੇਂ ਤੋਂ ਪੰਜਾਬ ਟਾਈਮਜ਼ ਵਿਚ ਸਿੱਖ ਸੰਘਰਸ਼ ਬਾਰੇ ਜੋ ਚਰਚਾ ਵਿਦਵਾਨਾਂ ਲੇਖਕਾਂ ਦਰਮਿਆਨ ਚੱਲ ਰਹੀ ਸੀ, ਉਸ ਤੋਂ ਇਹ ਤਾਂ ਸਪਸ਼ਟ ਹੋਇਆ ਕਿ ਯੋਗ ਲੀਡਰਸ਼ਿਪ ਦੀ ਘਾਟ ਕਾਰਨ ਹੀ ਸੰਘਰਸ਼ ਨਾ ਸਿਰਫ ਦਿਸ਼ਾਹੀਣ ਹੋਇਆ ਸਗੋਂ ਕੁਰਾਹੇ ਪੈ ਮਨੁੱਖੀ ਘਾਣ ਦਾ ਵੱਡਾ ਕਾਰਨ ਵੀ ਬਣਿਆ। ਇਹ ਲੀਡਰ ਸ਼ਾਤਰ ਰਾਜਨੀਤਕਾਂ ਦੁਆਰਾ ਕਿਵੇਂ ਵਰਤੇ ਗਏ ਅਤੇ ਵਰਤੇ ਜਾਂਦੇ ਹਨ, ਸਮਝਣਾ ਮੁਸ਼ਕਿਲ ਨਹੀਂ। ਖਾਲਿਸਤਾਨ ਦੀ ਹਮਾਇਤ ਬਾਰੇ ਅਕਾਲ ਤਖਤ ਦੇ ਜਥੇਦਾਰ ਦਾ ਤਾਜ਼ਾ ਬਿਆਨ ਇਸ ਧਾਰਨਾ ਦੀ ਹੋਰ ਪੁਸ਼ਟੀ ਕਰਦਾ ਹੈ। ਯੋਗ ਲੀਡਰਸ਼ਿਪ ਉਸਾਰੂ ਸੋਚ ਅਤੇ ਸਪਸ਼ਟ ਵਿਜ਼ਨ ਲੈ ਕੇ ਜਿੱਥੇ ਸਾਨੂੰ ਤਰੱਕੀ ਦੀਆਂ ਬੁਲੰਦੀਆਂ 'ਤੇ ਪਹੁੰਚਾ ਸਕਦੀ ਹੈ, ਉਥੇ ਇਸ ਦੀ ਘਾਟ ਸਾਨੂੰ ਭੰਬਲਭੂਸਿਆਂ ਦੀਆਂ ਦਲਦਲਾਂ ਵਿਚ ਫਸਾ ਸਕਦੀ ਹੈ। ਸਾਡੇ ਧਾਰਮਿਕ ਆਗੂਆਂ ਦੇ ਬਿਆਨ ਅਕਸਰ ਹਾਸੋਹੀਣੇ ਹੀ ਨਹੀਂ, ਵਿਵੇਕਸ਼ੀਲ ਸੋਚ ਤੋਂ ਕੋਹਾਂ ਦੂਰ ਨਜ਼ਰ ਆਉਂਦੇ ਹਨ। ਇਨ੍ਹਾਂ ਦੇ ਬਿਆਨਾਂ ਦੀਆਂ ਕੁਝ ਮਿਸਾਲਾਂ ਦਿੰਦਾ ਹਾਂ। ਇੱਕ ਵਾਰ ਕਿਸੇ ਜਥੇਦਾਰ ਦਾ ਮਸ਼ਵਰਾ ਸੀ ਕਿ ਕਿਉਂਕਿ ਸਿੱਖ ਕੌਮ ਨੂੰ ਭਾਰਤ ਵਿਖੇ ਘੱਟ ਗਿਣਤੀ ਦਾ ਸੰਤਾਪ ਹੰਢਾਉਣਾ ਪੈਂਦਾ ਹੈ, ਇਸ ਲਈ ਹਰ ਸਿੱਖ ਨੂੰ ਘੱਟੋ ਘੱਟ ਚਾਰ ਬੱਚੇ ਪੈਦਾ ਕਰਨੇ ਚਾਹੀਦੇ ਹਨ। ਕਰ ਲਓ ਘਿਓ ਨੂੰ ਭਾਂਡਾ! ਵਧ ਰਹੀ ਆਬਾਦੀ ਦਾ ਭਾਰ ਝੱਲ ਰਹੀ ਦੁਨੀਆਂ ਜਾਵੇ ਢੱਠੇ ਖੂਹ 'ਚ।

ਸਾਰੇ ਭਾਰਤ ਵਿਚ ਦਸਤਾਰਧਾਰੀ ਸਿੱਖਾਂ ਨੂੰ ਹੈਲਮਟ ਪਾਉਣ ਤੋਂ ਕਾਨੂੰਨੀ ਛੋਟ ਹੈ। ਪਿੱਛੇ ਜਿਹੇ ਚੰਡੀਗੜ੍ਹ ਪੁਲਿਸ ਨੇ ਜਦ ਬਿਨਾ ਹੈਲਮਟ ਸਿੱਖ ਬੀਬੀਆਂ ਦਾ ਚਲਾਨ ਕੱਟਣਾ ਸ਼ੁਰੂ ਕੀਤਾ ਤਾਂ ਜਨਾਬ ਸਾਡੇ ਕਾਬਲ ਜਥੇਦਾਰਾਂ ਨੇ ਇਸ ਦਾ ਵਿਰੋਧ ਕੀਤਾ। ਜੱਜ ਹੋਰਾਂ ਜਾਣਨਾ ਚਾਹਿਆ ਕਿ ਪੁਲਿਸ ਕਿਵੇਂ ਪਤਾ ਕਰੇ ਕਿ ਕੌਣ ਸਿੱਖ ਬੀਬੀ ਹੈ ਤਾਂ ਜਥੇਦਾਰ ਹੋਰਾਂ ਦਾ ਮਸ਼ਵਰਾ ਸੀ ਕਿ ਜਿਸ ਬੀਬੀ ਦੇ ਨਾਂ ਅੱਗੇ 'ਕੌਰ' ਹੋਵੇ, ਉਸ ਨੂੰ ਸਿੱਖ ਬੀਬੀ ਮੰਨਿਆ ਜਾਵੇ। ਕੁਝ ਸਮਾਂ ਪਹਿਲਾਂ ਪੋਰਨ ਸਟਾਰ ਸਨੀ ਲਿਓਨੀ ਦੀ ਜੀਵਨੀ 'ਤੇ ਫਿਲਮ ਬਣਨ ਲੱਗੀ ਤਾਂ ਉਸ ਦਾ ਮੂਲ ਨਾਂ ਕਰਮਜੀਤ ਕੌਰ (ਜਾਂ ਕਰਨਜੀਤ ਕੌਰ ਯਾਦ ਨਹੀਂ) ਵਰਤਿਆ ਜਾਣਾ ਸੀ ਤਾਂ ਜਨਾਬ ਸਾਡੇ ਵਿਦਵਾਨ ਧਾਰਮਿਕ ਆਗੂ ਜਥੇਦਾਰਾਂ ਦਾ ਇਤਰਾਜ਼ ਸੀ ਕਿ ਉਸ ਦੇ ਨਾਂ ਅੱਗੇ ਕੌਰ ਨਾ ਲਾਇਆ ਜਾਵੇ, ਕਿਉਂਕਿ ਇਸ ਨਾਲ ਸਿੱਖਾਂ ਦੀ ਬਦਨਾਮੀ ਹੁੰਦੀ ਹੈ। ਪੁੱਛਣਾ ਬਣਦਾ ਹੈ ਕਿ ਸਿੱਖੀ ਸਰੂਪ ਵਿਚ ਬਦਮਾਸ਼ੀਆਂ ਕਰਨ ਵਾਲੇ ਸਿੰਘਾਂ ਬਾਰੇ ਉਹ ਕੀ ਪੈਂਤੜਾ ਅਪਨਾਉਣਗੇ?

ਸੀਨੀਅਰ ਪੱਤਰਕਾਰ ਕੁਲਦੀਪ ਨੱਈਅਰ ਲੰਮਾ ਸਮਾਂ ਪੰਜਾਬ ਅਤੇ ਪੰਜਾਬੀਅਤ ਨਾਲ ਖੜ੍ਹਦਾ ਰਿਹਾ ਤਾਂ ਉਸ ਨੂੰ ਸ਼੍ਰੋਮਣੀ ਕਮੇਟੀ ਨੇ ਸਨਮਾਨਿਤ ਕੀਤਾ, ਪਰ ਇਹ ਸਨਮਾਨ ਉਸ ਦੁਆਰਾ ਭਿੰਡਰਾਂਵਾਲਿਆਂ ਦੇ ਹਿੰਸਕ ਵਤੀਰੇ ਦੀ ਆਲੋਚਨਾ ਕਰਨ 'ਤੇ ਵਾਪਸ ਲੈ ਲਿਆ ਗਿਆ। ਦਰਬਾਰ ਸਾਹਿਬ ਵਿਖੇ ਸਿੱਖ ਬੀਬੀਆਂ ਦੇ ਕੀਰਤਨ ਕਰਨ ਬਾਰੇ ਅਜੇ ਤੱਕ ਸਰੀਰਕ ਵਿਗਿਆਨ ਤੋਂ ਕੋਰੇ ਜਥੇਦਾਰਾਂ ਵਲੋਂ ਕੋਈ ਠੋਸ ਫੈਸਲਾ ਨਹੀਂ ਲਿਆ ਜਾ ਸਕਿਆ। ਇਸ ਸਿਲਸਿਲੇ ਵਿਚ ਕਦੇ ਕਿਤੇ ਪੜ੍ਹਿਆ ਲਾਰਡ ਕਨਿੰਘਮ ਦਾ ਸਿੱਖ ਕੌਮ ਬਾਰੇ ਕਿਹਾ ਚੇਤੇ ਆਉਂਦਾ ਹੈ, 'ਸਿਖਸ ਇਜ਼ ਏ ਰੇਸ ਆਫ ਲਾਇਨਜ਼ ਲੈਡ ਬਾਈ ਐਸਿਜ਼।' ਜਾਪਦਾ ਇਵੇਂ ਹੈ ਕਿ ਸਿੱਖਾਂ ਦੀ ਆਬਾਦੀ ਨਾਲੋਂ ਇਸ ਧਰਮ ਦੇ ਪਹਿਰੇਦਾਰਾਂ ਦੀ ਗਿਣਤੀ ਵੱਧ ਹੋ ਗਈ ਹੈ, ਜਿਨ੍ਹਾਂ ਦੇ ਰਾਮਰੌਲੇ ਵਿਚ ਕੋਈ ਵੀ ਵਿਵੇਕਸ਼ੀਲ ਪਹੁੰਚ ਨੱਕਾਰਖਾਨੇ ਵਿਚ ਤੂਤੀ ਦੀ ਅਵਾਜ਼ ਬਣ ਕੇ ਰਹਿ ਜਾਂਦੀ ਹੈ।

***-ਹਰਜੀਤ ਦਿਓਲ, ਬਰੈਂਪਟਨ***


# ਸਿੱਖ ਸਿਆਸਤ ਦੀ ਵੰਗਾਰ

***ਭਾਰਤ ਵਿਚ ਕੌਮੀਅਤਾਂ ਦਾ ਮਸਲਾ ਬਹੁਤ ਗੁੰਝਲਦਾਰ ਬਣਿਆ ਹੋਇਆ ਹੈ, ਜਾਂ ਕਹੋ ਕਿ ਸਿਆਸਤਦਾਨਾਂ ਨੇ ਆਪਣੀ ਸੌੜੀ ਸਿਆਸਤ ਕਾਰਨ ਉਲਝਾ ਦਿੱਤਾ ਹੈ। ਪ੍ਰਸਿੱਧ ਅਮਰੀਕੀ ਲਿਖਾਰੀ ਕੇਟ ਬਰਾਊਨ ਨੇ ਆਪਣੀ ਅਹਿਮ ਕਿਤਾਬ 'ਏ ਬਾਇਓਗ੍ਰਾਫੀ ਆਫ ਨੋ ਪਲੇਸ' ਵਿਚ ਕੌਮੀਅਤਾਂ ਦੇ ਮਸਲੇ ਬਾਰੇ ਕੁਝ ਵੱਖਰੇ ਢੰਗ ਨਾਲ ਗੱਲਾਂ ਕੀਤੀਆਂ ਹਨ। ਇਸ ਕਿਤਾਬ ਨੂੰ ਆਧਾਰ ਬਣਾ ਕੇ ਮਰਹੂਮ ਵਿਦਵਾਨ ਸੁਰਜੀਤ ਹਾਂਸ ਨੇ ਸਿੱਖ ਸਿਆਸਤ ਬਾਰੇ ਕੁਝ ਨੁਕਤੇ ਸਾਂਝੇ ਕੀਤੇ ਸਨ, ਜਿਨ੍ਹਾਂ ਬਾਰੇ ਅਕਸਰ ਚਰਚਾ ਅਤੇ ਬਹਿਸ ਚੱਲਦੀ ਰਹਿੰਦੀ ਹੈ। ਇਹ ਲਿਖਤ ਦੱਸਦੀ ਹੈ ਕਿ ਸਿਆਸਤ ਕਿਸ ਤਰ੍ਹਾਂ ਰੂਪ ਵਟਾਉਂਦੀ ਹੈ ਅਤੇ ਆਮ ਲੋਕਾਂ ਨਾਲ ਕਿਹੋ ਜਿਹਾ ਵਿਹਾਰ ਹੁੰਦਾ ਹੈ। -ਸੰਪਾਦਕ***

ਪ੍ਰੇਮ ਭਾਟੀਆ 'ਟ੍ਰਿਬਿਊਨ' ਦਾ ਐਡੀਟਰ ਹੁੰਦਾ ਸੀ ਤਾਂ ਕਿਸੇ ਦਿਨ ਖਾਲਿਸਤਾਨ ਦੇ ਖਤਰੇ ਦੀ ਖਬਰ ਛਪਣੀ ਤਾਂ ਦੂਜੇ ਦਿਨ ਖਬਰ ਲੱਗਣੀ ਕਿ ਖਾਲਿਸਤਾਨੀ ਤਰੱਦਦ ਠੁੱਸ ਹੋ ਗਿਆ। ਮਰਹੂਮ ਹਰਭਜਨ ਹਲਵਾਰਵੀ ਨੇ ਕਹਿਣਾ ਕਿ ਖਾਲਿਸਤਾਨ ਬਣੇ ਚਾਹੇ ਨਾ ਬਣੇ, ਪਰ ਭਾਟੀਏ ਨੇ ਜ਼ਰੂਰ ਬਣਾ ਦੇਣਾ ਹੈ।

ਹੁਣ ਵੀ ਖਾਲਿਸਤਾਨ ਦਾ ਖਤਰਾ ਕੈਨੇਡਾ ਵਿਚ ਰਹਿੰਦਾ ਹੈ। ਜੇ ਕੈਨੇਡਾ ਵਿਚ ਸਿੱਖ ਵਜ਼ੀਰ ਬਣੇ ਹਨ ਤਾਂ ਉਨ੍ਹਾਂ ਦੀ ਉਪਾਧੀ ਦਾ ਤੁਅੱਲਕ ਕੈਨੇਡਾ ਦੇ ਹਾਲਾਤ ਨਾਲ ਹੋਣਾ ਹੈ, ਨਾ ਕਿ ਪੰਜਾਬ ਵਿਚ ਖਾਲਿਸਤਾਨ ਬਣਾਉਣ ਨਾਲ। ਉਂਜ ਭਾਰਤੀ ਮੂਲ ਦੇ ਬੰਦਿਆਂ ਦੀਆਂ ਕੈਨੇਡਾ-ਅਮਰੀਕਾ ਵਿਚ ਨਿੱਕੀਆਂ ਮੋਟੀਆਂ ਪ੍ਰਾਪਤੀਆਂ ਦੀਆਂ ਖੁਸ਼ਖਬਰੀਆਂ ਛਪਦੀਆਂ ਰਹਿੰਦੀਆਂ ਹਨ।

ਮੇਰਾ ਸ਼ੱਕ ਹੈ ਕਿ ਵਸੋਂ ਅਤੇ ਮਹੱਤਤਾ ਦੇ ਅਨੁਪਾਤ ਤੋਂ ਬਾਹਰੀ ਸਿੱਖਾਂ ਦੀ ਕਿਉਂ ਚਰਚਾ ਹੁੰਦੀ ਰਹਿੰਦੀ ਹੈ? ਗੈਰ-ਸਿੱਖਾਂ ਨੂੰ ਕੋਈ ਤਕਲੀਫ ਮਹਿਸੂਸ ਹੋ ਰਹੀ ਹੈ, ਜੋ ਸਿੱਖਾਂ ਲਈ ਖਤਰਨਾਕ ਹੈ। ਪੱਕੇ ਪ੍ਰਤੀਕਰਮ ਜਾਂ ਰਵੱਈਏ ਦੀ ਗੱਲ ਹੈ। ਕੋਈ ਅਖਬਾਰ, ਵਕਤਾ, ਲਿਖਾਰੀ ਜਦੋਂ '84 ਦੇ ਸਿੱਖ-ਵਿਰੋਧੀ ਦੰਗਿਆਂ ਦਾ ਜ਼ਿਕਰ ਕਰਦਾ ਹੈ ਤਾਂ ਨਾਲ ਹੀ ਜ਼ਰੂਰ 'ਇੰਦਰਾ ਗਾਂਧੀ ਦੇ ਕਤਲ ਮਗਰੋਂ" ਲਿਖਦਾ ਹੈ। ਕੋਈ ਨਹੀਂ ਲਿਖਦਾ 'ਇੰਦਰਾ ਗਾਂਧੀ ਦਾ ਕਤਲ ਦਰਬਾਰ ਸਾਹਿਬ ਉੱਤੇ ਹਮਲੇ ਮਗਰੋਂ।' ਮੇਰੇ 'ਤੇ ਦੋਸ਼ ਲੱਗੇਗਾ, ਜੋ ਮੈਂ ਇੰਦਰਾ ਦੇ ਕਤਲ ਨੂੰ ਠੀਕ ਸਮਝਦਾਂ। ਮੇਰਾ ਵੀ ਇਹੀ ਦੋਸ਼ ਹੈ, ਜੋ '84 ਦੇ ਦੰਗਿਆਂ ਨੂੰ ਇੰਦਰਾ ਗਾਂਧੀ ਦੇ ਕਤਲ ਮਗਰੋਂ ਕਹਿਣ ਵਾਲੇ ਇਨ੍ਹਾਂ ਨੂੰ ਜਾਇਜ਼ ਠਹਿਰਾਉਂਦੇ ਹਨ।



**ਸੁਰਜੀਤ ਹਾਂਸ**

ਸਿਤਮਜ਼ਰੀਫੀ ਦੀ ਗੱਲ ਹੈ ਕਿ ਘੜੀ ਮੁੜੀ '84 ਦੀ ਤਫਤੀਸ਼ ਕਰਵਾਉਣ ਦੇ ਬਿਆਨਾਂ ਨਾਲ ਸਿੱਖਾਂ 'ਤੇ ਅਹਿਸਾਨ ਕਰਦੇ ਹਨ, ਪਰ ਚਿੱਲੜ (ਹਰਿਆਣਾ), ਚਿੱਠੀਸਿੰਘਪੁਰਾ (ਜੰਮੂ ਕਸ਼ਮੀਰ) ਬਾਰੇ ਬਿਆਨ ਦੇਣ ਜਾਂ ਤਫਤੀਸ਼ ਕਰਾਉਣ ਤੋਂ ਸ਼ਰਮਾਉਂਦੇ ਹਨ।

ਸਿੱਖ ਸਿਆਸਤ ਦੀ ਵੰਗਾਰ ਉਸ ਰਾਸ਼ਟਰੀ ਤੱਥ ਤੋਂ ਬਚ ਕੇ ਰਹਿਣਾ ਹੈ। ਨਾਲੇ ਰਾਜਨੀਤੀ ਦੇ ਹਾਲਾਤ ਹੋਰ ਬਦਲ ਗਏ ਹਨ।

ਕੌਮ ਤਾਂ ਜਨ ਦੀ ਹੁੰਦੀ ਹੈ, ਰਿਆਸਤ ਸਰਕਾਰ ਦੀ। ਕੌਮੀ ਰਿਆਸਤ ਦਾ ਮੁੱਢ ਯੂਰਪ ਵਿਚ 1648 ਦੇ ਵੈਸਟਫੇਲੀਆ (ਜਰਮਨੀ) ਦੇ ਸਮਝੌਤੇ ਨਾਲ ਸ਼ੁਰੂ ਹੋਇਆ। ਰਿਆਸਤਾਂ ਨੇ ਇਕ ਦੂਜੇ ਵਿਚ ਦਖਲ ਦੇਣਾ ਬੰਦ ਕਰ ਦਿੱਤਾ ਅਤੇ ਰਿਆਸਤ ਆਪਣੀ ਖੁਦਮੁਖਤਾਰੀ ਅਨੁਸਾਰ ਆਪਣਾ ਕਾਰੋਬਾਰ ਚਲਾ ਸਕਦੀ ਸੀ। ਇਹਦੇ ਦੋ ਫੌਰੀ ਪਰਿਣਾਮ ਸਨ: ਇਕ ਤਾਂ ਇਹ ਆਪਣੇ ਭੂਖੰਡ 'ਤੇ ਸਾਂਝੇ ਤੌਰ-ਤਰੀਕੇ ਦਾ ਰਾਜ ਚਲਾਉਣ ਲੱਗੀ; ਦੂਜਾ, ਰਿਆਸਤੀ ਕਾਰਵਾਈ ਸਮਾਜ ਵਿਚ ਵਧੇਰੇ ਡੂੰਘੀ ਹੁੰਦੀ ਗਈ। ਅਮਰੀਕਾ ਦੀ 1776 ਦੀ ਸੁਤੰਤਰਤਾ ਅਤੇ 1789 ਦੇ ਫਰਾਂਸੀਸੀ ਇਨਕਲਾਬ ਨੇ ਦੁਨੀਆਂ ਵਿਚ ਰਾਸ਼ਟਰਵਾਦ ਦਾ ਹੀ ਲਕਸ਼ ਬਣਾ ਦਿੱਤਾ। ਇਸੇ ਵਿਚ ਕੌਮੀ ਸਵੈ-ਨਿਰਣੇ ਦਾ ਬਦਲ ਉਪਜਿਆ, ਜਿਸ ਤਹਿਤ ਜੇ ਕੋਈ ਜਨ-ਸਮੂਹ ਕੌਮ ਦਾ ਰੂਪ ਧਾਰਦਾ ਹੈ, ਤਾਂ ਆਪਣਾ ਦੇਸ਼ ਬਣਾ ਸਕਦਾ ਹੈ। ਕੌਮੀ ਰਿਆਸਤ ਜਾਂ ਰਾਸ਼ਟਰ ਸਰਵ-ਸ਼ਕਤੀਮਾਨ ਹੋ ਗਿਆ, ਜੋ ਆਪਣੇ ਖੰਡ ਵਿਚ ਕਿਸੇ ਬਾਹਰੀ ਰੁਕਾਵਟ ਜਾਂ ਦਖਲ ਤੋਂ ਮੁਕਤ ਸੀ। ਇਹਦੇ ਤਿੰਨ ਮੁੱਖ ਗੁਣ ਸਨ, ਦੇਸ਼ (ਸਪੇਸ) ਦੀ ਖੰਡ-ਬੰਦੀ (ਹੱਦਬੰਦੀ) ਅਤੇ ਆਬਾਦੀ ਦੀ ਮਿਥਤ ਸਮਾਨ-ਭਾਵਨਾ। ਕਲਪਿਤ ਸਮਾਨ-ਭਾਵਨਾ ਪੂਰੀ ਸੂਰੀ ਨਾ ਹੋਵੇ, ਪਰ ਤਰੀਕਾ-ਏ-ਜ਼ਿੰਦਗੀ ਜਾਂ ਸੰਸਕ੍ਰਿਤੀ ਦਾ ਪਹਿਰਨ ਇਹਦੀ ਪੂਰਤੀ ਨਜ਼ਰ ਆਉਂਦੀ ਸੀ। ਵਸੋਂ ਦੀ ਸਮਾਨ-ਭਾਵਨਾ ਦਾ ਕੋਈ ਵਿਚਾਰ ਨਹੀਂ ਸੀ।

ਪੂਰਵ-ਰਾਸ਼ਟਰ ਸਮਾਜ ਨਸਲੀ (ਐਥਨਿਕ) ਭਿੰਨਤਾ ਦਾ ਸੰਗ੍ਰਿਹ ਸੀ, ਜਿਸ ਦੀ ਸਮ-ਦ੍ਰਿਸ਼ਤਾ ਦੀ ਕੋਈ ਲੋੜ ਨਹੀਂ ਸੀ, ਨਾ ਜੀਵਨ ਦੇ ਵਿਹਾਰ ਦੀ ਸਮਾਨਤਾ ਦਾ ਲਕਸ਼ ਸੀ। ਰਾਸ਼ਟਰੀ ਰਿਆਸਤ ਨੇ ਹੌਲੀ-ਹੌਲੀ ਦੇਸ਼ 'ਚ ਸੰਸਕ੍ਰਿਤਕ ਭਿੰਨਤਾ ਘਟਾ ਲਈ, ਨਾਲੇ ਇਹਦੇ ਉਲਟ ਕੌਮਾਂਤਰੀ ਭਿੰਨਤਾ ਵਧਾ ਲਈ, ਜੋ ਹਰ ਦੇਸ਼ ਦਾ ਆਪਣਾ ਵਿਲੱਖਣ ਕਲਚਰ ਹੋ ਗਿਆ।

ਰਾਸ਼ਟਰਵਾਦ ਦੀ ਦੂਜੀ ਸਟੇਜ ਦੋ ਵਿਸ਼ਵ ਜੰਗਾਂ ਵਿਚਕਾਰ (1918-45) ਦੀ ਹੈ। ਇਕ ਤਾਂ ਤਿੰਨ ਸਾਮਰਾਜ ਹੈਬਸਬਰਗ (ਜਰਮਨ), ਉਸਮਾਨ (ਤੁਰਕੀ) ਅਤੇ ਰੂਸ ਦਾ ਸਾਮਰਾਜ ਜਾਂਦੇ ਲੱਗੇ, ਜਿਨ੍ਹਾਂ ਦੀ ਥਾਂ ਕਈ ਰਾਸ਼ਟਰਾਂ ਨੇ ਲੈ ਲਈ, ਪਰ ਸਮੁੰਦਰ-ਆਧਾਰਤ ਸਾਮਰਾਜ ਅੰਗਰੇਜ਼ੀ, ਫਰਾਂਸੀਸੀ ਵਧੇਰੇ ਅਹਿਮ ਹੋ ਗਏ। ਇਨ੍ਹਾਂ ਦਾ ਰਾਸ਼ਟਰਵਾਦ ਖਾਸ ਯਾਨਿ ਕੁਲੀਨ ਦੀ ਉਪਜ ਸੀ, ਜੋ ਆਵਾਮ ਨੇ ਗ੍ਰਹਿਣ ਕਰ ਲਿਆ। ਅਹਿਮ ਤੱਥ ਹੈ ਕਿ ਦੂਜੀ ਸਟੇਜ ਦਾ ਰਾਸ਼ਟਰਵਾਦ ਪਾਰ-ਵਿਚਾਰਧਾਰਾ (ਵਿਚਾਰਧਾਰਾ ਤੋਂ ਪਾਰ) ਸੀ, ਜਿਸ 'ਤੇ ਲੈਨਿਨ ਅਤੇ ਵੁਡਰੋ ਵਿਲਸਨ ਸਹਿਮਤ ਸਨ। ਇਸ ਨਾਲ ਰਾਸ਼ਟਰੀ ਰਿਆਸਤਾਂ (ਸਟੇਟਾਂ) ਦੀ ਗਿਣਤੀ ਵਿਚ ਡਰਾਮਾਈ ਵਾਧਾ ਹੋਇਆ, ਨਾਲੇ ਆਪਸੀ ਨਿਰਭਰਤਾ ਵੀ ਹੋ ਗਈ। ਲੀਗ ਆਫ ਨੇਸ਼ਨਜ਼ ਨੇ ਰਾਜਨੀਤੀ-ਕਲਾ ਦੇ ਨਿਯਮ ਅਤੇ ਇਹਦੀ ਬੁਨਿਆਦ ਦੀਆਂ ਜ਼ਰੂਰੀ ਸ਼ਰਤਾਂ ਉਲੀਕੀਆਂ। ਆਪਸੀ ਨਿਰਭਰਤਾ ਇਨ੍ਹਾਂ ਦੀ ਸਮਰੂਪਤਾ ਤੋਂ ਨਜ਼ਰ ਆਉਂਦੀ ਹੈ, ਜੋ ਮੁਲਕਾਂ ਦੀ ਵਿੱਦਿਆ, ਆਰਥਕਤਾ ਅਤੇ ਤਕਨੀਕ-ਤੰਤਰ (ਜੁਗਤ-ਪ੍ਰਣਾਲੀ) ਇਕੋ ਜਿਹੇ ਹੋ ਗਏ।

ਰਾਸ਼ਟਰਵਾਦ ਦੀ ਭਾਵੁਕ ਗਹਿਰਾਈ ਨੇ ਦੇਸ਼ ਦੇ ਪ੍ਰਤੱਖਣ, ਅਰਥਾਤ ਗ੍ਰਹਿਣ 'ਚ ਫਰਕ ਪਾਇਆ। ਪੂਰਵ-ਰਾਸ਼ਟਰੀ ਗ੍ਰਹਿਣ ਸਮਾਜ ਵਿਗਿਆਨਕ ਸੀ, ਜਿਵੇਂ ਵਾਰਿਸ ਸ਼ਾਹ ਕੇਵਲ ਵਸਦੇ ਸਥਾਨ ਨੂੰ ਹੀ ਦੇਸ਼ (ਵਤਨ) ਸਮਝਦਾ ਹੈ ਅਤੇ ਜੰਗਲ ਨੂੰ ਜਹਾਨ ਤੋਂ ਬਾਹਰਾ ਮੰਨਦਾ ਹੈ। ਰਾਸ਼ਟਰਵਾਦ ਨੇ ਵਸਦੀ ਅਤੇ ਉਜਾੜ ਨੂੰ ਇਕੋ ਸਪੇਸ 'ਚ ਰੱਖ ਦਿੱਤਾ, ਜਿਸ ਵਿਚ ਨਕਸ਼ਾ-ਕਸ਼ੀ ਦੀ ਵਿੱਦਿਆ ਨੇ ਸਹਾਇਤਾ ਕੀਤੀ। ਰਾਸ਼ਟਰਵਾਦ ਦਾ ਉਦੇਸ਼ ਆਪਣੀ ਸਪੇਸ, ਅਰਥਾਤ ਇਲਾਕੇ ਨੂੰ ਵੱਧ ਤੋ ਵੱਧ ਅਪਨਾਉਣਾ ਸੀ, ਜੋ ਸਪੇਸ ਦੀ ਭਿੰਨਤਾ ਨਾ ਰਹੀ, ਪਰ ਸਾਮਾਨਯ ਹੋ ਗਈ। ਪੂਰਵ-ਰਾਸ਼ਟਰ ਸਪੇਸ ਵਿਚ ਸਾਮਰਾਜਾਂ ਵਿਚਕਾਰ ਅਨਿਸ਼ਚਿਤ ਇਲਾਕੇ ਹੁੰਦੇ ਸਨ, ਜਿਨ੍ਹਾਂ ਦੇ ਅਖੌਤੀ ਵਾਰਿਸ ਸਥਾਨਕ ਲੋਕ ਹੀ ਸਨ। ਇਹਦੀ ਅਜੋਕੀ ਮਿਸਾਲ ਕਾਰਗਿਲ ਹੈ, ਜਿਸ ਦੀ ਖਾਤਰ ਹਿੰਦ-ਪਾਕਿਸਤਾਨ ਦੀ ਲੜਾਈ ਹੋਈ, ਕਿਉਂ ਜੋ ਇਹ ਨਕਸ਼ੇ ਤੋਂ ਬਾਹਰਾ ਸੀ, ਉਹ ਵੀ ਇਸ ਕਰਕੇ, ਜੋ ਇਥੇ ਕਿਸੇ ਨੇ ਕੀ ਕਰਨ ਜਾਣਾ ਹੈ!

ਜਿਥੇ ਪੱਛਮੀ ਯੂਰਪੀ ਦੇਸ਼ਾਂ ਦਾ ਰਾਸ਼ਟਰੀ ਵਿਕਾਸ ਸਮ-ਉਪਜ ਸੀ, ਉਥੇ ਦੂਜੀ ਸਟੇਜ ਦੇ ਰਾਸ਼ਟਰ ਸੋਚ-ਵਿਚਾਰ ਆਧਾਰਤ, ਮਸਨੂਈ (ਬਨਾਵਟੀ) ਢਾਂਚੇ ਉਤੇ ਖੜ੍ਹੇ ਹੋਏ, ਜੋ ਹੌਲੀ-ਹੌਲੀ, ਹੀਣ-ਵਾਧਿਆਂ ਨਾਲ ਸਵੈ-ਉਤਪੰਨ ਨਹੀਂ ਹੋਏ। ਨਤੀਜੇ ਵਜੋਂ ਇਨ੍ਹਾਂ ਦਾ ਸਮ-ਭਾਵਨ ਅਣ-ਚਿੰਤਿਤ, ਅਕਸਮਾਤੀ, ਨਿਯਮਹੀਣ ਹਾਲਾਤ ਦੀ ਪੈਦਾਵਾਰ ਨਹੀਂ ਸੀ। ਰਿਆਸਤ ਨੇ ਸਰਗਰਮੀ ਨਾਲ ਆਪਣੀ ਆਬਾਦੀ ਦੀਆਂ ਸਾਂਝੇਦਾਰੀਆਂ ਤੋੜ ਕੇ ਇਹਦੀ ਭਾਸ਼ਾ ਅਤੇ ਕਾਨੂੰਨ ਰਾਹੀਂ ਸਮ-ਹੋਂਦ ਬਣਾਈ, ਜੋ ਵਪਾਰ, ਆਵਾਜਾਈ ਅਤੇ ਸੰਚਾਰ ਇਹਦੇ ਸਹਾਈ ਹੋਏ। ਸਮ-ਭਾਵਨ ਦਾ ਕਾਰਜ ਨਸਲ ਦਾ ਮਜਬੂਰੀ ਜਾਂ ਇੱਛਤ ਪਰਵਾਸ ਵਰਤਾ ਕੇ ਕੀਤਾ। ਇਹਦੀ ਖਾਤਰ ਚਿੰਨ੍ਹਾਤਮਕ, ਵਿੱਦਿਅਕ, ਸੰਚਾਰੀ ਉਦਮਾਂ ਦੀ ਲੋੜ ਪਈ, ਜਿਸ ਦੀ ਤੋੜ ਜਨ-ਘਾਤ ਸੀ। ਭਾਵੇਂ ਆਬਾਦੀ ਦਾ ਸਮ-ਭਾਵਨ ਹੁੰਦਾ ਰਿਹਾ, ਪਰ ਵਿਸ਼ਵ ਦਾ ਕੌਮ-ਰਿਆਸਤੀ (ਨੇਸ਼ਨ ਸਟੇਟ) ਪ੍ਰਬੰਧ ਵਧੇਰੇ ਪ੍ਰਤੱਖ ਹੋ ਗਿਆ।

ਕੌਮ-ਰਿਆਸਤੀ ਸੰਸਥਾ ਦੀ ਤੀਜੀ ਸਟੇਜ ਸਮਾਜਵਾਦ ਦੇ ਪਤਨ ਅਤੇ ਬਸਤੀਵਾਦ ਤੋਂ ਛੁਟਕਾਰੇ ਵਾਲੇ ਦੇਸ਼ਾਂ ਦੀ ਹੈ, ਜਿਨ੍ਹਾਂ ਬਾਰੇ ਇਹੀ ਕਹਿਣਾ ਯੋਗ ਹੈ ਜੋ, 'ਅਸਹੁ ਸ੍ਰ ਨਾਉ ਸਮੁੰਦ੍ਰ ਮਹਿ' ਹੈ।

---

ਦੂਜੀ ਸਟੇਜ ਦੇ ਰਾਸ਼ਟਰਵਾਦ ਦਾ ਮੁੱਖ ਲੱਛਣ ਘੱਟ ਗਿਣਤੀਆਂ ਦੀ ਸਮਾਪਤੀ ਹੈ। ਇਹਦੀ ਇਤਿਹਾਸਕ ਉਪਜ 1912-13 ਦੀ ਉਸਮਾਨੀ ਸਾਮਰਾਜ ਅਤੇ ਬਲਕਾਨ (ਦੱਖਣ-ਪੂਰਬੀ ਯੂਰਪ) ਦੀ ਜੰਗ ਸੀ, ਜਿਸ ਵਿਚ ਥਰੇਸ (ਦੱਖਣ-ਪੂਰਬੀ ਯੂਰਪ ਦਾ ਉਹ ਇਲਾਕਾ, ਜੋ ਅੱਜ ਕੱਲ ਬੁਲਗਾਰੀਆ, ਯੂਨਾਨ ਤੇ ਤੁਰਕੀ ਵਿਚਾਲੇ ਵੰਡਿਆ ਗਿਆ ਹੈ) ਤੋਂ ਬਿਨਾ ਯੂਰਪ 'ਚ ਉਸਮਾਨੀ ਦਖਲ ਨਾ ਰਿਹਾ, ਬਲਕਾਨ ਵਿਚ ਮੁਸਲਮਾਨ ਵੀ ਮੁੱਕ ਗਏ। 1914 ਵਿਚ ਹਾਰੇ ਤੁਰਕੀ ਨੇ ਜਰਮਨੀ ਦਾ ਸਾਥ ਦਿੱਤਾ।

1919 ਵਿਚ ਬਰਤਾਨੀਆ ਨੇ ਯੂਨਾਨ ਤੋਂ ਤੁਰਕੀ 'ਤੇ ਹਮਲਾ ਕਰਵਾ ਦਿੱਤਾ, ਪਰ 1922 ਵਾਲੇ ਮੋੜਵੇਂ ਹਮਲੇ ਨੇ ਯੂਨਾਨੀਆਂ ਨੂੰ ਹਰਾ ਦਿੱਤਾ, ਜੋ ਪਿੱਛੇ ਹਟਦੇ ਯੂਨਾਨੀ ਮੁਸਲਿਮ ਆਬਾਦੀ ਨੂੰ ਲੁੱਟਦੇ, ਮਾਰਦੇ, ਜਲਾਉਂਦੇ ਰਹੇ। ਯੂਨਾਨੀ ਸ਼ਹਿਰ ਸਮਿਰਨਾ ਦੀ ਬੰਦਰਗਾਹ 'ਤੇ ਤੁਰਕਾਂ ਨੇ ਉਹ ਕੁਝ ਕੀਤਾ, ਜੋ ਉਨ੍ਹਾਂ ਨਾਲ ਹੁੰਦਾ ਆਇਆ ਸੀ। ਬਰਤਾਨੀਆ ਦੇ 21 ਜੰਗੀ ਜਹਾਜ ਨਿੱਸਲ ਖੜ੍ਹੇ ਰਹੇ। ਝੂਠੀ ਆਸ ਤਾਂ ਉਹਦੇ ਵਲੋਂ ਜੰਗ 'ਚ ਮਦਦ ਦੀ ਸੀ, ਜਿਨ੍ਹਾਂ ਕਿਸੇ ਡੁੱਬਦੇ ਯੂਨਾਨੀ ਨੂੰ ਬਚਾਇਆ ਵੀ ਨਾ। ਅੰਦਾਜ਼ਾ ਹੈ, ਦੋ ਹਫਤਿਆਂ ਵਿਚ ਕੋਈ 30 ਹਜ਼ਾਰ ਯੂਨਾਨੀ, ਆਰਮੀਨੀਅਨ ਮਾਰੇ ਗਏ।

ਜਨ-ਘਾਤ (ਜੀਨੋਸਾਈਡ) ਲਈ ਨਸਲੀ ਸਫਾਇਆ ਦਾ ਸ਼ਬਦ ਮਨੋਵਿਗਿਆਨਕ ਵੀ ਹੈ, ਜੋ ਬਹੁ ਗਿਣਤੀ ਦੇ ਘੱਟ ਗਿਣਤੀ ਪ੍ਰਤੀ ਰਵੱਈਏ ਦਾ ਲਖਾਇਕ ਹੈ। ਇਹਦੇ ਲਈ ਤੁਰਕਮਿਨਸਤਾਨੀ ਲਫਜ਼ 'ਤਸਫੀਆ' ਹੈ, ਜੋ ਦੋ ਧਿਰਾਂ ਦੇ 'ਫੈਸਲੇ' ਨੂੰ ਵੀ ਕਹਿੰਦੇ ਹਨ। ਸੋ ਜਨ-ਘਾਤ ਤਾਂ ਘੱਟ ਗਿਣਤੀ ਜਾਂ ਬਹੁ ਗਿਣਤੀ ਦਾ ਠੀਕ ਫੈਸਲਾ ਕਰ ਦਿੰਦਾ ਹੈ। ਜਨ-ਘਾਤ ਲਈ ਜ਼ਰੂਰੀ ਸ਼ਰਤ ਹੈ, ਜੋ ਘੱਟ ਗਿਣਤੀ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਵੇ, ਜੋ ਅੱਗੇ ਜਾ ਕੇ ਘੱਟ ਗਿਣਤੀ ਨੂੰ ਧ੍ਰੋਹੀ ਬਣਾ ਦਿੰਦੀ ਹੈ।

ਇਹਦੇ ਲਈ ਪਹਿਲੀ ਵਿਸ਼ਵ ਜੰਗ ਦੇ ਡਰਾਮਾਈ ਖਾਤਮੇ ਨੇ ਯੋਗਦਾਨ ਪਾਇਆ। ਰੂਸੀ ਇਨਕਲਾਬ ਕਾਰਨ ਡਿੱਗੀ ਜ਼ਾਰਸ਼ਾਹੀ ਨੂੰ ਜਰਮਨੀ ਨੇ ਆਪਣੀ ਜਲਦ ਹੋਣਹਾਰ ਜਿੱਤ ਸਮਝਿਆ, ਪਰ ਕੁਝ ਮਹੀਨਿਆਂ ਅੰਦਰ ਸ਼ਿਕਸਤ ਖਾ ਗਿਆ, ਜੋ ਮੁਲਕ ਨੂੰ ਸਮਝ ਨਾ ਲੱਗੇ, ਖਾਸਕਰ ਉਸ ਭੂਦ੍ਰਿਸ਼ ਵਿਚ, ਜੋ ਪ੍ਰਾਜਿਤ ਜਰਮਨੀ ਵਿਚ ਜਯਤਾ-ਸੰਘ ਦਾ ਕੋਈ ਸਿਪਾਹੀ ਵੀ ਨਜ਼ਰ ਨਹੀਂ ਸੀ ਆਉਂਦਾ। ਤਾਂ ਹੀ ਮਨੋਵਿਗਿਆਨ ਬਣ ਗਿਆ ਕਿ ਜਰਮਨੀ ਨਹੀਂ ਹਾਰਿਆ, ਅੰਦਰੂਨੀ ਦੁਸ਼ਮਣ ਦੀ ਜਿੱਤ ਹੋਈ ਹੈ। ਇਹਦੇ 'ਤੇ ਅਮਲ ਕਰਦਿਆਂ ਜਰਮਨੀ ਨੇ ਅੰਦਰੂਨੀ ਦੁਸ਼ਮਣ ਨੂੰ ਦੂਜੀ ਵਿਸ਼ਵ ਜੰਗ ਤਕ ਅੰਤ ਵਿਚ ਮਾਰਿਆ।


ਹੋਰ ਮੁਲਕਾਂ ਨੇ ਵੀ ਘੱਟ ਗਿਣਤੀਆਂ 'ਤੇ ਧ੍ਰੋਹ ਦਾ ਪੋਸ਼ਾਕਾ ਪਾ ਦਿੱਤਾ। ਇੰਜ ਦੂਜੀ ਸਟੇਜ ਦਾ ਰਾਸ਼ਟਰਵਾਦ ਨਸਲਪ੍ਰਸਤ ਜਾਂ ਖਾਸ ਮਜ਼ਹਬ-ਦੁਸ਼ਮਣ ਹੋ ਗਿਆ। ਅੱਜ ਦੇ ਸਮੇਂ ਵਿਚ ਵਿਦਵਾਨਾਂ ਨੇ ਰਾਸ਼ਟਰਵਾਦ ਦੇ ਕਲੂ-ਕਾਲੇ ਪੱਖ ਨੂੰ ਉਘਾੜਿਆ ਹੈ। ਸ਼ੁਰੂ ਵਿਚ ਰਾਸ਼ਟਰਵਾਦ ਮੁਕਤੀ-ਕਾਰਕ ਸੀ, ਜਿਸ ਦਾ ਆਦਰਸ਼ਵਾਦੀ ਦਾ ਪੱਖ ਸੀ, ਜੋ ਹਰ ਇਕ ਨਾਲ ਏਕਤਾ ਵਾਲਾ ਸਮਾਜੀ, ਆਰਥਕ ਅਤੇ ਵਿਹਾਰਕ ਵਰਤਾਉ ਕਰਨਾ ਹੈ।

---

ਸਿੱਖ ਸਿਆਸਤ 'ਤੇ ਨਵਾਂ ਪ੍ਰਭਾਵ ਪਿਆ ਹੈ, ਜੋ ਪਹਿਲਾਂ ਅਸਰ-ਅੰਦਾਜ਼ ਨਹੀਂ ਸੀ। ਇਹ ਹੈ ਕਰਤਾਰਪੁਰ ਸਾਹਿਬ ਦੀ ਬਾਬੇ ਨਾਨਕ ਲਈ ਸ਼ਰਧਾ ਦੀ ਉਸਾਰੀ, ਜੋ ਗੁਰਦੁਆਰੇ ਦੇ ਆਸੇ ਪਾਸੇ ਸਿੱਖ ਵਸੋਂ ਤੋਂ ਕਸਬਾ, ਕਸਬੇ ਤੋਂ ਸ਼ਹਿਰ ਬਣ ਜਾਂਦਾ ਹੈ। ਦੂਜਾ ਪਾਕਿਸਤਾਨ ਵਿਚ ਪੰਜਾਬੀ ਦੀ ਮਾਨਤਾ ਅਤੇ ਵਿਕਾਸ ਹੈ। ਪੰਜਾਬੀ ਸਾਹਿਤ ਲਈ ਸਭ ਤੋਂ ਵੱਡਾ ਇਨਾਮ ਦੇਣ ਵਾਲੀ ਕੈਨੇਡਾ ਦੀ 'ਢਾਹਾਂ' ਪੰਜਾਬੀ ਸੰਸਥਾ ਤਾਂ ਇਕ ਇਨਾਮ ਫਾਰਸੀ ਲਿੱਪੀ ਵਿਚ ਛਪੀ ਕਿਤਾਬ ਯਾਨਿ ਪਾਕਿਸਤਾਨੀ ਪੰਜਾਬੀ ਲਈ ਦਿੰਦੀ ਹੈ। ਜੇ ਸਮੱਸਿਆ ਦਾ ਸਾਧਾਰਨੀਕਰਨ ਕਰਨਾ ਹੋਵੇ ਤਾਂ ਇਹ ਸੀਮਾ ਪਾਰ ਸਹਾਨੁਭੂਤੀ ਹੈ। ਇਹਦੀ ਮਿਸਾਲ ਸੋਵੀਅਤ ਰੂਸ ਦੀ ਯੂਕਰੇਨ ਦੇ ਪੱਛਮੀ ਬਾਰਡਰ ਮਾਰਸ਼ਲੈਵਿਸਕ ਪੋਲਿਸ਼ ਖੁਦਮੁਖਤਾਰ ਖੇਤਰ, ਪੋਲੀਨ ਜਰਮਨ ਖੁਦਮੁਖਤਾਰ ਖੇਤਰ ਅਤੇ ਸੈਆਂ ਯਹੂਦੀ, ਪੋਲਿਸ਼ ਅਤੇ ਜਰਮਨ ਨਗਰ ਅਤੇ ਗ੍ਰਾਮ ਕੌਂਸਲਾਂ ਦੀ ਹੈ। ਉਨ੍ਹਾਂ ਵਰਗੀ ਅਲਪ ਹੋਣੀ ਅਟੱਲ ਨਹੀਂ, ਪਰ ਵਰਤ ਸਕਦੀ ਹੈ, ਜੋ ਅਜਿਹੇ ਪੱਖ ਦਾ ਸਿੱਖ ਚਿੰਤਕਾਂ ਨੂੰ ਫਿਕਰ ਹੋਣਾ ਚਾਹੀਦਾ ਹੈ। ਸੋਵੀਅਤ ਰੂਸ ਨੇ ਇਹ ਖੁਦਮੁਖਤਾਰ ਸੰਸਥਾਵਾਂ ਇਸ ਲਈ ਬਣਾਈਆਂ ਸਨ, ਤਾਂ ਜੋ ਦੁਨੀਆਂ ਦੇਖ ਲਏ ਕਿ ਰੂਸ ਵਿਚ ਅਲਪਾਂ 'ਤੇ ਹੋਰ ਮੁਲਕਾਂ ਵਾਂਗੂੰ ਬਹੁ-ਗਣ ਜਾਂ ਕੁਲੀਨ ਵਰਗ ਦਾ ਧੱਕਾ ਨਹੀਂ ਹੁੰਦਾ। ਆਪਣੇ ਵੇਲੇ ਇਹ ਪੱਛਮੀ ਜਗਤ ਵਿਚ ਪ੍ਰਗਤੀਸ਼ੀਲ-ਤਮ ਕੌਮੀਅਤ (ਨੈਸ਼ਨੈਲਿਟੀ) ਦੀ ਪਾਲਸੀ ਸੀ।

'ਕੌਮੀਅਤ' ਰਾਸ਼ਟਰਤਾ (ਨੈਸ਼ਨਲਿਜ਼ਮ) ਨਹੀਂ, ਸਗੋਂ ਰਾਸ਼ਟਰ ਬਹੁ-ਕੌਮੀਅਤੀ ਹੋ ਸਕਦਾ ਹੈ, ਸੀ ਵੀ, ਹੁਣ ਵੀ ਹਨ (ਮਿਸਾਲ ਵਜੋਂ ਕੈਨੇਡਾ, ਸਵਿਟਜ਼ਰਲੈਂਡ)।

ਮਾਰਸ਼ਲੈਵਿਸਕ ਪੋਲਿਸ਼ ਖੁਦਮੁਖਤਾਰ ਇਲਾਕੇ ਦਾ ਕੇਂਦਰ ਬਣਿਆ, ਜਿਸ ਦੀ 70 ਫੀਸਦੀ ਆਬਾਦੀ ਪੋਲ ਸੀ। ਸਾਲਿਵਿਚ ਇਹਦਾ ਬਾਨੀ ਕਿਹਾ ਜਾ ਸਕਦਾ ਹੈ, ਜੋ ਯੂਕਰੇਨ ਦੇ ਅਲਪ ਕੌਮੀਅਤ ਮਾਮਲਿਆਂ ਦੇ ਕਮਿਸ਼ਨ ਦਾ ਉਪ-ਨਿਰਦੇਸ਼ਕ ਸੀ।


*ਅਮਰੀਕੀ ਲਿਖਾਰੀ ਕੇਟ ਬਰਾਊਨ (ਉਪਰ) ਅਤੇ ਉਸ ਦੀ ਕਿਤਾਬ 'ਏ ਬਾਇਓਗ੍ਰਾਫੀ ਆਫ ਨੋ ਪਲੇਸ' ਦਾ ਮੁਖੜਾ।*

1930 ਵਿਚ ਸੋਵੀਅਤ ਪੋਲਿਸ਼ ਜੰਗ ਵਿਚ ਸੋਵੀਅਤ ਸਫਲਤਾ ਦੀ ਪੰਜਵੀਂ ਸਾਲਗਿਰ੍ਹਾ ਮਨਾਈ ਗਈ। ਉਸ ਜਰਨੈਲ ਨੇ ਪ੍ਰਮੁੱਖ ਭਾਸ਼ਣ ਦਿੱਤਾ, ਜਿਸ ਨੇ 1920 ਵਿਚ ਪੋਲਿਸ਼ ਹਮਲੇ ਨੂੰ ਮਾਰਸ਼ਲੈਵਿਸਕ ਰੋਕ ਪਾਈ ਸੀ। ਨਾਲ ਦੇ ਜਰਮਨ ਪੋਲਿਨ ਜਰਮਨ ਖੁਦਮੁਖਤਾਰ ਜਰਮਨ ਇਲਾਕੇ ਦੇ ਮੁਖੀ ਨੇ ਕਿਹਾ, ਜੋ ਹੁਣ ਸਾਡਾ ਪੁਰਾਣਾ ਦਲਦਲ ਵਾਲਾ ਨਿਰਾਸਾ, ਪਛੜਿਆ ਖੰਡ ਨਹੀਂ ਰਿਹਾ। ਮਾਰਸ਼ਲੈਵਿਸਕ ਦਾ ਅਖਬਾਰ ਉਦਮ, ਆਸ਼ਾਵਾਦ ਦਾ ਲਖਾਇਕ ਸੀ, ਜੋ ਆਦਰਸ਼ਕ ਨਬਜ਼-ਤੇਜ਼ ਪ੍ਰੇਰਨਾ ਵਾਲਾ ਸੀ। ਭਾਵੇਂ ਪਦਾਰਥਕ ਗਰੀਬੀ ਸੀ, ਪਰ ਕਲਪਨਾ ਦੀ ਅਮੀਰੀ ਸੀ।

ਸਾਲਿਵਿਚ 1897 ਵਿਚ ਪੋਲੈਂਡ ਦੇ ਕਰੈਸੀ ਖੰਡ ਵਿਚ ਕੁਲੀਨ ਘਰਾਣੇ 'ਚ ਪੈਦਾ ਹੋਇਆ, ਜਿਸ ਨੇ ਆਪਣਾ ਜੀਵਨ ਕਿਰਸਾਨ ਮਜ਼ਦੂਰ ਦੀ ਖਿਦਮਤ ਲਈ ਅਰਪਨ ਕੀਤਾ ਸੀ। ਵਿਸ਼ਵ ਲੜਾਈ, ਰੂਸੀ ਇਨਕਲਾਬ, ਸੋਵੀਅਤ ਪੋਲੈਂਡ ਜੰਗ 1921 'ਚ ਮੁੱਕੀ ਜੋ ਯੂਕਰੇਨ ਦਾ ਸੱਜਾ ਪਾਸਾ ਬਾਲਸ਼ਵਿਕਾਂ ਦਾ ਹੋ ਗਿਆ, ਇਥੋਂ ਦੇ ਬਹੁਤ ਸਾਰੇ ਪੋਲ-ਭੂਪਤੀ ਪੋਲੈਂਡ ਭੱਜ ਗਏ ਅਤੇ ਕੁਝ ਸੋਵੀਅਤ ਇੰਤਜ਼ਾਮੀਏ 'ਚ ਰਲ ਗਏ।

ਪੋਲੈਂਡ 'ਚ ਲਿਖਾਰੀਆਂ ਦਾ ਕਰੈਸੀ ਸਕੂਲ (ਜੁੰਡੀ) ਪੈਦਾ ਹੋਇਆ, ਜੋ ਪੋਲਿਸ਼ ਸੋਵੀਅਤ ਜੰਗ ਨੂੰ ਧਰਮ ਯੁੱਧ ਸਮਝਦਾ ਸੀ, ਇਸਾਈ ਕਿਸਾਨਾਂ ਨੂੰ ਪੂਰਬੀ ਕਾਫਿਰਾਂ ਤੋਂ ਬਚਾਉਣਾ ਸੀ, ਜੋ ਹੁਣ ਕਾਫਿਰ ਮਜ਼ਹਬੀ ਨਹੀਂ, ਵਿਚਾਰਧਾਰਾ ਦੇ ਸਨ। ਕਰੈਸੀ ਚਿੱਤਰਕਾਰੀ ਵੀ ਸ਼ੁਰੂ ਹੋਈ, ਜੋ ਨਦੀ ਨਾਲਿਆਂ ਵਾਲੇ ਪਿਛੋਕੜ ਵਿਚ ਉਪਜਾਊ ਧਰਤ 'ਤੇ ਯੁਵਤੀਆਂ ਸੁੱਤੀਆਂ ਪਈਆਂ ਹਨ।

ਸਾਲਿਵਿਚ 1914 ਵਿਚ ਖਾਰਕੋਵ ਦੇ ਕ੍ਰਿਸ਼ੀ ਇੰਸਟੀਚਿਊਟ ਵਿਚ ਦਾਖਲ ਹੋ ਗਿਆ, ਜੋ ਯੂਕਰੇਨ ਵਿਚ ਬਾਲਸ਼ਵਿਕ ਤਹਿਰੀਕ ਦਾ ਗੜ੍ਹ ਸੀ। ਸਾਲਿਵਿਚ ਆਪਣੀ ਭੋਇੰ ਭੁੱਲ ਪੋਲਿਸ਼ ਸੋਸ਼ਲਿਸਟ ਯੂਨੀਅਨ 'ਚ ਦਾਖਲ ਹੋ ਗਿਆ। ਲਾਲ ਫੌਜ ਨੇ ਉਹਦੇ ਜਮਪਲ ਇਲਾਕੇ 'ਤੇ ਕਬਜ਼ਾ ਕਰ ਲਿਆ ਤਾਂ ਇਹ ਆਪਣੇ ਗ੍ਰਾਮ 'ਚ ਸੋਵੀਅਤੇ ਰਾਜ ਸਥਾਪਤ ਕਰਨ ਲਈ ਲਾਲ ਫੌਜ ਵਿਚ ਭਰਤੀ ਹੋ ਗਿਆ ਅਤੇ ਸ਼ਵੇਤ (ਕ੍ਰਾਂਤੀ-ਵਿਰੋਧੀ) ਫੌਜ ਖਿਲਾਫ ਲੜਦਾ ਰਿਹਾ।

ਸਾਲਿਵਿਚ ਬਹੁਤ ਸੁਹਣੀ ਪੋਲਿਸ਼ ਅਤੇ ਰੂਸੀ ਲਿਖਦਾ ਸੀ। ਲਗਦਾ ਹੈ ਕਿ ਜਰਮਨ ਪੜ੍ਹ ਸਕਦਾ ਸੀ, ਸੰਭਵ ਹੈ ਕਿ ਯਿੱਡਿਸ਼ (ਯਹੂਦੀ ਭਾਸ਼ਾ) ਵੀ ਸਮਝ ਸਕਦਾ ਸੀ। ਉਹਨੇ ਰਫਲ ਛੱਡ ਕੇ ਜੋ ਕਲਮ ਧਾਰੀ ਤਾਂ ਹੋਰ ਸਾਥੀਆਂ ਵਾਂਗ ਟੁੱਟੇ, ਖਿੰਡੇ, ਅਨਪੜ੍ਹ, ਮੱਧ-ਯੁਗੀ ਲੋਕ ਦਾ ਸੁਧਾਰ ਕਰਨ ਲੱਗਾ; ਜ਼ਮੀਨ ਦਾ ਸੁਧਾਰ, ਫਸਲਾਂ ਦਾ ਤਬਾਦਲਾ, ਸਾਖਰਤਾ, ਅਰੋਗਤਾ ਅਤੇ ਸਫਾਈ।

ਭਾਸ਼ਾ ਜਾਂ ਕੌਮੀਅਤ ਦੇ ਖੁਦਮੁਖਤਾਰ ਖੰਡ ਬਣਾਉਣ ਲਈ ਜਨ ਦੀ ਕੌਮੀਅਤ ਨਿਰਧਾਰਤ ਕਰ ਕੇ ਉਨ੍ਹਾਂ ਦੀ ਗਿਣਤੀ ਕਰਨੀ ਪੈਂਦੀ ਸੀ। ਜਰਮਨਾਂ, ਯਹੂਦੀਆਂ ਦੀ ਗਿਣਤੀ ਸੌਖੀ ਸੀ, ਜੋ ਪਹਿਲੀ ਲੜਾਈ 'ਚ ਜ਼ਾਰ ਨੇ ਉਨ੍ਹਾਂ ਨੂੰ ਦੇਸ਼-ਬਦਰ ਕਰਨ ਦਾ ਹੁਕਮ ਦੇ ਦਿੱਤਾ ਸੀ। ਪੋਲ ਰੋਮਨ ਕੈਥੋਲਿਕ ਧਰਮ ਕਰਕੇ ਪਛਾਣੇ ਜਾਂਦੇ। ਬਾਕੀ ਥੋੜ੍ਹੇ ਜਾਂ ਬਹੁਤੇ ਯੂਕਰੇਨੀ ਲਗਦੇ ਸਨ, ਜਿਹਾ ਦੇਸ ਤਿਹਾ ਭੇਸ। ਨਾਲੇ ਉਨ੍ਹਾਂ ਦੀ ਬੋਲਚਾਲ ਵਿਚ ਕੇਵਲ ਆਪਣੇ ਆਪਣੇ ਪਿਛੋਕੜ ਦਾ ਆਂਸ਼ਿਕ ਉਚਾਰਨ ਸੀ। ਮੁਸ਼ਕਿਲ ਇਹ ਹੈ ਕਿ ਚਿੰਤਨੀ ਵਿਕਲਪ ਗ੍ਰਹਿਣ-ਯੋਗ ਰੂਪ ਵਿਚ ਸਨਮਾਨ 'ਚ ਦਰਸ਼ਨੀ ਨਹੀਂ ਹੁੰਦੇ। ਰਾਸ਼ਟਰ ਹੋਵੇ ਜਾਂ ਰਾਸ਼ਟਰਵਾਦੀ ਹੋਣ; ਚਿੰਤਕੀ ਰਾਸ਼ਟਰਵਾਦ ਦੇ ਤਾਂ ਕੇਵਲ 'ਰੋਸ਼ਨ ਖਿਆਲ' ਬੰਦੇ ਹੁੰਦੇ ਹਨ, ਜੋ ਪ੍ਰਤੱਖ ਰਾਸ਼ਟਰਵਾਦੀ ਨਹੀਂ ਦਿਸਦੇ। ਏਹੀ ਹਾਲ 'ਕੌਮੀਅਤ' ਦਾ ਹੈ।

ਅਜਿਹੀ ਮੁਸ਼ਕਿਲ ਏਸ਼ੀਆ 'ਚ ਉਜ਼ਬੇਕਿਸਤਾਨ ਤੁਰਕਮਿਨਸਤਾਨ 'ਚ ਆਈ, ਜੋ ਸ਼ਰੀਕੇ (ਸਾਂਝੇ) ਸਮਾਜ ਦਾ ਸ਼੍ਰੈਣਿਕ ਵਿਸ਼ਲੇਸ਼ਣ ਮੁਸ਼ਕਿਲ ਹੈ। ਊਚਤਾ, ਨੀਚਤਾ ਦਾ ਕਾਰਨ ਪੈਦਾਵਾਰ ਦਾ ਸਾਧਨ ਨਹੀਂ, ਸਗੋਂ ਪੈਦਾਵਾਰ ਦੇ ਸਾਧਨ ਊਚਤਾ ਨੀਚਤਾ 'ਤੇ ਨਿਰਭਰ ਹਨ। ਸ਼ਰੀਕੇ 'ਚ ਦੁਸ਼ਮਣੀ ਤਾਂ ਹੋ ਸਕਦੀ ਹੈ, ਪਰ ਸ਼੍ਰੈਣਿਕ ਅਨੁਭਵ ਨਹੀਂ ਹੁੰਦਾ। ਜੇ ਯੂਕਰੇਨ 'ਚ ਕੌਮੀਅਤ ਪ੍ਰਤੱਖ ਨਹੀਂ ਸੀ ਤਾਂ ਏਸ਼ੀਆ 'ਚ ਕੌਮੀਅਤ ਤਾਂ ਪ੍ਰਤੱਖ ਸੀ, ਪਰ ਸ਼੍ਰੈਣਿਕ ਸੰਘਰਸ਼ ਦ੍ਰਿਸ਼ਟਮਾਨ ਨਹੀਂ ਸੀ। 1920-22 ਵਿਚ ਲੋਕ ਆਪਣੇ ਆਪ ਨੂੰ ਪੋਲਿਸ਼ ਕਹਿਣ ਤੋਂ ਡਰਦੇ ਸਨ। ਜਿਵੇਂ ਸਾਡੇ ਹੁੰਦਾ ਹੈ ਕਿ ਕਿਸੇ ਫਿਰਕੇ ਦੀ ਗਿਣਤੀ ਹੁੰਦੀ ਹੈ ਤਾਂ ਦੂਜੇ ਫਿਰਕੇ ਨੂੰ ਆਪਣੀ ਗਿਣਤੀ ਦਾ ਫਿਕਰ ਲੱਗ ਜਾਂਦਾ ਹੈ। ਇੰਜ ਪੋਲਾਂ ਦੀ ਭਾਲ ਕਰਦੀ ਸੰਸਥਾ ਨੇ ਯੂਕਰੀਨਾਂ ਨੂੰ ਕਹਿਣ ਲਾ ਦਿੱਤਾ ਕਿ ਸਾਨੂੰ ਮੱਲੋ-ਮੱਲੀ ਪੋਲ ਬਣਾਇਆ ਜਾ ਰਿਹਾ।

**(ਬਾਕੀ ਅਗਲੇ ਸਫੇ 'ਤੇ)**

# ਖਾਲਿਸਤਾਨ ਬਾਰੇ ਕੁਝ ਸਵਾਲ

***ਸ. ਪ੍ਰੀਤਮ ਸਿੰਘ ਕੁਮੇਦਾਨ ਨੇ ਇਹ ਵਿਚਾਰ ਕੁ ਸਾਲ ਪਹਿਲਾਂ ਇਕ ਮੁਲਾਕਾਤ ਵਿਚ ਪ੍ਰਗਟਾਏ ਸਨ। ਸ. ਪ੍ਰੀਤਮ ਸਿੰਘ ਕੁਮੇਦਾਨ ਪੰਜਾਬ ਦੇ ਪਾਣੀਆਂ ਦੇ ਮਸਲੇ ਬਾਰੇ ਆਪਣੇ ਵਿਚਾਰ ਬੜੇ ਧੜੱਲੇ ਨਾਲ ਰੱਖਦੇ ਰਹੇ ਹਨ। ਇਸ ਲੇਖ ਵਿਚ ਉਨ੍ਹਾਂ ਖਾਲਿਸਤਾਨ ਦੀ ਹਕੀਕਤ ਬਾਰੇ ਵਿਚਾਰ ਸਾਂਝੇ ਕੀਤੇ ਹਨ। -ਸੰਪਾਦਕ***



**ਪ੍ਰੀਤਮ ਸਿੰਘ ਕੁਮੇਦਾਨ**
ps.kumedan@gmail.com

ਅਖਬਾਰਾਂ ਵਿਚ ਛਪੀਆਂ ਰਿਪੋਰਟਾਂ ਮੁਤਾਬਿਕ ਅਮਰੀਕਾ ਆਧਾਰਿਤ ਸੰਸਥਾ 'ਸਿੱਖਸ ਫਾਰ ਜਸਟਿਸ' ਲੰਡਨ ਵਿਚ 12 ਅਗਸਤ 2018 ਨੂੰ ਪਾਕਿਸਤਾਨ ਦੇ ਭਾਰਤ ਤੋਂ ਵੱਖ ਹੋਣ ਦੇ ਨਕਸ਼ੇ-ਕਦਮ 'ਤੇ ਖਾਲਿਸਤਾਨ ਦੀ ਪ੍ਰਾਪਤੀ ਦੇ ਉਦੇਸ਼ ਨੂੰ ਲੈ ਕੇ ਰਾਇਸ਼ੁਮਾਰੀ 'ਰੈਫਰੈਂਡਮ 2020' ਕਰ ਰਹੀ ਹੈ।

ਇਹ ਇਸ ਸੰਸਥਾ ਅਤੇ ਖਾਲਿਸਤਾਨ ਦੇ ਹੋਰ ਹਮਾਇਤੀਆਂ ਦਾ ਫਰਜ਼ ਬਣਦਾ ਹੈ ਕਿ ਉਹ ਪਹਿਲਾਂ, ਹੁਣੇ ਹੀ, ਦੁਨੀਆਂ ਭਰ ਦੇ ਸਿੱਖਾਂ ਤੇ ਹੋਰ ਲੋਕਾਂ ਨੂੰ ਆਜ਼ਾਦ ਖਾਲਿਸਤਾਨ ਰਾਜ ਦੀ ਪ੍ਰਾਪਤੀ ਤੋਂ ਮਗਰੋਂ ਖਾਲਿਸਤਾਨ ਅਤੇ ਇਸ ਦੇ ਲੋਕਾਂ ਨੂੰ ਪੇਸ਼ ਆਉਣ ਵਾਲੀਆਂ ਸੰਭਾਵੀ ਮੁਸ਼ਕਿਲਾਂ ਤੇ ਔਖਿਆਈਆਂ ਬਾਰੇ ਦੱਸਣ ਅਤੇ ਇਹ ਵੀ ਦੱਸਣ ਕਿ ਖਾਲਿਸਤਾਨ ਉਨ੍ਹਾਂ ਮੁਸ਼ਕਿਲਾਂ ਤੇ ਸਮੱਸਿਆਵਾਂ ਨੂੰ ਕਿਵੇਂ ਹੱਲ ਕਰੇਗਾ। ਫਰਜ਼ ਕਰੋ ਕਿ ਭਾਰਤ ਫੈਸਲਾ ਕਰਦਾ ਹੈ ਕਿ ਰਾਤੋ-ਰਾਤ 'ਖਾਲਿਸਤਾਨ ਹੁਣੇ ਦਿੱਤਾ ਜਾਂਦਾ ਹੈ' ਅਤੇ ਨਾਲ ਹੀ ਇਹ ਦੱਸ ਦਿੰਦਾ ਹੈ ਕਿ ਹੁਣ ਤੋਂ ਮਗਰੋਂ ਭਾਰਤ ਦਾ ਖਾਲਿਸਤਾਨ ਨਾਲ ਕੋਈ ਸਬੰਧ ਨਹੀਂ ਹੋਵੇਗਾ, ਸਭ ਗੱਲਬਾਤ ਬੰਦ, ਸਾਰੇ ਸਬੰਧ ਖਤਮ। ਖਾਲਿਸਤਾਨ ਨੇਪਾਲ ਵਾਂਗ ਸਭ ਪਾਸਿਆਂ ਤੋਂ ਘਿਰਿਆ ਅਜਿਹਾ ਮੁਲਕ ਹੋਵੇਗਾ, ਜਿਸ ਦੀ ਬਾਕੀ ਦੁਨੀਆਂ ਤੱਕ ਪਹੁੰਚ ਕੇਵਲ ਪਾਕਿਸਤਾਨ ਰਾਹੀਂ ਹੀ ਹੋ ਸਕਦੀ ਹੋਵੇਗੀ। ਭਾਰਤ ਸੰਚਾਰ ਦੇ ਸਾਰੇ ਸਾਧਨ, ਸੜਕਾਂ, ਰੇਲ, ਟੈਲੀਫੋਨ, ਇਥੋਂ ਤੱਕ ਕਿ ਹਵਾਈ ਸੰਪਰਕ ਵੀ ਬੰਦ ਕਰ ਦਿੰਦਾ ਹੈ। ਬਾਰਡਰ ਸੀਲ, ਵੀਜ਼ਾ ਸਿਸਟਮ ਲਾਗੂ ਹੋ ਜਾਂਦਾ ਹੈ।

**ਸੰਭਾਵੀ ਮੁਸ਼ਕਿਲਾਂ ਅਤੇ ਸਮੱਸਿਆਵਾਂ**

ਸਭ ਤੋਂ ਪਹਿਲੀਆਂ ਚੀਜ਼ਾਂ ਜਿਨ੍ਹਾਂ ਬਾਰੇ ਭਾਰਤ ਅਤੇ ਖਾਲਿਸਤਾਨ ਸਰਕਾਰਾਂ ਨੂੰ ਫੈਸਲਾ ਕਰਨਾ ਪਵੇਗਾ, ਉਹ ਇਹ ਹੋਣਗੀਆਂ:

**ਇਲਾਕਾਈ ਵੰਡ:** ਹਿੰਦੂ ਬਹੁਗਿਣਤੀ ਵਾਲੇ ਜਿਲੇ ਤੇ ਤਹਿਸੀਲਾਂ ਵਿਚੋਂ ਜਲੰਧਰ, ਹੁਸ਼ਿਆਰਪੁਰ, ਨਵਾਂ ਸ਼ਹਿਰ, ਪਠਾਨਕੋਟ ਤੇ ਫਾਜ਼ਿਲਕਾ ਜਿਲੇ ਅਤੇ ਅਨੰਦਪੁਰ ਤੇ ਨੰਗਲ ਤਹਿਸੀਲਾਂ ਭਾਰਤ ਨੂੰ ਮਿਲਣਗੇ। ਬਾਕੀ ਰਹਿੰਦਾ ਪੰਜਾਬ ਖਾਲਿਸਤਾਨ ਨੂੰ ਮਿਲ ਜਾਵੇਗਾ। ਨਹਿਰੀ ਹੈੱਡਵਰਕਸ ਅਤੇ ਹਾਈਡਲ ਪਾਵਰ ਪ੍ਰਾਜੈਕਟ, ਜੋ ਇਨ੍ਹਾਂ ਇਲਾਕਿਆਂ ਵਿਚ ਸਥਿਤ ਹਨ, ਭਾਰਤ ਨੂੰ ਮਿਲ ਜਾਣਗੇ। ਰੋਪੜ ਤੇ ਹਰੀਕੇ ਹੈੱਡਵਰਕਸ ਖਾਲਿਸਤਾਨ ਨੂੰ ਮਿਲਣਗੇ। ਕੋਈ ਹਾਈਡਲ ਪਾਵਰ ਹਾਊਸ ਖਾਲਿਸਤਾਨ ਵਿਚ ਨਹੀਂ ਹੋਵੇਗਾ।

**ਵੰਡ ਦਾ ਢੰਗ-ਤਰੀਕਾ:** ਇਹ ਪਾਕਿਸਤਾਨ ਦੀ ਤਰਜ਼ 'ਤੇ ਹੋ ਸਕਦੀ ਹੈ, ਜਦੋਂ ਦੋਹਾਂ ਪਾਸਿਆਂ ਤੋਂ ਦਸ ਲੱਖ ਲੋਕ ਮਾਰੇ ਗਏ ਸਨ, ਲੱਖਾਂ ਔਰਤਾਂ ਅਗਵਾ ਕੀਤੀਆਂ ਗਈਆਂ ਸਨ ਅਤੇ ਉਨ੍ਹਾਂ ਨਾਲ ਬਲਾਤਕਾਰ ਕੀਤੇ ਗਏ ਸਨ। ਬਹੁਤ ਸਾਰੀ ਜਾਇਦਾਦ ਅਤੇ ਹੋਰ ਨੁਕਸਾਨ ਹੋਏ ਸਨ। ਹੁਣ ਮਰਜ਼ੀ ਖਾਲਿਸਤਾਨੀਆਂ ਦੀ ਹੈ। ਜੇ ਸ਼ਾਂਤੀਪੂਰਨ ਤਬਾਦਲੇ ਦੀ ਵੀ ਕਲਪਨਾ ਕੀਤੀ ਜਾਂਦੀ ਹੈ, ਕੀ ਕੋਈ ਜਣਾ ਗਾਰੰਟੀ ਦੇ ਸਕਦਾ ਹੈ ਕਿ ਇਹ ਵੰਡ ਤੇ ਰਾਹਾਂ ਦਾ ਅੱਡ-ਅੱਡ ਹੋਣਾ ਹਿੰਸਕ ਨਹੀਂ ਹੋਵੇਗਾ ਅਤੇ ਦੋਹਾਂ ਸਰਕਾਰਾਂ ਦੀਆਂ ਸਰਬੋਤਮ ਕੋਸ਼ਿਸ਼ਾਂ ਦੇ ਬਾਵਜੂਦ ਇਹ ਹਿੰਸਕ ਤੇ ਸਰਕਾਰ ਦੇ ਕੰਟਰੋਲ ਤੋਂ ਬਾਹਰ ਨਹੀਂ ਹੋ ਜਾਵੇਗਾ?

**ਆਬਾਦੀ ਦਾ ਆਦਾਨ-ਪ੍ਰਦਾਨ:** ਜੇ ਇਥੇ ਆਬਾਦੀ ਦਾ ਆਦਾਨ-ਪ੍ਰਦਾਨ ਹੋਣਾ ਹੈ, ਜਿਵੇਂ ਪਾਕਿਸਤਾਨ ਦੇ ਮਾਮਲੇ ਵਿਚ ਹੋਇਆ ਸੀ, 50 ਲੱਖ, ਜ਼ਿਆਦਾਤਰ ਰੱਜੇ ਪੁੱਜੇ, ਸਿੱਖਾਂ ਨੂੰ ਅਥਾਹ ਜਾਇਦਾਦ ਅਤੇ ਸੰਪਤੀ ਭਾਰਤ 'ਚ ਛੱਡ ਕੇ ਖਾਲਿਸਤਾਨ ਵੱਲ ਪਰਵਾਸ ਕਰਨਾ ਪੈ ਸਕਦਾ ਹੈ। ਬਰਾਬਰ ਦੀ ਹਿੰਦੂਆਂ ਦੀ ਗਿਣਤੀ, ਬਹੁਤੇ ਕੰਮਕਾਰੀ ਵਰਗ ਦੇ ਹਰੀਜਨ ਹਿੰਦੂਆਂ ਅਤੇ ਮਜ਼ਦੂਰਾਂ ਨੂੰ ਭਾਰਤ ਜਾਣਾ ਪਵੇਗਾ ਤੇ ਭਾਰਤ ਵਿਚ ਅਮੀਰ ਸਿੱਖਾਂ ਦੁਆਰਾ ਛੱਡੇ ਮਕਾਨਾਂ 'ਤੇ ਕਬਜ਼ਾ ਕਰਨਾ ਪਵੇਗਾ, ਜਿਵੇਂ 1947 ਦੀ ਵੰਡ ਵੇਲੇ ਹੋਇਆ ਸੀ।

ਇੱਥੇ ਭਾਵੇਂ ਹੋਰ ਵੀ ਬਹੁਤ ਸਾਰੀਆਂ ਗੱਲਾਂ, ਸਮੱਸਿਆਵਾਂ ਅਤੇ ਮੁਸ਼ਕਿਲਾਂ ਬਾਰੇ ਦੱਸਣ ਦੀ ਲੋੜ ਹੈ, ਪਰ ਉਨ੍ਹਾਂ ਸੈਂਕੜੇ ਮੁਸ਼ਕਿਲਾਂ ਤੇ ਸਮੱਸਿਆਵਾਂ ਨੂੰ ਪਾਸੇ ਛੱਡ ਕੇ ਅਸੀਂ ਸੰਪਤੀਆਂ ਅਤੇ ਦੇਣਦਾਰੀਆਂ ਦੀ ਵੰਡ ਤੇ ਹੋਰ ਅਜਿਹੀਆਂ ਮਹੱਤਵਪੂਰਨ ਸਮੱਸਿਆਵਾਂ ਬਾਰੇ ਗੱਲਦੇ ਹਾਂ।

ਭਾਰਤ ਸਾਰੇ ਸਿੱਖਾਂ ਨੂੰ ਸੈਨਾ, ਏਅਰਫੋਰਸ, ਕੇਂਦਰੀ ਪੁਲਿਸ ਬਲਾਂ ਅਤੇ ਅਜਿਹੀਆਂ ਹੋਰ ਸੇਵਾਵਾਂ ਸਮੇਤ ਕੇਂਦਰੀ ਸੇਵਾਵਾਂ ਤੋਂ ਮੁਕਤ ਕਰ ਦਿੰਦਾ ਹੈ ਤੇ ਉਨ੍ਹਾਂ ਨੂੰ ਖਾਲਿਸਤਾਨ ਜਾਣ ਲਈ ਕਹਿ ਦਿੰਦਾ ਹੈ। ਖਾਲਿਸਤਾਨ ਨੂੰ ਏਅਰ ਫੋਰਸ ਸਮੇਤ ਸਾਰੇ ਮਿਲਟਰੀ ਸਟੋਰਾਂ ਵਿਚੋਂ ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਵਿਚੋਂ ਕਰੀਬ 1% ਹਿੱਸਾ ਮਿਲਦਾ ਹੈ। ਸਿਰਫ ਇੱਕੋ ਹਲਵਾਰਾ ਦਾ ਹਵਾਈ ਅੱਡਾ ਹੀ ਖਾਲਿਸਤਾਨ ਵਿਚ ਰਹਿੰਦਾ ਹੈ।

**ਹਾਈਡਲ ਬਿਜਲੀ:** ਭਾਖੜਾ, ਪੌਂਗ, ਦੇਹਰ ਜੋਗਿੰਦਰ ਨਗਰ ਪਹਿਲਾਂ ਹੀ ਭਾਰਤ ਵਿਚ ਹੋਣਗੇ। ਇਲਾਕਾਈ ਤਬਾਦਲੇ ਨਾਲ ਥੀਨ ਡੈਮ, ਅਨੰਦਪੁਰ ਸਾਹਿਬ, ਹਾਈਡਲ ਚੈਨਲ, ਕੋਟਲਾ, ਗੰਗੂਵਾਲ, ਮੁਕੇਰੀਆਂ ਵੀ ਭਾਰਤ ਨੂੰ ਚਲੇ ਜਾਂਦੇ ਹਨ।

**ਥਰਮਲ ਬਿਜਲੀ:** ਸਾਰੇ ਥਰਮਲ ਪਾਵਰ ਸਟੇਸ਼ਨ ਖਾਲਿਸਤਾਨ ਵਿਚ ਰਹਿੰਦੇ ਹਨ, ਪਰ ਭਾਰਤ ਕੋਲੇ ਦੀ ਸਪਲਾਈ ਬੰਦ ਕਰ ਦਿੰਦਾ ਹੈ। ਕੋਲੇ ਦੀ ਦਰਾਮਦ ਸੰਭਵ ਨਹੀਂ ਹੋਵੇਗੀ। ਖਾਲਿਸਤਾਨ ਵਿਚਲੇ ਸਾਰੇ ਥਰਮਲ ਪਲਾਂਟ ਕੋਲੇ ਦੀ ਉਪਲਬਧੀ ਨਾ ਹੋਣ ਕਾਰਨ ਬੰਦ ਹੋ ਜਾਣਗੇ।

**ਨਤੀਜਾ:** ਟਿਊਬਵੈੱਲ ਚਲਾਉਣ ਲਈ ਬਿਜਲੀ ਨਹੀਂ ਹੋਵੇਗੀ, ਖਾਲਿਸਤਾਨ ਦੇ ਸਾਰੇ ਟਿਊਬਵੈੱਲ ਨਾਕਾਮ; ਨਾ ਘਰਾਂ ਲਈ ਬਿਜਲੀ ਹੋਵੇਗੀ, ਨਾ ਪੱਖੇ, ਨਾ ਏਅਰਕੰਡੀਸ਼ਨਰ, ਨਾ ਫਰਿੱਜ, ਨਾ ਫੈਕਟਰੀਆਂ ਚਲਾਉਣ ਲਈ ਬਿਜਲੀ। ਖਾਲਿਸਤਾਨ ਵਿਚ ਸਾਰੇ ਨਿਰਮਾਣ ਰੁਕ ਜਾਣਗੇ। ਖਾਲਿਸਤਾਨ ਦੇ ਜਸ਼ਨ ਮਨਾਉਣ ਲਈ ਵੀ ਬਿਜਲੀ ਨਹੀਂ ਹੋਵੇਗੀ।

**ਉਦਯੋਗ:** ਫੈਕਟਰੀਆਂ ਚਲਾਉਣ ਲਈ ਕੋਈ ਬਿਜਲੀ ਨਹੀਂ, ਕੋਈ ਡੀਜ਼ਲ ਨਹੀਂ ਹੋਵੇਗਾ। ਸਾਰੇ ਨਿਰਮਾਣ ਰੁਕ ਜਾਣਗੇ। ਫੈਕਟਰੀਆਂ ਬੰਦ ਹੋ ਜਾਣਗੀਆਂ। ਮਜ਼ਦੂਰ ਘਰਾਂ ਨੂੰ ਚਲੇ ਜਣਗੇ। ਸ਼ੂਗਰ ਮਿੱਲਾਂ ਕੰਮ ਕਰਨਾ ਬੰਦ ਕਰ ਦੇਣਗੀਆਂ। ਗੰਨੇ ਦੀ ਫਸਲ ਖੇਤਾਂ ਵਿਚ ਸੜ ਜਾਵੇਗੀ। ਨਾਜਾਇਜ਼ ਸ਼ਰਾਬ ਬਣਾਉਣ ਲਈ ਬਹੁਤ ਸਾਰਾ ਗੁੜ ਨਹੀਂ ਹੋਵੇਗਾ। ਲੁਧਿਆਣੇ ਦਾ ਸਾਈਕਲ ਉਦਯੋਗ, ਹੌਜ਼ਰੀ ਉਦਯੋਗ ਬੰਦ ਹੋ ਜਾਣਗੇ। ਕੱਚੇ ਮਾਲ ਦੀ ਕੋਈ ਦਰਾਮਦ ਨਹੀਂ ਹੋਵੇਗੀ ਅਤੇ ਪਹਿਲਾਂ ਤੋਂ ਇਕੱਠੇ ਹੋਏ ਸਟਾਕਾਂ ਦੀ ਕੋਈ ਬਰਾਮਦ ਨਹੀਂ ਹੋਵੇਗੀ।

**ਆਵਾਜਾਈ:** ਭਾਰਤ ਸਾਰੇ ਟਰੱਕਾਂ, ਸਿੱਖ ਟਰਾਂਸਪੋਰਟ ਮਾਲਕਾਂ ਅਤੇ ਟਰੱਕ ਡਰਾਈਵਰਾਂ ਨੂੰ ਵਾਪਸ ਖਾਲਿਸਤਾਨ ਭੇਜ ਦੇਵੇਗਾ। ਸੜਕਾਂ 'ਤੇ ਲੱਖਾਂ ਟਰੱਕ ਹੋਣਗੇ, ਪਾਰਕਿੰਗ ਲਈ ਕੋਈ ਜਗ੍ਹਾ ਉਪਲਬਧ ਨਹੀਂ ਹੋਵੇਗੀ। ਟਰੱਕ ਚਲਾਉਣ ਲਈ ਕੋਈ ਡੀਜ਼ਲ ਨਹੀਂ। ਬੱਸਾਂ ਚਲਾਉਣ ਲਈ ਕੋਈ ਡੀਜ਼ਲ ਨਹੀਂ। ਕਾਰਾਂ, ਸਕੂਟਰ ਆਦਿ ਚਲਾਉਣ ਲਈ ਪੈਟਰੋਲ ਨਹੀਂ ਹੋਵੇਗਾ। ਸਾਰੀ ਸੜਕੀ ਆਵਾਜਾਈ ਖੜ੍ਹੀ ਹੋ ਜਾਵੇਗੀ। ਇੱਥੋਂ ਤੱਕ ਕਿ ਦਫਤਰਾਂ ਵਿਚ ਜਾਣ ਲਈ ਵੀ ਵਾਹਨ ਨਹੀਂ ਹੋਣਗੇ। ਲੋਕ ਘਰਾਂ ਵਿਚ ਵਿਹਲੇ ਬੈਠਣਗੇ। ਟੈਲੀਵਿਜ਼ਨ, ਪੱਖੇ ਅਤੇ ਹੋਰ ਘਰੇਲੂ ਕੰਮਾਂ ਲਈ ਬਿਜਲੀ ਨਹੀਂ ਹੋਵੇਗੀ।

**ਸਿੰਜਾਈ:** ਸਿੰਜਾਈ ਲਈ ਕੋਈ ਪਾਣੀ ਉਪਲਬਧ ਨਹੀਂ ਹੋਣਾ। ਪਹਿਲਾਂ ਤੋਂ ਬੀਜੀਆਂ ਫਸਲਾਂ ਸੁੱਕੀਆਂ ਜਾਣਗੀਆਂ। ਨਾ ਕਿਸੇ ਨਵੀਂ ਫਸਲ ਦੀ ਬਿਜਾਈ ਹੋਵੇਗੀ, ਕਿਉਂਕਿ ਨਾ ਪਾਣੀ, ਨਾ ਟਰੈਕਟਰ, ਨਾ ਟਿਊਬਵੈੱਲ, ਨਾ ਡੀਜ਼ਲ ਹੋਣਾ ਹੈ। ਭਾਰਤ ਮਾਧੋਪੁਰ ਹੈੱਡਵਰਕਸ, ਨੰਗਲ, ਪੌਂਗ ਆਦਿ ਤੋਂ ਨਹਿਰੀ ਪਾਣੀ ਦੀ ਸਪਲਾਈ ਬੰਦ ਕਰ ਦੇਵੇਗਾ; ਜਿਵੇਂ ਅਸੀਂ ਪਹਿਲੀ ਅਪਰੈਲ 1948 ਨੂੰ ਅੱਪਰ ਬਾਰੀ ਦੁਆਬ ਅਤੇ ਦਿਪਾਲਪੁਰ ਨਹਿਰਾਂ ਬੰਦ ਕਰ ਕੇ ਪਾਕਿਸਤਾਨ ਨਾਲ ਕੀਤਾ ਸੀ।

**ਅਨਾਜ:** ਪੰਜਾਬ ਬਾਕੀ ਭਾਰਤ ਨੂੰ ਅਨਾਜ ਸਪਲਾਈ ਕਰਨ ਵਿਚ ਮਾਣ ਮਹਿਸੂਸ ਕਰਦਾ ਹੈ। ਪੰਜਾਬ ਹਰ ਸਾਲ ਕੇਂਦਰੀ ਭੰਡਾਰ ਵਿਚ ਕਰੀਬ 3 ਕਰੋੜ ਟੰਨ ਕਣਕ ਅਤੇ ਝੋਨੇ ਦਾ ਯੋਗਦਾਨ ਪਾਉਂਦਾ ਹੈ। ਭਾਰਤ ਖਰੀਦਣ ਤੋਂ ਇਨਕਾਰ ਕਰ ਦੇਵੇਗਾ। ਫਿਰ ਕੋਈ ਖਰੀਦਦਾਰ ਨਹੀਂ ਹੋਵੇਗਾ। ਅਗਲੇ ਸਾਲ ਅਨਾਜ ਵੇਚਣ ਦੀ ਕੋਈ ਸਮੱਸਿਆ ਨਹੀਂ, ਕਿਉਂਕਿ ਖਾਲਿਸਤਾਨ ਵਿਚ ਕੋਈ ਦਾਣਾ ਨਹੀਂ ਉੱਗੇਗਾ।

**ਜਲ ਸਪਲਾਈ:** ਸ਼ਹਿਰੀ ਅਤੇ ਦਿਹਾਤੀ ਖੇਤਰਾਂ ਵਿਚ ਸਿਸਟਮ ਚੌਪਟ ਹੋ ਜਾਵੇਗਾ, ਕਿਉਂਕਿ ਬਿਜਲੀ ਦੀ ਅਣਹੋਂਦ ਵਿਚ ਸਾਰੇ ਟਿਊਬਵੈੱਲ ਕੰਮ ਕਰਨਾ ਬੰਦ ਕਰ ਦੇਣਗੇ। ਖੂਹ ਅਤੇ ਨਲਕੇ ਸਾਰੇ ਪੰਜਾਬ ਵਿਚ ਪਾਣੀ ਦੇ ਸਥਲ ਬਹੁਤ ਥੱਲੇ ਚਲੇ ਜਾਣ ਕਾਰਨ ਪਹਿਲਾਂ ਹੀ ਬੇਕਾਰ ਹੋਏ ਪਏ ਹਨ। ਨਹਿਰਾਂ ਸੁੱਕੀਆਂ ਹਨ। ਸਾਰੇ ਪੰਜਾਬ ਵਿਚ ਪੀਣ ਵਾਲਾ ਪਾਣੀ ਮਿਲਦਾ ਨਹੀਂ। ਸਾਰੇ ਪੰਜਾਬ ਵਿਚ ਪਾਣੀ ਦੀ ਸਪਲਾਈ ਦਾ ਇੱਕੋ-ਇੱਕ ਸਰੋਤ ਟਿਊਬਵੈਲ ਦਾ ਪਾਣੀ ਹੈ ਤੇ ਸਾਰੇ ਰਾਜ 'ਚ ਪਾਣੀ ਦੇ ਸਥਲ ਬਹੁਤ ਹੇਠਾਂ ਚਲੇ ਜਾਣ ਕਾਰਨ ਰਾਜ 'ਚ ਇਕ ਵੀ ਖੂਹ ਜਾਂ ਨਲਕਾ ਕੰਮ ਨਹੀਂ ਕਰ ਰਿਹਾ।

**ਪਾਕਿਸਤਾਨ ਨਾਲ ਸਬੰਧ:** ਖਾਲਿਸਤਾਨ ਨਾਲ ਚੰਗੇ ਸਬੰਧ ਰੱਖਣ ਵਾਲਾ ਸਿਰਫ ਇਕ ਹੀ ਦੇਸ਼ ਪਾਕਿਸਤਾਨ ਹੋਵੇਗਾ, ਜਿਸ ਦੀ ਸਹਾਇਤਾ 'ਤੇ ਖਾਲਿਸਤਾਨ ਨੂੰ ਨਿਰਭਰ ਕਰਨਾ ਪਏਗਾ। ਪਾਕਿਸਤਾਨ ਪਹਿਲਾਂ ਹੀ ਹਰ ਮੁਹਾਜ਼ 'ਤੇ ਆਪਣੀਆਂ ਮੁਸ਼ਕਿਲਾਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਮਦਦ ਕਰਨ ਤੋਂ ਇਨਕਾਰ ਕਰ ਸਕਦਾ ਹੈ। ਉਹ ਖਾਲਿਸਤਾਨ ਨੂੰ ਕੋਈ ਸਹਾਇਤਾ ਦੇਣ ਦੇ ਯੋਗ ਨਹੀਂ।

**ਸਿੱਖਸ ਫਾਰ ਜਸਟਿਸ ਨੂੰ ਬੇਨਤੀ:** ਕਿਰਪਾ ਕਰ ਕੇ ਕਿਸੇ ਇਕ ਵੀ ਔਖਿਆਈ ਦਾ ਹੱਲ ਦੱਸੋ ਜਾਂ ਫਿਰ ਇਹ ਤਮਾਸ਼ਾ ਬੰਦ ਕਰ ਦਿਉ ਅਤੇ ਆਪਣੇ ਗੁਰੂਆਂ ਕੋਲੋਂ ਮੁਆਫੀ ਮੰਗ ਲਉ, ਜਿਵੇਂ ਅਸੀਂ ਰੋਜ਼ ਅਰਦਾਸ ਕਰਦੇ ਹਾਂ: 'ਅਬ ਕੀ ਬਾਰ ਬਖਸਿ ਬੰਦੇ ਕਉ' ਅਤੇ ਮੁੜ ਕਦੇ ਉਵੇਂ ਨਾ ਕਹਿਉ। ਅਮਰੀਕਾ ਪਰਤਣ 'ਤੇ ਸਾਰੀ ਦੁਨੀਆਂ ਨੂੰ ਦੱਸੋ, ਜਿਵੇਂ ਕਬੀਰ ਸਾਹਿਬ ਗੁਰਬਾਣੀ 'ਚ ਆਖਦੇ ਹਨ, "ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰ ਸਕੈ ਸਰੀਰੁ॥"

# ਸਿੱਖ ਸਿਆਸਤ ਦੀ ਵੰਗਾਰ

*(ਪਿਛਲੇ ਸਫੇ ਦੀ ਬਾਕੀ)*

ਕਰੈਸੀ ਵਿਚ ਪੁਲਿਸ ਨੇ ਮਾਮਲਾ ਤੈਅ ਕੀਤਾ, ਜੋ ਭਾਸ਼ਾ ਤੋਂ ਵੱਧ ਦੇਸ਼ ਦੀ ਸੁਰੱਖਿਆ ਦੀ ਗੱਲ ਹੈ, ਪਰ ਫੈਸਲਾ ਪੋਲਾਂ ਦੇ ਹੱਕ ਵਿਚ ਸੀ।

1923 ਵਿਚ ਯੂਕਰੇਨ ਵਿਚ 90 ਹਜ਼ਾਰ ਪੋਲ ਸਨ, ਜੋ 1925 ਵਿਚ 3 ਲੱਖ 9 ਹਜ਼ਾਰ ਹੋ ਗਏ। ਇਹ ਸੋਵੀਅਤ ਰਿਆਸਤ ਦੇ 1922 ਦੇ ਕੌਮੀਅਤ ਦੀ ਖੁਦਮੁਖਤਾਰ ਖੰਡਾਂ ਦੇ ਹੁਕਮ ਦੀ ਪਾਲਣਾ ਦਾ ਨਤੀਜਾ ਸੀ। 1927 ਵਿਚ ਜੰਗ ਦਾ ਖਤਰਾ ਸੀ, ਜੋ ਪੱਛਮੀ ਯੂਕਰੇਨ ਵਿਚ ਕੌਮੀਅਤਾਂ 'ਤੇ ਭਰੋਸੇ ਦਾ ਫਿਕਰ ਖੜ੍ਹਾ ਹੋ ਗਿਆ।

1932 ਵਿਚ ਕ੍ਰਿਸਾਨ ਕ੍ਰਿਸ਼ੀ ਦੇ ਸਮੂਹਿਕ ਕਾਰਜ ਦੀ ਰਾਸ਼ਟਰੀ ਔਸਤ 58.8 ਫੀਸਦੀ ਸੀ। ਮਾਰਸ਼ਲੈਵਿਸਕ ਦੀ ਸਿਰਫ 7 ਫੀਸਦੀ। 1933-34 ਵਿਚ ਹੋਰ ਕੌਮੀਅਤੀ ਖੰਡਾਂ ਵਿਚ ਮਾਲ ਡੰਗਰ ਵਿਚ ਵਾਧਾ ਹੋਇਆ; ਮਾਰਸ਼ਲੈਵਿਸਕ ਦੇ ਘੋੜੇ, ਸੂਰ, ਭੇਡਾਂ 40 ਫੀਸਦੀ ਘਟ ਗਏ।

1934 ਵਿਚ ਇਥੋਂ ਦੇ 1789 ਟੱਬਰ ਸਰਕਾਰੀ ਕਾਗਜ਼ਾਂ ਜਾਂ ਪਾਸਪੋਰਟਾਂ ਬਿਨਾ ਹੀ ਭੱਜ ਗਏ। ਜੋ 1930-35 ਵਿਚਕਾਰ 1500 ਤੋਂ ਵੱਧ ਟੱਬਰ 'ਵਿਸ਼ੇਸ਼' 'ਦੁਸ਼ਮਣ ਰਵੱਈਏ' ਕਾਰਨ ਖੰਡ ਬਦਰ ਕੀਤੇ ਗਏ। ਇਕ ਤਰੀਕੇ ਕਿਹਾ ਜਾ ਸਕਦਾ ਹੈ, ਇਨਕਲਾਬੀ ਖੜੋਤ ਸਦਕਾ ਸਦੀਆਂ ਦੇ ਪਛੜੇਪਨ ਦੀ ਚੜ੍ਹਤ ਹੋ ਗਈ। 1936 ਵਿਚ 1500 ਪੋਲਿਸ਼, ਜਰਮਨ ਟੱਬਰਾਂ ਨੂੰ ਕਜ਼ਾਖਿਸਤਾਨ ਜਲਾਵਤਨ ਕਰ ਦਿੱਤਾ। 1935 ਮਗਰੋਂ ਮਾਰਸ਼ਲੈਵਿਸਕ ਦੀ ਹੋਂਦ ਮੁੱਕ ਗਈ, ਜੋ ਇਹਦੀ ਆਯੂ ਕੋਈ ਦਸ ਸਾਲ ਹੀ ਰਹੀ। ਸਾਲਿਵਿਚ ਨੂੰ 1935 ਵਿਚ ਪਾਰਟੀ ਵਿਚੋਂ ਕੱਢ ਦਿੱਤਾ ਗਿਆ, ਜੋ 1937 ਵਿਚ ਫਾਂਸੀ ਲੱਗਿਆ।

ਰੁਮਾਨੀਆ ਨਾਲ ਲਗਦੇ ਮੋਲਦੋਵਾ ਵਿਚ ਜਰਮਨ ਕੌਮੀਅਤ ਨੂੰ ਕੋਈ ਮੁਸ਼ਕਿਲ ਨਹੀਂ ਆਈ, ਕਿਉਂ ਜੋ ਦੁਸ਼ਮਣ ਦੇਸ਼ ਦੀ ਹੱਦ ਨਾਲ ਨਹੀਂ ਲਗਦੀ ਸੀ, ਜੋ ਉਨ੍ਹਾਂ ਤੋਂ ਰਾਸ਼ਟਰ ਦੀ ਸੁਰੱਖਿਆ ਨੂੰ ਕੋਈ ਖਤਰਾ ਨਹੀਂ ਸੀ। ਰਾਸ਼ਟਰੀ ਸੁਰੱਖਿਆ ਅਧੀਨ ਸਰਕਾਰ ਅਪਵਾਦ ਨੂੰ ਹੀ ਨਿਆਂ ਬਣਾ ਲੈਂਦੀ ਹੈ, ਜੋ ਸ਼ਹਿਰੀ ਕਾਨੂੰਨੀ ਆਜ਼ਾਦੀਆਂ ਦਾ ਹੱਕ ਅਮਲੀ ਤੌਰ 'ਤੇ ਖਤਮ ਹੋ ਜਾਂਦਾ ਹੈ।

---

ਕਰਤਾਰਪੁਰ ਗੁਰਦੁਆਰੇ ਦੀ ਸਥਾਪਤੀ ਅਤੇ ਪਾਕਿਸਤਾਨ ਵਿਚ ਪੰਜਾਬੀ ਦੇ ਵਿਕਾਸ ਨੇ ਸਿੱਖਾਂ 'ਚ ਪਾਕਿਸਤਾਨ ਨਾਲ ਵੈਰ-ਭਾਵ ਨੂੰ ਆਪਣੇ ਰਾਜਸੀ ਚਿੰਤਨ ਦਾ ਨਵਾਂ ਵਿਸ਼ਾ ਪੇਸ਼ ਕੀਤਾ ਹੈ। ਕੀ ਧਰਮ, ਕੀ ਭਾਸ਼ਾ ਕਰ ਕੇ ਸਿੱਖ ਅਵਲੋਕਨ (ਵੀਜ਼ਨ) 'ਚ ਵੈਰ ਨਾਲੋਂ ਸੁਲ੍ਹਾ ਵੱਧ ਸੁਮੁੱਲ ਹੈ। ਕਈਆਂ ਨੂੰ ਇਹ ਗੱਲ ਨਾ-ਪਸੰਦ ਹੋਵੇ, ਕਿਸੇ ਨੂੰ ਕੀ ਗਿਲਾ ਹੋ ਸਕਦਾ ਹੈ। ਵਿਚਾਰ ਤੇ ਮਤਭੇਦ ਕਿੰਨੇ ਵੀ ਹੋਣ, ਜਿਵੇਂ ਵਾਰਿਸ ਕਹਿੰਦਾ ਹੈ,

ਸੰਖ ਮੁੱਲਾਂ ਨੂੰ ਬਾਂਗ ਜਿਓ ਬਾਹਮਨਾਂ ਨੂੰ
ਜਿਵੇਂ ਸੰਖੀਆ ਹੁੰਦਾ ਹੈ ਚੂਹਿਆਂ ਨੂੰ।
ਪਰ ਵਿਹਾਰ ਤਾਂ
ਘੁਗ ਵਸਦਿਆਂ ਜੇਡ ਨਾ ਭਲਾ ਕੋਈ
ਬੁਰਾ ਕੰਮ ਨਾ ਕੋਈ ਫਤੂਰ ਜੇਹਾ।

ਸਿੱਖ ਸਿਆਸਤ ਦੇ ਨਵੇਂ ਮੋੜ ਤੋਂ ਮੈਂ ਫੌਰੀ ਲਾਹਾ ਲੈਂਦਾ ਹਾਂ, ਜੋ ਮੈਨੂੰ ਪੰਜਾਬੀ ਭਾਸ਼ਾ ਬਾਰੇ ਭੋਰਾ-ਭਰ ਹੋਰ ਗੱਲ ਕਰਨ ਨੂੰ ਕਹਿੰਦਾ ਹੈ। ਜੇ ਇਤਿਹਾਸਕ ਤੌਰ 'ਤੇ ਦੇਵਨਾਗਰੀ ਹਿੰਦੂ ਧਰਮ ਦਾ ਅੰਗ ਹੈ, ਜਾਂ ਉਰਦੂ ਫਾਰਸੀ ਲਿਪੀ ਇਸਲਾਮੀ ਹੈ, ਸਿੱਖਾਂ ਦੀ ਗੁਰਮੁਖੀ ਧਾਰਮਿਕ ਹੈ ਤਾਂ ਪੰਜਾਬੀ ਪ੍ਰੇਮੀਆਂ ਨੂੰ ਤਿੰਨੇ ਲਿਪੀਆਂ ਮਨਜ਼ੂਰ-ਇ-ਨਜ਼ਰ ਹੋਣੀਆਂ ਚਾਹੀਦੀਆਂ ਹਨ, ਜੋ ਮੌਕੇ ਤੋਂ ਪਹਿਲਾਂ ਦੱਸਣ ਵਾਲੀ ਗੱਲ ਹੈ। 2020 ਤੋਂ ਐਮ. ਏ. ਪੰਜਾਬੀ 'ਚ ਦਾਖਲਾ ਉਨ੍ਹਾਂ ਵਿਦਿਆਰਥੀਆਂ ਨੂੰ ਮਿਲਣਾ ਹੈ, ਜੋ ਤਿੰਨੇ ਸਕਰਿਪਟ (ਲਿਪੀਆਂ) ਜਾਣਦੇ ਹੋਣ। ਸਾਡੇ ਨਾਲ ਜੱਗੋਂ ਤੇਰ੍ਹਵੀਂ ਨਹੀਂ ਹੋਈ। ਪੀਰੂ ਨੂੰ ਵੀ ਆਪਣੇ ਵਾਂਪੀ ਆਦਿਵਾਸੀਆਂ ਦੀ ਖੁਦਮੁਖਤਾਰੀ ਦਾ ਫਿਕਰ ਲੱਗਿਆ ਹੈ, ਕਿਉਂਕਿ ਇਕੁਆਡੋਰ ਅਤੇ ਬੋਲੀਵੀਆ ਵਿਚ ਵੀ ਵਾਂਪੀ ਹਨ।

ਸੀਮਾ-ਪਾਰ ਨਸਲੀ ਸਬੰਧਾਂ ਦਾ ਕੋਈ ਪੱਕਾ ਸੁਭਾਉ ਨਹੀਂ ਹੁੰਦਾ। ਔਖ-ਗ੍ਰਸਤ ਸੋਵੀਅਤ ਸੰਘ ਵਿਚ ਕੌਮੀਅਤ ਦਾ ਵੇਰਵਾ ਪ੍ਰਤਿ-ਪਰਵਾਸ ਦਾ ਟਿਕਟ ਬਣਨ ਲੱਗਿਆ। 1929 'ਚ ਪੋਲਿਨ, ਜਰਮਨ ਖੁਦਮੁਖਤਾਰ ਖੰਡ ਵਿਚ ਖੁੱਲ੍ਹਮ ਖੁੱਲ੍ਹਾ ਪ੍ਰਤਿ-ਪਰਵਾਸ ਦਾ ਹੱਕ ਜਤਾਇਆ ਗਿਆ। ਸਰਕਾਰ ਇਸ ਉਦਮ ਦੇ ਖਿਲਾਫ ਸੀ, ਜੋ ਇਹਨੂੰ ਸਰਮਾਏਦਾਰੀ ਦੀ ਹਮਾਇਤ ਸਮਝਦੀ ਸੀ। ਜੋ 1930 'ਚ ਸਮੁੱਚ-ਕਰਮਨ (ਸਮੂਹਿਕ) ਦਾ ਦਬਾਉ ਵਧਿਆ, ਉਹ ਵਹੀਰਾਂ ਘੱਤ ਕੇ ਪੋਲਿਸ਼ ਬਾਰਡਰ ਲੰਘਣ ਦੀ ਕੋਸ਼ਿਸ਼ ਕਰਨ ਲੱਗੇ, ਨਾਲੇ ਪੋਲਿਸ਼ ਸਫਾਰਤੀ ਮਦਦ ਮੰਗੀ। ਹਿਟਲਰ ਨਸਲੀ ਜਰਮਨਾਂ ਬਾਰੇ ਭੜਕਾਊ ਭਾਸ਼ਣ ਕਰਨ ਲੱਗਾ। ਇਨ੍ਹਾਂ ਲਈ 'ਹਿਟਲਰ ਸਹਾਇਤਾ' ਵਿਦੇਸ਼ੀ ਜਾਸੂਸੀ ਦਾ ਕਾਰਜ ਸੀ। 1934 ਵਿਚ ਉਭਰਦੇ ਕਮਿਊਨਿਸਟ ਨੇਤਾ ਕੀਰੋਫ ਦਾ ਕਤਲ ਹੋ ਗਿਆ, ਜੋ ਸਰਕਾਰ ਜਰਮਨ ਅਤੇ ਪੋਲਿਸ਼ ਪਰਵਾਸੀਆਂ 'ਤੇ ਸਖਤੀ ਮਾਇਲ ਹੋ ਗਈ। ਗੈਰ ਕਾਨੂੰਨ ਪ੍ਰਤਿ-ਪਰਵਾਸ ਜ਼ੋਰ ਫੜ ਗਿਆ। 1934 'ਚ ਪੁਲਿਨ ਸੁਨਿਯਮ ਖੰਡ ਦੀ 14 ਫੀਸਦੀ ਵਸੋਂ ਚਲੀ ਗਈ ਸੀ। ਹੁਣ ਅਸਹਿਮਤੀ ਸ਼੍ਰੈਣਿਕ ਨਹੀਂ ਸੀ, ਜੋ ਕੌਮੀਅਤੀ ਹੋ ਗਈ ਸੀ। ਮਾਰਸ਼ਲੈਵਿਸਕ ਵਿਚ 54 ਫੀਸਦੀ ਕਮਿਊਨਿਸਟ ਮੈਂਬਰਾਂ ਦਾ ਧੋਣ ਹੋਇਆ (ਸੋਧਾ ਲਾਇਆ ਗਿਆ), ਜਦੋਂ ਕਿ ਰਾਸ਼ਟਰੀ ਔਸਤ 94 ਫੀਸਦੀ ਸੀ।

ਮੂਲ ਰਾਸ਼ਟਰ ਦੇ ਆਪਣੇ ਪਾਰ-ਸੀਮਾ ਵਿਲੋਕਾਂ ਲਈ ਸਹਾਨੁਭੂਤੀ ਦਾ ਆਰਥਕ ਪੱਧਰ ਵੀ ਹੁੰਦਾ ਹੈ। ਜਰਮਨੀ ਨੇ 1991 ਤੋਂ ਲੈ ਕੇ ਕਜ਼ਾਕਿਸਤਾਨ ਤੋਂ ਕੋਈ ਦਸ ਲੱਖ ਜਰਮਨਾਂ ਨੂੰ ਪ੍ਰਕਿਰਤਕ ਜਨਮਤ ਦੇ ਉਲਟ ਨਾਗਰਿਕ ਬਣਾਇਆ ਹੈ। ਜਦੋਂ ਕਿ ਕਜ਼ਾਕਿਸਤਾਨ ਦੇ ਇਕ ਲੱਖ ਪੋਲਾਂ ਵਿਚੋਂ 1991-97 ਵਿਚ 300 ਨੂੰ ਪ੍ਰਤਿ-ਪਰਵਾਸ ਦੀ ਆਗਿਆ ਦਿੱਤੀ ਹੈ, ਜੋ ਕੁੱਲ ਦਾ ਅੱਧਾ ਫੀਸਦੀ ਪ੍ਰਤਿ ਸਾਲ ਬਣਦੀ ਹੈ।

ਫੇਰ ਪਾ ਕੇ ਗੱਲ ਕਰਨ ਦੀ ਹਰਜ ਨਹੀਂ, ਜੇ ਗੱਲ ਬਣ ਸਕੇ। ਬਸ ਮਾਮੂਲੀ ਇਤਲਾਹ ਦੇਣੀ ਸੀ, ਜੋ ਭਵਿਖ ਵਿਚ ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਦੀਆਂ ਆਪਸੀ ਨਜ਼ਰਾਂ ਵਿਚ ਇਕ ਦੂਜੇ ਦੀ ਆਰਥਕਤਾ ਦਾ ਪੱਖ ਹੋਵੇਗਾ। ਕਿਤੇ ਇਹ ਨਾ ਹੋਵੇ, ਜਿਵੇਂ ਬੋਲੀ ਕਹਿੰਦੀ ਹੈ, 'ਦੋਹਾਂ ਨੂੰ ਪੈਣ ਗਸ਼ੀਆਂ'।

ਸਿੱਖ ਸਿਆਸਤ ਨੂੰ ਅਤੇ ਪਾਕਿਸਤਾਨੀ ਪੰਜਾਬੀ ਨੂੰ ਸਾਵਧਾਨੀ ਦੀ ਸਥਾਈ ਲੋੜ ਰਹਿਣੀ ਹੈ, ਜੋ ਦੂਜੇ ਦੇਸ਼ ਦੀ ਖੁਫੀਆ ਏਜੰਸੀ ਨੂੰ ਮੁਕਾਮੀ (ਸਥਾਨਕ) ਸੋਮੇ ਲੱਭਣ ਨਹੀਂ ਦੇਣੇ। ਇਹਦੀ ਮਿਸਾਲ ਹੈ, ਜੋ 1980 ਵਿਚ ਵਲਾਇਤ 'ਚ ਪੰਜਾਬੀ ਕਾਨਫਰੰਸ 'ਚ ਪਾਕਿਸਤਾਨੀ ਲਿਖਾਰੀ ਕਹਿਣ ਲੱਗੇ ਕਿ ਸਾਡੇ ਘਰੀਂ ਆ ਕੇ ਸਾਨੂੰ ਪੁਲਿਸ ਪੁੱਛਦੀ ਹੈ, ਜੋ ਅਸੀਂ ਸਿੱਖ ਹਾਂ। ਐਨ ਇਹੀ ਸਥਿਤੀ, ਦੇਖਦੇ ਜਾਓ, ਸਾਡੇ ਵੀ ਵਰਤਣੀ ਹੈ।

ਸਿੱਖ ਸਿਆਸਤ ਨੂੰ ਪਾਕਿਸਤਾਨ ਨਾਲ ਸਹਾਨੁਭੂਤੀ ਦੀ ਲੋੜ ਅਤੇ ਜ਼ਿੰਮੇਵਾਰੀ ਵੀ ਹੈ। ਦੂਜੇ ਪਾਸੇ ਕੇਂਦਰੀ ਸਰਕਾਰ ਨੂੰ ਪਾਕਿਸਤਾਨ ਨਾਲ ਕਦੇ ਨਾ ਕਦੇ ਦੋਖ ਦੀ ਲੋੜ ਹੋ ਸਕਦੀ ਹੈ। ਸਿੱਖ ਸਿਆਸਤ ਲਈ ਦੋਵੇਂ ਗੱਲਾਂ ਦਾ ਤਵਾਜ਼ਨ ਰੱਖਣਾ ਬੋਲ ਬਾਣੀ, ਵਿਹਾਰ, ਸੋਚ ਸਮਝ ਦੀ ਬਾਰੀਕੀ ਅਤੇ ਰੌਸ਼ਨ ਦਿਮਾਗੀ ਦੀ ਮੰਗ ਕਰਦਾ ਹੈ। ਇਥੇ ਵੀ 'ਮਨ ਨੀਵਾਂ, ਮੱਤ ਉਚੀ' ਦੀ ਪਰਖ ਹੋਣੀ ਹੈ। ਜੋ 'ਬੋਲੇ ਸੋ ਨਿਹਾਲ' ਜ਼ਰੂਰੀ ਹੈ, ਪਰ ਕਾਫੀ ਨਹੀਂ।

---

ਸਿੱਖ ਸਿਆਸਤ ਦਾ ਭਾਰਤੀ ਪ੍ਰਸੰਗ ਹੈ। ਅੱਜ ਦੇ ਭਾਰਤ ਦੀ ਦੁਨੀਆਂ ਦੇ ਸੱਜੇ-ਪਿੱਛਾਖੜ ਮੁਲਕਾਂ ਨਾਲ ਸਾਂਝ ਹੈ-ਹੰਗਰੀ, ਤੁਰਕੀ, ਅਮਰੀਕਾ, ਇਜ਼ਰਾਈਲ ਅਤੇ ਬ੍ਰਾਜ਼ੀਲ, ਜਿਨ੍ਹਾਂ ਦਾ ਸੱਜਾ-ਪੱਖੀ ਕੌਮਾਂਤਰਨ (ਇੰਟਰਨੈਸ਼ਨਲ) ਬਣਿਆ ਹੋਇਆ ਹੈ, ਇਕ ਦੂਜੇ ਤੋਂ ਸੱਤਾਵਾਦੀ, ਅਵਾਮੀ ਹੁਕਮ-ਰਵਾਨੀ ਸਿੱਖਦੇ ਹਨ। ਇਨ੍ਹਾਂ ਨੂੰ ਫਾਸ਼ਿਸਟ ਕਹਿਣਾ ਭੁੱਲ ਹੈ, ਜੋ ਰਾਤ-ਪ੍ਰੇਖਣ ਦੀ ਥਾਂਉਂ ਵਰਤਮਾਨੀ ਸਥਿਤੀ ਸਮਝਦੀ ਹੈ। ਇਨ੍ਹਾਂ ਨੂੰ ਇੰਨੀ ਕੁ ਸਮਝ ਹੈ, ਜੋ ਹਿਟਲਰੀ ਵਿਹਾਰ ਲੋਕਤੰਤਰੀ, ਮਨੁੱਖੀ ਅਧਿਕਾਰਾਂ ਵਾਲੀ ਦੁਨੀਆਂ ਨੂੰ ਪਸੰਦ ਨਹੀਂ। ਦੁਖੀ ਵਸੋਂ ਜਗਤ ਨਿਰਭਰ ਨਹੀਂ ਹੋ ਸਕਦੀ, ਜੋ ਆਪਣਾ ਕੰਮ ਆਪ ਸੰਵਾਰਨਾ ਪੈਣਾ ਹੈ। ਭਾਵੇਂ ਦੇਸ਼ ਦਾ ਫੌਜੀ-ਕਰਨ ਨਹੀਂ ਹੋ ਰਿਹਾ, ਪਰ ਅਲਪਾਂ (ਘੱਟ ਗਿਣਤੀਆਂ) ਨਾਲ ਦਵੈਖ ਭਖ ਰਿਹਾ ਹੈ। ਵਿਚੇ ਵਿਚ ਨਸਲੀ ਅਤੇ ਧਾਰਮਿਕ ਦੋਖ ਰੜਕਦਾ ਹੈ, ਜੋ ਉਚ ਰਾਜ-ਭਾਗ ਤੋਂ ਇਹਦੀ ਜਾਇਜ਼-ਕੁਮਰੀ ਹੋ ਰਹੀ ਲਗਦੀ ਹੈ। ਇਨ੍ਹਾਂ ਨੂੰ 'ਅਸਲੀ' ਹੰਗੇਰੀਅਨ, 'ਅਸਲੀ' ਤੁਰਕ, 'ਅਸਲੀ' ਅਮਰੀਕਨ ਅਤੇ 'ਅਸਲੀ' ਭਾਰਤੀ ਨੂੰ ਹੋਰਾਂ ਤੋਂ ਵੱਖ ਕਰਨ ਦਾ ਹੀ ਵਿਹਲ ਮਿਲਦਾ ਹੈ।

ਕਿਸੇ ਨੂੰ ਧਮਕੀ, ਕਿਸੇ ਨੂੰ ਫਾਇਦਾ ਪਹੁੰਚਾਉਣ ਦੇ ਹਥਕੰਡਿਆਂ ਨਾਲ ਸਿੱਧੇ ਪੱਧਰੇ ਦਮਨ ਤੋਂ ਬਿਨਾ ਸਮਾਜ ਨੂੰ ਕਾਬੂ ਰਖਿਆ ਜਾ ਸਕਦਾ ਹੈ। ਇਨ੍ਹਾਂ 'ਚ ਟਰੰਪ, ਉਰਬਾਨ, ਬਲਯੋਨਾਰੋ, ਅਰਡੋਗਾਨ ਦਾ 'ਖਾਨਦਾਨੀ' ਰਾਜ ਹੈ, ਜਿਨ੍ਹਾਂ ਵਿਚ 'ਜਵਾਈਆਂ' ਦੀ ਖਾਸ ਸ਼ਮੂਲੀਅਤ ਹੈ। ਪਾਠਕ ਹੋਰ ਬਹੁਤ ਮਿਸਾਲਾਂ ਜਾਣਦੇ ਹੋਣਗੇ।

ਇਨ੍ਹਾਂ ਦੀ ਸਿਆਣਪ ਦੇਖੋ, ਜੋ ਇਨ੍ਹਾਂ ਦੀ ਮਾਸੂਮ ਨੂੰ ਤੰਗ ਕਰਨ ਦੀ ਸ਼ਕਤੀ ਥੋੜ੍ਹੀ ਹੈ, ਪਰ ਅਪਰਾਧੀ ਨੂੰ ਬਚਾਉਣ ਦੀ ਤਾਕਤ ਬਹੁਤੀ ਹੈ। ਇਨ੍ਹਾਂ ਦਾ ਕਾਰ-ਵਿਹਾਰ ਤਾਂ ਸਿਆਸੀ ਹੁੰਦਾ ਹੈ, ਪਰ ਇਹਨੂੰ ਆਰਥਕ ਲੋੜ ਵਾਂਗੂੰ ਪੇਸ਼ ਕੀਤਾ ਜਾਂਦਾ ਹੈ।

ਜੇ ਅਦਾਲਤ ਸਰਕਾਰ ਨੂੰ ਨਾ-ਮਨਜ਼ੂਰ ਫੈਸਲਾ ਕਰੇ ਤਾਂ ਸ਼ੋਰ ਸ਼ਰਾਬਾ ਹੁੰਦਾ ਹੈ, ਜੋ 'ਕਚਹਿਰੀ ਨੂੰ ਕਿਸੇ ਨੇ ਚੁਣਿਆ? ਜੋ ਕਚਹਿਰੀ-ਤੰਤਰ ਨਹੀਂ ਚੱਲਣਾ।' ਦੱਖਣ ਵਿਚ ਪ੍ਰਸ਼ਾਸਨ ਕਿਸੇ ਮੰਦਰ ਬਾਰੇ ਉਚਤਮ ਨਯਾਲਯਾ ਖਿਲਾਫ ਕਿੰਨਾ ਬੋਲਿਆ ਹੈ, ਜੋ ਰਿਆਸਤ ਦੀਆਂ ਤਿੰਨ ਸੰਸਥਾਵਾਂ (ਪ੍ਰਤਿਨਿਧਤਾ, ਪ੍ਰਸ਼ਾਸਨ ਅਤੇ ਨਯਾਲਯ) ਦੀ ਵੰਡ ਨੂੰ ਭੁੱਲ ਗਿਆ। ਚੋਣ ਦਾ ਮਨੋਰਥ ਜਨਤਕ ਹੁਕਮਨਾਮੇ (ਫਤਵੇ) 'ਤੇ ਅਮਲ ਨਹੀਂ, ਸਗੋਂ ਦੇਸ਼ ਦੇ ਕਿਸੇ ਭਾਗ ਨੂੰ ਦਬਾਈ ਰੱਖਣਾ ਹੈ। ਬਾਗੀਆਂ ਦੇ ਚੋਣ ਜਿੱਤਦੇ ਸਾਰ ਦੇਸ਼ ਦੀਆਂ ਸੰਸਥਾਵਾਂ ਦੀ ਭੰਨਤੋੜ ਕਰੀ ਜਾਣੀ ਹੈ।

ਭਾਰਤ ਦੀ ਆਧੁਨਿਕਤਾ ਵਿਚ ਚੜ੍ਹਤ ਹੈ, ਜਿਵੇਂ ਹਰ ਗੱਲ 'ਚ ਹੋਈ ਜਾਂਦੀ ਹੈ। ਵੋਟ ਖਰੀਦਣੀ ਅਪਰਾਧ ਹੈ, ਪਰ ਅਸੈਂਬਲੀ ਦੇ ਮੈਂਬਰ, ਸੂਬਾਈ ਸਰਕਾਰ ਖਰੀਦਣੀ ਪੁੰਨ ਹੈ। ਇੰਡੋਨੇਸ਼ੀਆ ਵਿਚ ਦੁਕਾਨਾਂ 'ਤੇ ਫੱਟੇ ਲੱਗੇ ਹੁੰਦੇ ਹਨ, 'ਇਥੇ ਜਾਅਲੀ ਸਰਟੀਫਿਕੇਟ ਵਿਕਦੇ ਹਨ।' ਅਗਲੀ ਚੋਣ ਵੇਲੇ ਸਾਡੀਆਂ ਦੁਕਾਨਾਂ 'ਤੇ ਬੋਰਡ ਲੱਗ ਜਾਣੇ ਹਨ, 'ਇਥੇ ਸਿਆਸਤਦਾਨ ਵਿਕਦੇ ਹਨ।' ਦੁਨੀਆਂ ਭਾਰਤੀ 'ਸਿਫਰ' ਦੀ ਕਾਢ ਦੀ ਦੇਣਦਾਰ ਹੈ; ਅਗਲੀ ਦੇਣ ਰਾਜਨੀਤੀ ਨੂੰ ਵਸਤੂ ਬਣਾਉਣ ਦੀ ਹੈ।

ਗੁਰਬਾਣੀ ਗਿਆਨ

# ਅਸੰਖ ਨਾਵ ਅਸੰਖ ਥਾਵ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਗੁਰਬਾਣੀ ਵਿਚ ਜਿੱਥੇ ਕਿਤੇ ਵੀ ਨਾਮੁ ਸ਼ਬਦ ਆਉਂਦਾ ਹੈ, ਸ਼ਰਧਾਵਾਨ ਸਿੱਖ ਸੁਚੇਤ ਹੋ ਉਠਦੇ ਹਨ। ਇਸ ਨੂੰ ਸੁਣਦੇ ਹੀ ਉਨ੍ਹਾਂ ਦੇ ਮਨ ਵਿਚ ਇਸ ਨੂੰ ਜਪਣ ਤੇ ਅਰਾਧਣ ਦੇ ਭਾਵ ਆ ਜਾਂਦੇ ਹਨ; ਹੱਥ ਜੁੜ ਜਾਂਦੇ ਹਨ ਤੇ ਸਿਰ ਝੁਕ ਜਾਂਦੇ ਹਨ। ਉਹ ਨਾਮ ਨੂੰ ਰੱਬ ਤੇ ਰੱਬ ਨੂੰ ਨਾਮ ਸਮਝਦੇ ਹਨ। ਬੱਸ ਉਨ੍ਹਾਂ ਨੂੰ ਨਾਮ ਦਾ ਅਰਥ ਨਾਮ ਜਪਣਾ ਹੀ ਪਤਾ ਹੈ। ਕਦੇ ਕਿਸੇ ਸਿੱਖ ਪੁਜਾਰੀ ਜਾਂ ਪ੍ਰਚਾਰਕ ਨੇ ਉਨ੍ਹਾਂ ਨੂੰ ਇਸ ਦੇ ਇਸ ਤੋਂ ਵੱਧ ਅਰਥ ਨਹੀਂ ਦੱਸੇ। ਕਦੇ ਕਿਸੇ ਸਿੱਖ ਸ਼ਰਧਾਲੂ ਨੇ ਆਪ ਵੀ ਇਨ੍ਹਾਂ ਨੂੰ ਸਹੀ ਜਾਣਨ ਦੀ ਕੋਸ਼ਿਸ਼ ਨਹੀਂ ਕੀਤੀ। ਉਨ੍ਹਾਂ ਨੇ ਕਦੇ ਇਹ ਨਹੀਂ ਸੋਚਿਆ ਕਿ ਕਿਸੇ ਨਾ ਕਿਸੇ ਦਾ ਨਾਮ ਤਾਂ ਲੋਕ ਸਦੀਆਂ ਤੋਂ ਜਪਦੇ ਆ ਹੀ ਰਹੇ ਹਨ। ਫਿਰ ਗੁਰਬਾਣੀ ਨੇ ਕੀ ਨਵਾਂ ਦੱਸਿਆ? ਉਨ੍ਹਾਂ ਨੇ ਨਹੀਂ ਵਿਚਾਰਿਆ ਕਿ ਗੁਰੂ ਸਾਹਿਬ ਨੇ ਪੰਡਿਤਾਂ, ਮੌਲਾਣਿਆਂ ਤੇ ਨਾਥ ਜੋਗੀਆਂ ਦਾ ਵਿਰੋਧ ਕਿਉਂ ਕੀਤਾ! ਉਨ੍ਹਾਂ ਨੇ ਕਦੇ ਆਪਣੇ ਆਪ ਨੂੰ ਇਨ੍ਹਾਂ ਪਾਂਡਿਆਂ, ਮੌਲਾਣਿਆਂ ਤੇ ਜੋਗੀਆਂ ਦੀ ਕਤਾਰ ਵਿਚ ਰੱਖ ਕੇ ਗੁਰੂ ਸਾਹਿਬ ਦੀ ਸਿੱਖਿਆ ਨਹੀਂ ਵਿਚਾਰੀ। ਉਹ ਗੁਰੂ ਸਾਹਿਬ ਦੀ ਧਿਰ ਬਣ ਕੇ ਉਨ੍ਹਾਂ ਤੋਂ ਵੀ ਉਚੀ ਇਨ੍ਹਾਂ ਕਰਮ ਕਾਂਡੀਆਂ ਨੂੰ ਭੰਡਣ ਵਿਚ ਜੁਟ ਗਏ ਤੇ ਆਪਣੇ ਆਪ ਨੂੰ ਇਨ੍ਹਾਂ ਤੋਂ ਵੱਖ ਸਮਝਦੇ ਰਹੇ। ਇਸ ਲਈ ਗੁਰੂ ਸਾਹਿਬ ਦਾ ਨਾਮ ਦਾ ਸੰਕਲਪ ਉਨ੍ਹਾਂ ਦੇ ਪੱਲੇ ਨਹੀਂ ਪਿਆ।

ਗੁਰੂ ਸਾਹਿਬ ਦੀ ਨਾਮ ਦੀ ਪਰਿਭਾਸ਼ਾ ਸਿੱਧੀ ਤੇ ਪ੍ਰਕ੍ਰਿਤਿਕ ਹੈ। ਉਨ੍ਹਾਂ ਲਈ ਨਾਮ ਨਾਮ ਹੈ, ਭਾਵ ਇਕ ਆਮ ਸੰਗਿਆ ਤੇ ਇਕ ਦਾਰਸ਼ਨਿਕ ਸ਼ਬਦ (Term) ਹੈ। ਉਨ੍ਹਾਂ ਨੇ ਇਸ ਨੂੰ ਕਈ ਥਾਂ ਸਿੱਧਾ (Direct) ਤੇ ਕਈ ਥਾਂ ਜ਼ਿਕਰੀ (Referential) ਰੂਪ ਵਿਚ ਬ੍ਰਹਿਮੰਡ ਦੇ ਅਣਦਿਸਦੇ ਕਾਰਕ ਤੇ ਸੰਚਾਲਕ ਦੇ 'ਅਸਲ ਨਾਂ' ਲਈ ਵਰਤਿਆ ਹੈ; ਪਰ ਵਿਦਵਾਨਾਂ ਤੇ ਪੁਜਾਰੀਆਂ ਨੇ ਇਸ ਨੂੰ ਸਰਲ ਭਾਵ ਨਾਲ ਨਹੀਂ ਲਿਆ। ਉਨ੍ਹਾਂ ਨੇ ਇਸ ਨੂੰ ਅਧਿਆਤਮ ਨਾਲ ਜੋੜ ਕੇ ਵਿਵੇਕ ਵਿਚਾਰ ਦੇ ਖੇਤਰ ਤੋਂ ਬਾਹਰ ਰੱਖਿਆ ਤਾਂ ਜੋ ਸਿੱਖ ਸ਼ਰਧਾਲੂ ਇਸ ਨੂੰ ਧਿਆਉਣ ਦੀ ਥਾਂ ਜਪਦੇ ਰਹਿਣ। ਇਸ ਲਈ ਇਸ ਦੇ ਅਰਥ ਗੁਰੂ ਨਾਨਕ ਦੇ ਪੱਧਰ 'ਤੇ ਜਾ ਕੇ ਉਨ੍ਹਾਂ ਦੀ ਸਿੱਖਿਆ ਅਨੁਸਾਰ ਸਮਝੇ ਜਾਣੇ ਜਰੂਰੀ ਹਨ। ਜੇ ਨਾ ਸਮਝ ਆਉਣ ਤਾਂ ਸਿੱਖੇ ਜਾਣ ਦੀ ਲੋੜ ਹੈ, ਕਿਉਂਕਿ ਸਿੱਖਣਾ ਇਕ ਸਿੱਖੀ ਦਾਤ ਹੈ। ਬਿਨਾ ਸਮਝੇ ਕਿਸੇ ਵਿਚਾਰ ਨਾਲ ਚੰਬੜਨਾ ਹਉਮੈ ਭਾਵ ਮਨਮੱਤ ਹੈ। ਗਲਤ ਵਿਚਾਰ ਜੀਵਨ ਸੇਧ ਨਹੀਂ ਬਣ ਸਕਦਾ।

ਸਿੱਖਣ ਦੀ ਪ੍ਰਕ੍ਰਿਆ ਵੀ ਜਪੁਜੀ ਤੋਂ ਹੀ ਅਰੰਭ ਹੁੰਦੀ ਹੈ। ਇਹ ਉਹ ਬਾਣੀ ਹੈ, ਜੋ ਸੋਚ ਦੀਆਂ ਗੰਢਾਂ ਖੋਲ੍ਹਦੀ ਹੈ। ਇਹ ਸਹੀ-ਗਲਤ ਦੇ ਹੱਦ-ਬੰਨੇ ਮਿੱਥਦੀ ਹੈ ਤੇ ਵਿਚਾਰ ਨੂੰ ਸੇਧ ਦਿੰਦੀ ਹੈ। ਇਹ ਬਾਣੀ ਗੁਰੂ ਗ੍ਰੰਥ ਸਾਹਿਬ ਦੀ ਕੂੰਜੀ ਅਖਵਾਉਂਦੀ ਹੈ ਭਾਵ ਇਹ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਨੂੰ ਦਿਸ਼ਾ ਪ੍ਰਦਾਨ ਕਰਨ ਵਾਲੀ ਹੈ। ਸ਼ਾਇਦ ਇਸੇ ਲਈ ਜਪੁਜੀ ਦੀ ਰਚਨਾ-ਵਿਧੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਢੰਗ ਨਾਲੋਂ ਵੱਖਰੀ ਹੈ। ਗੁਰੂ ਗ੍ਰੰਥ ਸਾਹਿਬ ਬਾਣੀ ਦਾ ਘੇਰਾ ਹੈ, ਜਪੁਜੀ ਬਾਣੀ ਦਾ ਕੇਂਦਰ ਹੈ।

ਗੁਰੂ ਗ੍ਰੰਥ ਸਾਹਿਬ ਅਹਿਮ ਬਾਣੀਆਂ ਨੂੰ ਇਕਤ੍ਰਿਤ (Addition) ਕਰ ਕੇ ਸੰਪਾਦਿਤ ਕੀਤਾ ਗਿਆ ਹੈ, ਜਪੁਜੀ ਅਹਿਮ ਬਾਣੀਆਂ ਨੂੰ ਛਾਂਟ ਕੇ (Reduction) ਬਣਾਇਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕਈ ਗੁਰੂਆਂ, ਭਗਤਾਂ ਤੇ ਭੱਟਾਂ ਆਦਿ ਦੀ ਬਾਣੀ ਸ਼ਾਮਲ ਹੈ, ਜਪੁਜੀ ਵਿਚ ਕੇਵਲ ਗੁਰੂ ਨਾਨਕ ਦੀ ਸਿਧਾਂਤਕ ਬਾਣੀ ਹੈ। ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਗੁਰੂ ਅਰਜਨ ਦੇਵ ਜੀ ਨੇ ਕੀਤਾ ਤੇ ਜਪੁਜੀ ਦਾ ਨਿਰਮਾਣ ਬਹੁਤ ਪਹਿਲਾਂ ਗੁਰੂ ਨਾਨਕ ਸਾਹਿਬ ਨੇ ਆਪਣੀ ਨਿਗਰਾਨੀ ਹੇਠ ਆਪ ਭਾਈ ਲਹਿਣਾ ਤੋਂ ਕਰਵਾਇਆ। ਇਸ ਲਈ ਸਿੱਖੀ ਧਾਰਨਾਵਾਂ ਦਾ ਮੁੱਢ ਤੇ ਮਕਸਦ ਜਪੁਜੀ ਵਿਚ ਮਿਲਦਾ ਹੈ।

ਨਾਮ ਦਾ ਸੰਕਲਪ ਵੀ ਜਪੁਜੀ ਤੋਂ ਸ਼ੁਰੂ ਹੁੰਦਾ ਹੈ। ਗੁਰੂ ਸਾਹਿਬ ਨੇ ਇਸ ਬਾਣੀ ਵਿਚ ੴ ਤੋਂ ਬਾਅਦ ਹੀ 'ਸਤਿ ਨਾਮੁ' ਲਿਖਿਆ ਹੈ। ਸਤਿ ਦਾ ਅਰਥ ਸੱਚਾ ਭਾਵ ਅਸਲੀ ਹੈ ਤੇ ਨਾਮ ਦਾ ਭਾਵ ਨਾਂ ਅਰਥਾਤ ਸੰਬੋਧਨੀ ਸ਼ਬਦ ਜਾਂ ਸੰਗਿਆ ਹੈ। ਇਸ ਤਰ੍ਹਾਂ ੴ ਸਤਿ ਨਾਮੁ ਦੇ ਸੰਭਵ ਅਰਥ ਇਹ ਹੋਏ: (1) ਸੱਚ ਦਾ ਨਾਮ ੴ ਹੈ, (2) ੴ ਦਾ ਨਾਂ ਸੱਚਾ ਹੈ, ਤੇ (3) ੴ ਰਾਹੀਂ ਅਸਲ ਨਾਂ ਦਾ ਪਤਾ ਕਰੋ। ਵਿਚਾਰਨਾ ਹੈ ਕਿ ਕਿਹੜਾ ਅਰਥ ਸਹੀ ਹੈ। ਜੇ ਸੱਚ ਦਾ ਨਾਮ ਸੱਚ ਹੈ, ਤਾਂ ਇਸ ਦੇ ਦੂਜੇ ਨਾਂ ੴ ਦੀ ਕੀ ਲੋੜ ਪੈ ਗਈ? ਆਖਰਕਾਰ ਸੱਚ ਤੋਂ ਉਤੇ ਤਾਂ ਕੋਈ ਹੋਰ ਸੱਚਾ ਨਾਂ ਹੋ ਨਹੀਂ ਸਕਦਾ। ਜੇ "ੴ ਦਾ ਨਾਮ ਸੱਚ ਹੈ" ਲਈਏ ਤਾਂ ਪਹਿਲਾਂ ਇਹ ਜਾਣਨਾ ਪਵੇਗਾ ਕਿ ੴ ਹੈ ਕੀ? ਕਈ ਕਹਿੰਦੇ ਹਨ ਕਿ ੴ ਦਾ ਅਰਥ ਰੱਬ ਜਾਂ ਪਰਮਾਤਮਾ ਹੈ। ਪਰ ਜੇ ਇੰਦਾਂ ਹੁੰਦਾ ਤਾਂ ਗੁਰੂ ਸਾਹਿਬ ਇਨ੍ਹਾਂ ਜਾਣੇ-ਪਛਾਣੇ ਲੋਕਪ੍ਰਿਅ ਸ਼ਬਦਾਂ ਨੂੰ ਇਸ ਦੀ ਥਾਂ ਵਰਤਦੇ। ਸੋ ੴ ਦਾ ਮਤਲਬ ਰੱਬ ਨਹੀਂ, ਕੁਝ ਹੋਰ ਹੈ। ਕਈ ਵਿਦਵਾਨ ਜਿੱਦ ਕਰਨਗੇ ਕਿ ਇਸ ਦਾ ਭਾਵ ਰੱਬ ਹੀ ਨਹੀਂ ਸਗੋਂ "ਇਕ ਸਰਬਸਕਤੀਮਾਨ ਰੱਬ" ਹੈ। ਚਲੋ ਮੰਨ ਲਿਆ, ੧ ਤਾਂ ਇਕ ਹੈ, ਪਰ ਓ ਰੱਬ ਕਿਵੇਂ ਤੇ ⌒ (ਕਾਰ) ਸਰਬਸਕਤੀਮਾਨ ਕਿਵੇਂ ਹੋਈ? ਇਸ ਲਈ ਇਹ ਰਾਇ ਵੀ ਨਿਰਾਧਾਰ ਤੇ ਬਿਨਾ ਸੋਚੀ ਸਮਝੀ (Baseless and Arbitrary) ਨਿਕਲੀ। ਕੁਝ ਵਿਦਵਾਨ ਹਿੰਦੂ ਓਮ ਦਾ ਹਵਾਲਾ ਦੇ ਕੇ "ਓ" ਨੂੰ ਸਰਬਪ੍ਰਥਮ ਰੱਬੀ ਧੁਨ ਦੱਸਣਗੇ, ਪਰ ਧੁਨੀ ਦੇ ਪਰਸਾਰ ਲਈ ਮਾਧਿਅਮ ਦੀ ਲੋੜ ਹੁੰਦੀ ਹੈ, ਜੋ ਬ੍ਰਹਿਮੰਡ ਉਤਪਤੀ ਵੇਲੇ ਹੈ ਕੋਈ ਨਹੀਂ ਸੀ। ਸੋ ਧੁਨੀ ਸੁਣੀ ਕਿਵੇਂ ਗਈ? ਇਸ ਲਈ ਇਹ ਸੰਕਲਪ ਵੀ ਬੇਬੁਨਿਆਦ ਹੈ। ਰਿਹਾ "ਸੱਚੇ ਨਾਂ ਦੀ ੴ ਵਿਧੀ ਰਾਹੀਂ ਖੋਜ ਕਰੋ", ਇਸ ਨੂੰ ਵਿਚਾਰਨ ਲਈ ੴ ਦੇ ਸਹੀ ਅਰਥ ਪਤਾ ਹੋਣੇ ਹੀ ਚਾਹੀਦੇ ਹਨ।

ਗੁਰੂ ਸਾਹਿਬ ਨੇ ੴ ਸੂਤਰ ਨੂੰ ਵਰਤਿਆ ਤਾਂ ਹੈ, ਪਰ ਇਸ ਦੇ ਅਰਥ ਕਿਤੇ ਨਹੀਂ ਦੱਸੇ। ਕਿਸੇ ਹੋਰ ਗੁਰੂ, ਭਗਤ ਜਾਂ ਭੱਟ ਨੇ ਵੀ ਇਸ ਪੱਖੋਂ ਕੋਈ ਖਾਸ ਰੋਸ਼ਨੀ ਨਹੀਂ ਪਾਈ। ਬੱਸ ਸਭ ਨੇ ਇਸ ਨੂੰ ਪ੍ਰੀਗਿਆਤ ਹੀ ਸਮਝਿਆ ਹੈ। ਵਿਦਵਾਨਾਂ ਨੇ ਅਰਥ ਕਰਨ ਦੀ ਥਾਂ ਇੰਨਾ ਉਲਝੇਵਾਂ ਪਾਇਆ ਹੈ ਕਿ ਇਸ ਦੇ ਸਹੀ ਅਰਥ ਬਾਹਰ ਦੀ ਥਾਂ ਇਸ ਵਿਚੋਂ ਹੀ ਲੱਭਣੇ ਬਣਦੇ ਹਨ। ਧਿਆਨ ਨਾਲ ਦੇਖਣ ਤੋਂ ਪਤਾ ਲਗਦਾ ਹੈ ਕਿ ੴ ਕੋਈ ਵਿਆਕਰਣਕ ਸ਼ਬਦ ਜਾਂ ਸੰਖਿਆ ਨਹੀਂ, ਸਗੋਂ ਇਕ ਚਿੰਨ੍ਹ-ਸੰਗ੍ਰਿਹ ਹੈ। ਇਸ ਲਈ ਇਸ ਦਾ ਕੋਈ ਰਵਾਇਤੀ ਉਚਾਰਨ ਤੇ ਸਾਧਾਰਨ ਅਰਥ ਨਹੀਂ ਬਣਦਾ। ਇਹ ਚਿੰਨ੍ਹ-ਸੰਗ੍ਰਿਹ ੧, ਓ, ⌒ (ਕਾਰ) ਦੇ ਤਿੰਨ ਧਾਤੂਆਂ ਤੋਂ ਬਣਾਇਆ ਇਕ ਸੰਕੇਤਕ ਸੂਤਰ (Symbolic Expression) ਹੈ, ਜਿਸ ਦਾ ਅਰਥ ਸੰਕੇਤ ਰੂਪ ਵਿਚ ਹੀ ਹੋ ਸਕਦਾ ਹੈ।

ਇਸ ਦੇ ਅਰਥਾਂ ਦਾ ਰਾਜ ਇਸ ਦੀਆਂ ਤਿੰਨਾਂ ਧਾਤੂਆਂ ਦੀ ਉਸ ਸਾਂਝ ਵਿਚ ਛਿਪਿਆ ਹੈ, ਜਿਸ ਕਾਰਨ ਗੁਰੂ ਸਾਹਿਬ ਨੇ ਇਨ੍ਹਾਂ ਨੂੰ ਇਕ ਥਾਂ ਇਕੱਠਾ ਕੀਤਾ ਹੈ। ਚੁਪਾਸੇ ਘੋਖਣ ਪਿਛੋਂ ਪਤਾ ਚਲਦਾ ਹੈ ਕਿ ਇਹ ਤਿੰਨੇ ਸੰਕੇਤ ਗਣਿਤ ਵਿਗਿਆਨ ਨਾਲ ਸਬੰਧਤ ਹਨ। ਇਹ ਤਿੰਨੇ ਅੱਜ ਤੋਂ ਸੌ ਸਾਲ ਪਹਿਲਾਂ ਦੀਆਂ ਪੰਜਾਬੀ ਭਾਸ਼ਾ ਵਿਚ ਛਪੀਆਂ ਗਣਿਤ ਦੀਆਂ ਪੁਸਤਕਾਂ ਵਿਚ ਹੂ-ਬ-ਹੂ ਦੇਖੇ ਜਾ ਸਕਦੇ ਹਨ। ਇਨ੍ਹਾਂ ਵਿਚ ਏਕਾ (੧) ਅੰਕ ਗਣਿਤ ਦਾ ਪ੍ਰਤੀਕ ਹੈ, ਓ ਬੀਜ ਗਣਿਤ ਦਾ ਤੇ ⌒ (ਕਾਰ) ਰੇਖਾ ਗਣਿਤ ਦੀ। ਗੁਰੂ ਸਾਹਿਬ ਨੇ ਇਨ੍ਹਾਂ ਤਿੰਨਾਂ ਨੂੰ ਮੁਢਲੇ ਰੂਪ ਵਿਚ ਲਿਖਿਆ ਹੈ, ਇੱਥੋਂ ਤੀਕ ਕਿ ਕਾਰ ਨੂੰ ਵੀ ਕਾਰ ਵਾਹ ਕੇ ਪ੍ਰਦਰਸ਼ਿਤ ਕੀਤਾ ਹੈ। ਕੋਸ਼ਿਸ਼ ਕਰਨ 'ਤੇ ਵੀ ਕੋਈ ਹੋਰ ਸਾਂਝਾ ਆਧਾਰ ਨਹੀਂ ਮਿਲਦਾ।

ਕਈ ਪੁੱਛਣਗੇ, ਗੁਰੂ ਸਾਹਿਬ ਨੇ ਗਣਿਤ ਨੂੰ ਆਪਣਾ ਆਦਰਸ਼ (Model) ਕਿਉਂ ਬਣਾਇਆ? ਸਪਸ਼ਟ ਹੈ ਕਿ ਉਨ੍ਹਾਂ ਨੇ ਇਸ ਮਾਡਲ ਨੂੰ ਇਸ ਦੇ ਠੋਸ ਬੌਧਿਕ ਆਧਾਰ (Rational Foundation), ਤਰਕਪੂਰਣ ਦਲੀਲਾਂ (Logical Inferences), ਸਿੱਟਿਆਂ ਦੀ ਪ੍ਰਮਾਣਿਕਤਾ (Verifiability of Conclusions), ਸਾਪੇਖਿਕਤਾ (Objectivity), ਸੰਖੇਪਤਾ (Precision) ਆਦਿ ਕਾਰਨਾਂ ਕਰਕੇ ਅਪਨਾਇਆ। ਉਨ੍ਹਾਂ ਨੇ ਸੱਚ ਪ੍ਰਾਪਤੀ ਵਿਚ ਇਸ ਨੂੰ ਇਸ ਦੀ ਭਰੋਸੇਯੋਗਤਾ ਲਈ ਅਪਨਾਇਆ। ਉਨ੍ਹਾਂ ਨੇ ਇਸ ਸੂਤਰ ਨੂੰ ਗਣਿਤੀ ਆਦਰਸ਼ ਹੀ ਨਹੀਂ, ਸਗੋਂ ਵਿਗਿਆਨਕ ਵਿਧੀ ਦਾ ਵੀ ਪ੍ਰਤੀਕ ਬਣਾਇਆ। ਵਿਦਵਾਨ ਸ਼ਾਇਦ ਇਸ ਉਤਰ ਨਾਲ ਸਹਿਮਤ ਨਾ ਹੋਣ ਤੇ ਕਹਿਣ ਕਿ ਇਸ ਨੇ ਤਾਂ ੴ ਗਣਿਤ ਦਾ ਇਕ ਪਹਾੜਾ ਤੇ ਗੁਰੂ ਸਾਹਿਬ ਨੂੰ ਇਕ ਤਰਕਸ਼ੀਲ ਗਿਆਨੀ ਬਣਾ ਦਿੱਤਾ; ਪਰ ਸਿੱਖੀ ਸਿਧਾਂਤ ਪੱਖਪਾਤੀ ਊਜਾਂ ਕਬੂਲ ਨਹੀਂ ਕਰਦਾ। ਇਸ ਦਾ ਬੁਨਿਆਦੀ ਅਸੂਲ ਪ੍ਰੀਖਣ ਕਰਨਾ ਤੇ ਸਿੱਖਣਾ ਹੈ। ਇਸ ਲਈ ਇਹ ਵਿਆਖਿਆ ਕਿ ੴ ਦੀ ਵਿਧੀ ਰਾਹੀਂ ਬ੍ਰਹਿਮੰਡ ਦੇ "ਕਰਤਾਰ" ਭਾਵ ਮੂਲ ਕਾਰਕ ਦਾ ਅਸਲ ਨਾਮ ਭਾਲੋ, ਬਿਲਕੁਲ ਢੁਕਵੀਂ ਹੈ। ਇਸ ਅਨੁਸਾਰ ੴ ਕੋਈ ਰੱਬ ਜਾਂ ਪਰਮਾਤਮਾ ਨਹੀਂ, ਸਗੋਂ ਵਿਗਿਆਨਕ ਵਿਧੀ ਦਾ ਵਸੀਹ ਹਿਸਾਬੀ ਸੂਤਰ ਹੈ, ਜਿਸ ਰਾਹੀ ਸੰਸਾਰ ਦੀ ਕਾਰਜ-ਪ੍ਰਣਾਲੀ ਦੇ ਸ੍ਰੋਤ ਦਾ ਪਤਾ ਕਰਨਾ ਹੈ। ਗੁਰੂ ਸਾਹਿਬ ਨੇ ਅੱਗੇ ਚਲ ਕੇ ਇਸ ਨੂੰ "ਗੁਰ" ਭਾਵ ਫਾਰਮੂਲਾ (Formula) ਹੀ ਕਿਹਾ ਹੈ। ਹੁਣ ਸਮਝ ਆਉਂਦਾ ਹੈ ਕਿ ਗੁਰੂ ਸਾਹਿਬ ਦਾ ਨਜ਼ਰੀਆ ਵਿਗਿਆਨਿਕ ਕਿਉਂ ਸੀ ਤੇ ਕਿਉਂ ਉਨ੍ਹਾਂ ਨੇ ਤਰਕ ਪੂਰਨ ਦਲੀਲਾਂ ਨਾਲ ਕੂੜ ਦਾ ਖੰਡਨ ਕੀਤਾ।

ਪਰ ਗੁਰੂ ਸਾਹਿਬ ਦੀ ਅਸਲ ਵਿਗਿਆਨਕਤਾ ਇਸ ਗੱਲ ਵਿਚ ਹੈ ਕਿ ਉਨ੍ਹਾਂ ਨੇ ਆਪਣੇ ਸਿਧਾਂਤ ਦੇ ਅਰੰਭ ਵਿਚ ਹੀ ਖੋਜ ਪਾਤਰ (Subject of Research) ਭਾਵ ਮੁਢਲੇ ਕਾਰਕ ਦਾ ਸਹੀ ਨਾਂ ਲੱਭਣ ਦੀ ਗੱਲ ਕਹੀ। ਉਨ੍ਹਾਂ ਨੂੰ ਪਤਾ ਸੀ ਕਿ ਸਹੀ ਨਾਮ ਤੋਂ ਬਿਨਾ ਕੋਈ ਸਿਧਾਂਤ ਤੇ ਕੋਈ ਗਿਆਨ ਸੰਭਵ ਨਹੀਂ ਹੁੰਦਾ। ਇਸ ਲਈ ਨਾਂ ਰੱਖਣਾ ਉਨ੍ਹਾਂ ਲਈ ਇਕ ਵਿਗਿਆਨਕ ਲੋੜ ਸੀ। ਗਣਿਤ ਵਿਚ ਜੇ ਕਿਸੇ ਮਾਤਰਾ ਜਾਂ ਮਾਨ ਦਾ ਪਤਾ ਨਾ ਹੋਵੇ ਤਾਂ ਉਸ ਲਈ ਆਲਫਾ, ਬੀਟਾ, ਗਾਮਾ ਜਾਂ ਐਕਸ (X) ਆਦਿ ਕੋਈ ਅੱਖਰ ਰੱਖ ਲਿਆ ਜਾਂਦਾ ਹੈ। ਜੇ ਕੋਈ ਵਿਗਿਆਨੀ ਅਚਨਚੇਤ ਕੋਈ ਚੀਜ਼ ਖੋਜ ਲਵੇ ਤਾਂ ਉਹ ਵੀ ਸਭ ਤੋਂ ਪਹਿਲਾਂ ਉਸ ਦਾ ਨਾਮ ਰੱਖਦਾ ਹੈ। ਕੋਈ ਹੋਰ ਨਾਂ ਨਾ ਮਿਲੇ ਤਾਂ ਉਹ ਆਪਣਾ ਨਾਂ ਹੀ ਵਰਤ ਲੈਂਦਾ ਹੈ। ਕਈ ਸਿਤਾਰਿਆਂ ਤੇ ਗਲੈਕਸੀਆਂ ਦੇ ਨਾਂ ਉਨ੍ਹਾਂ ਦੇ ਖੋਜੀਆਂ ਦੇ ਨਾਂਵਾਂ 'ਤੇ ਪਏ ਹੋਏ ਹਨ। "ਰੱਬੀ ਕਣ" ਨੂੰ ਇਸ ਦੇ ਖੋਜਕਾਰਾਂ ਦੇ ਨਾਂ ਤੇ "Higgins-Boson Particle" ਕਿਹਾ ਜਾਂਦਾ ਹੈ। ਕਈ ਨਵੇਂ ਲੱਭੇ ਭੌਤਿਕ ਤੱਤਾਂ ਦੇ ਨਾਂ California, Berkeley, Tennessine, Moscovium ਆਦਿ ਹਨ, ਜੋ ਯੂਨੀਵਰਸਿਟੀਆਂ, ਸ਼ਹਿਰਾਂ ਤੇ ਪਰਦੇਸਾਂ ਦੇ ਨਾਂਵਾਂ 'ਤੇ ਪਏ ਹੋਏ ਹਨ। ਨਾਂ ਤੋਂ ਬਿਨਾ ਕੋਈ ਸ਼ੈ ਨਹੀਂ, ਕਿਉਂਕਿ ਨਾਂ ਹੀ ਗਿਆਨ ਹੈ। ਸੋ ਨਾਮਕਰਣ ਨੂੰ ਪਹਿਲ ਦੇ ਕੇ ਗੁਰੂ ਸਾਹਿਬ ਨੇ ਆਧੁਨਿਕ ਵਿਗਿਆਨ ਦੇ ਰੱਥ ਵਿਚ ਆਪਣੀਆਂ ਪੱਕੀਆਂ ਖੜਾਵਾਂ ਰੱਖ ਦਿੱਤੀਆਂ।

ਇਸ ਲਈ ਨਾਮ ਦਾ ਅਰਥ 'ਰੱਬ' ਨਹੀਂ, ਸਗੋਂ ਬ੍ਰਹਿਮੰਡੀ ਸ੍ਰੋਤ ਦੇ ਅਸਲ ਨਾਮ ਦਾ ਖੋਜ ਕਾਰਜ ਹੈ। ਇਹ ਜਪਣ ਵਾਲਾ ਨਹੀਂ, ਸਗੋਂ ਧਿਆਉਣ ਵਾਲਾ ਭਾਵ ਧਿਆਨ ਦੇਣ ਵਾਲਾ ਵਿਸ਼ਾ ਹੈ। ਕਿਉਂਕਿ ਨਾਮ ਗੁਣ ਵਡਿਆਈਆ ਅਨੁਸਾਰ ਰੱਖਣਾ ਪੈਂਦਾ ਹੈ, ਸੋ ਖੋਜ ਗੁਣਾਂ ਦੀ ਕਰਨੀ ਹੈ। ਗੁਣ ਹੁਕਮਾਂ (ਨਿਯਮਾਂ) ਵਿਚੋਂ ਝਲਕਦੇ ਹਨ, ਇਸ ਲਈ ਖੋਜ ਨਿਯਮਾਂ ਦੀ ਹੋਣੀ ਹੈ, ਕਿਉਂਕਿ ਕਿਸੇ ਵਸਤੂ ਦਾ ਨਾਂ ਉਸ ਬਾਰੇ ਸਮਸਤ ਸੂਚਨਾ ਦਾ ਖਜਾਨਾ ਹੁੰਦਾ ਹੈ, ਇਸ ਲਈ ਅਸਲ ਨਾਮ ਦੀ ਖੋਜ ਪ੍ਰਕ੍ਰਿਆ ਅਰੰਭ ਹੋਣ ਨਾਲ ਹੀ ਉਸ ਦੇ ਗਿਆਨ ਦਾ ਪ੍ਰਵਾਹ ਚਲਣਾ ਸ਼ੁਰੂ ਹੋ ਜਾਵੇਗਾ। ਇਸ ਨਾਲ ਮਨੁੱਖ ਕੂੜ ਤਿਆਗ ਕੇ ਸਚਿਆਰਾ ਭਾਵ ਸੱਚਾਈ ਦਾ ਗਿਆਤਾ ਬਣਨ ਲਗੇਗਾ। ਉਹ ਸੱਚੇ ਨਿਯਮਾਂ ਨੂੰ ਜਾਣ ਕੇ ਉਨ੍ਹਾਂ ਮੁਤਾਬਿਕ ਆਪਣਾ ਜੀਵਨ ਢਾਲੇਗਾ। ਇਸ ਵਿਧ ਉਹ ਅੰਧਕਾਰ, ਅਨਿਸ਼ਚਿਤਤਾ ਤੇ ਅਗਿਆਨ ਤੋਂ ਮੁਕਤੀ ਪ੍ਰਾਪਤ ਕਰਦਾ ਜਾਵੇਗਾ।

ਦੁਬਿਧਾ ਵਿਚ ਫਸੇ ਕਈ ਗਿਆਨੀ ਫਿਰ ਪੁੱਛਣਗੇ ਕਿ ਨਾਮ ਤੇ ਸਤਿ ਨਾਮ ਵਿਚ ਕੀ ਫਰਕ ਹੈ? ਓਹੀ, ਜੋ ਆਮ ਨਾਮ ਤੇ ਖਾਸ ਨਾਮ ਵਿਚ ਹੈ। ਨਾਮ ਕੋਈ ਵੀ ਆਮ ਨਾਂ (Common Name) ਹੋ ਸਕਦਾ ਹੈ, ਜਿਵੇਂ ਰੱਬ, ਪਰਮਾਤਮਾ ਆਦਿ। ਅਜਿਹਾ ਨਾਂ ਕੋਈ ਧੱਕੇ ਨਾਲ ਜਪੀ ਜਾਵੇ ਵੱਖਰੀ ਗੱਲ ਹੈ, ਪਰ ਇਹ ਗਿਆਨ ਦਾ ਸਾਧਨ ਨਹੀਂ ਬਣ ਸਕਦਾ। ਸਤਿ ਨਾਮ ਤੱਤਾਂ ਅਤੇ ਗੁਣਾਂ 'ਤੇ ਆਧਾਰਿਤ ਅਸਲ ਨਾਮ (Generic Name) ਹੈ, ਜੋ ਸੰਸਾਰ ਪੱਧਰੀ ਇਕਸਾਰ ਗਿਆਨ ਪੱਧਤੀ ਨਾਲ ਜਾ ਜੁੜਦਾ ਹੈ। ਮਿਸਾਲ ਵਜੋਂ ਐਸਪਰੀਨ (Asprin) ਇਕ ਦਵਾ ਦਾ ਆਮ ਨਾਮ ਹੈ। ਇਸ ਨੂੰ ਐਮਪਰੀਨ (Empirin) ਅਤੇ ਦਰਜਨਾਂ ਹੋਰ ਨਾਂਵਾਂ ਨਾਲ ਪੁਕਾਰਿਆ ਜਾਂਦਾ ਹੈ। ਇਨ੍ਹਾਂ ਵਿਚੋਂ ਕੋਈ ਵੀ ਇਸ ਦਾ ਅਸਲੀ (Generic) ਨਾਂ ਨਹੀਂ ਹੈ, ਕਿਉਂਕਿ ਕੋਈ ਵੀ ਇਸ ਦੇ ਤੱਤਾਂ ਬਾਰੇ ਸਹੀ ਜਾਣਕਾਰੀ ਨਹੀਂ ਦਿੰਦਾ। ਜੇ ਕਿਸੇ ਨੇ ਇਸ ਨੂੰ ਬਣਾਉਣਾ ਹੋਵੇ, ਉਹ ਬਣਾ ਨਹੀਂ ਸਕਦਾ। ਇਸ ਦਾ ਸਤਿ ਨਾਮ ਭਾਵ ਅਸਲ ਨਾਂ ਅਸਿਟਿਲਸੈਲੀਸਿਲਿਕ ਐਸਿਡ (Acetylsalicylic Acid) ਹੈ, ਜੋ ਇਸ ਦੇ ਬਣਤਰੀ ਢਾਂਚੇ (Structural) 'ਤੇ ਆਧਾਰਿਤ ਹੈ। ਇਹ ਐਸਿਟਿਲ ਗਰੁੱਪ ਦੇ ਸੈਲੀਸਿਲਿਕ ਐਸਿਡ ਨਾਲ ਜੁੜਨ ਤੋਂ ਬਣਿਆ ਹੈ ਤੇ ਇਸ ਦਾ ਸੰਸਾਰ ਵਿਆਪਕ ਰਸਾਇਣਕ ਫਾਰਮੂਲਾ (CHO) ਹੈ। ਜੇ ਕੋਈ ਚਾਹੇ, ਇਸ ਨੂੰ ਇਨ੍ਹਾਂ ਤੱਤਾਂ ਤੋਂ ਬਣਾ ਸਕਦਾ ਹੈ ਤੇ ਜੇ ਕੋਈ ਚਾਹੇ ਇਸ ਦਾ ਕਾਰਜਸ਼ੀਲ ਗਰੁੱਪ (Functional Group) ਬਦਲ ਕੇ ਕੋਈ ਹੋਰ ਯੋਜਿਕ ਬਣਾ ਸਕਦਾ ਹੈ। ਵਿਗਿਆਨੀ ਹਰ ਸਾਲ ਹਜ਼ਾਰਾਂ ਨਵੇਂ ਪਦਾਰਥ ਇਵੇਂ ਹੀ ਬਣਾਉਂਦੇ ਹਨ ਤੇ ਗੁਣਾਂ ਅਨੁਸਾਰ ਉਨ੍ਹਾਂ ਦਾ ਨਾਂ ਰੱਖਦੇ ਹਨ।

ਇਹ ਹੈ ਨਾਮਕਰਣ (Nomenclature) ਦਾ ਮਹੱਤਵ, ਜੋ ਹਰ ਵਿਗਿਆਨੀ ਜਾਣਦਾ ਹੈ ਤੇ ਜੋ ਗੁਰੂ ਨਾਨਕ ਨੇ ਆਪਣੀ ਸਿਰਮੌਰ ਬਾਣੀ ਦੇ ਅਰੰਭ ਵਿਚ ਹੀ ਸਪਸ਼ਟ ਕੀਤਾ ਹੈ, ਪਰ ਅਜੋਕੇ ਸਿੱਖ ਵਿਦਵਾਨ ਨਾਮਕਰਣ ਦੇ ਇਸ ਮਹੱਤਵ ਨੂੰ ਸਮਝਣ ਵਿਚ ਅਸਮਰੱਥ ਹਨ। ਗੁਰੂ ਸਾਹਿਬ ਨੇ ਇਸ ਮਹੱਤਵ ਦਾ ਜ਼ਿਕਰ 19ਵੀਂ ਪਉੜੀ ਵਿਚ ਫਿਰ ਕੀਤਾ ਹੈ ਤੇ ਉਨ੍ਹਾਂ ਨੇ ਇਸ ਦੇ ਕੁਝ ਹੋਰ ਪੱਖ ਉਜਾਗਰ ਕਰਕੇ ਇਸ ਨੂੰ ਬ੍ਰਹਿਮੰਡ ਦੀ ਅਸੀਮਤਾ ਤੇ ਵਿਵਿਧਤਾ ਨਾਲ ਜੋੜਿਆ ਹੈ। ਇਹ ਪੂਰੀ ਪਉੜੀ ਤੇ ਇਸ ਦੀਆਂ ਦੋ ਵਿਆਖਿਆਵਾਂ ਹੇਠ ਦਿੱਤੀਆਂ ਹਨ,

ਅਸੰਖ ਨਾਵ ਅਸੰਖ ਥਾਵ॥
ਅਗੰਮ ਅਗੰਮ ਅਸੰਖ ਲੋਅ॥
ਅਸੰਖ ਕਹਹਿ ਸਿਰਿ ਭਾਰੁ ਹੋਇ॥
ਅਖਰੀ ਨਾਮੁ ਅਖਰੀ ਸਾਲਾਹ॥
ਅਖਰੀ ਗਿਆਨੁ ਗੀਤ ਗੁਣ ਗਾਹ॥
ਅਖਰੀ ਲਿਖਣੁ ਬੋਲਣੁ ਬਾਣਿ॥
ਅਖਰਾ ਸਿਰਿ ਸੰਜੋਗੁ ਵਖਾਣਿ॥
ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥
ਜਿਵ ਫੁਰਮਾਏ ਤਿਵ ਤਿਵ ਪਾਹਿ॥
ਜੇਤਾ ਕੀਤਾ ਤੇਤਾ ਨਾਉ॥
ਵਿਣੁ ਨਾਵੈ ਨਾਹੀ ਕੋ ਥਾਉ॥
ਕੁਦਰਤਿ ਕਵਣ ਕਹਾ ਵੀਚਾਰੁ॥
ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥
ਤੂ ਸਦਾ ਸਲਾਮਤਿ ਨਿਰੰਕਾਰ॥੧੯॥

ਇਸ ਪਉੜੀ ਦੇ ਸਰਲ ਅਰਥਾਂ ਅਨੁਸਾਰ ਸ੍ਰਿਸ਼ਟੀ ਇੰਨੀ ਵਿਸ਼ਾਲ ਹੈ ਕਿ ਇਹ ਪੰਜ, ਸੱਤ ਜਾਂ ਇਕ ਦੀਆਂ ਸੀਮਤ ਗਿਣਤੀਆਂ ਨਾਲ ਵਰਣਨ ਨਹੀਂ ਹੁੰਦੀ। ਇੱਥੇ ਅਸੰਖ ਨਾਂਵਾਂ ਵਾਲੀਆਂ ਅਸੰਖ ਥਾਂਵਾਂ ਹਨ। ਅਪਹੁੰਚ ਤੋਂ ਅਪਹੁੰਚ ਭਾਵ ਅੱਗੇ ਤੋਂ ਹੋਰ ਅੱਗੇ ਇੱਥੇ ਅਸੰਖ ਲੋਕ ਵਸਦੇ ਹਨ। ਇਨ੍ਹਾਂ ਨੂੰ ਅਸੰਖ ਕਹਿੰਦਿਆਂ ਵੀ ਸਿਰ 'ਤੇ ਬੋਝ ਪੈਂਦਾ ਹੈ, ਭਾਵ ਬੇਇਨਸਾਫੀ ਮਹਿਸੂਸ ਹੁੰਦੀ ਹੈ, ਕਿਉਂਕਿ ਇਨ੍ਹਾਂ ਦੀ ਸੰਖਿਆ ਇਸ ਨਾਲੋਂ ਕਿਤੇ ਵੱਧ ਹੈ। ਇਹੀ ਨਹੀਂ, ਇਨ੍ਹਾਂ ਦੇ ਇੰਨੇ ਨਾਮ ਹਨ, ਜੋ ਅੱਖਰਾਂ ਨਾਲ ਲਿਖੇ ਜਾਂਦੇ ਹਨ। ਅੱਖਰਾਂ ਤੋਂ ਬਣੇ ਸ਼ਬਦਾਂ ਨਾਲ ਹੀ ਉਨ੍ਹਾਂ ਨਾਂਵਾਂ ਥਾਂਵਾਂ ਦੀ ਵਡਿਆਈ ਜਾਂ ਵਿਆਖਿਆ ਕੀਤੀ ਜਾਂਦੀ ਹੈ। ਲਿਖੇ ਅੱਖਰਾਂ ਨਾਲ ਉਨ੍ਹਾਂ ਦੇ ਗ੍ਰੰਥਾਂ ਤੇ ਗੀਤਾਂ ਨੂੰ ਪੜਚੋਲਿਆ ਜਾਂਦਾ ਹੈ ਤੇ ਅੱਖਰਾਂ ਨਾਲ ਹੀ ਉਨ੍ਹਾਂ ਦੇ ਗੁਣਾਂ ਤੇ ਗਿਆਨਾਂ ਨੂੰ ਵਿਚਾਰਿਆ ਜਾਂਦਾ ਹੈ। ਇੱਥੋਂ ਤੀਕ ਕਿ ਉਨ੍ਹਾਂ ਦੀਆਂ ਲਿਖਤਾਂ ਤੇ ਬੋਲੀਆਂ ਦੇ ਅੰਦਾਜ਼ ਵੀ ਅੱਖਰਾਂ ਰਾਹੀਂ ਹੀ ਪੇਸ਼ ਕੀਤੇ ਜਾਂਦੇ ਹਨ। ਇਸ ਤੋਂ ਵੀ ਅੱਗੇ ਇਨ੍ਹਾਂ ਸਭ ਨਾਂਵਾਂ, ਥਾਂਵਾਂ ਦੇ ਗੁਣਾਂ, ਔਗੁਣਾਂ ਤੇ ਹੋਰ ਜਾਣਕਾਰੀਆਂ ਦੇ ਆਪਸੀ ਸਬੰਧਾਂ ਨੂੰ ਵੀ ਅੱਖਰਾਂ ਸਿਰ ਹੀ ਬਿਆਨ ਕੀਤਾ ਜਾਂਦਾ ਹੈ।

ਜਿਨ੍ਹਾਂ ਨੇ ਇਹ ਇੰਨੇ ਨਾਮ ਲਿਖੇ, ਉਹ ਉਨ੍ਹਾਂ ਆਪਣੇ ਕੋਲੋਂ ਨਹੀਂ ਬਣਾਏ। ਇਹ ਉਨ੍ਹਾਂ ਦੇ ਗੁਣਾਂ ਅਨੁਸਾਰ ਹੀ ਬਣਦੇ ਚਲੇ ਗਏ। ਜਿੰਦਾਂ ਦਾ ਕਿਸੇ ਦਾ ਕਿੱਤਾ ਭਾਵ ਕੰਮ ਜਾਂ ਗੁਣ ਹੁੰਦਾ ਹੈ, ਉਦਾਂ ਦਾ ਉਸ ਦਾ ਨਾਮ ਪੈ ਜਾਂਦਾ ਹੈ। ਨਾਮ ਬਿਨਾ ਕੋਈ ਥਾਂ ਨਹੀਂ ਭਾਵ ਥਾਂ ਦੇ ਨਾਲ ਹੀ ਉਸ ਦਾ ਨਾਮ ਪੈਣਾ ਜਰੂਰੀ ਹੁੰਦਾ ਹੈ। ਇੰਨੇ ਨਾਂਵਾਂ ਵਾਲੀ ਵੱਡੀ ਭਾਰੀ ਕੁਦਰਤ ਦਾ ਹਿਸਾਬ ਕੌਣ ਲਾ ਸਕਦਾ ਹੈ! ਇਸ ਦੇ ਵੇਰਵਿਆਂ ਦਾ ਤਾਂ ਕੋਈ ਇਕ ਗੇੜ ਵੀ ਪੂਰਾ ਨਹੀਂ ਕਰ ਸਕਦਾ। ਹੇ ਸਦਾ ਤੋਂ ਵਿਚਰਣ ਵਾਲੇ ਅਣਦਿਖਦੇ ਉਪਮਾ-ਕਾਰਕ, ਤੂੰ ਜਿਵੇਂ ਕਰਦਾ ਹੈ, ਉਹ ਉਵੇਂ ਹੋਣਾ ਹੀ ਸੰਭਵ ਹੁੰਦਾ ਹੈ, ਭਾਵ ਉਸ ਤੋਂ ਵੱਖਰਾ ਤਾਂ ਹੋ ਹੀ ਨਹੀਂ ਸਕਦਾ।

ਪਰ ਅਜੋਕੇ ਸਿੱਖ ਵਿਦਵਾਨ ਇਸ ਪੰਜ ਦੀ ਪਾਵਨਤਾ ਨੂੰ ਢਾਹ ਲਾਉਂਦੀ ਤੇ ਨਾਮੁ ਦੇ ਸੰਕਲਪ ਨੂੰ ਨਿਖਾਰਦੀ ਪਉੜੀ ਨੂੰ ਪਰਮਾਤਮਾ ਦੀ ਪ੍ਰਸ਼ੰਸਾ ਸਮਝ ਕੇ ਅਧਿਆਤਮਵਾਦ ਨਾਲ ਜੋੜ ਦਿੰਦੇ ਹਨ। ਮਿਸਾਲ ਵਜੋਂ ਸਿੱਖ ਵਿਦਵਾਨ ਭਾਈ ਜੋਗਿੰਦਰ ਸਿੰਘ ਤਲਵਾੜਾ ਦੀ ਵਿਆਖਿਆ ਹੇਠ ਦਿੱਤੀ ਗਈ ਹੈ,

"ਅਣਗਿਣਤ ਜੀਵ (ਕਰਤੇ ਦੀ ਰਚਨਾ ਦੇ ਅਗੰਮ ਤੇ ਅਲੱਖ ਮੰਡਲਾਂ ਬਾਰੇ ਫਰਜ਼ੀ ਕਿਆਫੇ ਲਾ ਲਾ ਕੇ ਫੋਕੇ) ਕਥਨ ਕਰਦੇ ਹਨ, ਉਨ੍ਹਾਂ ਦੇ ਸਿਰ 'ਤੇ (ਇਸ ਫੋਕੀ ਕਥਨੀ ਕਰਨ ਕਰਕੇ) ਭਾਰ ਹੁੰਦਾ (ਚੜ੍ਹਦਾ) ਹੈ। ਅੱਖਰਾਂ (ਸ਼ਬਦਾਂ) ਦੁਆਰਾ ਵਾਹਿਗੁਰੂ ਦਾ ਨਾਮ ਲਿਆ ਜਾ ਸਕਦਾ ਹੈ, ਅੱਖਰਾਂ ਦੁਆਰਾ ਉਸ ਦੀ ਸਿਫਤਿ-ਸਾਲਾਹ ਕੀਤੀ ਜਾ ਸਕਦੀ ਹੈ। ਅੱਖਰਾਂ (ਸ਼ਬਦਾਂ) ਦੁਆਰਾ ਗਿਆਨ (ਕਥਿਆ ਜਾਂਦਾ) ਹੈ, ਗੀਤ (ਗਾਏ ਜਾਂਦੇ) ਹਨ, ਗੁਣਾਂ ਦੀ ਘੋਖਵੀਂ ਵਿਚਾਰ (ਸੰਭਵ ਹੋ ਸਕਦੀ) ਹੈ। ਅੱਖਰਾਂ (ਸ਼ਬਦਾਂ) ਦੁਆਰਾ ਹੀ ਬਾਣੀ (ਬੋਲੀ) ਦਾ ਲਿਖਣਾ ਅਤੇ ਬੋਲਣਾ (ਸੰਭਵ) ਹੋ ਸਕਦਾ ਹੈ)। ਅੱਖਰਾਂ (ਸ਼ਬਦਾਂ) ਦੁਆਰਾ ਹੀ (ਹਰੇਕ ਜੀਵ ਦੇ) ਸਿਰ ਉਤੇ ਲਿਖਿਆ ਸੰਜੋਗ-ਲੇਖ (ਪੰਡਿਤਾਂ, ਪਾਂਧਿਆਂ, ਜੋਤਸ਼ੀਆਂ ਵਲੋਂ) ਵਖਾਣਿਆ ਜਾਂਦਾ ਹੈ। ਜਿਸ (ਵਿਧਾਤਾ) ਨੇ (ਜੀਵਾਂ ਦੇ ਸਿਰ ਉਤੇ ਇਹ ਸੰਜੋਗ-ਲੇਖ) ਲਿਖੇ ਹੋਏ ਹਨ, ਉਸ ਦੇ ਆਪਣੇ ਸਿਰ ਉਤੇ (ਕਿਸੇ ਹੋਰ ਵਲੋਂ ਲਿਖਿਆ ਸੰਜੋਗ ਲੇਖ) ਨਹੀਂ ਹੈ। ਜਿਵੇਂ ਜਿਵੇਂ (ਵਿਧਾਤਾ) ਹੁਕਮ ਕਰਦਾ ਹੈ, ਤਿਵੇਂ ਤਿਵੇਂ (ਇਹ ਸੰਜੋਗ-ਲੇਖ ਜੀਵਾਂ ਦੇ ਮੱਥੇ ਉਤੇ) ਪੈਂਦੇ, ਭਾਵ, ਉਕਰੇ ਜਾਂਦੇ ਹਨ। ਜਿੰਨਾ ਵੀ (ਕਰਤਾ ਪੁਰਖ ਦਾ) ਰਚਿਆ ਹੋਇਆ (ਕੁਦਰਤ ਦਾ ਪਸਾਰਾ ਹੈ), ਉਹ ਸਾਰੇ ਦਾ ਸਾਰਾ (ਕਿਸੇ ਨਾ ਕਿਸੇ) ਨਾਮ ਵਾਲਾ ਹੈ। ਨਾਮ ਤੋਂ ਬਿਨਾ (ਭਾਵ, ਜਿਸ ਦਾ ਕੋਈ ਨਾਮ ਨਾ ਹੋਵੇ, ਅਜਿਹਾ) ਕੋਈ ਵੀ ਥਾਂਉਂ ਨਹੀਂ। (ਹੇ ਕਰਤਾਰ!) ਮੇਰੀ ਕੀ ਪਾਇਆਂ (ਹਸਤੀ) ਹੈ ਕਿ (ਤੇਰਾ ਜਾਂ ਤੇਰੀ ਕੁਦਰਤ ਦਾ) ਵਿਚਾਰ ਕਥਨ ਕਰ ਸਕਾਂ। ਮੈਂ ਕਿਉਂ ਨਾ ਇਕੋ ਵਾਰ (ਸਾਰੇ ਦਾ ਸਾਰਾ ਤੈਥੋਂ) ਕੁਰਬਾਨ ਹੋ ਜਾਵਾਂ?"

ਦੂਜੇ ਸਾਰੇ ਵਿਆਖਿਆਕਾਰਾਂ ਵਾਂਗ ਭਾਈ ਤਲਵਾੜਾ ਵੀ ਇਸ ਪਉੜੀ ਨੂੰ ਸਮੁੱਚੇ ਜਪੁਜੀ ਦੇ ਸੰਦਰਭ ਵਿਚ ਰੱਖ ਕੇ ਨਹੀਂ ਦੇਖਦਾ। ਉਹ ਕੁਦਰਤ ਦੇ ਅਣਮਿੱਥੇ ਪਸਾਰੇ ਨੂੰ ਤਾਂ ਪਛਾਣਦਾ ਹੈ, ਪਰ ਇਸ ਨੂੰ ਪੰਚਾਂ ਦੇ ਪਰਿਪੇਖ ਵਿਚ ਨਹੀਂ ਦੇਖਦਾ। ਉਹ ਕਹਿੰਦਾ ਹੈ ਕਿ ਕਈ ਜੀਵ ਕੁਦਰਤ ਦੀ ਵਿਭਿੰਨਤਾ ਦੇ ਗਲਤ ਅੰਦਾਜ਼ੇ ਲਾ ਕੇ ਸਿਰ 'ਤੇ ਭਾਰ ਚੜ੍ਹਾਉਂਦੇ ਹਨ, ਪਰ ਜੋ ਜੀਵ ਪੰਜ 'ਤੇ ਅਟਕ ਕੇ ਅੱਗੇ ਹੀ ਨਹੀਂ ਚਲਦੇ, ਉਨ੍ਹਾਂ ਦੇ ਭਾਰ ਦਾ ਉਹ ਜ਼ਿਕਰ ਨਹੀਂ ਕਰਦਾ। ਉਹ ਨਾਂਵ ਨੂੰ ਕੇਵਲ ਪ੍ਰਭੂ ਦਾ ਨਾਮ ਤੇ ਸਾਲਾਹ ਨੂੰ ਪਰਮਾਤਮਾ ਦੀ ਪ੍ਰਸ਼ੰਸਾ ਦੱਸਦਾ ਹੈ, ਜਦੋਂ ਕਿ ਗੁਰੂ ਸਾਹਿਬ ਅਸੰਖ ਵਸਤਾਂ ਥਾਂਵਾਂ ਦੇ ਵਿਸ਼ੇਸ਼ਤਾਈਆਂ 'ਤੇ ਆਧਾਰਤ ਨਾਂਵਾਂ ਦੀ ਗੱਲ ਕਰਦੇ ਹਨ। ਗੁਰੂ ਸਾਹਿਬ ਨਾਂਵਾਂ ਨੂੰ ਵਸਤਾਂ ਦੇ ਗੁਣਾਂ ਤੇ ਸੁਭਾਵਾਂ ਨਾਲ ਜੋੜਦੇ ਹਨ ਤੇ ਇਹ ਵਿਦਵਾਨ ਇਨ੍ਹਾਂ ਨੂੰ ਵਿਧਾਤਾ ਦਾ ਲਿਖਿਆ ਮੱਥੇ ਦਾ ਮਿਥਕਾਰੀ ਲੇਖ ਦੱਸਦਾ ਹੈ। ਉਸ ਅਨੁਸਾਰ ਇਹ ਲੇਖ ਪੰਡਿਤ, ਪਾਂਧੇ ਤੇ ਜੋਤਸ਼ੀ ਆਦਿ ਪੜ੍ਹਦੇ ਹਨ। ਉਹ ਕੁਦਰਤ ਦਾ ਪੂਰਾ ਕਥਨ ਨਾ ਕਰਨ ਕਰਕੇ ਗੁਰੂ ਸਾਹਿਬ ਨੂੰ ਕੁਰਬਾਨੀ ਦੇ ਰਾਹ ਪਾਉਂਦਾ ਹੈ। ਕੀ ਵਿਧਾਤਾ, ਕੀ ਮੱਥੇ ਦਾ ਲੇਖ ਤੇ ਕੀ ਪੰਡਿਤ ਤੇ ਕੀ ਜੋਤਸ਼ੀ, ਉਹ ਗੱਲ ਗੱਲ ਵਿਚ ਆਪਣੇ ਆਪ ਨਾਲ ਗੁਰੂ ਸਾਹਿਬ ਨੂੰ ਵੀ ਪੱਕਾ ਬ੍ਰਾਹਮਣਵਾਦੀ ਦਰਸਾਉਂਦਾ ਹੈ।

ਹੈਰਾਨੀ ਦੀ ਗੱਲ ਹੈ ਕਿ ਸਾਰੇ ਅਜੋਕੇ ਸਿੱਖ ਵਿਦਵਾਨ "ਵਾਰਿਆ ਨ ਜਾਵਾ ਏਕ ਵਾਰ" ਦੇ ਅਰਥ ਕਰਨ ਵਿਚ ਇੰਨੇ ਉਦਾਰ ਹਨ ਕਿ ਉਹ ਸਾਰੇ ਹੀ ਗੁਰੂ ਸਾਹਿਬ ਦੀ ਕੁਰਬਾਨੀ ਦੀ ਗੱਲ ਕਰਦੇ ਹਨ। ਪਰ ਜੇ ਕੁਦਰਤ ਪ੍ਰਸ਼ੰਸਾ ਤੋਂ ਬਾਹਰ ਹੋਵੇ ਤਾਂ ਕੀ ਪ੍ਰਸ਼ੰਸਕ ਨੂੰ ਆਪਣੀ ਬਲੀ ਦੇਣੀ ਪੈਂਦੀ ਹੈ? ਕੀ ਇਹ ਕੋਈ ਸ਼ਰਤ ਹੈ ਕਿ ਜੇ ਕੋਈ ਕੁਦਰਤ ਨੂੰ ਅਪਾਰ ਸਮਝੇ ਤਾਂ ਉਹ ਕੁਰਬਾਨ ਹੋ ਜਾਵੇ? ਪ੍ਰਕ੍ਰਿਤੀ ਦੇ ਵੇਰਵੇ ਤਾਂ ਅਜੋਕੇ ਸਿੱਖ ਵਿਦਵਾਨਾਂ ਦੀ ਪਹੁੰਚ ਤੋਂ ਵੀ ਬਾਹਰ ਹਨ, ਕੀ ਇਹ ਵਿਦਵਾਨ ਕੁਰਬਾਨ ਹੋ ਗਏ? ਰਹੀ ਇਕੋ ਵਾਰ ਸਾਰੇ ਦਾ ਸਾਰਾ ਕੁਰਬਾਨ ਹੋਣ ਦੀ ਗੱਲ, ਕੋਈ ਪੁੱਛੇ, ਕੀ ਕੋਈ ਅੱਧੀ, ਪੌਣੀ ਜਾਂ ਕਿਸ਼ਤਾਂ 'ਤੇ ਦੇਣ ਵਾਲੀ ਕੁਰਬਾਨੀ ਵੀ ਹੁੰਦੀ ਹੈ?

ਇਨ੍ਹਾਂ ਸਵਾਲਾਂ ਦੇ ਜਵਾਬ ਹੋਣਗੇ ਤਾਂ ਸਹੀ, ਪਰ ਦੇਣੇ ਕਿਸੇ ਨੇ ਨਹੀਂ। ਉਂਜ ਇਹ ਸਵਾਲ ਜਵਾਬ ਮੰਗਣ ਲਈ ਹਨ ਵੀ ਨਹੀਂ, ਵਿਚਾਰ ਕੇ ਸਮਝ ਹੀ ਲਏ ਜਾਣ, ਕਾਫੀ ਹੈ!

# ੴ ਸਤਿ ਗੁਰਪ੍ਰਸਾਦਿ॥

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥
ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ॥
ੴ ਸਤਿਨਾਮੁ ਗੁਰਪ੍ਰਸਾਦਿ॥
ੴ ਸਤਿ ਗੁਰਪ੍ਰਸਾਦਿ॥

ਗੁਰੂ ਗ੍ਰੰਥ ਸਾਹਿਬ ਵਿਚ ਇਹ ਮੰਗਲਾਚਰਨ ਵੱਖ-ਵੱਖ ਬਾਣੀਆਂ ਅਰੰਭ ਕਰਨ ਤੋਂ ਪਹਿਲਾਂ ਦਰਜ ਕੀਤੇ ਗਏ ਹਨ। ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਇਹ ਚਾਰ ਤਰ੍ਹਾਂ ਦੇ ਮੰਗਲਾਚਰਨ ਹੀ ਆਏ ਹਨ। ਇਹ ਕਿੰਨੀ ਕਿੰਨੀ ਗਿਣਤੀ ਵਿਚ ਆਏ ਹਨ, ਇਹ ਤਾਂ ਵਿਦਵਾਨਾਂ ਦੀ ਖੋਜ ਦਾ ਵਿਸ਼ਾ ਹੈ। ਇਥੇ ਸਿਰਫ ਇਨ੍ਹਾਂ ਵਿਚਲੇ ਸਿਧਾਂਤ ਦੀ ਚਰਚਾ ਹੀ ਕੀਤੀ ਗਈ ਹੈ।

## ਮੰਗਲਾਚਰਨ

ਹਰ ਲਿਖਾਰੀ ਆਪਣੀ ਰਚਨਾ ਦੇ ਅਰੰਭ ਵਿਚ ਆਪਣੇ ਇਸ਼ਟ ਦੀ ਸਿਫਤ ਅਤੇ ਉਸ ਦੇ ਸਰੂਪ ਦਾ ਵਰਨਣ ਕਰਦਾ ਹੈ। ਸੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮੰਗਲਾਚਰਨ ਗੁਰੂ ਨਾਨਕ ਸਾਹਿਬ ਅਤੇ ਸਿੱਖ ਧਰਮ ਦੇ ਸਿਧਾਂਤ ਤੇ ਇਸ ਦੇ ਇਸ਼ਟ ਦਾ ਪ੍ਰਗਟਾਵਾ ਹਨ, ਜਿਸ ਅਨੁਸਾਰ ਸਿੱਖ ਧਰਮ ਵਿਚ ਪਰਮਾਤਮਾ, ਉਸ ਦਾ ਸਰੂਪ, ਉਸ ਦੇ ਗੁਣਾਂ ਦਾ ਜ਼ਿਕਰ ਕੀਤਾ ਗਿਆ ਹੈ। ਇਨ੍ਹਾਂ ਸਾਰੇ ਹੀ ਮੰਗਲਾਚਰਨਾਂ ਵਿਚ ਪਰਮਾਤਮਾ ਦੇ ਗੁਣਾਂ ਦਾ ਜ਼ਿਕਰ ਕਰਦਿਆਂ ਉਸ ਦੀ ਉਸਤਤਿ ਕੀਤੀ ਗਈ ਹੈ ਅਤੇ ਉਸ ਦੀ ਪ੍ਰਾਪਤੀ ਦਾ ਸਾਧਨ ਦੱਸਿਆ ਗਿਆ ਹੈ। ੴ ਸਤਿ ਗੁਰਪ੍ਰਸਾਦਿ ਸਭ ਤੋਂ ਸੰਖੇਪ ਮੰਗਲਾਚਰਨ ਹੈ। ਸਾਰੇ ਹੀ ਮੰਗਲਾਚਰਨਾਂ ਵਿਚ ਇਹ ਸਾਂਝਾ ਹੈ। ਉਹ ੴ, ਸਤਿ ਅਤੇ ਗੁਰਪ੍ਰਸਾਦਿ ਹਨ। ਹੁਣ ਇਨ੍ਹਾਂ ਬਾਰੇ ਵਿਚਾਰ ਕਰਦੇ ਹਾਂ।

ਸੇਵਕ ਸਿੰਘ ਕੋਟਕਪੂਰਾ
ਫੋਨ: 661-444-3657

### ੴ

ੴ ਧਰਮ ਦਾ ਮੂਲ ਸਿਧਾਂਤ ਹੈ, ਜਿਸ ਦੀ ਨੀਂਹ ਉਤੇ ਧਰਮ ਦਾ ਮਹਿਲ ਉਸਰਿਆ ਅਤੇ ਖੜਾ ਹੈ। ਜੇ ਇਸ ਦੀ ਸਮਝ ਆ ਜਾਏ ਤਾਂ ਧਰਮ ਦੀ ਸਮਝ ਆ ਜਾਂਦੀ ਹੈ। ੴ ਰਾਹੀਂ ਪਰਮਾਤਮਾ ਦੇ ਸਰੂਪ ਦੀ ਸਮਝ ਬਖਸ਼ੀ ਗਈ ਹੈ। ਅੰਕ ਇਕ (1) ਨਿਰਗੁਣ ਅਤੇ ਨਿਰੰਕਾਰ ਰੂਪ ਪਰਮਾਤਮਾ ਦੇ ਸੰਸਾਰ ਦੀ ਰਚਨਾ ਲਈ ਕੀਤੇ ਸੰਕਲਪ ਕਾਰਨ ਪਾਰਬ੍ਰਹਮ ਜਾਂ ਅਕਾਲ ਪੁਰਖ ਦੇ ਰੂਪ ਵਿਚ ਪ੍ਰਗਟ ਹੋਣ ਦਾ ਲਖਾਇਕ ਹੈ। ਇਸੇ ਸਰੂਪ ਨੂੰ ਹੀ ਸੁਖਮਨੀ ਸਾਹਿਬ ਅਤੇ ਹੋਰ ਬਾਣੀਆਂ ਵਿਚ ਏਕੰਕਾਰ ਕਿਹਾ ਗਿਆ ਹੈ, ਜਿਵੇਂ ਕਿ 16ਵੀਂ ਅਸ਼ਟਪਦੀ ਵਿਚ ਦਰਜ ਹੈ,

ਨਾਨਾ ਬਿਧਿ ਕੀਨੋ ਬਿਸਥਾਰੁ॥
ਸਦਾ ਸਦਾ ਇਕ ਏਕੰਕਾਰੁ॥

ਇਹ ਪਾਰਬ੍ਰਹਮ ਜਾਂ ਏਕੰਕਾਰ ਹੀ ਸੰਸਾਰ ਦੀ ਰਚਨਾ ਲਈ ਬ੍ਰਹਮ, ਸ਼ਿਵ ਜਾਂ ਕਾਲਪੁਰਖ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ ਤੇ ਆਪਣੀ ਤ੍ਰੈਗੁਣੀ ਮਾਇਆ ਰਾਹੀਂ ਸੰਸਾਰ ਦੀ ਰਚਨਾ ਸ਼ੁਰੂ ਕਰਦਾ ਹੈ ਅਤੇ ਉਸ ਵਿਚ ਵਿਆਪਕ ਹੋ ਕੇ ਵੱਖ-ਵੱਖ ਰੂਪਾਂ ਵਿਚ ਕ੍ਰਿਆਸ਼ੀਲ ਹੋ ਜਾਂਦਾ ਹੈ। ਇਸੇ ਨੂੰ ਹੀ ਓਅੰਕਾਰ ਕਿਹਾ ਹੈ। ਗੀਤਾ ਵਿਚ ਸ੍ਰੀ ਕ੍ਰਿਸ਼ਨ ਨੇ ਕਿਹਾ ਹੈ ਕਿ ਓਅੰਕਾਰ ਤੋਂ ਹੀ ਸਾਰੀ ਸ੍ਰਿਸ਼ਟੀ ਦੀ ਰਚਨਾ ਹੋਈ ਹੈ। ਓਅੰਕਾਰ ਜਾਂ ਓਮ ਸਵੈਂਭੂ ਅਤੇ ਅਨਹਦ ਹੈ। ਇਹ ਸ਼ਬਦ ਨਹੀਂ, ਸਗੋਂ ਅਨਹਦ ਧੁਨੀ ਹੈ, ਜੋ ਕਿਸੇ ਟਕਰਾਅ ਜਾਂ ਰਗੜ ਤੋਂ ਪੈਦਾ ਨਹੀਂ ਹੁੰਦੀ। ਇਹ ਆਪਣੇ ਆਪ ਤੋਂ ਹੀ ਪੈਦਾ ਹੁੰਦੀ ਹੈ। ਸਾਰੀ ਉਤਪਤੀ ਇਸ ਤੋਂ ਹੀ ਹੋਈ ਹੈ ਅਤੇ ਇਸੇ ਵਿਚ ਹੀ ਸਮਾ ਜਾਂਦੀ ਹੈ। ਈਸ਼ਵਾਸਿਓਪਨਿਸ਼ਦ ਦਾ ਮੰਗਲਾਚਰਨ ਹੈ, "ਪੂਰਨ ਤੋਂ ਪੂਰਨ ਦੀ ਉਤਪਤੀ ਹੁੰਦੀ ਹੈ ਅਤੇ ਉਸ ਪੂਰਨ ਦੀ ਪੂਰਨਤਾ ਵਿਚ ਕੋਈ ਕਮੀ ਨਹੀਂ ਹੁੰਦੀ। ਪੂਰਨ ਪੂਰਨ ਵਿਚ ਲੀਨ ਹੋ ਜਾਂਦਾ ਹੈ, ਪਰ ਪੂਰਨ ਦੀ ਪੂਰਨਤਾ ਵਿਚ ਕੋਈ ਅੰਤਰ ਨਹੀਂ ਆਉਂਦਾ।"

ਇਸੇ ਹੀ ਸੰਕਲਪ ਦਾ ਵਰਨਣ ਗੁਰੂ ਗੋਬਿੰਦ ਸਿੰਘ ਨੇ ਆਪਣੀ ਬਾਣੀ ਚੌਪਈ ਸਾਹਿਬ ਵਿਚ ਕੀਤਾ ਹੈ। ਗੁਰੂ ਜੀ ਫੁਰਮਾਉਂਦੇ ਹਨ,

ਕਾਲ ਪਾਇ ਬ੍ਰਹਮਾ ਬਪੁ ਧਰਾ॥
ਕਾਲ ਪਾਇ ਸਿਵਜੂ ਅਵਤਰਾ॥
ਕਾਲ ਪਾਇ ਕਰ ਬਿਸਨੁ ਪ੍ਰਕਾਸਾ॥
ਸਕਲ ਕਾਲ ਕਾ ਕੀਆ ਤਮਾਸਾ॥383॥
ਜਵਨ ਕਾਲ ਜੋਗੀ ਸਿਵ ਕੀਓ॥
ਬੇਦਰਾਜ ਬ੍ਰਹਮਾ ਜੂ ਥੀਓ॥
ਜਵਨ ਕਾਲ ਸਭ ਲੋਕ ਸਵਾਰਾ॥
ਨਮਸਕਾਰ ਹੈ ਤਾਹਿ ਹਮਾਰਾ॥384॥
ਜਵਨ ਕਾਲ ਸਭ ਜਗਤ ਬਨਾਯੋ॥
ਦੇਵ ਦੈਤ ਜੱਛਨ ਉਪਜਾਯੋ॥
ਆਦਿ ਅੰਤਿ ਏਕੈ ਅਵਤਾਰਾ॥
ਸੋਈ ਗੁਰੂ ਸਮਝਿਯਹੁ ਹਮਾਰਾ॥385॥

ਵਿਗਿਆਨ ਵੀ ਇਸ ਸਿਧਾਂਤ ਨਾਲ ਸਹਿਮਤ ਹੈ ਕਿ ਸ੍ਰਿਸ਼ਟੀ ਦੇ ਅਰੰਭ ਵਿਚ ਹੀ ਅਰਬਾਂ ਸਾਲ ਪਹਿਲਾਂ ਗੈਸਾਂ ਦਾ ਇਕ ਗੁਬਾਰ ਸੀ ਅਤੇ ਅਚਾਨਕ ਉਸ ਵਿਚ ਵਿਸਫੋਟ ਹੋਇਆ ਤੇ ਬ੍ਰਹਿਮੰਡ ਦੀ ਰਚਨਾ ਸ਼ੁਰੂ ਹੋ ਗਈ, ਜੋ ਅੱਜ ਤੱਕ ਫੈਲ ਰਿਹਾ ਹੈ। ਸਮੁੱਚਾ ਬ੍ਰਹਿਮੰਡ ਪਦਾਰਥ ਅਤੇ ਊਰਜਾ ਤੋਂ ਪੈਦਾ ਹੋਇਆ ਹੈ। ਊਰਜਾ ਪਦਾਰਥ ਵਿਚ ਤਬਦੀਲ ਹੋ ਜਾਂਦੀ ਹੈ ਅਤੇ ਪਦਾਰਥ ਊਰਜਾ ਵਿਚ ਤਬਦੀਲ ਹੋ ਜਾਂਦਾ ਹੈ। ਕੁਲ ਪਦਾਰਥ ਅਤੇ ਊਰਜਾ ਦੇ ਜੋੜ ਵਿਚ ਕੋਈ ਤਬਦੀਲੀ ਨਹੀਂ ਹੁੰਦੀ। ਉਹ ਇਕੋ ਜਿੰਨਾ ਹੀ ਰਹਿੰਦਾ ਹੈ।

ਅਧਿਆਤਮ ਅਨੁਸਾਰ ਊਰਜਾ ਦੀ ਉਤਪਤੀ ਚੇਤਨਾ ਤੋਂ ਹੁੰਦੀ ਹੈ, ਜਿਸ ਨੂੰ ਸ਼ਬਦ ਵੀ ਕਿਹਾ ਗਿਆ ਹੈ। ਸਾਰੀ ਮਦਭਗਵਤ ਗੀਤਾ ਵਿਚ ਸ੍ਰੀ ਕ੍ਰਿਸ਼ਨ ਕਹਿੰਦੇ ਹਨ, "ਸ੍ਰਿਸ਼ਟੀ ਦੇ ਆਦਿ ਵਿਚ ਮੈਂ ਹੀ ਆਪਣੀ ਮਾਯਾ ਨੂੰ ਅੰਗੀਕਾਰ ਕਰਕੇ ਮਹੱਤ (ਅਹੰਕਾਰ), ਬੁੱਧੀ, ਮਨ ਅਤੇ ਪੰਜ ਮਹਾਤੱਤ (ਆਕਾਸ਼, ਵਾਯੂ, ਅਗਨੀ, ਜਲ ਅਤੇ ਪ੍ਰਿਥਵੀ) ਦੇ ਸੰਯੋਗ ਤੋਂ ਸੰਸਾਰ ਦੀ ਰਚਨਾ ਕਰਦਾ ਹਾਂ। ਸਰੁਤੀ ਵਚਨ ਹੈ।"

ਏਕੋ ਬ੍ਰਹਮ ਦੁਤਿਆ ਨਸਤਿ॥

ਸਾਰੇ ਬ੍ਰਹਿਮੰਡ ਵਿਚ ਸਿਰਫ ਇਕ ਹੀ ਬ੍ਰਹਮ ਵਿਆਪਕ ਹੈ, ਹੋਰ ਦੂਜਾ ਵੀ ਕੋਈ ਨਹੀਂ। ਸੁਖਮਨੀ ਸਾਹਿਬ ਦੀ 21ਵੀਂ ਅਸ਼ਟਪਦੀ ਦਾ ਸਲੋਕ ਹੈ,

ਸਰਗੁਨ ਨਿਰਗੁਨ ਨਿਰੰਕਾਰ
ਸੁੰਨ ਸਮਾਧੀ ਆਪਿ॥
ਆਪਨ ਕੀਆ ਨਾਨਕਾ
ਆਪੇ ਹੀ ਫਿਰਿ ਜਾਪਿ॥

ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੇ ਪ੍ਰਮਾਣ ਦਿੱਤੇ ਜਾ ਸਕਦੇ ਹਨ, ਜੋ ਗੁਰੂ ਗ੍ਰੰਥ ਸਹਿਬ ਅਤੇ ਹੋਰ ਵੀ ਬਹੁਤ ਸਾਰੇ ਗ੍ਰੰਥਾਂ ਵਿਚ ਦੇਖੇ ਜਾ ਸਕਦੇ ਹਨ। ਸੋ, ਸੰਸਾਰ ਦੀ ਉਤਪਤੀ ਇਕੋ ਹੀ ਸਤਾ (ਹੋਂਦ) ਤੋਂ ਹੋਈ ਸਾਬਤ ਕਰਦੇ ਹਨ। ਵਿਦਵਾਨ ਸੱਜਣ ਇਸ ਦੀ ਪੜਤਾਲ ਕਰ ਸਕਦੇ ਹਨ।

**ਸਤਿ:** ਦੂਜਾ ਸੰਕਲਪ ਹੈ ਸਤਿ, ਭਾਵ ਇਹ ਇਕ ਸਤਾ (ਹੋਂਦ) ਸਦਾ ਥਿਰ ਰਹਿਣ ਵਾਲੀ ਹੈ, ਜਿਸ ਦਾ ਕੋਈ ਵੀ ਆਦਿ ਜਾਂ ਅੰਤ ਨਹੀਂ ਹੈ। ਉਹ ਸਦਾ ਤੋਂ ਹੈ ਅਤੇ ਸਦਾ ਹੀ ਰਹੇਗਾ। ਸਭ ਦਿਸਦਾ-ਅਨਦਿਸਦਾ ਸੰਸਾਰ ਉਸ ਤੋਂ ਪੈਦਾ ਹੋਇਆ ਹੈ ਅਤੇ ਉਸ ਵਿਚ ਸਥਿਤ ਹੈ ਤੇ ਉਸ ਵਿਚ ਹੀ ਲੀਨ ਹੋ ਜਾਂਦਾ ਹੈ। ਸੰਸਾਰ ਦੀ ਉਸ ਤੋਂ ਵੱਖਰੀ ਕੋਈ ਹੋਂਦ ਨਹੀਂ ਹੈ। ਇਹ ਉਸ ਦਾ ਹੀ ਰੂਪ ਹੈ ਅਤੇ ਉਸ ਵਿਚ ਹੀ ਸਥਿਤ ਹੈ। ਅਨੰਦ ਸਾਹਿਬ ਦੀ 36ਵੀਂ ਪਉੜੀ ਵਿਚ ਫੁਰਮਾਨ ਹੈ,

ਏ ਨੇਤ੍ਰਹੁ ਮੇਰਿਹੋ
ਹਰਿ ਤੁਮ ਮਹਿ ਜੋਤਿ ਧਰੀ
ਹਰਿ ਬਿਨੁ ਅਵਰੁ ਨ ਦੇਖਹੁ ਕੋਈ॥
ਹਰਿ ਬਿਨੁ ਅਵਰੁ ਨ ਦੇਖਹੁ ਕੋਈ
ਨਦਰੀ ਹਰਿ ਨਿਹਾਲਿਆ॥
ਏਹੁ ਵਿਸੁ ਸੰਸਾਰੁ ਤੁਮ ਦੇਖਦੇ
ਏਹੁ ਹਰਿ ਕਾ ਰੂਪੁ ਹੈ
ਹਰਿ ਰੂਪੁ ਨਦਰੀ ਆਇਆ॥
ਗੁਰ ਪਰਸਾਦੀ ਬੁਝਿਆ ਜਾ ਵੇਖਾ
ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ॥
ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ
ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥

ਸਤਿ ਜਾਂ ਸੱਚ ਦੀ ਪਰਿਭਾਸ਼ਾ ਕੀ ਹੈ? ਜੋ ਸ੍ਰਿਸ਼ਟੀ ਦੇ ਅਰੰਭ ਵਿਚ ਜਦੋਂ ਕੁਝ ਵੀ ਨਹੀਂ ਸੀ, ਉਹ ਉਸ ਵੇਲੇ ਵੀ ਸੀ; ਸ੍ਰਿਸ਼ਟੀ ਦੀ ਰਚਨਾ ਦਾ ਸੰਕਲਪ ਹੋਇਆ, ਉਦੋਂ ਵੀ ਸੀ। ਸ੍ਰਿਸ਼ਟੀ ਦੀ ਰਚਨਾ ਤੋਂ ਲੈ ਕੇ ਅੱਜ ਤੱਕ ਵੀ ਸੱਚ ਹੈ ਅਤੇ ਜਦੋਂ ਇਸ ਦਾ ਨਾਸ਼ ਹੋਵੇਗਾ ਤਾਂ ਵੀ ਉਹ ਬਾਕੀ ਰਹੇਗਾ ਤੇ ਸੱਚ ਹੋਵੇਗਾ। ਜਦੋਂ ਕਿ ਸਭਿਆਚਾਰ ਦੀ ਉਮਰ ਤਾਂ ਸਿਰਫ 5-7 ਹਜਾਰ ਸਾਲ ਹੀ ਹੈ। ਸਾਰੇ ਹੀ ਧਰਮ ਅਤੇ ਵਿਗਿਆਨ ਇਸ ਸਮੇਂ ਵਿਚ ਹੀ ਪ੍ਰਗਟ ਹੋਏ ਹਨ, ਪਰ ਸੰਸਾਰ ਤਾਂ ਇਸ ਤੋਂ ਬਹੁਤ ਪਹਿਲਾਂ ਦਾ ਹੈ। ਸੁਖਮਨੀ ਸਾਹਿਬ ਦੀ 16ਵੀਂ ਅਸ਼ਟਪਦੀ ਵਿਚ ਫੁਰਮਾਇਆ ਗਿਆ ਹੈ,

ਰੂਪ ਸਤਿ ਜਾ ਕਾ ਸਤਿ ਅਸਥਾਨੁ॥
ਪੁਰਖੁ ਸਤਿ ਕੇਵਲ ਪਰਧਾਨੁ॥
ਕਰਤੂਤਿ ਸਤਿ ਸਤਿ ਜਾ ਕੀ ਬਾਣੀ॥
ਸਤਿ ਪੁਰਖ ਸਭ ਮਾਹਿ ਸਮਾਣੀ॥
ਸਤਿ ਕਰਮੁ ਜਾ ਕੀ ਰਚਨਾ ਸਤਿ॥
ਮੂਲੁ ਸਤਿ ਸਤਿ ਉਤਪਤਿ॥
ਸਤਿ ਕਰਣੀ ਨਿਰਮਲ ਨਿਰਮਲੀ॥
ਜਿਸਹਿ ਬੁਝਾਏ ਤਿਸਹਿ ਸਭ ਭਲੀ॥
ਸਤਿ ਨਾਮੁ ਪ੍ਰਭ ਕਾ ਸੁਖਦਾਈ॥
ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ॥

ਹੁਣ ਸਮੱਸਿਆ ਇਹ ਹੈ ਕਿ ਸੱਚ ਕੀ ਹੈ? ਇਸ ਦਾ ਨਿਸ਼ਚਾ ਕਿਵੇਂ ਹੋਵੇ? ਕਿਸੇ ਵੀ ਵਿਚਾਰ ਜਾਂ ਸਿਧਾਂਤ ਨੂੰ ਸਹੀ ਸਾਬਤ ਕਰਨ ਲਈ ਪ੍ਰਮਾਣ ਦੀ ਲੋੜ ਹੁੰਦੀ ਹੈ। ਨਿਆਏ ਦਰਸ਼ਨ ਅਨੁਸਾਰ ਪ੍ਰਮਾਣ 4 ਕਿਸਮ ਦੇ ਹੁੰਦੇ ਹਨ,

1. ਪ੍ਰਤੱਖ, ਜੋ ਇੰਦਰੀਆਂ ਰਾਹੀਂ ਪ੍ਰਤੱਖ ਨਜ਼ਰ ਆਉਂਦਾ ਹੈ।
2. ਅਨੁਮਾਨ, ਜੋ ਕਿਸੇ ਵੀ ਵਿਸ਼ੇ ਸਬੰਧੀ ਜਾਣਕਾਰੀ ਜਾਂ ਸਿਮਰਤੀ (ਯਾਦਦਾਸ਼ਤ) ਅਨੁਸਾਰ ਕੀਤਾ ਜਾਂਦਾ ਹੈ।
3. ਉਪਮਾਨ, ਜਦ ਕਿਸੇ ਵੀ ਵਸਤੂ ਦੀ ਕਿਸੇ ਹੋਰ ਵਸਤੂ ਨਾਲ ਤੁਲਨਾ ਕੀਤੀ ਜਾਵੇ।
4. ਸ਼ਬਦ ਜਾਂ ਸ਼ਾਸਤਰ, ਕਿਸੇ ਪ੍ਰਮਾਣਿਕ ਸ਼ਾਸਤਰ ਜਾਂ ਪ੍ਰਮਾਣਿਕ ਵਿਅਕਤੀ ਦੇ ਵਚਨ ਨਾਲ ਕੀਤਾ ਜਾਂਦਾ ਹੈ।

ਉਪਰੋਕਤ ਪ੍ਰਮਾਣਾਂ ਰਾਹੀਂ ਦਿਸਦੇ ਸੰਸਾਰ ਬਾਰੇ ਤਾਂ ਜਾਣਿਆ ਜਾ ਸਕਦਾ ਹੈ, ਪਰ ਸਾਰੇ ਨੂੰ ਨਹੀਂ। ਇਹ ਸੰਸਾਰ ਬਹੁਤ ਵਿਸ਼ਾਲ ਹੈ, ਅਣਦਿਸਦਾ ਸੰਸਾਰ ਵੀ ਹੈ; ਜੋ ਅਸੀਂ ਜਾਣਦੇ ਹਾਂ, ਉਹ ਸੱਚ ਵੀ ਹੋ ਸਕਦਾ ਹੈ ਤੇ ਝੂਠ ਵੀ ਹੋ ਸਕਦਾ ਹੈ। ਜੋ ਅਸੀਂ ਨਹੀਂ ਜਾਣਦੇ, ਉਹ ਵੀ ਸੱਚ ਹੋ ਸਕਦਾ ਹੈ। ਮੇਰੀ ਜਾਣਕਾਰੀ ਅੰਤਿਮ ਸੱਚ ਨਹੀਂ ਹੈ, ਉਸ ਤੋਂ ਵੱਖਰਾ ਵੀ ਸੱਚ ਹੋ ਸਕਦਾ ਹੈ। ਵਿਚਾਰ ਹਮੇਸ਼ਾ ਉਧਾਰੇ ਹੁੰਦੇ ਹਨ, ਪਰ ਅਨੁਭਵ ਅਤੇ ਵਿਸ਼ਵਾਸ ਹਮੇਸ਼ਾ ਆਪਣਾ ਹੁੰਦਾ ਹੈ। ਵਿਸ਼ਵਾਸ ਅਤੇ ਜਾਣਕਾਰੀ ਦਾ ਆਧਾਰ ਪ੍ਰਮਾਣਿਕ ਵਿਅਕਤੀ ਜਾਂ ਉਨ੍ਹਾਂ ਦੇ ਵਚਨ ਹੀ ਹੁੰਦੇ ਹਨ।

ਵਿਗਿਆਨਕ ਸੋਚ ਵਾਲੇ ਵੀ ਕਿਸੇ ਨਾ ਕਿਸੇ 'ਤੇ ਵਿਸ਼ਵਾਸ ਕਰਦੇ ਹਨ, ਸਭ ਕੁਝ ਆਪ ਨਹੀਂ ਪਰਖਦੇ। ਸੋ, ਜੋ ਉਨ੍ਹਾਂ ਦੀ ਸਮਝ ਵਿਚ ਆਉਂਦਾ ਹੈ ਜਾਂ ਕਿਸੇ ਸ਼ਾਸਤਰ ਜਾਂ ਵਿਅਕਤੀ ਦੇ ਵਚਨ 'ਤੇ ਹੀ ਯਕੀਨ ਕਰਦੇ ਹਨ। ਤਰਕ ਇਕ ਅਜਿਹਾ ਹਥਿਆਰ ਹੈ, ਸੋ ਕਿਸੇ ਵੀ ਵਸਤੂ ਜਾਂ ਵਿਚਾਰ ਨੂੰ ਸਿੱਧ ਕਰਨ ਲਈ ਵਰਤਿਆ ਜਾਂਦਾ ਹੈ। ਇਹ ਤਰਕ ਪੇਸ਼ ਕਰਨ ਵਾਲੇ ਦੀ ਕੁਸ਼ਲਤਾ ਹੈ ਕਿ ਉਹ ਗਲਤ ਤੱਥ ਨੂੰ ਵੀ ਸਹੀ ਸਿੱਧ ਕਰ ਸਕਦਾ ਹੈ ਅਤੇ ਸਹੀ ਨੂੰ ਗਲਤ ਵੀ ਸਿੱਧ ਕਰ ਸਕਦਾ ਹੈ। ਸੋ, ਪਰਮਾਤਮਾ ਜਾਂ ਅਣਦਿਸਦੇ ਸੰਸਾਰ ਬਾਰੇ ਵੀ ਪ੍ਰਮਾਣਿਕ ਵਿਅਕਤੀਆਂ ਅਤੇ ਸ਼ਾਸਤਰਾਂ 'ਤੇ ਹੀ ਯਕੀਨ ਕਰਨਾ ਪਵੇਗਾ। ਇਸ ਲਈ ਅਨੁਭਵ ਅਤੇ ਵਿਸ਼ਵਾਸ 'ਤੇ ਹੀ ਯਕੀਨ ਕਰਨਾ ਪੈਂਦਾ ਹੈ।

**ਗੁਰੂ ਜਾਂ ਗੁਰ:** ਹਰ ਕਿਸਮ ਦੀ ਵਿਦਿਆ ਨੂੰ ਸਿੱਖਣ ਜਾਂ ਸਮਝਣ ਲਈ ਕਿਸੇ ਜਾਣਕਾਰ ਵਿਅਕਤੀ ਦੀ ਮਦਦ ਲੈਣੀ ਪੈਂਦੀ ਹੈ। ਉਹ ਪ੍ਰਮਾਣਿਕ ਕਿਤਾਬ ਜਾਂ ਸ਼ਾਸਤਰ ਦੀ ਮਦਦ ਨਾਲ ਸਾਨੂੰ ਉਸ ਵਿਸ਼ੇ ਬਾਰੇ ਜਾਣਕਾਰੀ ਦਿੰਦਾ ਹੈ। ਸਿਖਿਆਰਥੀ ਵੀ ਉਸ 'ਤੇ ਯਕੀਨ ਕਰਦਾ ਹੈ। ਇਹ ਇਕ ਪ੍ਰਮਾਣਿਕ ਨਿਯਮ ਹੈ। ਇਹੋ ਨਿਯਮ ਅਧਿਆਤਮਕ ਗਿਆਨ ਬਾਰੇ ਵੀ ਕੰਮ ਕਰਦਾ ਹੈ। ਇੱਥੇ ਵੀ ਇਹ ਵਿੱਦਿਆ ਸਿੱਖਣ ਲਈ ਮਾਰਗ ਦਰਸ਼ਕ ਜਾਂ ਗੁਰੂ ਦੀ ਲੋੜ ਹੈ। ਅਧਿਆਤਮਕ ਗਿਆਨ ਤੇ ਇਸ ਵਿਦਿਆ ਦਾ ਜਾਣਕਾਰ ਵਿਅਕਤੀ ਹੀ ਸਿੱਖ ਨੂੰ ਸਿੱਖਿਆ ਦੇ ਸਕਦਾ ਹੈ। ਗੁਰੂ ਕੈਸਾ ਹੋਣਾ ਚਾਹੀਦਾ ਹੈ, ਇਸ ਬਾਰੇ ਗੁਰੂ ਅਰਜਨ ਦੇਵ ਸੁਖਮਨੀ ਸਾਹਿਬ ਦੀ 18ਵੀਂ ਅਸ਼ਟਪਦੀ ਵਿਚ ਫੁਰਮਾਉਂਦੇ ਹਨ,

ਬੀਸ ਬਿਸਵੇ ਗੁਰ ਕਾ ਮਨੁ ਮਾਨੈ॥
ਸੋ ਸੇਵਕੁ ਪਰਮੇਸੁਰ ਕੀ ਗਤਿ ਜਾਨੈ॥
ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ॥
ਅਨਿਕ ਬਾਰ ਗੁਰ ਕਉ ਬਲਿ ਜਾਉ॥
ਸਰਬ ਨਿਧਾਨ ਜੀਅ ਕਾ ਦਾਤਾ॥
ਆਠ ਪਹਰ ਪਾਰਬ੍ਰਹਮ ਰੰਗਿ ਰਾਤਾ॥
ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ॥
ਏਕਹਿ ਆਪਿ ਨਹੀ ਕਛੁ ਭਰਮੁ॥
ਸਹਸ ਸਿਆਨਪ ਲਇਆ ਨ ਜਾਈਐ॥
ਨਾਨਕ ਐਸਾ ਗੁਰੁ ਵਡਭਾਗੀ ਪਾਈਐ॥

ਗੁਰੂ ਸਰੀਰ ਨਹੀਂ ਹੋ ਸਕਦਾ, ਕਿਉਂਕਿ ਸਰੀਰ ਨਾਸ਼ਵਾਨ ਹੈ। ਅੱਜ ਹੈ, ਕੱਲ ਨੂੰ ਨਹੀਂ ਹੋਵੇਗਾ। ਉਸ ਵਿਚ ਜੋ ਗਿਆਨ ਪ੍ਰਗਟ ਹੋਇਆ ਹੈ, ਉਹ ਗੁਰੂ ਹੈ। ਇਸ ਲਈ ਗਿਆਨ ਸਦੀਵੀ ਹੈ, ਸਰੀਰ ਨਹੀਂ। ਸਰੀਰ ਤਾਂ ਗਿਆਨ ਨੂੰ ਧਾਰਨ ਦਾ ਸਾਧਨ ਹੈ। ਜੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਪਤਾ ਲਗਦਾ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਜੋਤੀ ਜੋਤ ਸਮਾਏ, ਉਸ ਵੇਲੇ ਗੁਰੂ ਅੰਗਦ ਦੇਵ, ਗੁਰੂ ਅਮਰਦਾਸ ਤੇ ਗੁਰੂ ਰਾਮਦਾਸ ਵੀ ਸਰੀਰਕ ਤੌਰ 'ਤੇ ਮੌਜੂਦ ਸਨ ਅਤੇ ਗੁਰੂ ਰਾਮਦਾਸ ਦੀ ਉਮਰ ਉਸ ਵੇਲੇ ਪੰਜ ਸਾਲ ਦੀ ਸੀ। ਫਿਰ ਗੁਰੂ ਅੰਗਦ ਦੇਵ ਜਦੋਂ ਜੋਤੀ ਜੋਤ ਸਮਾਏ ਤਾਂ ਗੁਰੂ ਅਮਰਦਾਸ ਅਤੇ ਗੁਰੂ ਰਾਮਦਾਸ ਵੀ ਸਰੀਰਕ ਤੌਰ 'ਤੇ ਮੌਜੂਦ ਸਨ। ਜਦੋਂ ਗੁਰੂ ਅਮਰਦਾਸ ਜੋਤੀ ਜੋਤ ਸਮਾਏ ਤਾਂ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਵੀ ਸਰੀਰਕ ਤੌਰ 'ਤੇ ਮੌਜੂਦ ਸਨ। ਫਿਰ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੋਤੀ ਜੋਤ ਸਮਾਏ ਤਾਂ ਗੁਰੂ ਹਰਿਰਾਏ ਅਤੇ ਗੁਰੂ ਤੇਗ ਬਹਾਦਰ ਵੀ ਸਰੀਰਕ ਤੌਰ 'ਤੇ ਮੌਜੂਦ ਸਨ, ਪਰ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰੂ ਤੇਗ ਬਹਾਦਰ ਨੂੰ ਛੱਡ ਕੇ ਗੁਰੂ ਹਰਿਰਾਏ ਨੂੰ ਗੁਰਗੱਦੀ 'ਤੇ ਬਿਰਾਜਮਾਨ ਕੀਤਾ। ਗੁਰੂ ਹਰਿਰਾਏ ਨੇ ਫਿਰ ਗੁਰੂ ਤੇਗ ਬਹਾਦਰ ਨੂੰ ਛੱਡ ਕੇ ਗੁਰੂ ਹਰਕ੍ਰਿਸ਼ਨ ਨੂੰ ਗੁਰਗੱਦੀ 'ਤੇ ਬਿਰਾਜਮਾਨ ਕੀਤਾ। ਇਸ ਤੋਂ ਇਹ ਹੀ ਸਾਬਤ ਹੁੰਦਾ ਹੈ ਕਿ ਸਰੀਰ ਗੁਰੂ ਨਹੀਂ ਹੁੰਦਾ, ਜੋਤ ਹੀ ਗੁਰੂ ਹੁੰਦੀ ਹੈ।

ਹੋਰ ਦੇਖੋ, ਗ੍ਰੰਥ ਸਾਹਿਬ 1604 ਈਸਵੀ ਵਿਚ ਸਥਾਪਤ ਹੋ ਚੁਕੇ ਸਨ, ਪਰ 1708 ਈਸਵੀ ਵਿਚ ਜਦੋਂ ਗੁਰੂ ਗੋਬਿੰਦ ਸਿੰਘ ਨੇ ਗੁਰੂ ਜੋਤ ਉਸ ਗ੍ਰੰਥ ਵਿਚ ਟਿਕਾਈ ਤਾਂ ਹੀ ਗੁਰੂ ਦੀ ਪਦਵੀ ਮਿਲੀ। ਅੱਜ ਤੱਕ ਵੀ ਗ੍ਰੰਥ ਸਾਹਿਬ ਨੂੰ ਗੁਰੂ ਦਾ ਦਰਜਾ ਪ੍ਰਾਪਤ ਹਨ।

ਦੂਜੀ ਬੇਨਤੀ ਇਹ ਕਿ ਗੁਰੂ ਹੋਣ ਲਈ ਉਮਰ ਦੀ ਕੋਈ ਅਹਿਮੀਅਤ ਨਹੀਂ ਹੈ। ਗੁਰੂ ਹਰਕ੍ਰਿਸ਼ਨ 5 ਸਾਲ ਦੀ ਉਮਰੇ ਗੁਰੂ ਹੋ ਗਏ, ਗੁਰੂ ਗੋਬਿੰਦ ਸਿੰਘ 9 ਸਾਲ ਦੀ ਉਮਰੇ ਅਤੇ ਗੁਰੂ ਹਰਿਗੋਬਿੰਦ 11 ਸਾਲ ਦੀ ਉਮਰ ਵਿਚ ਗੁਰੂ ਦੇ ਰੂਪ ਵਿਚ ਸਥਾਪਤ ਹੋ ਗਏ; ਪਰ ਗੁਰੂ ਅਮਰਦਾਸ 73 ਸਾਲ ਦੀ ਉਮਰ ਵਿਚ ਗੁਰਗੱਦੀ 'ਤੇ ਬਿਰਾਜਮਾਨ ਹੋਏ ਸਨ। ਉਮਰ ਦਾ ਵੀ ਗੁਰੂ ਹੋਣ ਨਾਲ ਕੋਈ ਸਬੰਧ ਨਹੀਂ ਹੈ। ਸੋ, ਜੋਤ ਗੁਰੂ ਹੈ, ਸਰੀਰ ਜਾਂ ਆਕਾਰ ਗੁਰੂ ਨਹੀਂ ਹੈ। ਜਿਸ ਵਿਚ ਪ੍ਰਗਟ ਹੋ ਗਿਆ, ਉਹ ਗੁਰੂ ਹੈ। ਸੁਖਮਨੀ ਸਾਹਿਬ ਦੀ 18ਵੀਂ ਅਸ਼ਟਪਦੀ ਦਾ ਸਲੋਕ ਹੈ,

ਸਤਿ ਪੁਰਖੁ ਜਿਨਿ ਜਾਨਿਆ
ਸਤਿਗੁਰੁ ਤਿਸ ਕਾ ਨਾਉ॥
ਤਿਸ ਕੈ ਸੰਗਿ ਸਿਖੁ ਉਧਰੈ
ਨਾਨਕ ਹਰਿ ਗੁਨ ਗਾਉ॥

ਗੁਰੂ ਜਾਂ ਸਤਿਗੁਰੂ ਉਹ ਚੇਤਨ, ਪ੍ਰਬੁੱਧ ਵਿਅਕਤੀ ਹੈ, ਜਿਸ ਨੇ ਅੰਦਰ ਵਸਦੇ ਜੀਵ ਆਤਮਾ ਨੂੰ ਸਮਝ ਅਤੇ ਪ੍ਰਗਟ ਕਰ ਲਿਆ ਹੈ ਅਤੇ ਆਪਣੇ ਸਿੱਖ ਨੂੰ ਵੀ ਉਸ ਦਾ ਜਾਣਕਾਰ ਬਣਾ ਦਿੰਦਾ ਹੈ ਤੇ ਉਸ ਨੂੰ ਜਾਣਨ ਦਾ ਰਾਹ ਜਾਂ ਢੰਗ ਦਸਦਾ ਹੈ, ਉਸ ਦਾ ਅਭਿਆਸ ਕਰਵਾਉਂਦਾ ਹੈ। ਇਹ ਸਿੱਖ ਦੀ ਪਹੁੰਚ ਹੈ ਕਿ ਉਹ ਕੀ ਸਮਝਦਾ ਤੇ ਜਾਣਦਾ ਹੈ ਅਤੇ ਕਿਥੋਂ ਤਕ ਉਸ ਦੀ ਪਹੁੰਚ ਹੁੰਦੀ ਹੈ! ਜੇ ਗੁਰੂ ਦਾ ਮਹੱਤਵ ਹੈ ਤਾਂ ਸਿੱਖ ਵੀ ਉਨ੍ਹਾਂ ਹੀ ਮਹੱਤਵਪੂਰਨ ਹੈ, ਕਿਉਂਕਿ ਜੋ ਬਣਨਾ ਜਾਂ ਸਮਝਣਾ ਹੈ, ਉਹ ਸਿੱਖ ਨੇ ਹੀ ਹੈ।

**ਪ੍ਰਸਾਦਿ:** ਪ੍ਰਸਾਦਿ ਭਾਵ ਕਿਰਪਾ ਜਾਂ ਦਾਤ, ਜੋ ਕੋਈ ਸਮਰੱਥ ਕਿਸੇ ਨੂੰ ਬਿਨਾ ਕਿਸੇ ਲਾਲਚ ਦੇ ਦਿੰਦਾ ਹੈ। ਜਿਸ ਦੀ ਜੋ ਸਮਰੱਥਾ ਹੁੰਦੀ ਹੈ, ਉਸ ਅਨੁਸਾਰ ਹੀ ਉਹ ਦਾਤ ਦੇ ਸਕਦਾ ਹੈ, ਉਸ ਤੋਂ ਵੱਧ ਨਹੀਂ। ਦੂਜੀ ਗੱਲ, ਉਹ ਦੇ ਕੇ ਪਛਤਾਉਂਦਾ ਨਹੀਂ। ਤੀਜੀ, ਉਹ ਉਸ ਦੇ ਬਦਲੇ ਵਿਚ ਕੋਈ ਇੱਛਾ ਨਹੀਂ ਰਖਦਾ। ਜੇ ਅਜਿਹਾ ਨਹੀਂ ਹੈ ਤਾਂ ਉਹ ਵਪਾਰ ਹੈ, ਪ੍ਰਸਾਦਿ ਨਹੀਂ। ਅੱਜ ਕਲ੍ਹ ਤਾਂ ਬਹੁਤ ਸਾਰੇ ਗੁਰੂ, ਮਹਾਂਪੁਰਖ ਹਨ, ਜੋ ਬਹੁਤ ਸਾਰੇ ਲਾਲਚ ਤੇ ਪ੍ਰਲੋਭਨ ਦਿੰਦੇ ਹਨ ਅਤੇ ਆਪਣੇ ਚੇਲਿਆਂ ਤੋਂ ਧਨ ਪਦਾਰਥ ਦੀ ਇੱਛਾ ਰੱਖਦੇ ਹਨ। ਜੇ ਕਿਸੇ ਵੀ ਵਿਅਕਤੀ ਦੇ ਪਾਸ ਹੈ, ਉਹ ਹੀ ਦੇ ਸਕਦਾ ਹੈ ਅਤੇ ਜੋ ਨਹੀਂ ਹੈ, ਉਹ ਨਹੀਂ ਦੇ ਸਕਦਾ। ਸਵਾਲ ਗੁਰੂ ਦੀ ਸਮਰਥਾ ਅਤੇ ਸਿੱਖ ਦੀ ਕਾਬਲੀਅਤ ਦਾ ਹੈ। ਜੇ ਸਿੱਖ ਦੀ ਸਮਰੱਥਾ ਨਹੀਂ ਹੈ ਤਾਂ ਗੁਰੂ ਦੀ ਸਮਰੱਥਾ ਦਾ ਕੀ ਅਰਥ ਰਹਿ ਜਾਂਦਾ ਹੈ? ਸਿੱਖ ਯੋਗ ਹੈ, ਪਰ ਗੁਰੂ ਅਧੂਰਾ ਹੈ ਤਾਂ ਵੀ ਮਸਲਾ ਹੱਲ ਨਹੀਂ ਹੁੰਦਾ।

ਸੰਸਾਰ ਦੇ ਸਭ ਭੌਤਿਕ ਪਦਾਰਥ ਨਾਸ਼ਵਾਨ ਹਨ। ਉਹ ਪ੍ਰਸਾਦਿ ਨਹੀਂ ਹੋ ਸਕਦੇ। ਸੰਸਾਰਕ ਵਿਅਕਤੀ ਜੇ ਕੁਝ ਦਿੰਦਾ ਹੈ, ਉਸ ਦੇ ਬਦਲੇ ਕੋਈ ਇੱਛਾ ਵੀ ਰਖਦਾ ਹੈ। ਪ੍ਰਕਿਰਤੀ ਤੋਂ ਪੈਦਾ ਹੋਏ ਸਭ ਪਦਾਰਥ ਨਾਸ਼ਵਾਨ ਹਨ। ਸਭ ਤੋਂ ਉਤਮ ਗਿਆਨ ਹੈ। ਸਾਰੀਆਂ ਹੀ ਭੌਤਿਕ ਸਿਖਿਆਵਾਂ, ਵਿਦਿਆਵਾਂ ਅਤੇ ਵਿਗਿਆਨ ਸੰਸਾਰਕ ਪਦਾਰਥਾਂ ਦਾ ਹੀ ਬੋਧ ਕਰਵਾਉਂਦੇ ਹਨ। ਉਨ੍ਹਾਂ ਨੂੰ ਵਿਗਿਆਨ ਹੀ ਕਹਿ ਸਕਦੇ ਹਾਂ। ਸੰਸਾਰ ਦਾ ਮੂਲ ਚੇਤਨ ਤੱਤ ਹੈ, ਉਸ ਬਾਰੇ ਨਹੀਂ ਸਮਝ ਤੇ ਸਮਝਾ ਸਕਦੇ। ਹੋਰ ਸਾਰੇ ਗਿਆਨ ਵਿਗਿਆਨ ਹੀ ਹਨ। ਜੋ ਆਤਮਾ ਦਾ ਗਿਆਨ ਹੈ, ਉਹ ਹੀ ਅਸਲ ਗਿਆਨ ਹੈ। ਉਹ ਹੀ ਸਹੀ ਅਰਥਾਂ ਵਿਚ ਪ੍ਰਸਾਦਿ ਹੈ।

ਆਤਮ ਗਿਆਨ ਹੀ ਪ੍ਰਸਾਦਿ ਹੈ। ਜੋ ਤੱਤ ਦਰਸ਼ੀ ਦੂਜੇ ਤੱਤ ਅਭਿਲਾਸ਼ੀ ਨੂੰ ਦਿੰਦਾ ਹੈ ਜਾਂ ਦੇ ਸਕਦਾ ਹੈ। ਇਸ ਸਥੂਲ ਸਰੀਰ ਵਿਚਲੀ ਚੇਤਨ ਸੱਤਾ ਆਤਮਾ ਦਾ ਗਿਆਨ ਹੀ ਵਾਸਤਵਿਕ ਗਿਆਨ ਅਤੇ ਪ੍ਰਸਾਦਿ ਹੈ। ਜਿਸ ਬਾਰੇ ਗੁਰੂ ਅਮਰਦਾਸ ਅਨੰਦ ਸਾਹਿਬ ਦੀ 38ਵੀਂ ਪਉੜੀ ਵਿਚ ਵਰਨਣ ਕਰਦੇ ਹਨ,

ਹਰਿ ਜੀਉ ਗੁਫਾ ਅੰਦਰਿ ਰਖਿ ਕੈ
ਵਾਜਾ ਪਵਣੁ ਵਜਾਇਆ॥
ਵਜਾਇਆ ਵਾਜਾ ਪਉਣ
ਨਉ ਦੁਆਰੇ ਪਰਗਟੁ ਕੀਏ
ਦਸਵਾਂ ਗੁਪਤੁ ਰਖਾਇਆ॥
ਗੁਰਦੁਆਰੈ ਲਾਇ ਭਾਵਨੀ
ਇਕਨਾ ਦਸਵਾ ਦੁਆਰੁ ਦਿਖਾਇਆ॥
ਤਹ ਅਨੇਕ ਰੂਪ ਨਉ ਨਿਧਿ
ਤਿਸ ਦਾ ਅੰਤੁ ਨ ਜਾਈ ਪਾਇਆ॥
ਕਹੈ ਨਾਨਕੁ ਹਰਿ ਪਿਆਰੈ ਜੀਉ
ਗੁਫਾ ਅੰਦਰਿ ਰਖਿ ਕੈ
ਵਾਜਾ ਪਵਣੁ ਵਜਾਇਆ॥

ਪੰਜ ਤੱਤਾਂ, ਪੰਜ ਕਰਮ ਇੰਦਰੀਆਂ ਅਤੇ ਪੰਜ ਗਿਆਨ ਇੰਦਰੀਆਂ ਤੋਂ ਬਣਿਆ ਇਹ ਸਰੀਰ ਸਭ ਪਸ਼ੂ, ਪੰਛੀਆਂ ਅਤੇ ਮਨੁੱਖਾਂ ਵਿਚ ਸਾਂਝਾ ਹੈ। ਮਨ, ਬੁੱਧੀ ਅਤੇ ਅਹੰਕਾਰ ਕਰਕੇ ਹੀ ਉਨ੍ਹਾਂ ਤੋਂ ਵੱਖਰਾ ਅਤੇ ਵਿਸ਼ੇਸ਼ ਹੈ। ਆਪਣੀ ਇਸ ਵਿਸ਼ੇਸ਼ਤਾ ਅਤੇ ਆਪਣੇ ਚੇਤਨ ਸਰੂਪ ਨੂੰ ਜਾਣਨਾ ਹੀ ਅਸਲ ਗਿਆਨ ਹੈ। ਪਰਮਾਤਮਾ ਕਿਰਪਾ ਕਰੇ ਕਿ ਸਭ ਜਗਿਆਸੂ ਸਿੱਖਾਂ ਨੂੰ ਆਤਮ ਗਿਆਨ ਦੀ ਦਾਤਿ, ਪ੍ਰਸਾਦਿ ਦੀ ਬਖਸ਼ਿਸ਼ ਕਰੇ!

## ਅੱਖਰ

ਚਿੱਟਾ ਕਾਗਜ਼ ਕਾਲੇ ਅੱਖਰ।
ਕਰਦੇ ਜਾਣ ਉਜਾਲੇ ਅੱਖਰ।
ਕਲਮ ਮੇਰੀ ਦੇ ਜਾਏ ਨੇ
ਅਣਖਾਂ ਦੇ ਨਾਲ ਪਾਲੇ ਅੱਖਰ।

ਲਿਖਣ ਲੱਗੇ ਜਦ ਕਲਮ ਮੇਰੀ
ਫਿਰਦੇ ਆਲੇ ਦੁਆਲੇ ਅੱਖਰ।
ਵੇਖ ਗੱਦਾਰ ਬੰਦਿਆਂ ਨੂੰ
ਖਾਂਦੇ ਫਿਰਨ ਉਬਾਲੇ ਅੱਖਰ।

ਆ ਜਾਵਣ ਜਦ ਆਈ 'ਤੇ
ਫਿਰ ਨਾ ਜਾਣ ਸੰਭਾਲੇ ਅੱਖਰ।
ਕੱਢੇ ਮਾਨ ਸਰੋਵਰ 'ਚੋਂ
ਚੁਭੀਆਂ ਲਾ ਲਾ ਭਾਲੇ ਅੱਖਰ।

ਮੇਰੇ ਦਿਲ ਦੇ ਟੁਕੜੇ ਨੇ
ਜਾਨ ਤੋਂ ਵੱਧ ਸੰਭਾਲੇ ਅੱਖਰ।
ਨਾਲ ਰਿਦਮ ਦੇ ਤੁਰਦੇ ਨੇ
ਤੁਰਦੇ ਨਹੀਂ ਬੇ-ਤਾਲੇ ਅੱਖਰ।

ਇਹ ਅੱਖਰ ਮੇਰੇ ਆਪਣੇ ਨੇ
ਕਿਸੇ ਦੇ ਨਹੀਂ ਉਧਾਲੇ ਅੱਖਰ।
ਜਦ ਰੁਖਸਤ 'ਸੁਰਜੀਤ' ਹੋਈ
ਜਾਣਗੇ ਮੇਰੇ ਨਾਲੇ ਅੱਖਰ।

-ਬੀਬੀ ਸੁਰਜੀਤ ਕੌਰ
ਸੈਕਰਾਮੈਂਟੋ, ਕੈਲੀਫੋਰਨੀਆ।

# ਧਰਮ-ਯੁੱਧ ਮੋਰਚਾ: ਹਾਲਾਤ ਅਤੇ ਜਜ਼ਬਾਤ



**ਅਵਤਾਰ ਸਿੰਘ (ਪ੍ਰੋ.)**
ਫੋਨ: 91-94175-18384

ਕਈ ਵਾਰ ਹਾਲਾਤ ਅਜਿਹੇ ਬਣ ਜਾਂਦੇ ਹਨ ਕਿ ਸਾਡੇ ਜਜ਼ਬਿਆਂ 'ਤੇ ਇਸ ਕਦਰ ਅਸਰ ਅੰਦਾਜ਼ ਹੋ ਜਾਂਦੇ ਹਨ, ਸੂਝ-ਬੂਝ ਸਿੱਥਲ ਪੈ ਜਾਂਦੀ ਹੈ। ਇਸ ਹਾਲਤ ਵਿਚ ਅਸੀਂ ਜੋ ਫੈਸਲਾ ਕਰਦੇ ਹਾਂ, ਉਹਦੇ ਠੀਕ ਜਾਂ ਗਲਤ ਹੋਣ ਦਾ ਪਤਾ ਨਹੀਂ ਲੱਗਦਾ। ਫੈਸਲੇ ਦੇ ਬੁਰੇ-ਭਲੇ ਹੋਣ ਦਾ ਸਿਹਰਾ ਜਜ਼ਬਾਤ ਸਿਰ ਨਹੀਂ, ਹਾਲਾਤ ਸਿਰ ਬੱਝਦਾ ਹੈ। ਹਾਲਾਤ ਸਾਡੇ ਜਜ਼ਬਿਆਂ ਨੂੰ ਸਿਰਫ ਭੜਕਾਉਂਦੇ ਹੀ ਨਹੀਂ, ਬਣਾਉਂਦੇ ਵੀ ਹਨ।

ਮੇਰੇ ਬਾਬਾ ਜੀ ਦਾ ਨਾਂ ਸੰਤਾ ਸਿੰਘ ਸੀ, ਪਰ ਲੋਕ ਉਨ੍ਹਾਂ ਨੂੰ ਭਾਈ ਜੀ ਕਹਿ ਕੇ ਬੁਲਾਉਂਦੇ ਸਨ। ਮੇਰੇ ਬਾਬੇ ਦੇ ਬਾਬਿਆਂ ਵਿਚੋਂ ਗਿਆਨੀ ਦਿੱਤ ਸਿੰਘ ਹੋਏ ਸਨ, ਜੋ ਕਿਸੇ ਕਾਰਨ ਆਪਣਾ ਪਿੰਡ ਦੁਪਾਲਪੁਰ ਛੱਡ ਕੇ ਰੋਪੜ ਜਿਲ੍ਹੇ ਦੇ ਪਿੰਡ ਨੰਦਪੁਰ ਕਲੌੜ ਜਾ ਵਸੇ ਸਨ।

ਸਾਡੇ ਬਜੁਰਗ ਕੱਪੜਾ ਬੁਣਦੇ ਸਨ ਤੇ ਲੋਕ ਉਨ੍ਹਾਂ ਨੂੰ ਰਾਮਦਾਸੀਏ ਸਿੱਖ ਕਹਿੰਦੇ ਸਨ। ਉਹ ਪਿੱਛੋਂ ਬੰਗੇ ਦੇ ਸਨ ਤੇ ਉਹਤੋਂ ਵੀ ਪਹਿਲਾਂ ਉਹ ਅੰਮ੍ਰਿਤਸਰ ਤੋਂ ਆਏ ਸਨ। ਸਾਡੀ ਸੀਨਾ ਬਸੀਨਾ ਜਾਣਕਾਰੀ ਦੱਸਦੀ ਹੈ ਕਿ ਅੰਮ੍ਰਿਤ ਸਰੋਵਰ ਦੀ ਖੁਦਾਈ ਸਮੇਂ ਸਾਡੇ ਬਜੁਰਗ ਕਾਰ ਸੇਵਾ 'ਚ ਸ਼ਾਮਲ ਹੋਏ ਸਨ ਤਾਂ ਕਿਸੇ ਸੁਵਰਣਜਾਤੀ ਨੇ ਬੁਰਾ ਮਨਾਇਆ ਸੀ। ਗੁਰੂ ਰਾਮਦਾਸ ਪਾਤਸ਼ਾਹ ਕੋਲ ਸ਼ਿਕਾਇਤ ਪੁੱਜੀ ਤਾਂ ਉਨ੍ਹਾਂ ਨੇ ਉਸ ਸੁਵਰਣਜਾਤੀ ਸਿੱਖ ਨੂੰ ਸਮਝਾਇਆ ਸੀ ਕਿ ਇਹ ਮੇਰੇ ਸਿੱਖ ਹਨ, ਇਨ੍ਹਾਂ ਨੂੰ ਗਲੇ ਲਾਉ। ਉਦੋਂ ਤੋਂ ਸਾਡੀ ਅੱਲ ਰਾਮਦਾਸੀਏ ਸਿੱਖ ਪੈ ਗਈ।

ਕਿਰਤ ਦੀ ਮਹਿਮਾ ਗਾਉਣ ਵਾਲੇ ਗੁਰੂ ਨਾਨਕ ਸਨ, ਪਰ ਕਿਰਤੀਆਂ ਨੂੰ ਪਾਲਣ ਵਾਲੇ ਪਾਤਸ਼ਾਹ ਗੁਰੂ ਰਾਮਦਾਸ ਜੀ ਸਨ। ਇਸ ਵਿਚ ਕੋਈ ਜਾਤ-ਪਾਤ ਦਾ ਵਿਚਾਰ ਨਹੀਂ ਹੈ, ਹਰ ਕਿਰਤੀ ਰਾਮਦਾਸੀਆ ਸਿੱਖ ਹੈ। ਜਿਹੜਾ ਕਿਰਤੀ ਨਹੀਂ, ਉਹ ਸਿੱਖ ਹੀ ਨਹੀਂ ਹੁੰਦਾ ਤੇ ਸਾਰੇ ਕਿਰਤੀ ਭਾਈ ਹੁੰਦੇ ਹਨ। ਇਸੇ ਕਰਕੇ ਮੇਰੇ ਬਾਬੇ ਨੂੰ ਲੋਕ ਭਾਈ ਜੀ ਕਹਿੰਦੇ ਸਨ ਤੇ ਮੇਰੇ ਪਿਤਾ ਜੀ ਨੂੰ ਹਮੇਸ਼ਾ ਗਿਆਨ ਗੋਸ਼ਟੀ ਕਰਦੇ ਰਹਿਣ ਕਾਰਨ ਗਿਆਨੀ ਜੀ ਕਹਿ ਕੇ ਬੁਲਾਉਂਦੇ ਸਨ। ਗਿਆਨੀ ਦਿੱਤ ਸਿੰਘ ਤਾਂ ਗਿਆਨੀ ਸਨ ਹੀ।

ਮੈਂ ਜੇ ਅੱਜ ਮਾੜਾ ਮੋਟਾ ਪੜ੍ਹਦਾ-ਪੜ੍ਹਾਉਂਦਾ ਹਾਂ ਤੇ ਮੇਰੇ ਬੱਚੇ ਗਿਆਨ ਦੀਆਂ ਗਹਿਰਾਈਆਂ ਹੰਘਾਲਣ ਦੀ ਮੱਸ ਰੱਖਦੇ ਹਨ ਤਾਂ ਇਹਦੇ ਪਿੱਛੇ ਸਾਡੇ ਪਰਿਵਾਰ ਦੀ ਸੀਨਾ ਬਸੀਨਾ ਚਲੀ ਆਉਂਦੀ ਕੋਈ ਰੀਝ ਹੈ। ਮੇਰੇ ਬਾਬਾ ਜੀ ਗੁਰਬਾਣੀ ਕੀਰਤਨ ਦੇ ਰਸੀਏ ਸਨ, ਪਿਤਾ ਜੀ ਇਤਿਹਾਸ ਅਤੇ ਢਾਡੀ ਰਾਗ ਦੇ ਸ਼ੌਕੀਨ ਸਨ। ਘਰ 'ਚ ਕੋਈ ਵੀ ਸਮਾਗਮ ਹੋਵੇ, ਸਾਨੂੰ ਸਭ ਤੋਂ ਵੱਧ ਚਾਅ ਇਸ ਗੱਲ ਦਾ ਹੁੰਦਾ ਹੈ ਕਿ ਘਰੇ ਰਾਗੀ, ਢਾਡੀ ਲੱਗਣੇ ਹਨ।

ਸਾਡੇ ਬਾਬੇ ਤੇ ਦਾਦੀ ਦੇ ਭੋਗ 'ਤੇ ਫਗਵਾੜੇ ਵਾਲੇ ਸੁਬੇਗ ਸਿੰਘ ਨੇ ਕੀਰਤਨ ਕੀਤਾ ਸੀ। ਵੱਡੀਆਂ ਭੈਣਾਂ ਦੇ ਅਨੰਦ ਕਾਰਜ ਸ਼੍ਰੋਮਣੀ ਰਾਗੀ ਦਰਸ਼ਨ ਸਿੰਘ ਕੋਮਲ ਨੇ ਕਰਵਾਏ ਸਨ। ਦੂਜੀਆਂ ਦੋ ਭੈਣਾਂ ਦੇ ਅਨੰਦ ਕਾਰਜ ਗਿਆਨੀ ਦਇਆ ਸਿੰਘ ਦਿਲਬਰ ਨੇ ਕਰਵਾਏ ਸਨ ਤੇ ਵੱਡੇ ਭਾਈ ਦੇ ਵਿਆਹ 'ਤੇ ਵੀ ਉਹੀ ਆਏ ਸਨ। ਮੇਰੇ ਤੋਂ ਵੱਡੇ ਭਾਈ ਦੇ ਵਿਆਹ ਸਮੇਂ ਸ. ਦਿਲਬਰ ਵਿਦੇਸ਼ ਗਏ ਹੋਏ ਸਨ ਤੇ ਉਨ੍ਹਾਂ ਦੀ ਥਾਂ ਰਾਹੋਂ ਦੇ ਗਿਆਨੀ ਕਰਮ ਸਿੰਘ ਜੋਸ਼ ਨੇ ਸਾਨੂੰ ਨਿਹਾਲ ਕੀਤਾ ਸੀ। ਮੇਰੇ ਵਿਆਹ 'ਤੇ ਸ. ਦਿਲਬਰ ਨੇ ਪਤਾ ਨਹੀਂ ਕਿਉਂ ਆਪਣੇ ਫਰਜ਼ੰਦ ਨੂੰ ਭੇਜ ਦਿੱਤਾ ਕਿ ਸਾਡਾ ਸਾਰਾ ਚਾਅ ਅੱਧਾ ਰਹਿ ਗਿਆ ਸੀ। ਮੇਰੇ ਅਨੰਦ ਕਾਰਜ 'ਤੇ ਭਾਈ ਹਰਜੀਤ ਸਿੰਘ ਸੂਦਨ ਚੰਡੀਗੜ੍ਹ ਤੋਂ ਵਿਸ਼ੇਸ਼ ਤੌਰ 'ਤੇ ਆਏ ਸਨ। ਹੁਣ ਤੱਕ ਹਰ ਸਮਾਗਮ 'ਤੇ ਸਾਡੀ ਕੋਸ਼ਿਸ਼ ਹੁੰਦੀ ਹੈ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਹੀ ਬੁਲਾਏ ਜਾਣ।

ਪਿੰਡ ਦੇ ਮੁਢਲੇ ਤਿੰਨ ਚਾਰ ਸਿੱਖ ਅਤੇ ਅਕਾਲੀ ਪਰਿਵਾਰਾਂ ਵਿਚ ਸਾਡਾ ਪਰਿਵਾਰ ਸ਼ਾਮਿਲ ਹੈ। ਘਰ ਵਿਚ ਚੱਤੋ ਪਹਿਰ ਚੱਲਦੀ ਗੱਲਬਾਤ ਵਿਚ ਸਿੱਖ ਇਤਿਹਾਸ ਨੂੰ ਅਕਾਲੀ ਸਿਆਸਤ ਦੇ ਤੜਕੇ ਲੱਗਦੇ ਰਹਿਣ ਕਰਕੇ, ਮੇਰੇ ਸੁਭਾਅ ਵਿਚ ਅਕਾਲੀਅਤ ਦਾ ਪ੍ਰਭਾਵ ਵਧੇਰੇ ਪ੍ਰਬਲ ਸੀ।

ਸੰਨ ਸੰਤਾਲੀ ਪਿਛੋਂ ਪੰਜਾਬ ਦੀ ਸਿਆਸਤ ਅਤੇ ਰਾਜ-ਭਾਗ 'ਤੇ ਹਰ ਵਕਤ ਐਕਚੂਅਲੀ ਤੇ ਵਰਚੂਅਲੀ ਕਾਬਜ਼ ਰਹਿਣ ਦੀ ਲਾਲਸਾ ਅਧੀਨ ਸ਼ਤਰੰਜ ਦੀ ਗੋਟੀ ਵਾਂਗ ਅਕਾਲੀਆਂ ਨੇ ਧਰਮ-ਯੁੱਧ ਮੋਰਚਾ ਲਾ ਦਿੱਤਾ ਤੇ ਸਿੱਖ ਸ਼ਹਾਦਤਾਂ ਦੇ ਮਹਾ ਬਿਰਤਾਂਤ ਦਾ ਮੂੰਹ ਮੁਗਲਾਂ ਤੇ ਪਠਾਣ ਜਰਵਾਣਿਆਂ ਦੀ ਥਾਂ ਚੰਦੂ ਅਤੇ ਗੰਗੂ ਜਿਹੇ ਕਮੀਨ ਕਿਰਦਾਰਾਂ ਵੱਲ ਕਰ ਦਿੱਤਾ। ਇਤਿਹਾਸ ਦੀ ਧੂਹ ਘੜੀਸ ਅਤੇ ਅੱਲ-ਵਲੱਲ ਕਰਕੇ ਗੰਗੂ ਦਾ ਨਾਤਾ ਨਹਿਰੂ ਨਾਲ ਜੋੜ ਦਿੱਤਾ ਗਿਆ।

ਪੁਰਾਤਨ ਯੋਧਿਆਂ ਨੇ ਆਪਣੇ ਲਹੂ ਵਿਚ ਲੱਥ-ਪੱਥ ਹੋ ਕੇ ਇਤਿਹਾਸ ਦਾ ਮੁੱਖ ਮੋੜਿਆ ਸੀ, ਇਨ੍ਹਾਂ ਨਵੀਨ 'ਯੋਧਿਆਂ' ਨੇ ਮਲੇਛ ਭਾਵ ਨਾਲ ਓਤ-ਪੋਤ ਹੋ ਕੇ ਇਤਿਹਾਸ ਦਾ ਚਿਹਰਾ ਮੁਹਰਾ ਹੀ ਬਦਲ ਦਿੱਤਾ। ਜਰਵਾਣਿਆਂ ਦਾ ਟਾਕਰਾ ਕਰਨ ਵਾਲੀਆਂ ਅੱਖਾਂ ਹਟਵਾਣੀਆਂ ਨੂੰ ਘੂਰ ਘੂਰ ਕੇ ਦੇਖਣ ਲੱਗ ਪਈਆਂ। ਇੰਜ ਸਾਜਿਸ਼ੀ ਬਿਰਤਾਂਤ ਦੀ ਸਿਰਜਣਾ ਹੋਈ, ਜਿਹਦੇ ਨਾਲ ਪੰਜਾਬ ਦੇ ਬੁੱਢੇ ਠੇਰਿਆਂ ਦੇ ਲਹੂ ਵਿਚ ਵੀ ਤਾਅ ਆ ਗਿਆ, ਨੌਜਵਾਨਾਂ ਦਾ ਖੂਨ ਖੌਲਣ ਲੱਗਾ ਤੇ ਡੌਲ਼ੇ ਫਰਕਣ ਲੱਗ ਪਏ।।

ਮੈਂ ਉਨ੍ਹਾਂ ਦਿਨਾਂ ਵਿਚ ਬੰਗਿਆਂ ਦੇ ਸਿੱਖ ਨੈਸ਼ਨਲ ਕਾਲਜ ਵਿਚ ਬੀ. ਏ. ਭਾਗ ਦੂਜਾ ਦਾ ਵਿਦਿਆਰਥੀ ਸਾਂ। ਮੀਰੀ ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਪਾਤਸ਼ਾਹ ਦਾ ਗੁਰਦੁਆਰਾ ਚਰਨ ਕੰਵਲ ਸਾਹਿਬ ਨੇੜੇ ਹੋਣ ਕਾਰਨ ਮੈਂ ਅਕਾਲੀ ਗਤੀਵਿਧੀਆਂ ਵਿਚ ਹਿੱਸਾ ਲੈਂਦਾ ਰਹਿੰਦਾ। ਇਕ ਦਿਨ ਉਥੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਆਏ ਤੇ ਉਨ੍ਹਾਂ ਨੇ ਧਰਮ-ਯੁੱਧ ਮੋਰਚੇ ਵਿਚ ਆਪਣੇ ਜਥੇ ਨਾਲ ਗ੍ਰਿਫਤਾਰ ਹੋਣ ਲਈ ਨੌਜਵਾਨਾਂ ਨੂੰ ਉਕਸਾਉਣ ਵਾਲਾ ਭਾਸ਼ਨ ਕੀਤਾ। ਮੈਂ ਜੋਸ਼ ਵਿਚ ਆ ਗਿਆ ਤੇ ਮੋਰਚੇ ਵਿਚ ਗ੍ਰਿਫਤਾਰ ਹੋਣ ਲਈ ਆਪਣਾ ਨਾਂ ਲਿਖਾ ਦਿੱਤਾ। ਮੇਰੇ ਹਿਤੈਸ਼ੀ ਪ੍ਰੋ. ਗਿੱਲ, ਪ੍ਰੋ. ਨਾਰੰਗ ਤੇ ਪ੍ਰੋ. ਟਿਵਾਣਾ ਨੇ ਮੈਨੂੰ ਸੋਚ ਸਮਝ ਕੇ ਫੈਸਲਾ ਕਰਨ ਲਈ ਆਖਿਆ, ਪਰ ਮੈਂ ਟੱਸ ਤੋਂ ਮੱਸ ਨਾ ਹੋਇਆ। ਆਪ ਤਾਂ ਕੀ ਹਟਣਾ ਸੀ, ਮੈਂ ਆਪਣੇ ਪਿੰਡਾਂ ਦੇ ਚਾਰ ਮਿੱਤਰ ਹੋਰ ਤਿਆਰ ਕਰ ਲਏ। ਅਸੀਂ ਚਰਨ ਕੰਵਲ ਬੰਗੇ ਤੋਂ ਫੋਰ-ਵ੍ਹੀਲਰਾਂ ਵਿਚ ਜੈਕਾਰੇ ਛੱਡਦੇ ਹੋਏ ਅੰਮ੍ਰਿਤਸਰ ਪੁੱਜ ਗਏ। ਮੰਜੀ ਸਾਹਿਬ ਦੇ ਦੀਵਾਨ ਹਾਲ ਵਿਚ ਗਰਮ ਤਕਰੀਰਾਂ ਤੇ ਅਰਦਾਸ ਉਪਰੰਤ ਬੋਲੇ ਸੋ ਨਿਹਾਲ ਦੇ ਜੈਕਾਰੇ ਤੇ ਨਾਅਰੇ ਮਾਰਦੇ ਹੋਏ ਕੋਤਵਾਲੀ ਵਿਚ ਚਲੇ ਗਏ।

ਸਾਡਾ ਜਥਾ ਬਹੁਤ ਵੱਡਾ ਸੀ ਤੇ ਪੰਜਾਬ ਦੀ ਕੋਈ ਜੇਲ੍ਹ ਏਨੀ ਵੱਡੀ ਨਹੀਂ ਸੀ ਕਿ ਸਾਰੇ ਜਥੇ ਨੂੰ ਸਮਾ ਸਕਦੀ, ਜਿਸ ਕਰਕੇ ਜਥਾ ਦੋ ਹਿੱਸਿਆਂ ਵਿਚ ਵੰਡ ਦਿੱਤਾ ਗਿਆ। ਇਕ ਹਿੱਸੇ ਦੀ ਰਹਿਨੁਮਾਈ ਜਥੇਦਾਰ ਟੌਹੜਾ ਨੇ ਕਰਨੀ ਸੀ ਤੇ ਦੂਜੇ ਦੀ ਜਨਰਲ ਸੁਬੇਗ ਸਿੰਘ ਨੇ। ਜਥੇਦਾਰ ਟੌਹੜਾ ਆਪਣੇ ਜਥੇ ਨੂੰ ਆਪਣੀ ਸੁਵਿਧਾ ਮੁਤਾਬਕ ਪਟਿਆਲੇ ਲੈ ਗਏ ਤੇ ਸਾਡੇ ਜਥੇ ਨੂੰ ਲੁਧਿਆਣੇ ਭੇਜ ਦਿੱਤਾ ਗਿਆ।

ਲੁਧਿਆਣੇ ਦੀ ਜੇਲ੍ਹ ਪਹਿਲਾਂ ਹੀ ਪ੍ਰਕਾਸ਼ ਸਿੰਘ ਬਾਦਲ ਨੇ ਫੁੱਲ ਕੀਤੀ ਹੋਈ ਸੀ, ਜਿਸ ਕਰਕੇ ਸਾਡੇ ਲਈ ਜੇਲ੍ਹ ਦੇ ਬਾਹਰ ਹੀ ਟੈਂਟ ਲਾ ਦਿੱਤੇ ਗਏ ਤੇ ਉਥੇ ਹੀ ਫਟਾਫਟ ਨਲਕੇ ਵੀ ਲਾ ਦਿੱਤੇ ਗਏ। ਸਾਰੇ ਪੰਜਾਬ ਦਾ ਮਾਹੌਲ ਭਖਿਆ ਹੋਇਆ ਸੀ ਤੇ ਹਰ ਰੋਜ ਨੇੜੇ ਦੇ ਗੁਰਦੁਆਰਿਆਂ ਵਿਚੋਂ ਲੰਗਰ ਆ ਜਾਂਦਾ। ਸਾਡੇ ਜਥੇ ਦੇ ਪੰਦਰਾਂ ਸੌਲਾਂ ਨੌਜਵਾਨ ਰਲ ਕੇ ਵਰਤਾਉਂਦੇ ਤੇ ਵਿਹਲੇ ਹੋ ਕੇ ਜਨਰਲ ਸੁਬੇਗ ਸਿੰਘ ਦੇ ਟੈਂਟ ਵਿਚ ਜਾ ਬੈਠਦੇ। ਉਹ ਸਾਨੂੰ ਜੰਗ ਦੀਆਂ ਗੱਲਾਂ ਸੁਣਾਉਂਦੇ ਤੇ ਸਾਡੇ ਗਰਮ ਖੂਨ ਨੂੰ ਖੌਲਣ ਲਾ ਦਿੰਦੇ। ਉਨ੍ਹਾਂ ਦੀ ਹਰ ਗੱਲ ਦਾ ਤੋੜਾ ਭਾਰਤ ਸਰਕਾਰ ਸਿਰ ਟੁੱਟਦਾ ਸੀ। ਸਾਡੇ ਵਿਚੋਂ ਸਿਰਫ ਮੈਂ ਹੀ ਕਾਲਜ ਵਿਚ ਪੜ੍ਹਦਾ ਸਾਂ ਤੇ ਉਹ ਮੈਨੂੰ ਕਾਲਜੀਏਟ ਕਹਿ ਕੇ ਬੁਲਾਉਣ ਲੱਗ ਪਏ। ਮੈਂ ਦੇਖਿਆ ਕਿ ਉਨ੍ਹਾਂ ਦੇ ਟੈਂਟ ਵਿਚ ਵੱਡੇ ਵੱਡੇ ਪੁਲਿਸ ਅਫਸਰ ਆਉਂਦੇ ਤੇ ਉਨ੍ਹਾਂ ਦੇ ਪੈਰਾਂ 'ਤੇ ਸਿਰ ਰੱਖ ਕੇ ਮੱਥਾ ਟੇਕਦੇ। ਜਨਰਲ ਸਾਹਿਬ ਆਖਦੇ ਕਿ ਸਾਨੂੰ ਕਿਸੇ ਜੇਲ੍ਹ ਵਿਚ ਭੇਜੋ।

ਅਖੀਰ ਉਨ੍ਹਾਂ ਨੇ ਮੋਰਚਾ ਲਾ ਦਿੱਤਾ ਤੇ ਭੁੱਖ ਹੜਤਾਲ 'ਤੇ ਬੈਠ ਗਏ। ਆਪ ਉਹ ਸਾਰਾ ਦਿਨ ਬੈਠਦੇ ਤੇ ਸਾਨੂੰ ਪੰਜ-ਪੰਜ ਜਾਣਿਆਂ ਨੂੰ ਚਾਰ-ਚਾਰ ਘੰਟੇ ਬਹਾਲਦੇ। ਉਹ ਵੀ ਤੇ ਅਸੀਂ ਵੀ ਸਾਰਾ ਦਿਨ ਸਿਰਫ ਕਛਹਿਰਿਆਂ ਵਿਚ ਹੀ ਹੜਤਾਲ 'ਤੇ ਬੈਠਦੇ ਤੇ ਸਿਖਰ ਦੁਪਹਿਰ ਨੂੰ ਸਾਡੀਆਂ ਦੇਹਾਂ 'ਤੇ ਪਸੀਨੇ ਦੀਆਂ ਤਤੀਰ੍ਹੀਆਂ ਇੰਜ ਵਗਦੀਆਂ, ਜਿਵੇਂ ਪਰਬਤਾਂ ਤੋਂ ਪਾਣੀ ਦੀਆਂ ਕੂਲ੍ਹਾਂ ਵਗਦੀਆਂ ਹੋਣ। ਪੁਲਿਸ ਅਫਸਰਾਂ ਨੂੰ ਸਿਰਫ ਉਨ੍ਹਾਂ ਦਾ ਫਿਕਰ ਸੀ ਤੇ ਉਨ੍ਹਾਂ ਨੂੰ ਸਿਰਫ ਸਾਡਾ।

ਜਲਦੀ ਸਮਝੌਤਾ ਹੋ ਗਿਆ ਤੇ ਸਾਡਾ ਜਥਾ ਵੀ ਦੋ ਹਿੱਸਿਆਂ ਵਿਚ ਵੰਡ ਹੋ ਗਿਆ। ਅੱਧਾ ਹਿੱਸਾ ਜਨਰਲ ਸਾਹਿਬ ਨਾਲ ਕਿਤੇ ਹੋਰ ਭੇਜ ਦਿੱਤਾ ਗਿਆ ਤੇ ਸਾਨੂੰ ਲੁਧਿਆਣੇ ਦੇ ਜਥੇਦਾਰ ਹੀਰਾ ਸਿੰਘ ਗਾਬੜੀਆ ਨਾਲ ਕਪੂਰਥਲੇ ਭੇਜ ਦਿੱਤਾ। ਅਸੀਂ ਨੌਜੁਆਨ ਜਨਰਲ ਸਾਹਿਬ ਦੇ ਜਥੇ ਵਿਚ ਜਾਣਾ ਚਾਹੁੰਦੇ ਸਾਂ, ਪਰ ਉਨ੍ਹਾਂ ਨੇ ਵਿਛੜਨ ਸਮੇਂ ਸਾਨੂੰ ਕਲਾਵੇ ਭਰ ਭਰ ਆਖਿਆ ਕਿ ਥੋੜ੍ਹੇ ਦਿਨਾਂ 'ਚ ਮੋਰਚਾ ਫਤਿਹ ਹੋਣ ਵਾਲਾ ਹੈ ਤੇ ਜਲਦੀ ਹੀ ਅਸੀਂ ਅੰਮ੍ਰਿਤਸਰ ਮਿਲਾਂਗੇ। ਉਨ੍ਹਾਂ ਨੇ ਮੈਨੂੰ ਪੜ੍ਹਦੇ ਰਹਿਣ ਦੀ ਨਸੀਹਤ ਦਿੱਤੀ।

ਅਸੀਂ ਕਪੂਰਥਲਾ ਜੇਲ੍ਹ ਵਿਚ ਆ ਗਏ ਤੇ ਰੋਜ਼ ਕਿਤਿਉਂ ਫਲ ਤੇ ਹੋਰ ਖਾਣ ਪੀਣ ਦਾ ਸਮਾਨ ਆ ਜਾਂਦਾ। ਨੌਰੇ ਦਾ ਬਾਬਾ ਹਰੀ ਸਿੰਘ ਵੰਨ-ਸਵੰਨੀਆਂ ਗਾਲ੍ਹਾਂ ਦੇ ਨਾਲ ਨਾਲ ਲੰਗਰ ਵਰਤਾਉਂਦਾ ਤੇ ਮੌਜ ਮੇਲਾ ਲਾਈ ਰੱਖਦਾ। ਰੋਜ਼ ਸ਼ਾਮ ਨੂੰ ਦੀਵਾਨ ਸੱਜਦਾ, ਜਿਹਦੇ ਵਿਚ ਸਾਰੇ ਕੁਝ ਨਾ ਕੁਝ ਬੋਲਦੇ, ਮੇਰੇ ਤੋਂ ਰੋਜ਼ ਕਿਸੇ ਨਵੀਂ ਗੱਲ ਦੀ ਤਵੱਕੋ ਰੱਖਦੇ। ਕਈ ਕਿਤਾਬਾਂ ਮੈਂ ਘਰੋਂ ਲੈ ਗਿਆ ਸਾਂ ਤੇ ਕੁਝ ਜੇਲ੍ਹ ਦੀ ਲਾਇਬਰੇਰੀ ਵਿਚੋਂ ਕਢਵਾ ਲਈਆਂ ਸਨ। ਨਵੇਂ ਨਵੇਂ ਤੱਥ ਅਤੇ ਸੱਚ ਲੱਭਣ ਦਾ ਮੈਨੂੰ ਮੁਢੋਂ ਹੀ ਸ਼ੌਕ ਸੀ। ਇਸ ਜੇਲ੍ਹ ਵਿਚ ਸਾਡੇ ਤੋਂ ਪਹਿਲਾਂ ਕੈਪਟਨ ਕਮਲਜੀਤ ਸਿੰਘ ਵੀ ਆਇਆ ਹੋਇਆ ਸੀ ਤੇ ਹਰ ਰੋਜ਼ ਟੂਟੀਆਂ 'ਤੇ ਸਭ ਤੋਂ ਬਾਅਦ ਨਹਾਉਂਦਾ ਹੁੰਦਾ ਸੀ। ਮੇਰੇ ਪਿੰਡ ਦਾ ਦੋਸਤ ਪਾਲਾ ਤੇ ਮੈਂ ਵੀ ਉਸੇ ਵਕਤ ਨਹਾਉਂਦੇ ਸਾਂ। ਉਹ ਸਾਡੇ ਨਾਲ ਕਾਫੀ ਘੁਲ ਮਿਲ ਗਿਆ ਸੀ ਤੇ ਨਹਾਉਣ ਪਿਛੋਂ ਸਾਨੂੰ ਆਪਣੀ ਬੈਰਕ ਵਿਚ ਲੈ ਜਾਂਦਾ। ਪਤਾ ਨਹੀਂ ਕਿਉਂ ਉਹ ਸਾਨੂੰ ਮੋਰਚੇ ਦੇ ਹੱਕ ਵਿਚ ਨਹੀਂ ਸੀ ਲੱਗਦਾ ਤੇ ਅਕਾਲੀਆਂ ਦੀਆਂ ਕਮਜ਼ੋਰੀਆਂ ਵੀ ਦੱਸਦਾ ਰਹਿੰਦਾ ਸੀ। ਉਹਦੀਆਂ ਗੱਲਾਂ 'ਚ ਦਮ ਹੁੰਦਾ ਸੀ।

ਪੰਜਾਬ ਦੀਆਂ ਸਾਰੀਆਂ ਜੇਲ੍ਹਾਂ ਭਰ ਗਈਆਂ ਸਨ ਤੇ ਸਰਕਾਰ 'ਤੇ ਜ਼ਬਰਦਸਤ ਦਬਾਉ ਬਣ ਗਿਆ ਸੀ। ਸਰਕਾਰ ਨੇ ਅਕਾਲੀਆਂ ਅੱਗੇ ਗੋਡੇ ਟੇਕਣ ਦੀ ਥਾਂ ਸਾਰੇ ਅਕਾਲੀ ਰਾਤ ਸਮੇਂ ਜੇਲ੍ਹਾਂ ਵਿਚੋਂ ਬਾਹਰ ਕੱਢ ਦਿਤੇ। ਬੜਾ ਹੰਗਾਮਾ ਹੋਇਆ ਤੇ ਅਸੀਂ ਸਟੇਟ ਸਾਹਿਬ ਗੁਰਦੁਆਰੇ ਚਲੇ ਗਏ। ਪਤਾ ਲੱਗਾ ਕਿ ਕੈਪਟਨ ਕਮਲਜੀਤ ਸਿੰਘ ਹਸਪਤਾਲ ਵਿਚ ਹਨ। ਅਸੀਂ ਉਨ੍ਹਾਂ ਦੀ ਖਬਰ ਲੈਣ ਗਏ ਤੇ ਉਹ ਲਹੂ ਲੁਹਾਨ ਹੋਏ ਪਏ ਸਨ। ਉਨ੍ਹਾਂ ਨੂੰ ਜਖਮੀ ਹਾਲਤ ਵਿਚ ਦੇਖ ਕੇ ਸਾਡਾ ਖੂਨ ਖੌਲਣ ਲੱਗ ਪਿਆ ਤੇ ਅਸੀਂ ਘਰ ਮੁੜਨ ਦੀ ਥਾਂ ਸੁਲਤਾਨਪੁਰ ਲੋਧੀ ਚਲੇ ਗਏ ਤੇ ਉਥੋਂ ਕਿਸੇ ਹੋਰ ਜਥੇ ਵਿਚ ਸ਼ਾਮਲ ਹੋ ਕੇ ਫਿਰ ਅੰਮ੍ਰਿਤਸਰ ਚਲੇ ਗਏ।

ਉਥੇ ਪਹਿਲੇ ਦਿਨ ਹੀ ਸਾਨੂੰ ਗੁਰੂ ਰਾਮਦਾਸ ਜੀ ਦੀ ਸਰਾਂ ਦੇ ਸਾਹਮਣੇ ਜਨਰਲ ਸੁਬੇਗ ਸਿੰਘ ਮਿਲ ਪਏ ਤੇ ਉਨ੍ਹਾਂ ਸਾਡਾ ਹਾਲ-ਚਾਲ ਪੁੱਛਿਆ। ਅਸੀਂ ਦੱਸਿਆ ਕਿ ਹੁਣ ਅਸੀਂ ਘਰ ਵਾਪਸ ਨਹੀਂ ਜਾਣਾ। ਉਨ੍ਹਾਂ ਨੇ ਸਾਨੂੰ ਸਰਾਂ ਵਿਚ ਕਮਰਾ ਲੈ ਦਿੱਤਾ ਤੇ ਅਸੀਂ ਉਥੇ ਹੀ ਆਸਣ ਲਾ ਲਿਆ।

ਮੇਰਾ ਦੋਸਤ ਪਾਲਾ ਤੇ ਮੈਂ ਰੋਜ਼ ਸਵੇਰੇ ਇਸ਼ਨਾਨ ਕਰਕੇ ਤਿਆਰ ਹੋ ਜਾਂਦੇ ਤੇ ਆਪਣੇ ਜੇਲ੍ਹ ਮਿੱਤਰ ਹਰਭਜਨ ਸਿੰਘ ਦੇ ਨਾਲ ਗੁਰੂ ਰਾਮਦਾਸ ਲੰਗਰ ਦੀ ਇਮਾਰਤ ਦੀਆਂ ਪੌੜੀਆਂ ਦੇ ਹੇਠ ਵਾਲੇ ਕਮਰੇ ਵਿਚ ਭਾਈ ਅਮਰੀਕ ਸਿੰਘ ਕੋਲ ਚਲੇ ਜਾਂਦੇ। ਉਹ ਮੇਰੇ ਨਾਲ ਸਿੱਖ ਨੈਸ਼ਨਲ ਕਾਲਜ, ਬੰਗਾ ਦੀਆਂ ਗੱਲਾਂ ਕਰਨ ਲੱਗ ਜਾਂਦੇ ਤੇ ਪ੍ਰੋਫੈਸਰਾਂ ਬਾਰੇ ਤਰ੍ਹਾਂ ਤਰ੍ਹਾਂ ਦੇ ਸਵਾਲ ਕਰਦੇ। ਮੈਨੂੰ ਯਾਦ ਹੈ ਕਿ ਮੇਰੇ ਸ਼ੌਕ ਦਾ ਅਤਾ-ਪਤਾ ਜਾਣ ਕੇ ਉਨ੍ਹਾਂ ਨੇ ਮੈਨੂੰ ਐਂਟਾਰਕਟਿਕਾ ਦਾ ਸਹੀ ਉਚਾਰਣ ਪੁੱਛਿਆ ਸੀ। ਉਹ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਨਾਂ ਇੰਜ ਲੈਂਦੇ ਸਨ, ਜਿਵੇਂ ਉਹ ਪੰਥ ਦਾ ਮੁੰਡੂ ਹੋਵੇ।

ਉਥੋਂ ਉਠ ਕੇ ਅਸੀਂ ਅਕਾਲੀ ਦਲ ਤਲਵੰਡੀ ਦੇ ਦਫਤਰ ਚਲੇ ਜਾਂਦੇ, ਜਿੱਥੇ ਸਾਡੇ ਇਲਾਕੇ ਦੇ ਪਿੰਡ ਬੱਬਰ ਮਜਾਰੇ ਦੇ ਜਥੇਦਾਰ ਤਰਲੋਚਨ ਸਿੰਘ ਬੈਠੇ ਹੁੰਦੇ। ਉਹ ਤਲਵੰਡੀ ਅਕਾਲੀ ਦਲ ਦੇ ਪ੍ਰਾਪੇਗੰਡਾ ਸੈਕਟਰੀ ਸਨ। ਉਹ ਏਨੇ ਗਾਲ੍ਹਖੰਡੇ ਸਨ ਕਿ ਵੀਹ ਵੀਹ ਗਾਲ੍ਹਾਂ 'ਕੱਠੀਆਂ ਹੀ ਕੱਢ ਲੈਂਦੇ ਸਨ। ਸ਼ਹਿਰ ਦੇ ਖੱਤਰੀ ਸਿੱਖਾਂ ਦੀਆਂ ਜਨਾਨੀਆਂ ਨੂੰ ਭਾਪਣਾ ਕਹਿ ਕਹਿ ਮਜ਼ੇ ਲੈਂਦੇ ਸਨ। ਜਦ ਉਨ੍ਹਾਂ ਨੂੰ ਕੋਈ ਮਿੱਤਰ ਮਿਲਣ ਆਉਂਦਾ ਤਾਂ ਉਹ ਦੂਰੋਂ ਹੀ ਇਕ ਦੂਜੇ ਨੂੰ ਤੀਹ ਤੀਹ ਗਾਲ੍ਹਾਂ ਕੱਢ ਕੇ ਜੱਫੀ ਪਾਉਂਦੇ। ਮਾਂ ਭੈਣ ਦੀ ਗਾਲ੍ਹ ਨੂੰ ਤਾਂ ਉਹ ਗਾਲ੍ਹ ਹੀ ਨਹੀਂ ਸਨ ਸਮਝਦੇ। ਧੀ ਦੀ ਗਾਲ੍ਹ ਤੋਂ ਉਹ ਗਾਲ੍ਹਾਂ ਦਾ ਇੰਜਣ ਸਟਾਰਟ ਕਰਦੇ ਸਨ। ਵਿਚ ਵਿਚ ਉਹ ਸਾਨੂੰ ਖੁਸ਼ ਕਰਨ ਵਾਲੇ ਟੋਟਕੇ ਛੱਡਦੇ ਰਹਿੰਦੇ। ਦਫਤਰ ਵਿਚ ਕੰਧਾਂ 'ਤੇ ਟੰਗੀਆਂ ਅਕਾਲੀ ਦਲ ਦੇ ਸਾਬਕਾ ਪ੍ਰਧਾਨਾਂ ਦੀਆਂ ਤਸਵੀਰਾਂ ਸ਼ਰਮ ਨਾਲ ਨੱਕ ਡੋਬਣ ਨੂੰ ਕਰਦੀਆਂ। ਅਸਲੀ ਅਕਾਲੀ ਦਲ ਦੇ ਇਸ 'ਪੰਥਕ' ਮਾਹੌਲ ਤੋਂ ਥੱਕ ਕੇ ਅਸੀਂ ਬਾਹਰ ਨਿਕਲਦੇ ਤੇ ਪੰਜ ਮਿੰਟ ਵਾਹਿਗੁਰੂ ਵਾਹਿਗੁਰੂ ਕਰਦੇ ਰਹਿੰਦੇ।



ਫਿਰ ਅਸੀਂ ਮੰਜੀ ਸਾਹਿਬ ਦੀਵਾਨ ਹਾਲ ਵਿਚ ਚਲੇ ਜਾਂਦੇ ਤੇ ਵੰਨ-ਸੁਵੰਨੀਆਂ ਤਕਰੀਰਾਂ ਸੁਣਦੇ। ਖੁਸ਼ਵੰਤ ਸਿੰਘ ਨੂੰ ਪਹਿਲੀ ਵਾਰ ਮੈਂ ਇੱਥੇ ਦੇਖਿਆ ਸੀ। ਸਟੇਜ ਸਕੱਤਰ ਇਕਬਾਲ ਸਿੰਘ ਲਾਂਧੜਾ ਦੀ ਭਰਵੀਂ ਤੇ ਗੂੰਜਵੀਂ ਅਵਾਜ਼ ਸਾਨੂੰ ਕੀਲ ਲੈਂਦੀ। ਦੀਵਾਨ ਹਾਲ ਦੇ ਸਪੀਕਰਾਂ 'ਚੋਂ ਉਹਦਾ ਐਲਾਨ ਕਿ "ਹੁਣ ਤੁਹਾਡੇ ਸਾਹਮਣੇ ਆ ਰਹੇ ਹਨ ਡਿਕਟੇਟਰ ਧਰਮ-ਯੁੱਧ ਮੋਰਚਾ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਸੰਤ ਬਾਬਾ ਹਰਚੰਦ ਸਿੰਘ ਸਿੰਘ ਲੌਂਭਗੋਵਾਲ" ਸੁਣ ਕੇ ਸਾਡੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਤੇ ਕੰਨਾਂ 'ਚ ਕੀੜੇ ਜਿਹੇ ਬੋਲਣ ਲੱਗ ਜਾਂਦੇ।

ਗੁਰੂ ਰਾਮਦਾਸ ਸਰਾਂ ਦੇ ਸਾਹਮਣੇ ਸਵੇਰੇ ਸਵੇਰੇ ਅਖਬਾਰਾਂ ਵਾਲੇ ਬਜਾਜੀ ਵਾਲਿਆਂ ਵਾਂਗ ਸਾਈਕਲ ਲੱਦ ਕੇ ਲਿਆਉਂਦੇ ਤੇ ਮਿੰਟੋ ਮਿੰਟੀ ਵਿਹਲੇ ਹੋ ਜਾਂਦੇ। ਅਖਬਾਰ ਲੈਣ ਲਈ ਉਥੇ ਖੜ੍ਹਨਾ ਪੈਂਦਾ ਸੀ। ਇਕ ਦਿਨ ਸ. ਲਾਂਧੜਾ ਅਖਬਾਰ ਲੈ ਰਹੇ ਸਨ ਤਾਂ ਮੈਂ ਫਤਿਹ ਬੁਲਾ ਦਿਤੀ। ਉਨ੍ਹਾਂ ਮੇਰਾ ਪਿੰਡ ਪੁੱਛਿਆ ਤੇ ਮੈਂ ਉਨ੍ਹਾਂ ਦਾ। ਉਹ ਕਹਿਣ ਲੱਗੇ, 'ਥਲੇ ਦੇ ਕੋਲ ਹੈ।' ਮੈਂ ਖੁਸ਼ ਹੋ ਗਿਆ, ਕਿਉਂਕਿ ਉਹ ਥਲੇ ਤੋਂ ਮੇਰੇ ਫੁੱਫੜ ਮਿਲਖਾ ਸਿੰਘ ਨੂੰ ਜਾਣਦੇ ਸਨ। ਉਹ ਸਾਨੂੰ ਆਪਣੇ ਕਮਰੇ ਵਿਚ ਲੈ ਗਏ। ਉਨ੍ਹਾਂ ਆਪਣੇ ਕਮਰੇ 'ਚ ਆਪ ਚਾਹ ਬਣਾਈ ਤੇ ਸਾਨੂੰ ਪਿਲਾਈ।

ਮੈਂ ਉਨ੍ਹਾਂ ਨੂੰ ਮੋਰਚੇ ਦੀ ਕਾਮਯਾਬੀ ਬਾਰੇ ਪੁੱਛਿਆ। ਕਹਿਣ ਲੱਗੇਮ "ਮੋਰਚਾ ਤਾਂ ਕਾਮਯਾਬ ਹੋ ਜਾਣਾ ਸੀ, ਪਰ ਆਹ ਸਾਧੜੇ ਨੇ ਕੰਮ ਖਰਾਬ ਕਰ ਦਿੱਤਾ। ਟੈਮ ਇਹਨੂੰ ਦੇਣਾ ਪੈਂਦਾ ਤੇ ਇਹ ਟੌਂਕਣ ਲੱਗ ਪੈਂਦਾ। ਮੋਰਚੇ ਦਾ ਸੱਤਿਆਨਾਸ ਮਾਰ ਕੇ ਰੱਖ ਦਿੱਤਾ, ਸੰਤ ਜੀ ਬਹੁਤ ਪ੍ਰੇਸ਼ਾਨ ਰਹਿੰਦੇ ਹਨ।" ਉਹ ਗਾਲ੍ਹਾਂ ਬਿਲਕੁਲ ਨਹੀਂ ਸੀ ਕੱਢਦਾ, ਪਰ ਉਹਤੋਂ ਉਰੇ ਉਰੇ ਦੇ ਕੌੜੇ ਲਫਜ਼ ਸਾਰੇ ਬੋਲ ਦਿੱਤੇ। ਉਹਨੇ ਸਾਨੂੰ ਉਥੇ ਤੁਰੀ ਫਿਰਦੀ ਅਸ਼ਲੀਲ ਅਫਵਾਹ ਬਾਬਤ ਵੀ ਚਾਨਣਾ ਪਾਇਆ ਕਿ ਉਹ ਰਾਤ ਨੂੰ ਕਿੱਥੇ ਹੁੰਦੀ ਹੈ ਤੇ ਦਿਨੇ ਕਿੱਥੇ! ਉਹਨੇ ਸਾਨੂੰ ਇਹ ਵੀ ਦੱਸਿਆ ਕਿ ਉਹ ਅਫਵਾਹਾਂ ਦੀ ਮਲਿਕਾ ਕਿਹਨੂੰ ਕਿਹਨੂੰ ਮੂਰਖ ਬਣਾਉਂਦੀ ਹੈ ਤੇ ਕਿਹਦੇ ਕਿਹਦੇ ਤੋਂ ਖੁਦ ਮੂਰਖ ਬਣਦੀ ਹੈ। ਉਹਦੀਆਂ ਗੱਲਾਂ, ਜੋ ਅਸੀਂ ਸੁਣੀਆਂ ਸਨ, ਉਨ੍ਹਾਂ ਨੂੰ ਮੇਰੇ ਲਈ ਲਿਖਣਾ ਵੀ ਮੁਸ਼ਕਿਲ ਹੈ ਤੇ ਕਿਸੇ ਲਈ ਪੜ੍ਹਨਾ ਉਹਤੋਂ ਵੀ ਮੁਸ਼ਕਿਲ।

ਫਿਰ ਅਸੀਂ ਅਕਸਰ ਉਹਦੇ ਕਮਰੇ ਵਿਚ ਜਾਣ ਲੱਗ ਪਏ। ਉਹਦੀਆਂ ਗੱਲਾਂ ਤੋਂ ਅਸੀਂ ਸ਼ਸ਼ੋਪੰਜ ਵਿਚ ਪੈ ਜਾਂਦੇ ਤੇ ਮੋਰਚੇ ਦੇ ਠੀਕ ਜਾਂ ਗਲਤ ਹੋਣ ਦਾ ਕੱਖ ਪਤਾ ਨਾ ਲੱਗਦਾ। ਅੰਦਰ ਦਾ ਹੀਜ-ਪਿਆਜ ਜਾਣ ਕੇ ਸਾਡੇ ਜਜ਼ਬਾਤ ਰੁੰਡ ਮਰੁੰਡ ਹੋ ਗਏ ਸਨ ਤੇ ਅਸੀਂ ਲੁੱਟੇ ਲੁੱਟੇ ਜਿਹੇ ਮਹਿਸੂਸ ਕਰਦੇ। ਨਾ ਸਾਨੂੰ ਉਥੇ ਕੀਰਤਨ ਵਾਲੀ ਸਿੱਖੀ ਦੇ ਦਰਸ਼ਨ ਹੁੰਦੇ ਤੇ ਨਾ ਢਾਡੀ ਵਾਰਾਂ ਵਾਲੇ ਇਤਿਹਾਸ ਦੇ। ਜੋ ਕੁਝ ਉਥੇ ਸੀ, ਉਹ ਕੁਝ ਬੰਦਿਆਂ ਦੀ ਹੈਂਕੜ ਸੀ, ਜਿਹਨੂੰ ਉਹ ਨਫਰਤ ਦੀ ਚਾਸ਼ਣੀ ਵਿਚ ਰਾੜ੍ਹਦੇ ਰਹਿੰਦੇ ਸਨ ਤੇ ਇਹਨੂੰ ਉਹ ਸਿੱਖ ਸਿਆਸਤ ਸਮਝਦੇ ਸਨ।

ਮੇਰੇ ਮਨ ਵਿਚ ਸੀ ਕਿ ਜੇ ਕੋਈ ਸਿਆਣਾ ਵਿਦਵਾਨ ਹੋਵੇ ਤਾਂ ਮੋਰਚੇ ਨੂੰ ਬੰਨੇ ਕੰਢੇ ਲਾਉਣ ਲਈ ਇਨ੍ਹਾਂ ਨੂੰ ਸੁਮੱਤ ਦੇਵੇ। ਇਕ ਦਿਨ ਅਚਾਨਕ ਖਬਰ ਲੱਗੀ ਕਿ ਅਕਾਲੀ ਦਲ ਨੇ ਬੁੱਧੀਜੀਵੀਆਂ ਨੂੰ ਬੁਲਾਇਆ ਹੈ ਕਿ ਉਹ ਮੰਝਧਾਰ 'ਚ ਫਸੇ ਮੋਰਚੇ ਨੂੰ ਕੰਢੇ ਲਾਉਣ ਲਈ ਕੋਈ ਸੁਝਾ ਦੇਣ। ਬੰਗੇ ਤੋਂ ਮੇਰੇ ਅਧਿਆਪਕ ਪ੍ਰੋ. ਹਰਪਾਲ ਸਿੰਘ ਮੈਨੂੰ ਮਿਲਣ ਆਏ ਹੋਏ ਸਨ ਤੇ ਅਸੀਂ ਸੋਚ ਰਹੇ ਸਾਂ ਕਿ ਕਿਸੇ ਨੂੰ ਕਹੀਏ ਬੁੱਧੀ-ਜੀਵੀਆਂ ਦੀ ਉਸ ਮੀਟਿੰਗ ਵਿਚ ਭਾਈ ਸਾਹਿਬ ਕਪੂਰ ਸਿੰਘ ਨੂੰ ਜ਼ਰੂਰ ਬੁਲਾਇਆ ਜਾਵੇ।

ਇਕ ਸ਼ਾਮ ਨੂੰ ਅਸੀਂ ਮੁੱਖ ਗੇਟ ਦੇ ਬਾਹਰ ਅੰਮ੍ਰਿਤਸਰ ਦਾ ਮਸ਼ਹੂਰ ਮਲਾਈ ਵਾਲਾ ਦੁੱਧ ਪੀ ਕੇ ਵਾਪਸ ਆ ਰਹੇ ਸਾਂ ਕਿ ਸਰਾਂ ਦੇ ਬਾਹਰ ਸਾਨੂੰ ਕੁਝ ਵਿਦਿਆਰਥੀ ਮਿਲੇ, ਜੋ ਤਾਮਿਲਨਾਡੂ ਤੋਂ ਆਏ ਸਨ। ਪ੍ਰੋ. ਸਾਹਿਬ ਤੇ ਮੈਂ ਉਨ੍ਹਾਂ ਨਾਲ ਗੱਲਾਂ ਕਰਨ ਲੱਗ ਪਏ। ਅਸੀਂ ਬੜੇ ਹੈਰਾਨ ਹੋਏ ਕਿ ਉਹ ਧਰਮ-ਯੁੱਧ ਮੋਰਚੇ ਤੋਂ ਬੜੇ ਹੀ ਉਤਸ਼ਾਹਿਤ ਸਨ ਤੇ ਸੰਤ ਲੌਂਗੋਵਾਲ ਦੇ ਦਰਸ਼ਨ ਕਰਨਾ ਚਾਹੁੰਦੇ ਸਨ। ਅਸੀਂ ਉਨ੍ਹਾਂ ਨੂੰ ਉਸੇ ਵਕਤ ਤੇਜਾ ਸਿੰਘ ਸਮੁੰਦਰੀ ਹਾਲ ਦੇ ਉਸ ਕਮਰੇ ਵਿਚ ਲੈ ਗਏ, ਜਿਥੇ ਸੰਤ ਲੌਂਗੋਵਾਲ ਰਹਿੰਦੇ ਸਨ।

ਦਰਬਾਨ ਨੂੰ ਪੁੱਛ ਕੇ ਅਸੀਂ ਅੰਦਰ ਚਲੇ ਗਏ। ਅਸੀਂ ਦੇਖਿਆ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਝਿਲਮਿਲ ਝਿਲਮਿਲ ਕਰਦਾ ਖੂਬਸੂਰਤ ਨਜ਼ਾਰਾ ਉਸ ਕਮਰੇ ਦੀ ਖਿੜਕੀ ਦੇ ਐਨ ਸਾਹਮਣੇ ਸੀ। ਸੰਤ ਲੌਂਗੋਵਾਲ ਦੇ ਨਾਲ ਉਸ ਕਮਰੇ ਵਿਚ ਬਲਵੰਤ ਸਿੰਘ ਰਾਮੂਵਾਲੀਆ ਬੈਠਾ ਸੀ। ਤਾਮਿਲ ਵਿਦਿਆਰਥੀਆਂ ਦੇ ਮਨ ਦੀ ਖੁਸ਼ੀ ਦਾ ਕੋਈ ਠਿਕਾਣਾ ਨਾ ਰਿਹਾ ਤੇ 'ਕੱਲੇ 'ਕੱਲੇ ਨੇ ਸੰਤ ਲੌਂਗੋਵਾਲ ਦੇ ਪੈਰਾਂ ਨਾਲ ਆਪਣੇ ਮੱਥੇ ਸਪਰਸ਼ ਕੀਤੇ। ਉਨ੍ਹਾਂ ਨੇ ਸਾਨੂੰ ਸਭ ਨੂੰ ਦੁੱਧ ਛਕਾਇਆ।

ਪ੍ਰੋ. ਹਰਪਾਲ ਸਿੰਘ ਨੇ ਮਲਕੜੇ ਜਿਹੇ ਗੱਲ ਸ਼ੁਰੂ ਕੀਤੀ ਕਿ ਬੁੱਧੀਜੀਵੀਆਂ ਦੀ ਮੀਟਿੰਗ ਵਿਚ ਭਾਈ ਕਪੂਰ ਸਿੰਘ ਨੂੰ ਵੀ ਬੁਲਾਇਆ ਜਾਵੇ। ਸੰਤ ਲੌਂਗੋਵਾਲ ਕਹਿਣ ਲੱਗੇ, "ਬੁਲਾ ਤਾਂ ਲਈਏ, ਪਰ ਉਹ ਹੋਰ ਹੀ ਗੱਲਾਂ ਕਰਨ ਲੱਗ ਪੈਂਦੇ ਨੇ।" ਉਨ੍ਹਾਂ ਦੀ ਗੱਲ ਨੂੰ ਵਿਚੇ ਟੋਕ ਕੇ ਸ. ਰਾਮੂਵਾਲੀਆ ਕਹਿਣ ਲੱਗੇ, "ਬੁਲਾਂਵਾਂਗੇ, ਬੁਲਾਂਵਾਂਗੇ, ਜ਼ਰੂਰ ਬੁਲਾਂਵਾਂਗੇ, ਕਿਉਂ ਨਹੀਂ ਬੁਲਾਂਵਾਂਗੇ!" ਇਹ ਜਵਾਬ ਸੁਣ ਕੇ ਤਾਮਿਲ ਵਿਦਿਆਰਥੀ ਵੀ ਚਲੇ ਗਏ ਤੇ ਅਸੀਂ ਵੀ ਬਾਹਰ ਆ ਗਏ। ਸਾਨੂੰ ਯਕੀਨ ਹੋ ਗਿਆ ਕਿ ਇਹ ਕਿਸੇ ਕੀਮਤ 'ਤੇ ਵੀ ਭਾਈ ਕਪੂਰ ਸਿੰਘ ਨੂੰ ਨਹੀਂ ਬੁਲਾਉਣਗੇ, ਕਿਉਂਕਿ ਉਨ੍ਹਾਂ ਲਈ ਵੱਡੇ ਤੋਂ ਵੱਡਾ ਬੁੱਧੀਜੀਵੀ ਪ੍ਰੋ. ਬੱਲੂਆਣਾ ਸੀ।

ਅਸੀਂ ਅਕਸਰ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਕਰਕੇ ਸੱਚਖੰਡ ਵਿਖੇ ਭਾਈ ਸਾਹਿਬਾਨ ਦੇ ਐਨ ਸਾਹਮਣੇ ਬਿਰਾਜ ਜਾਂਦੇ। ਕੀਰਤਨ ਦਾ ਅਨੰਦ ਮਾਣਦੇ, ਆਪਣੇ ਵਿਚਾਰਾਂ ਨੂੰ ਸ਼ਬਦ ਦੀ ਸਾਣ 'ਤੇ ਚਾੜ੍ਹਦੇ ਤੇ ਵਿਗੜੇ ਹੋਏ ਜਜ਼ਬਾਤ ਨੂੰ ਥਾਂ ਸਿਰ ਕਰਨ ਦੀ ਕੋਸ਼ਿਸ਼ ਕਰਦੇ। ਅਰਦਾਸ ਵਿਚ ਸ਼ਾਮਲ ਹੋ ਕੇ ਮਨ ਸ਼ਾਂਤ ਹੋ ਜਾਂਦਾ ਅਤੇ ਹੁਕਮਨਾਮਾ ਸੁਣ ਕੇ ਦਿਲ ਨੂੰ ਰਾਹਤ ਮਿਲਦੀ ਤੇ ਧਰਮ-ਯੁੱਧ ਵਿਚ ਯਕੀਨ ਬੱਝਦਾ।

*(ਬਾਕੀ ਅਗਲੇ ਸਫੇ 'ਤੇ)*

# ਲਵਾਰਿਸਾਂ ਦੇ ਵਾਰਿਸ ਨੂੰ ਜਾਣਦਿਆਂ

ਸੰਤ ਰਾਮ ਉਦਾਸੀ ਇੱਕ ਥਾਂ ਲਿਖਦੇ ਹਨ,
ਸਾਨੂੰ ਪਤਾ ਹੈ ਸਾਹਾਂ ਦਾ ਅੰਤ ਸਾਡਾ
ਹੋਣਾ ਨਹਿਰ ਜਾਂ ਕਿਸੇ ਡਰੇਨ ਦਾ ਪੁਲ।
ਮੇਰੀ ਅੰਮੀਏ, ਕੇਹਾ ਮੁਕਾਬਲਾ ਹੈ!
ਸੌ ਬੋਕ ਤੇ ਇੱਕ ਸਰੋਂ ਦਾ ਫੁੱਲ।

ਆਪਣੇ ਬੋਲਾਂ 'ਤੇ ਖਰੇ ਉਤਰਦੇ ਸੰਤ ਰਾਮ ਉਦਾਸੀ ਦੀ ਲਾਸ਼ ਵੀ 1986 ਵਿਚ ਨਾਂਦੇੜ ਦੇ ਰੇਲਵੇ ਸਟੇਸ਼ਨ 'ਤੇ ਮਿਲਦੀ ਹੈ, ਪਰਿਵਾਰ ਦੇ ਲੱਖ ਕਹਿਣ 'ਤੇ ਵੀ ਸਰਕਾਰ ਲਾਸ਼ ਨਹੀਂ ਲਿਆਉਂਦੀ। ਇਵੇਂ ਹੀ ਜਸਵੰਤ ਸਿੰਘ ਖਾਲੜਾ 25 ਫਰਵਰੀ 1995 ਦੇ 'ਪੰਜਾਬੀ ਟ੍ਰਿਬਿਊਨ' ਵਿਚ ਇੱਕ ਪ੍ਰੈਸ ਨੋਟ ਵਿਚ ਆਪਣੇ ਮਾਰੇ ਜਾਣ ਦਾ ਖਦਸ਼ਾ ਪ੍ਰਗਟ ਕਰਦੇ ਹਨ। ਉਨ੍ਹਾਂ ਦੇ ਜਾਣ-ਪਛਾਣ ਵਾਲੇ ਦੱਸਦੇ ਨੇ, ਉਹ ਜਾਣਦਾ ਸੀ ਕਿ ਅਣਪਛਾਤੀਆਂ ਲਾਛਾਂ ਦੇ ਸਿਰਨਾਂਵੇਂ ਲੱਭਦਿਆਂ ਉਹਨੇ ਆਪ ਇੱਕ ਅਣਪਛਾਤੀ ਲਾਸ਼ ਬਣ ਜਾਣਾ ਏ।



ਆਪਣੀ ਮੌਤ ਬਾਰੇ ਇੰਜ ਲਿਖਣਾ

**ਬਲਤੇਜ ਗਿੱਲ**

ਜਾਂ ਬੋਲਣਾ ਹਰ ਕਿਸੇ ਦੇ ਹਿੱਸੇ ਨਹੀਂ ਆਉਂਦਾ। ਜਾਂ ਕਹਿ ਲਉ ਕਿ ਹਰ ਬੰਦਾ ਆਪਣੀ ਮੌਤ ਨਹੀਂ ਚੁਣ ਸਕਦਾ। ਮਰਨਾ ਹਰੇਕ ਨੇ ਹੈ, ਚੁੱਪ ਰਹਿਣ ਵਾਲਿਆਂ ਨੇ ਵੀ, ਅਣਜਾਣਾਂ ਨੇ ਵੀ ਅਤੇ ਸਿਰਫ ਆਪਣੇ ਵਾਸਤੇ ਜਿਉਣ ਵਾਲਿਆਂ ਨੇ ਵੀ ਮਰ ਹੀ ਜਾਣਾ ਹੈ, ਪਰ ਆਪਣੀ ਮੌਤ ਚੁਣ ਸਕਣਾ ਹਰ ਕਿਸੇ ਦੇ ਹਿੱਸੇ ਨਹੀਂ ਆ ਸਕਦਾ। ਜੋ ਲੋਕ ਆਪਣੀ ਜ਼ਿੰਦਗੀ ਆਪਣੇ ਅਕੀਦਿਆਂ 'ਤੇ ਚੁਣਨਾ ਜਾਣਦੇ ਹਨ, ਉਹ ਜ਼ਿੰਦਗੀ ਦੇ ਮੁੱਢਲੇ ਸਫਰਾਂ ਵਿਚ ਹੀ ਇਹਦਾ ਅੰਤ ਵੀ ਦੇਖ ਰਹੇ ਹੁੰਦੇ ਹਨ। ਵੈਸੇ ਕਿਸੇ ਅਜਿਹੇ ਦੌਰ ਵਿਚ ਬਹਾਦਰ ਬਣਨਾ ਬੜਾ ਸੌਖਾ ਹੁੰਦਾ, ਜਦੋਂ ਜਿੱਤ ਦੀ ਆਸ ਹੋਵੇ ਜਾਂ ਬਚਣ ਦੀ ਆਸ ਹੋਵੇ, ਮੌਤ ਬਾਰੇ ਪਤਾ ਹੁੰਦਿਆਂ ਵੀ ਬਹਾਦਰ ਬਣਨਾ ਇਹ ਅਸਲ ਚੁਣੌਤੀ ਹੁੰਦੀ ਹੈ।

ਕੈਨੇਡਾ ਦੇ ਇੱਕ ਭਾਸ਼ਣ ਵਿਚ ਜਸਵੰਤ ਸਿੰਘ ਖਾਲੜਾ ਇੱਕ ਲਘੂ ਕਥਾ ਸੁਣਾਉਂਦੇ ਹਨ, "ਜਦ ਸੂਰਜ ਪਹਿਲੀ ਵਾਰ ਅਸਤਨ ਲੱਗਾ ਤਾਂ ਜਿਉਂ ਜਿਉਂ ਉਹ ਆਪਣਾ ਪੰਧ ਮੁਕਾ ਰਿਹਾ ਸੀ, ਚਾਨਣ ਘਟ ਰਿਹਾ ਸੀ, ਹਨੇਰੇ ਦੀ ਆਮਦ ਦੇ ਨਿਸ਼ਾਨ ਪ੍ਰਗਟ ਹੋ ਰਹੇ ਸਨ। ਕਹਿੰਦੇ ਆ ਲੋਕਾਂ 'ਚ ਹਾਹਾਕਾਰ ਮੱਚ ਰਹੀ ਸੀ ਕਿ ਸੂਰਜ ਛਿਪ ਜਾਊਗਾ, ਹਨੇਰਾ ਪੱਸਰ ਜਾਊਗਾ, ਕਿਸੇ ਨੂੰ ਕੁਝ ਦਿਸੂ ਨਾ, ਤੇ ਸਾਡਾ ਕੀ ਬਣੂਗਾ। ਦੁਨੀਆਂ ਫਿਕਰਮੰਦ ਸੀ। ਪਰ ਸੂਰਜ ਅਸਤਿਆ, ਹਨੇਰੇ ਨੇ ਆਪਣਾ ਜੋਰ ਵਿਖਾਉਣ ਲਈ ਧਰਤੀ 'ਤੇ ਪੈਰ ਪਾਇਆ। ਪਰ ਕਹਿੰਦੇ ਆ ਕਿ ਦੂਰ ਕਿਸੇ ਝੌਂਪੜੀ 'ਚੋਂ ਇੱਕ ਦੀਪਕ ਨੇ ਸਿਰ ਚੁੱਕਿਆ, ਉਹਨੇ ਕਿਹਾ ਮੈਂ ਹਨੇਰੇ ਨੂੰ ਚੈਲੇਂਜ ਕਰਦਾਂ। ਹੋਰ ਕੁਝ ਨਹੀਂ ਤਾਂ ਆਪਣੇ ਆਲੇ-ਦੁਆਲੇ ਤਾਂ ਇਸ ਨੂੰ ਆਉਣ ਨਹੀਂ ਦਿਆਂਗਾ, ਆਪਣੇ ਆਲੇ-ਦੁਆਲੇ ਤਾਂ ਚਾਨਣ ਕਾਇਮ ਕਰਾਂਗਾ। ਉਸ ਦੀਪਕ ਨੂੰ ਦੇਖ ਕੇ ਕਹਿੰਦੇ ਆ ਕਿ ਹਰ ਝੁੱਗੀ ਝੌਂਪੜੀ ਵਿਚ ਇੱਕ ਦੀਪਕ ਉਠਿਆ ਤੇ ਦੁਨੀਆਂ ਹੈਰਾਨ ਰਹਿ ਗਈ ਕਿ ਇਨ੍ਹਾਂ ਦੀਪਕਾਂ ਨੇ ਹਨੇਰੇ ਨੂੰ ਪਸਰਨੋਂ ਰੋਕਿਆ ਤੇ ਦੁਨੀਆਂ ਦੇਖ ਸਕੀ। ਮੈਂ ਸਮਝਦਾਂ ਕਿ ਅੱਜ ਜਦੋਂ ਇੱਕ ਹਨੇਰਾ ਪੂਰੇ ਜੋਰ ਦੇ ਨਾਲ ਸੱਚ ਉਤੇ ਫਤਿਹ ਪਾਉਣ ਲਈ ਲਲਕਾਰ ਰਿਹਾ ਤਾਂ ਹੋਰ ਕੁਝ ਨਹੀਂ ਤਾਂ ਮੈਂ ਕਹੂੰਗਾ ਕਿ ਅਣਖੀਲਾ ਪੰਜਾਬ ਇੱਕ ਦੀਪਕ ਦੀ ਤਰ੍ਹਾਂ ਇਸ ਨੂੰ ਚੈਲੇਂਜ ਕਰ ਰਿਹਾ, ਮੈਂ ਅਰਦਾਸ ਕਰਦਾਂ ਸਤਿਗੁਰੂ ਇਸ ਨੂੰ ਜਗਦਾ ਰੱਖੇ।"

ਇਸੇ ਤਕਰੀਰ ਵਿਚ ਉਹ ਅੱਗੇ ਕਹਿੰਦੇ ਹਨ, "ਮੈਂ ਕੋਈ ਸਿਆਸੀ ਲੀਡਰ ਨਹੀਂ, ਮੈ ਤਾਂ ਮਨੁੱਖੀ ਅਧਿਕਾਰ ਕਾਰਕੁਨ ਹਾਂ, ਖਾਲਸਾ ਹੋਰਾਂ ਦੇ ਮਨੁੱਖੀ ਅਧਿਕਾਰ ਬਚਾਉਣ ਲਈ ਸਾਜਿਆ ਗਿਆ ਸੀ ਤੇ ਜੇ ਅਸੀਂ ਅੱਜ ਆਪਣੇ ਮਨੁੱਖੀ ਅਧਿਕਾਰ ਹੀ ਨਾ ਬਚਾ ਸਕੇ ਤਾਂ ਦੁਨੀਆਂ ਵਿਚ ਤੁਸੀਂ ਖਾਲਸੇ ਨੂੰ ਪ੍ਰਭਾਸ਼ਿਤ ਨਹੀਂ ਕਰ ਸਕੋਗੇ।"

ਜਸਵੰਤ ਸਿੰਘ ਖਾਲੜਾ ਬਾਰੇ ਬਹੁਤੇ ਪੰਜਾਬੀਆਂ ਨੂੰ, ਸਮੇਤ ਮੇਰੇ, ਉਦੋਂ ਪਤਾ ਲੱਗਿਆ ਸੀ, ਜਦੋਂ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਬੀਬੀ ਖਾਲੜਾ ਚੋਣ ਮੈਦਾਨ ਵਿਚ ਉਤਰੇ ਸਨ। 1990ਵਿਆਂ ਵਿਚ ਮਨੁੱਖੀ ਅਧਿਕਾਰਾਂ ਲਈ ਲੜਨ ਵਾਲੇ ਵਕੀਲ ਨੀਤੀਆ ਰਾਮਾਕ੍ਰਿਸ਼ਨਾ ਇੱਕ ਥਾਂ ਆਖਦੇ ਹਨ, "ਪੰਜਾਬ ਵਿਚ ਹਾਲਾਤ ਇਹ ਹੋ ਗਏ ਹਨ ਕਿ ਜੇ ਤੁਸੀਂ ਮਨੁੱਖੀ ਅਧਿਕਾਰਾਂ ਦੀ ਗੱਲ ਕਰਦੇ ਹੋ ਤੁਹਾਨੂੰ ਅਤਿਵਾਦੀ ਕਿਹਾ ਜਾਂਦਾ ਹੈ।" ਪੰਜਾਬ ਦੇ ਪੁਲਿਸ ਮੁਖੀ ਅਫਸਰ ਕੇ. ਪੀ. ਐਸ ਗਿੱਲ (ਮਰਹੂਮ) 'ਤੇ ਜਦੋਂ ਝੂਠੇ ਮੁਕਾਬਲਿਆਂ ਦੇ ਦੋਸ਼ ਲੱਗਦੇ ਹਨ ਤਾਂ ਉਹ ਇੱਕ ਪ੍ਰੈਸ ਕਾਨਫਰੰਸ ਕਰਦਾ ਹੈ ਤੇ ਆਖਦਾ ਹੈ, "ਇਹ ਜਿੰਨੇ ਵੀ ਮਨੁੱਖੀ ਅਧਿਕਾਰਾਂ ਦੇ ਝੰਡਾਬਰਦਾਰ ਬਣੇ ਫਿਰਦੇ ਹਨ, ਇਹ ਪ੍ਰਾਪੇਗੰਡਾ ਕਰ ਰਹੇ ਹਨ।"

ਜਸਵੰਤ ਸਿੰਘ ਖਾਲੜਾ ਕੌਣ ਸੀ? ਵਿਕੀਪੀਡੀਆ ਛੋਟੀ ਜਿਹੀ ਟਿੱਪਣੀ ਦਿੰਦਾ ਹੈ, "ਉਹ ਸਿੱਖਾਂ ਦਾ ਮਨੁੱਖੀ ਅਧਿਕਾਰ ਕਾਰਕੁਨ ਸੀ।" ਇਹ ਟਿੱਪਣੀ ਬਹੁਤ ਸਟੀਕ ਹੈ। ਮਨੁੱਖੀ ਅਧਿਕਾਰ ਕਾਰਕੁਨ ਹੋਣਾ ਅਤੇ ਸਿੱਖਾਂ ਦਾ ਮਨੁੱਖੀ ਅਧਿਕਾਰ ਕਾਰਕੁਨ ਹੋਣਾ, ਫਰਕ ਤਾਂ ਦਿਖਦਾ ਹੈ। ਜਸਵੰਤ ਸਿੰਘ ਖਾਲੜਾ 1990 ਪਿਛੋਂ ਇੰਗਲੈਂਡ ਤੋਂ ਆਏ ਇੱਥੇ ਇੱਕ ਬੈਂਕ ਵਿਚ ਨੌਕਰੀ ਕਰ ਰਹੇ ਸਨ। ਬੀਬੀ ਖਾਲੜਾ ਯੂਨੀਵਰਸਿਟੀ ਵਿਚ ਸੇਵਾਵਾਂ ਨਿਭਾ ਰਹੇ ਸਨ। ਕੀ ਲੋੜ ਸੀ? ਜ਼ਿਆਦਾ ਹੀ ਕੁਝ ਸੀ ਤਾਂ ਛੋਟੀਆਂ ਮੋਟੀਆਂ



*ਜਸਵੰਤ ਸਿੰਘ ਖਾਲੜਾ*

ਟਿੱਪਣੀਆਂ ਕਰਦੇ ਰਹਿੰਦੇ, ਹੋਰ ਨਹੀਂ ਤਾਂ ਹੁਣ ਤੱਕ 'ਕਾਲਮ ਨਵੀਸ' ਤਾਂ ਬਣ ਹੀ ਜਾਂਦੇ। ਪਰ ਪਤਾ ਨਹੀਂ ਕਿਉਂ?... ਚਲੋ ਛੱਡੋ, ਹੋਇਆ ਇੰਜ ਕਿ ਜਸਵੰਤ ਸਿੰਘ ਖਾਲੜਾ ਬੈਂਕ ਵਿਚ ਡਾਇਰੈਕਟਰ ਸਨ। ਉਨ੍ਹਾਂ ਦੇ ਦੋ ਸਹਿ-ਕਰਮੀ ਲਾਪਤਾ ਹੋ ਗਏ। ਉਨ੍ਹਾਂ ਦਾ ਪਤਾ ਭਾਲਦਿਆਂ ਉਥੋਂ ਦੀਆਂ ਮੜੀਆਂ ਤੱਕ ਪਹੁੰਚੇ। ਮੜੀਆਂ 'ਚ ਜਾ ਕੇ ਪਤਾ ਲੱਗਾ ਕਿ ਇੱਥੇ ਤਾਂ ਰੋਜ਼ ਕਈ ਡੋਲੇ ਉਤਰਦੇ ਹਨ, ਤੁਸੀਂ ਕਿਹੜੇ ਦੀ ਰਾਖ ਭਾਲਦੇ ਹੋ? ਹਾਲਾਤ ਦਾ ਮੋਟਾ ਮੋਟਾ ਅੰਦਾਜ਼ਾ ਲੱਗ ਗਿਆ ਸੀ, ਪਰ ਬਿਨਾ ਕਿਸੇ ਤੱਥਾਂ, ਅੰਕੜਿਆਂ ਤੋਂ ਇਹ ਸਾਬਿਤ ਕਰਨਾ ਔਖਾ ਸੀ। ਆਖਿਰਕਾਰ ਉਨ੍ਹਾਂ ਨੂੰ ਪਤਾ ਲੱਗਾ ਕਿ ਅਣਪਛਾਤੀਆਂ ਲਾਸ਼ਾਂ ਦਾ ਖਰਚਾ ਮਿਉਂਸਿਪਲ ਕਮੇਟੀ ਚੁੱਕਦੀ ਹੈ, ਮਿਉਂਸਿਪਲ ਕਮੇਟੀ ਤੋਂ ਲੱਕੜਾਂ ਦਾ ਹਿਸਾਬ ਦੇਖਿਆ ਤਾਂ ਪਤਾ ਲੱਗਾ ਕਿ ਸਿਰਫ ਤਿੰਨ ਸ਼ਮਸ਼ਾਨ ਘਾਟਾਂ ਵਿਚ 6017 ਲਾਸ਼ਾਂ ਲਾਵਾਰਿਸ ਆਈਆਂ ਸਨ। 6017 ਲੋਕ ਤਿੰਨ ਸ਼ਮਸਾਨ ਘਾਟਾਂ ਵਿਚ ਸਨ, ਪੂਰੇ ਪੰਜਾਬ ਵਿਚ ਕਿੰਨੇ ਹੋਣਗੇ? ਕੁਝ ਹੋਰ ਥਾਂਈਂ ਤਫਤੀਸ਼ ਦੌਰਾਨ ਪਤਾ ਲੱਗਾ ਕਿ ਕੁੱਲ 25,000 ਲਾਸ਼ਾਂ ਸਨ, ਜਿਨ੍ਹਾਂ ਵਿਚ ਔਰਤਾਂ ਅਤੇ ਬੱਚੇ ਵੀ ਸ਼ਾਮਿਲ ਸਨ। ਉਨ੍ਹਾਂ ਨੇ ਇਸ ਬਾਰੇ ਜਦੋਂ ਹਾਈਕੋਰਟ ਅਪੀਲ ਕੀਤੀ ਤਾਂ ਹਾਈਕੋਰਟ ਨੇ ਇਹ ਕਹਿ ਕੇ ਖਾਰਿਜ ਕਰ ਦਿੱਤੀ ਕਿ ਇਹ 'ਪਬਲਿਕ ਇੰਟਰਸਟ ਲਿਟਿਗੇਸ਼ਨ' ਨਹੀਂ ਬਣਦਾ ਯਾਨਿ ਲੋਕ ਹਿੱਤ ਮੁਕੱਦਮਾ ਨਹੀਂ ਬਣਦਾ। ਇਹਦੇ ਲਈ ਲਾਸ਼ਾਂ ਦੇ ਵਾਰਿਸ ਆਪ ਆਉਣ।

1993 ਵਿਚ ਲੁਧਿਆਣੇ ਔਰਤ ਦਿਵਸ 'ਤੇ ਬੋਲਦਿਆਂ ਖਾਲੜਾ ਇੱਕ ਵਿਥਿਆ ਸੁਣਾਉਂਦੇ ਹਨ, "ਗੁਰਬਚਨ ਸਿੰਘ ਦੀ ਮਾਤਾ ਗੁਰਮੇਜ਼ ਕੌਰ ਦੀ ਵਿੱਥਿਆ ਇੱਕ ਦਿਨ ਜਦੋਂ ਆਪਣੇ ਘਰੋਂ ਬੇਘਰ ਰੁਲ ਰਹੀ ਸੀ ਤਾਂ ਉਸ ਨੂੰ ਕਿਸੇ ਨੇ ਦੱਸਿਆ ਕਿ ਉਹਦਾ ਪੁੱਤ ਚਲ ਵਸਿਆ, ਨੁਸ਼ਹਿਰੇ ਪੰਨੂਆਂ ਵਿਚ ਕੋਈ ਘਰ ਵੈਣ ਪਾਉਣ ਨੂੰ ਉਸ ਨੂੰ ਇਜਾਜ਼ਤ ਨਹੀਂ ਸੀ ਦਿੰਦਾ ਤਾਂ ਕੁਦਰਤੀ ਅਸੀਂ ਉਥੇ ਗਏ ਸੀ, ਆਪਣੀ ਭੈਣ ਦੇ ਘਰ। ਉਥੇ ਰਾਤ ਨੂੰ ਦਰਵਾਜਾ ਖੜਕਿਆ ਤੇ ਮਾਤਾ ਅੰਦਰ ਆਈ ਤੇ ਕਿਹਾ ਬੀਬੀ ਮੈਨੂੰ ਅੰਦਰ ਵੜ ਕੇ ਰੋ ਲੈਣ ਦੇ, ਮੇਰਾ ਪੁੱਤ ਮਰਿਆ ਹੈ।" ਇਹ ਕਹਿੰਦਿਆਂ ਖਾਲੜਾ ਦੀ ਅਵਾਜ਼ ਥਿੜਕ ਰਹੀ ਸੀ।

25,000 ਲਾਸ਼ਾਂ ਦਾ ਵਾਰਿਸ ਕੌਣ ਸੀ? ਕੌਣ ਬਚਿਆ ਸੀ, ਜੋ ਸਿਵਿਆਂ 'ਚੋਂ ਸਵਾਹ ਫੋਲ ਫੋਲ ਕੇ ਢਿੱਡ ਨਾਲ ਲਾਉਂਦਾ ਕਿ ਇਹ ਮੇਰਾ ਵਾਰਿਸ ਹੈ। ਕਿੰਨੀਆਂ ਹੀ ਮਾਂਵਾਂ ਉਡੀਕ ਰਹੀਆਂ ਸਨ ਕਿ ਉਨ੍ਹਾਂ ਦੇ ਪੁੱਤਾਂ ਦਾ ਜਿਉਣ ਮਰਨ ਦਾ ਕੋਈ ਸੁਨੇਹਾ ਆਵੇ। ਕੇ. ਪੀ. ਐਸ. ਗਿੱਲ ਕਹਿ ਰਿਹਾ ਸੀ ਕਿ ਇਹ ਸਭ ਗੁੰਮਸ਼ੁਦਾ ਲੋਕ ਕੈਨੇਡਾ, ਅਮਰੀਕਾ, ਯੂਰਪ ਭੱਜ ਗਏ ਹਨ। ਜਸਵੰਤ ਸਿੰਘ ਖਾਲੜਾ ਦਾ ਗੁਨਾਹ ਸੀ ਕਿ ਉਹ 25,000 ਲਵਾਰਿਸਾਂ ਦਾ ਵਾਰਿਸ ਬਣ ਰਿਹਾ ਸੀ, ਤੇ ਅੰਦਰ ਵੜ ਕੇ ਰੋਣ ਦੀ ਥਾਂ ਦੁਨੀਆਂ ਭਰ ਵਿਚ ਇਨ੍ਹਾਂ ਜ਼ਰਵਾਣਿਆਂ ਦੀਆਂ ਕਰਤੂਤਾਂ ਦੱਸ ਰਿਹਾ ਸੀ।

ਜਦੋਂ ਇਨ੍ਹਾਂ ਖਬਰਾਂ ਨੇ ਪੁਲਿਸ ਪ੍ਰਸ਼ਾਸਨ ਨੂੰ ਕਟਹਿਰੇ ਵਿਚ ਲਿਆ ਖੜਾ ਕੀਤਾ ਹੋਇਆ ਸੀ, ਉਦੋਂ ਖਾਲੜਾ ਨੂੰ ਧਮਕੀਆਂ ਮਿਲ ਰਹੀਆਂ ਸਨ, ਕਹਿ ਰਹੇ ਸਨ ਕਿ 25,000 'ਚ ਜੇ ਇੱਕ ਹੋਰ ਜੁੜ ਜਾਵੇ ਤਾਂ ਕੋਈ ਫਰਕ ਪੈ ਸਕਦਾ ਭਲਾ? ਇੰਜ ਹੀ ਹੋਇਆ, ਖਾਲੜਾ ਨੂੰ ਉਨ੍ਹਾਂ ਦੇ ਘਰ ਦੇ ਬਾਹਰ ਗੱਡੀ ਧੋਂਦਿਆਂ ਪੁਲਿਸ ਨੇ ਚੁੱਕ ਲਿਆ। ਜੋ ਹੁਣ ਬਹੁਤੀ ਥਾਂਵੇਂ ਕਥਿਤ ਤੌਰ 'ਤੇ ਹੀ ਲਿਖਿਆ ਆਉਂਦਾ ਹੈ, ਕਿਉਂਕਿ ਪੁਲਿਸ ਨੇ ਕਿਤੇ ਵੀ ਇਹ ਮੰਨਿਆ ਨਹੀਂ। ਮੈਂ ਵੀ ਸ਼ਾਇਦ ਹੁਣ ਕਥਿਤ ਤੌਰ ਜਾਂ ਸ਼ੱਕ ਸ਼ੰਸਿਆਂ ਵਿਚ ਲਿਖਦਾ, ਜੇ 3 ਸਾਲ ਬਾਅਦ ਕੁਲਦੀਪ ਸਿੰਘ ਬਚੜੇ ਦਾ ਬਿਆਨ ਨਾ ਆ ਜਾਂਦਾ। 1998 ਵਿਚ ਝਬਾਲ ਠਾਣੇ ਦੇ ਐਸ. ਐਚ. ਓ. ਰਹੇ ਸਤਨਾਮ ਸਿੰਘ ਦੇ ਗੰਨਮੈਨ ਨੇ ਦੱਸਿਆ ਕਿ ਜਸਵੰਤ ਸਿੰਘ ਖਾਲੜੇ ਨੂੰ ਪੁਲਿਸ ਨੇ ਝਬਾਲ ਠਾਣੇ ਰੱਖਿਆ ਸੀ ਅਤੇ ਲਾਸ਼ ਹਰੀਕੇ ਦਰਿਆ ਵਿਚ ਸੁੱਟ ਦਿੱਤੀ ਸੀ। ਗਵਾਚਿਆਂ ਨੂੰ ਭਾਲਦਾ ਇੱਕ ਦੀਪਕ ਹਨੇਰੇ ਵਿਚ ਉਚਾ ਉਠਿਆ, ਬਾਕੀ ਦੀਪਕਾਂ ਦੀ ਝਾਕ ਵਿਚ ਤਾਰਾ ਬਣ ਗਿਆ।

ਜਸਵੰਤ ਸਿੰਘ ਖਾਲੜਾ ਗਵਾਚ ਗਿਆ, ਅਦਾਲਤੀ ਕਾਰਵਾਈਆਂ ਚੱਲੀਆਂ। 2005 ਵਿਚ 'ਇਨਸਾਫ' ਹੋ ਗਿਆ। ਉਸ ਇਨਸਾਫ ਨੂੰ ਖਾਲੜਾ ਪਰਿਵਾਰ ਅਤੇ ਜਥੇਬੰਦੀਆਂ ਨੇ ਮੁੜ ਮੁੜ ਚੈਲੇਂਜ ਕੀਤਾ। ਅੱਜ ਜਦੋਂ ਖਾਲੜਾ ਜਾਂ ਅਜਿਹੇ ਹੋਰ ਮਨੁੱਖੀ ਅਧਿਕਾਰ ਕਾਰਕੁਨ ਸਿਰਫ ਖਾਸ ਧਿਰਾਂ ਨੂੰ ਹੀ ਯਾਦ ਆਉਂਦੇ ਹਨ, ਤਾਂ ਮੈਨੂੰ ਵਾਲਤੇਅਰ ਯਾਦ ਆਉਂਦਾ ਹੈ, "ਭਾਵੇਂ ਮੈਂ ਤੁਹਾਡੀ ਗੱਲ ਨਾਲ ਸਹਿਮਤ ਨਾ ਵੀ ਹੋਵਾਂ, ਪਰ ਤੁਸੀਂ ਆਪਣੀ ਗੱਲ ਕਹਿ ਸਕੋ, ਇਸ ਲਈ ਮੈਂ ਜਾਨ ਵੀ ਦੇ ਸਕਦਾ ਹਾਂ।" ਸਿਆਸੀ ਤੌਰ 'ਤੇ ਖਾਲੜਾ ਆਧੁਨਿਕ ਸਰਮਾਏਦਾਰੀ ਅਤੇ ਮਾਰਕਸਵਾਦ-ਦੋਹਾਂ ਦੇ ਹੀ ਵਿਰੋਧੀ ਸਨ, ਉਹ ਕਿਸੇ ਧਾਰਮਿਕ ਰਾਜ ਦੀ ਕਲਪਨਾ ਕਰਦੇ ਸਨ, ਪਰ ਇਹ ਲੇਖ ਲਿਖਣ ਦਾ ਸਵਾਲ ਇਹ ਹੈ ਹੀ ਨਹੀਂ। ਆਪਣੇ ਓਟਾਵਾ ਦੇ ਭਾਸ਼ਣ ਵਿਚ ਉਹ ਇੱਕ ਥਾਂ ਕਹਿੰਦੇ ਹਨ, "ਤੁਸੀਂ ਸਾਡੇ ਨਾਲ ਸਿਆਸੀ ਤੌਰ 'ਤੇ ਮਤਭੇਦ ਰੱਖ ਸਕਦੇ ਹੋ, ਵੱਖਰੇ ਹੋ ਸਕਦੇ ਹੋ, ਪਰ ਘੱਟੋ ਘੱਟ ਸਾਡੇ ਮੌਲਿਕ ਹੱਕਾਂ ਲਈ ਸਾਡੇ ਨਾਲ ਖੜੇ ਹੋਵੋ। ਇੱਕ ਤਾਂ ਸਾਨੂੰ ਸਾਡਾ ਧਰਮ ਆਜ਼ਾਦੀ ਨਾਲ ਮੰਨਣ ਦਾ ਹੱਕ, ਦੂਜਾ ਸਾਨੂੰ ਵਿਚਾਰ ਪ੍ਰਗਟਾਉਣ ਦਾ ਹੱਕ।"

ਆਪਣੇ ਉਸੇ ਭਾਸ਼ਣ ਵਿਚ ਉਹ ਕਹਿੰਦੇ ਹਨ, "ਭਾਰਤ ਨੇ ਮਿਜ਼ੋਰਮ, ਨਾਗਾਲੈਂਡ, ਕਸ਼ਮੀਰ ਤੇ ਪੰਜਾਬ ਵਿਚ ਫੌਜਾਂ ਚਾੜ੍ਹ ਕੇ ਇਨ੍ਹਾਂ ਸੂਬਿਆਂ ਦੀ ਸਵੈ-ਨਿਰਣੈ ਦੀ ਮੰਗ ਨੂੰ ਕੁਚਲਿਆ ਹੈ। ਉਹ ਮੰਗ, ਜੋ ਕਾਨੂੰਨੀ ਹੈ ਅਤੇ ਭਾਰਤ ਸਰਕਾਰ ਨੇ ਆਪਣੇ ਹੀ ਬਣਾਏ ਹੋਏ ਕਾਨੂੰਨਾਂ ਨੂੰ ਇਨ੍ਹਾਂ ਸੂਬਿਆਂ ਵਿਚ ਛਿੱਕੇ ਟੰਗ ਰੱਖਿਆ ਹੈ।"

ਮਿਜ਼ੋਰਮ, ਨਾਗਾਲੈਂਡ, ਕਸ਼ਮੀਰ, ਜਸਵੰਤ ਸਿੰਘ ਖਾਲੜਾ ਤੇ ਸੰਤ ਰਾਮ ਉਦਾਸੀ ਸਾਰੇ ਵੱਖੋ-ਵੱਖਰੀਆਂ ਲੀਹਾਂ 'ਤੇ ਸਨ, ਪਰ ਸਭ ਦਾ ਹਸ਼ਰ ਇੱਕੋ ਜਿਹਾ ਦਿਖਦਾ ਹੈ। ਸੱਤਾ ਦਾ ਕਿਰਦਾਰ ਸਭ ਲਈ ਇੱਕੋ ਜਿਹਾ ਦਿਖਦਾ ਹੈ। ਸੱਤਾ ਨੇ ਇਨ੍ਹਾਂ ਸਾਰਿਆਂ ਦੇ ਫਰਕ ਨੂੰ ਉਘਾੜ ਕੇ ਆਪਣੇ ਹਿੱਤਾਂ ਲਈ ਵੇਲੇ-ਕੁਵੇਲੇ ਵਰਤਿਆ ਵੀ ਤੇ ਹੁਣ ਵੀ ਵਰਤ ਲੈਂਦੇ ਹਨ, ਪਰ ਸਾਡੀ ਪੀੜ੍ਹੀ ਦੀ ਇਹ ਚੁਣੌਤੀ ਹੋਵੇਗੀ ਕਿ ਅਸੀਂ ਆਪਣੀਆਂ ਸਾਂਝਾਂ ਕਿੱਥੋਂ ਪਛਾਣੀਏ, ਕਿਹੜੇ ਧਰਾਤਲ 'ਤੇ ਖੜੇ ਹੋ ਕੇ ਅਸੀਂ ਇੱਕ ਦੂਜੇ ਦਾ ਦਰਦ ਮਹਿਸੂਸ ਕਰੀਏ।

ਖੈਰ, ਜਸਵੰਤ ਸਿੰਘ ਖਾਲੜਾ ਨੇ ਜਿਨ੍ਹਾਂ ਲਾਵਾਰਿਸ ਲੋਕਾਂ ਦਾ ਮੁੱਦਾ ਚੁੱਕਿਆ ਸੀ, ਬਾਅਦ ਵਿਚ ਸੁਪਰੀਮ ਕੋਰਟ ਨੇ ਮਨੁੱਖੀ ਅਧਿਕਾਰ ਕਮਿਸ਼ਨ ਬਣਾ ਕੇ ਉਹਦੀ ਜਾਂਚ ਕਰਨ ਨੂੰ ਕਿਹਾ। ਉਨ੍ਹਾਂ ਸਿਰਫ ਅਮ੍ਰਿਤਸਰ ਜਿਲੇ ਵਿਚ ਹੀ ਜਾਂਚ ਕੀਤੀ ਤੇ ਪੀੜਤਾਂ ਨੂੰ ਨਗਦ ਰਾਸ਼ੀ ਦੇਣ ਦਾ ਐਲਾਨ ਕੀਤਾ। ਆਪਣੇ ਕੈਨੇਡਾ ਵਾਲੇ ਭਾਸ਼ਣ ਵਿਚ ਉਹ ਕਹਿੰਦੇ ਸਨ, "ਚਾਹੇ ਅਸੀਂ ਹੁਣ ਸੁਪਰੀਮ ਕੋਰਟ ਜਾਵਾਂਗੇ, ਚਾਹੇ ਕੋਈ ਕਾਨੂੰਨੀ ਕਾਰਵਾਈ ਕਰਾਂਗੇ, ਪਰ ਸਭ ਤੋਂ ਵੱਡੀ ਕਚਹਿਰੀ ਲੋਕਾਂ ਦੀ ਹੈ ਤੇ ਅਸੀਂ ਲੋਕਾਂ ਦੀ ਕਚਹਿਰੀ ਵਿਚ ਹੁਣ ਦੁਨੀਆਂ ਪੱਧਰ 'ਤੇ ਜਾਣਾ ਚਾਹੁੰਨੇ ਆ। ਐ ਦੁਨੀਆਂ ਵਾਲਿਓ, ਤੁਸਾਂ ਸਾਨੂੰ ਅਤਿਵਾਦੀ ਆਖਿਆ, ਤੁਸਾਂ ਸਾਨੂੰ ਫਿਰਕਾਪ੍ਰਸਤ ਆਖਿਆ, ਪਰ ਜਿਨ੍ਹਾਂ ਨੂੰ ਤੁਸੀਂ ਅਮਨ ਦੇ ਮਸੀਹੇ ਆਖਿਆ ਸੀ, ਜਿਨ੍ਹਾਂ ਨੂੰ ਤੁਸੀਂ ਜਮਹੂਰੀਅਤ ਦੇ ਪੈਗੰਬਰ ਕਿਹਾ ਸੀ, ਉਨ੍ਹਾਂ ਦੀ ਅਸਲੀਅਤ ਜਾਣੋ ਤੇ ਸਾਨੂੰ ਦੱਸੋ ਕਿ ਆਖਿਰ ਅਤਿਵਾਦੀ ਕੌਣ ਏ ਤੇ ਸੱਤਵਾਦੀ ਕੌਣ ਏ?"

# ਧਰਮ-ਯੁੱਧ ਮੋਰਚਾ: ਹਾਲਾਤ ਅਤੇ ਜਜ਼ਬਾਤ

*(ਪਿਛਲੇ ਸਫੇ ਦੀ ਬਾਕੀ)*

ਰੋਜ਼ ਇਹੀ ਸਿਲਸਿਲਾ ਚੱਲਦਾ ਰਹਿੰਦਾ। ਖੂਹ ਦੀਆਂ ਟਿੰਡਾਂ ਵਾਂਗ ਇੱਧਰੋਂ ਭਰ ਕੇ ਉਧਰ ਚਲੇ ਜਾਂਦੇ ਤੇ ਉਧਰੋਂ ਖਾਲੀ ਹੋ ਕੇ ਇਧਰ ਆ ਜਾਂਦੇ।

ਮੋਰਚੇ ਵਾਲੇ ਪਾਸੇ ਬਹੁਤੇ ਲੋਕ ਇਤਿਹਾਸ ਦੇ ਗਲਤ ਤੱਥਾਂ ਦੇ ਅੰਨ੍ਹੇ ਜੋਸ਼ ਤੇ ਅਨੋਭੜ ਜਜ਼ਬਾਤ ਨਾਲ ਭਰੇ ਭਕੁੰਨੇ ਮਿਲਦੇ ਸਨ। ਕੋਈ ਸਵਾਲ ਕਰ ਦੇਵੇ ਤਾਂ ਸਿਰ ਪਾੜਨ ਨੂੰ ਪੈਂਦੇ। ਕਿਸੇ ਪਾਸੇ ਦੀਰਘ ਵਿਚਾਰ, ਤਹੰਮਲ ਜਾਂ ਠਹਿਰਾਓ ਨਜ਼ਰ ਨਹੀਂ ਸੀ ਆਉਂਦੀ। ਜਿਵੇਂ ਗੁਰਬਾਣੀ ਦੇ ਹਰ ਸ਼ਬਦ ਵਿਚ ਰਹਾਉ ਹੈ, ਇਵੇਂ ਸਿੱਖ ਦੇ ਹਰ ਕਦਮ ਵਿਚ ਠਹਿਰਾਓ ਹੋਣਾ ਜ਼ਰੂਰੀ ਹੈ। ਅਸੀਂ ਆਪਣੀ ਜ਼ਿੰਦਗੀ 'ਚੋਂ ਰਹਾਉ ਖਾਰਜ ਕਰ ਦਿੱਤੀ ਹੈ। ਮੈਂ ਸਮਝਦਾਂ ਕਿ ਗੁਰੂ ਗ੍ਰੰਥ ਸਾਹਿਬ ਦੀ ਰਹਾਉ ਨੂੰ ਵੀ ਕੇਂਦਰੀ ਉਪਦੇਸ਼ ਵਜੋਂ ਲਿਆ ਜਾ ਸਕਦਾ ਹੈ।

ਮੇਰੇ ਕਹੇ ਜਾਂ ਚਿਤਵੇ ਕੁਝ ਵੀ ਹੋਣ ਵਾਲਾ ਨਹੀਂ ਸੀ। ਇਕ ਦਿਨ ਅਸੀਂ ਫਿਰ ਜਲੰਧਰ ਦੇ ਕਿਸੇ ਜਥੇ ਨਾਲ ਗ੍ਰਿਫਤਾਰੀ ਦੇ ਦਿੱਤੀ। ਪੁਲਿਸ ਸਾਨੂੰ ਬੱਸਾਂ ਵਿਚ ਚਾੜ੍ਹ ਕੇ ਨਸਰਾਲੇ ਦੇ ਸਰਕਾਰੀ ਸਕੂਲ ਵਿਚ ਲੈ ਗਈ। ਇਲਾਕੇ ਦੇ ਲੋਕਾਂ ਨੂੰ ਪਤਾ ਲੱਗਾ ਕਿ 'ਮਰਜੀਵੜੇ' ਆਏ ਹਨ, ਉਨ੍ਹਾਂ ਨੇ ਜੀ ਭਰ ਕੇ ਲੰਗਰ ਲਾ ਦਿੱਤੇ। ਖੀਰ, ਕੜਾਹ ਮੁੱਕਣ 'ਚ ਨਾ ਆਉਂਦੇ। ਲੋਕ ਸਾਨੂੰ ਦੂਰੋਂ ਦੂਰੋਂ ਦੇਖਣ ਆਉਂਦੇ। ਸਾਨੂੰ ਕੋਈ ਰੋਕ-ਟੋਕ ਨਹੀਂ ਸੀ। ਪਾਲਾ ਮੇਰਾ ਜੀ ਲਾਈ ਰੱਖਦਾ ਤੇ ਮੈਂ ਉਹਦਾ। ਦਿਨੇ ਅਸੀਂ ਟਿੱਬਿਆਂ 'ਚ ਘੁੰਮ ਫਿਰ ਆਉਂਦੇ। ਖੇਤਾਂ 'ਚ ਚਲਦੀ ਬੰਬੀ 'ਤੇ ਨਹਾ ਆਉਂਦੇ ਤੇ ਆ ਕੇ ਲੰਗਰ ਪਾਣੀ ਛਕ ਕੇ ਸੌਂ ਜਾਂਦੇ।

ਚਾਰ ਪੰਜ ਦਿਨ ਉਥੇ ਰਹੇ ਹੋਵਾਂਗੇ ਕਿ ਅਚਾਨਕ ਸਾਨੂੰ ਫਿਰ ਬੱਸਾਂ ਵਿਚ ਚਾੜ੍ਹ ਲਿਆ ਗਿਆ। ਸ਼ਾਮ ਵੇਲੇ ਬੱਸਾਂ ਚੱਲੀਆਂ ਤੇ ਸਾਨੂੰ ਅੱਧੀ ਰਾਤ ਨੂੰ ਐਵੇਂ ਹੀ ਕਿਤੇ ਉਤਾਰ ਦਿੱਤਾ। ਪੁੱਛ ਪੁਛਾ ਕੇ ਪਤਾ ਲੱਗਾ ਤਾਂ ਉਹ ਜਾਡਲਾ ਸੀ। ਇੱਥੋਂ ਸਾਡਾ ਪਿੰਡ ਚਾਰ-ਪੰਜ ਮੀਲ ਹੀ ਸੀ। ਪਿੰਡ ਨੇ ਸਾਨੂੰ ਆਪਣੇ ਵੱਲ ਖਿੱਚ ਲਿਆ ਤੇ ਅਸੀਂ ਤੜਕੇ ਜਿਹੇ ਆਪਣੇ ਘਰ ਚਲੇ ਗਏ।

ਘਰ ਦੇ ਬੜੇ ਖੁਸ਼ ਹੋਏ ਕਿ ਅਸੀਂ ਸਾਬਤ ਸਬੂਤੇ ਘਰ ਮੁੜ ਆਏ ਹਾਂ, ਪਰ ਉਨ੍ਹਾਂ ਨੂੰ ਬਿਲਕੁਲ ਨਹੀਂ ਸੀ ਪਤਾ ਕਿ ਅਸੀਂ ਜਿਹੋ ਜਿਹੇ ਗਏ ਸਾਂ, ਉਹੋ ਜਿਹੇ ਵਾਪਸ ਨਹੀਂ ਮੁੜੇ; ਖਾਲਸ ਗਏ ਸਾਂ ਤੇ ਖਲਾਸ ਹੋ ਕੇ ਪਰਤੇ ਸਾਂ। ਅਸੀਂ ਉਲਝੇ ਹੋਏ ਸਾਂ, ਟੁੱਟੇ ਹੋਏ ਤੇ ਬਿਖਰੇ ਹੋਏ ਸਾਂ। ਪਾਲਾ ਤੇ ਮੈਂ ਰੋਜ਼ ਮਿਲਦੇ ਤੇ ਮੋਰਚੇ ਦੀਆਂ ਗੱਲਾਂ ਕਰਕੇ ਹੱਸਦੇ ਰਹਿੰਦੇ। ਘਰ ਆ ਕੇ ਮੈਂ ਚੁੱਪ ਹੋ ਜਾਂਦਾ।

ਪਿਤਾ ਜੀ ਕਿਸੇ ਨਾਲ ਪੰਥ ਦੀਆਂ ਗੱਲਾਂ ਕਰਦੇ ਤਾਂ ਮੈਂ ਉਦਾਸ ਹੋ ਜਾਂਦਾ ਕਿ ਉਹ ਕਿਹੜੇ ਪੰਥ ਤੇ ਕਿਹੜੇ ਧਰਮ-ਯੁੱਧ ਦੀਆਂ ਗੱਲਾਂ ਕਰਦੇ ਹਨ। ਇਹ ਤਾਂ ਚੰਦ ਸਿਰਾਂ ਦੀ ਖਹਿਬਾਜ਼ੀ ਹੈ, ਜੋ ਇਕ ਦੂਜੇ ਨੂੰ ਠਿੱਬੀ ਲਾ ਕੇ ਅੱਗੇ ਨਿਕਲਣਾ ਚਾਹੁੰਦੇ ਹਨ। ਇਨ੍ਹਾਂ ਦਰਮਿਆਨ ਚਾਪਲੂਸਾਂ ਦੀ ਫੌਜ ਹੈ, ਜੋ ਇਨ੍ਹਾਂ ਦੇ ਭੇੜ ਵਿਚੋਂ ਕੁਝ ਨਾ ਕੁਝ ਹਥਿਆ ਲੈਣ ਦੀ ਤਾਕ ਵਿਚ ਬਲੀ ਦੇ ਬੱਕਰੇ ਬਣਦੇ ਹਨ ਤੇ ਹੱਥ ਪੱਲੇ ਕਿਸੇ ਦੇ ਕੱਖ ਨਹੀਂ ਲੱਗਦਾ।

ਜਿਸ ਦਿਨ ਮੈਂ ਮੋਰਚੇ ਨੂੰ ਤੁਰਿਆ ਸਾਂ ਤਾਂ ਬਹੁਤ ਸਾਰੇ ਨੀਲੇ ਲਿਫਾਫੇ ਨਾਲ ਲੈ ਗਿਆ ਸਾਂ। ਜਿੱਥੇ ਕਿਤੇ ਵੀ ਸਮਾਂ ਮਿਲਦਾ, ਮੈਂ ਕਿਸੇ ਨਾ ਕਿਸੇ ਨੂੰ ਖਤ ਲਿਖ ਦਿੰਦਾ। ਕਈ ਦਰਜਨ ਖਤ ਮੈਂ ਆਪਣੇ ਘਰ ਨੂੰ ਲਿਖੇ, ਜੋ ਮੇਰੇ ਵੱਡੇ ਭਾਈ ਨੇ ਸੰਭਾਲੇ ਹੋਏ ਸਨ। ਉਹਨੇ ਦੱਸਿਆ ਕਿ ਜਦ ਮੇਰਾ ਖਤ ਆਉਂਦਾ ਸੀ ਤਾਂ ਉਹਨੂੰ ਸੁਣਨ ਲਈ ਅੱਧਾ ਪਿੰਡ 'ਕੱਠਾ ਹੋ ਜਾਂਦਾ ਸੀ। ਸੁਣ ਸੁਣ ਕੇ ਕਿਸੇ ਨੂੰ ਜੋਸ਼ ਚੜ੍ਹ ਜਾਂਦਾ ਸੀ ਤੇ ਕਿਸੇ ਦੀਆਂ ਅੱਖਾਂ 'ਚੋਂ ਨੀਰ ਸਿੰਮ ਪੈਂਦਾ ਸੀ।

ਮੈਂ ਆਪਣੇ ਭਾਈ ਤੋਂ ਉਹ ਖਤ ਲੈ ਲਏ ਤੇ ਇਕ ਇਕ ਕਰਕੇ ਪੜ੍ਹਨ ਲੱਗਾ। ਮੈਂ ਦੇਖਿਆ ਕਿ ਉਹ ਖਤ ਗਲਤ ਇਤਿਹਾਸਕ ਤੱਥਾਂ 'ਚੋਂ ਪੈਦਾ ਹੋਏ ਅੰਨੇ ਜੋਸ਼ ਤੇ ਅਨੋਭੜ ਜਜ਼ਬਾਤ ਦੀ ਉਪਜ ਸਨ। ਨਾ ਲਿਖਾਈ ਚੱਜਦੀ, ਨਾ ਸ਼ਬਦ-ਜੋੜ ਸਹੀ ਤੇ ਨਾ ਵਾਕ-ਬਣਤਰ। ਲੋਕਾਂ ਲਈ ਉਹ ਇਤਿਹਾਸਕ ਦਸਤਾਵੇਜ਼ ਸਨ, ਪਰ ਮੇਰੇ ਲਈ ਉਹ ਮੇਰੀ ਨਿਆਣਮੱਤ ਤੋਂ ਵਧ ਕੇ ਕੁਝ ਨਹੀਂ ਸਨ। ਮੈਂ ਉਹ ਸਾਰੇ ਖਤ ਪੜ੍ਹ ਵੀ ਨਾ ਸਕਿਆ ਤੇ ਉਸੇ ਤਰ੍ਹਾਂ ਲਪੇਟ ਕੇ ਰੱਖ ਦਿੱਤੇ। ਉਹ ਮੈਂ ਹੁਣ ਵੀ ਕਿਤੇ ਬੇਮਤਲਬ ਸਾਂਭ ਕੇ ਰੱਖੇ ਹੋਏ ਹਨ।

## ਭਾਰਤ ਦੇਸ਼ ਮਹਾਨ

*-ਚੰਨ, ਫੋਨ: 908-755-6427*

ਇਹ ਹੈ ਭਾਰਤ ਦੇਸ਼ ਮਹਾਨ
ਜਿੱਥੇ ਇਕ ਮਾਂ ਹਾਲੋਂ ਬੇਹਾਲ
ਸਿਰ 'ਤੇ ਗੱਠੜੀ, ਕੁੱਛੜ ਬਾਲ
ਸੁਕੀਆਂ ਹੜਬਾਂ ਮਾਯੂਸ ਚਿਹਰਾ
ਲੀਰਾਂ ਬਦਨ ਤੇ ਖਿਲਰੇ ਵਾਲ
ਸੜਕ 'ਤੇ ਖਿੱਚੀ ਜਾਏ ਸਮਾਨ
ਇਹ ਹੈ ਭਾਰਤ ਦੇਸ਼ ਮਹਾਨ।

ਕਿਰਤੀ, ਕਾਮੇ, ਮਜ਼ਦੂਰ ਵਿਚਾਰੇ
ਵਿਹਲੇ ਬੇਕਾਰ ਸਭ ਬੇਰੁਜ਼ਗਾਰੇ
ਭੁੱਖੇ ਤ੍ਰਿਹਾਏ, ਗਲੋਂ, ਤੇੜੋਂ ਨੰਗੇ
ਸੜਕਾਂ 'ਤੇ ਪਏ ਰੁਲਣ ਵਿਚਾਰੇ
ਵਿਛੌਣਾ ਧਰਤੀ, ਛੱਤ ਅਸਮਾਨ
ਇਹ ਹੈ ਭਾਰਤ ਦੇਸ਼ ਮਹਾਨ।

ਕੋਈ ਨਾ ਲਵੇ ਸਾਰ ਉਨ੍ਹਾਂ ਦੀ
ਮੰਜ਼ਿਲ ਸੈਂਕੜੇ ਮੀਲ ਜਿਨ੍ਹਾਂ ਦੀ
ਬੇਵੱਸ, ਬੇਕੱਸ, ਗਰੀਬ ਵਿਚਾਰੇ
ਲੱਗੀ ਨਹੀਂ ਉਮੀਦ ਪਨਾਹ ਦੀ
ਟੁਰ ਪਏ ਨੇ ਬੱਚੇ, ਬੁੱਢੇ, ਜਵਾਨ
ਇਹ ਹੈ ਭਾਰਤ ਦੇਸ਼ ਮਹਾਨ।

ਓਧਰ ਰਹਿਬਰ ਏਸ ਦੇਸ਼ ਦੇ
ਅੱਖਾਂ ਮੀਟਣ ਸਭ ਕੁਝ ਵੇਖਦੇ
ਧਰਮਾਂ ਦੇ ਨਾਂ ਤੇ ਵੰਡਾਂ ਪਾਵਣ
ਲਹੂ ਬਾਲ ਬਾਲ, ਅੱਗ ਸੇਕਦੇ
ਤਨ ਉਜਲੇ ਨੇ, ਮਨ ਬੇਈਮਾਨ
ਇਹ ਹੈ ਭਾਰਤ ਦੇਸ਼ ਮਹਾਨ।

ਵਾੜ ਖੇਤ ਨੂੰ ਲੱਗ ਪਏ ਖਾਣ
ਰਾਖੇ ਲੱਗ ਪੈਣ ਸੰਨ੍ਹਾਂ ਲਾਉਣ
ਮੁਨਸਿਫ, ਡਾਕੂ ਪਾ ਭਿਆਲੀ
ਲੱਗ ਪੈਣ ਇਕੋ ਥਾਲੀ ਖਾਣ
ਸਮਝੋ ਬਰਬਾਦੀ ਢੁੱਕੀ ਆਣ
ਇਹ ਹੈ ਭਾਰਤ ਦੇਸ਼ ਮਹਾਨ।

ਸ਼ਰਮਸਾਰ ਹੈ ਇਨਸਾਨੀਅਤ
ਨੰਗਾ ਨਾਚ ਨੱਚੇ ਹੈਵਾਨੀਅਤ
ਬੰਦਾ ਮਨੁੱਖ ਦਾ ਵੈਰੀ ਬਣਿਆ
ਗਲੀ ਗਲੀ ਫਿਰੇ ਸ਼ੈਤਾਨੀਅਤ
ਕੌਡੀਓਂ ਸਸਤੀ ਹੋ ਗਈ ਜਾਨ
ਇਹ ਹੈ ਭਾਰਤ ਦੇਸ਼ ਮਹਾਨ।

ਲੁਟੇਰੇ ਧਾੜਵੀ ਇਹ ਮੁਹਾਫਿਜ਼
ਅੰਦਰਖਾਤੇ ਕਰ ਕਰ ਸਾਜਿਸ਼
ਜਨਤਾ ਨੂੰ ਗੁਮਰਾਹ ਪਏ ਕਰਦੇ
ਅੱਖੋਂ ਨਬੀਨੇ, ਬਣੇ ਨੇ ਹਾਫਜ਼
ਤੱਕ ਤੌਬਾ ਤੌਬਾ ਕਰੇ ਸ਼ੈਤਾਨ
ਇਹ ਹੈ ਭਾਰਤ ਦੇਸ਼ ਮਹਾਨ।

ਖੁਦ ਲੁੱਟਦੇ ਤੇ ਲੁਟਾਈ ਜਾਵਣ
ਦੇਸ਼ ਨੂੰ ਗਹਿਣੇ ਪਾਈ ਜਾਵਣ
ਡਾਕੂ ਧਾੜਵੀ ਸਭ ਰਲੇ ਲੁਟੇਰੇ
ਜਨਤਾਂ ਦੀ ਰੱਤ ਨਹਾਈ ਜਾਵਣ
ਭੁੱਖਾ ਏ ਮਿਹਨਤਕਸ਼ ਕਿਸਾਨ
ਇਹ ਹੈ ਭਾਰਤ ਦੇਸ਼ ਮਹਾਨ।

ਟਹਿਣੀ ਟਹਿਣੀ ਉਲੂ, ਗਿਰਝਾਂ
ਨਾ ਹੀ ਬਾਗ, ਕੋਈ ਬਸਤੀ ਥਾਂ
ਰਹਿਣਾ ਨਹੀਂ ਕੁਝ ਵੀ ਸਲਾਮਤ
ਜਿੱਚਰ ਕਾਬਜ਼ ਇਹ ਇਸ ਥਾਂ
ਬਣ ਜਾਣੀ ਉਜਾੜ ਬੀਆਬਾਨ
ਇਹ ਹੈ ਭਾਰਤ ਦੇਸ਼ ਮਹਾਨ।

**ਵਿਦਿਅਕ ਸੁਧਾਰ ਅਤੇ ਪੰਜਾਬ 2**

*ਪੰਜਾਬ ਵਿਚ ਨਵੀਂ ਵਿਦਿਆ ਦੀ ਲੋੜ ਬਾਰੇ ਸ. ਅਮਰਜੀਤ ਸਿੰਘ ਗਰੇਵਾਲ ਨੇ ਲੰਮਾ ਲੇਖ ਭੇਜਿਆ ਹੈ। ਅੱਜ ਆਰਥਕ ਨਾਬਰਾਬਰੀ ਕਾਰਨ ਪੰਜਾਬ ਦੇ ਬਹੁਤੇ ਤਬਕੇ ਵਿਦਿਆ ਹਾਸਲ ਕਰਨ ਤੋਂ ਵੀ ਵਿਰਵੇ ਰਹਿ ਰਹੇ ਹਨ ਪਰ ਲਿਖਾਰੀ ਨੇ ਆਪਣੀ ਇਸ ਲਿਖਤ ਵਿਚ ਸੰਸਾਰ ਪੱਧਰ 'ਤੇ ਚੱਲ ਰਹੀ ਉਥਲ-ਪੁਥਲ ਨੂੰ ਧਿਆਨ ਵਿਚ ਰੱਖ ਕੇ ਦਾਅਵਾ ਪੇਸ਼ ਕੀਤਾ ਹੈ ਕਿ ਹੁਣ ਨਵੀਂ ਵਿਦਿਆ ਦੇ ਪਸਾਰ ਤੋਂ ਬਗੈਰ ਪੰਜਾਬ ਕੋਈ ਉਡਾਣ ਭਰ ਸਕਣ ਦੇ ਯੋਗ ਨਹੀਂ ਹੋ ਸਕੇਗਾ। ਐਤਕੀਂ ਇਸ ਲੰਮੇ ਲੇਖ ਦੀ ਦੂਜੀ ਕਿਸ਼ਤ ਪੇਸ਼ ਹੈ ਜਿਸ ਵਿਚ ਪੂੰਜੀ ਦੇ ਉਸ ਪਸਾਰ ਅਤੇ ਪਿਛੋਕੜ ਬਾਰੇ ਕੁਝ ਨੁਕਤੇ ਵਿਚਾਰੇ ਗਏ ਹਨ ਜਿਨ੍ਹਾਂ ਨੇ ਸਾਡੇ ਵਿਦਿਅਕ ਢਾਂਚੇ ਦਾ ਆਧਾਰ ਬਣਨਾ ਹੈ। -ਸੰਪਾਦਕ*

# ਪੂੰਜੀ ਦੇ ਯੁੱਗ ਵਿਚ ਗਿਆਨ ਅਤੇ ਤਕਨੀਕ ਦਾ ਰੋਲ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**6. ਉਤਰ-ਪੂੰਜੀਵਾਦ:** ਕਹਾਵਤ ਹੈ: ਕੁੱਤਾ ਖੂਹ ਵਿਚ ਡਿਗ ਕੇ ਮਰ ਗਿਆ। ਕੁਝ ਦਿਨਾਂ ਬਾਅਦ ਖੂਹ ਵਿਚੋਂ ਬਦਬੂ ਆਉਣ ਲੱਗੀ ਅਤੇ ਪਾਣੀ ਪੀਣਾ ਮੁਸ਼ਕਿਲ ਹੋ ਗਿਆ। ਲੋਕ ਪਿੰਡ ਦੇ ਸਿਆਣੇ ਕੋਲ ਗਏ। ਉਸ ਨੇ ਬਦਬੂ ਵਾਲਾ ਪਾਣੀ ਬਾਹਰ ਕੱਢਣ ਲਈ ਕਿਹਾ। ਲੋਕ ਕਈ ਦਿਨ ਪਾਣੀ ਕੱਢਦੇ ਰਹੇ ਪਰ ਬਦਬੂ ਨਾ ਗਈ। ਸਿਆਣੇ ਨੇ ਖੂਹ 'ਤੇ ਆ ਕੇ ਪੁਛਿਆ- ਤੁਸੀਂ ਮਰਿਆ ਹੋਇਆ ਕੁੱਤਾ ਨਹੀਂ ਕੱਢਿਆ? ਲੋਕਾਂ ਦਾ ਜੁਆਬ ਸੀ- ਤੁਸੀਂ ਤਾਂ ਪਾਣੀ ਕੱਢਣ ਲਈ ਕਿਹਾ ਸੀ! ਸਿਆਣੇ ਨੇ ਕਿਹਾ- ਮੂਰਖੋ, ਤੁਸੀਂ ਬਿਮਾਰੀ ਤਾਂ ਵਿਚੇ ਰਹਿਣ ਦਿੱਤੀ।



ਅਮਰਜੀਤ ਸਿੰਘ ਗਰੇਵਾਲ

ਅਲਾਮਤਾਂ ਦੂਰ ਕਰਨ ਨਾਲ ਬਿਮਾਰੀ ਖਤਮ ਨਹੀਂ ਹੁੰਦੀ। ਅੱਜ ਵੀ ਅਸੀਂ ਆਰਥਕ ਖੜੋਤ, ਵਧ ਰਹੀ ਬੇਰੁਜ਼ਗਾਰੀ, ਜਲਵਾਯੂ ਦੀ ਤਬਦੀਲੀ ਅਤੇ ਨਾਬਰਾਬਰੀ ਦਾ ਰੌਲਾ ਤਾਂ ਪਾ ਰਹੇ ਹਾਂ, ਇਨ੍ਹਾਂ ਦੇ ਹੱਲ ਲਈ ਆਪੋ-ਆਪਣੀਆਂ ਕੋਸ਼ਿਸ਼ਾਂ ਵੀ ਕਰ ਰਹੇ ਹਾਂ ਪਰ ਜਿਸ ਬਿਮਾਰੀ ਦੀਆਂ ਇਹ ਅਲਾਮਤਾਂ ਹਨ, ਉਸ ਦਾ ਕੋਈ ਇਲਾਜ ਨਹੀਂ ਕਰ ਰਹੇ। ਕੁਦਰਤੀ ਵਸੀਲਿਆਂ ਦੇ ਖੋਰੇ ਅਤੇ ਮਨੁੱਖੀ ਕਿਰਤ ਦੇ ਸ਼ੋਸ਼ਣ ਉਪਰ ਟਿਕੀ ਇਸ ਬਿਮਾਰੀ ਦਾ ਨਾਮ ਹੈ, ਉਦਾਰਵਾਦ (ਲਿਬਰਲਿਜ਼ਮ)। ਉਦਾਰਵਾਦ ਪੂੰਜੀਵਾਦ ਦੀ ਮੌਜੂਦਾ ਵਿਵਸਥਾ ਹੈ ਜੋ ਮੁਖ ਤੌਰ 'ਤੇ ਮੁਨਾਫੇ ਦੀ ਹਵਸ, ਮੰਡੀ ਦੇ ਤਰਕ ਅਤੇ ਨਿੱਜੀ ਮਲਕੀਅਤ ਦੇ ਨਸ਼ੇ ਨਾਲ ਦੁਨੀਆਂ ਦੀ ਬਰਬਾਦੀ ਦਾ ਕਾਰੋਬਾਰ ਚਲਾ ਰਹੀ ਹੈ।

ਉਦਾਰਵਾਦ ਤਾਂ ਹੁਣ ਪੂੰਜੀਵਾਦ ਦੇ ਅਗਾਊਂ ਵਿਕਾਸ ਲਈ ਵੀ ਸਮੱਸਿਆ ਬਣ ਚੁਕਾ ਹੈ। ਇਸ ਲਈ ਪੂੰਜੀਵਾਦ ਖੁਦ ਵੀ ਉਤਰ-ਉਦਾਰਵਾਦੀ ਰਸਤੇ ਤਲਾਸ਼ ਰਿਹਾ ਹੈ। ਜਿਵੇਂ ਅਸੀਂ ਚਰਚਾ ਕਰ ਆਏ ਹਾਂ, ਸਾਡੀ ਇਸ ਲਿਖਤ ਦਾ ਉਦੇਸ਼ ਵੀ ਕਿਸੇ ਅਜਿਹੇ ਰਸਤੇ ਦੀ ਨਿਸ਼ਾਨਦੇਹੀ ਕਰਨਾ ਹੈ ਜੋ ਆਰਥਕ ਵਿਕਾਸ ਦੇ ਨਾਲ-ਨਾਲ ਜਮਹੂਰੀਅਤ, ਸਮਾਜਕ ਨਿਆਂ, ਨੈਤਿਕਤਾ ਅਤੇ ਸੁਹਜ ਦੇ ਵਿਸਤਾਰ ਨੂੰ ਵੀ ਆਪਣਾ ਏਜੰਡਾ ਬਣਾ ਕੇ ਚੱਲੇ। ਇਹ ਕਦਰਾਂ-ਕੀਮਤਾਂ ਕਿਉਂਕਿ ਉਤਰ-ਉਦਾਰਵਾਦੀ ਆਰਥਕ ਵਿਕਾਸ ਦੇ ਪ੍ਰੋਗਰਾਮਾਂ ਦਾ ਵੀ ਭਾਗ ਹਨ, ਇਸ ਲਈ ਉਤਰ-ਉਦਾਰਵਾਦੀ ਪ੍ਰੋਗਰਾਮਾਂ ਦੀ ਥਾਂ ਉਤਰ-ਪੂੰਜੀਵਾਦੀ ਏਜੰਡੇ ਦੀ ਗੱਲ ਕਰਾਂਗੇ।

ਪੀਟਰ ਡਰੱਕਰ ਨੇ 1993 ਵਿਚ ਛਪੀ ਆਪਣੀ ਪੁਸਤਕ 'ਉਤਰ-ਪੂੰਜੀਵਾਦੀ ਸਮਾਜ' (ਪੋਸਟ-ਕੈਪੀਟਲਿਸਟ ਸੁਸਾਇਟੀ) ਵਿਚ ਨੈਟਵਰਕ ਸੁਸਾਇਟੀ ਦੀ ਭਵਿਖਬਾਣੀ ਕਰਦਿਆਂ ਸਾਫ ਲਫਜ਼ਾਂ ਵਿਚ ਕਿਹਾ ਸੀ ਕਿ ਆਉਣ ਵਾਲੇ ਵੀਹ ਸਾਲਾਂ ਦੇ ਅੰਦਰ-ਅੰਦਰ ਹੀ ਵਰਤਮਾਨ ਪੈਦਾਵਾਰੀ ਸਾਧਨਾਂ-ਭੂਮੀ, ਕਿਰਤ ਤੇ ਪੂੰਜੀ ਦੇ ਮੁਕਾਬਲੇ ਗਿਆਨ ਵਧੇਰੇ ਮਹੱਤਵ ਗ੍ਰਹਿਣ ਕਰ ਲਵੇਗਾ। ਅਜਿਹਾ ਕਰਦਿਆਂ ਪਹਿਲਾਂ ਤਾਂ ਉਸ ਨੇ ਨੈਟਵਰਕ ਵਿਚ ਬੱਝੇ ਗਿਆਨੀਆਂ, ਵਿਗਿਆਨੀਆਂ ਅਤੇ ਤਕਨੀਕੀ ਮਾਹਿਰਾਂ ਦੀ ਨਵੀਂ ਜਮਾਤ ਦਾ ਵਿਚਾਰ ਪੇਸ਼ ਕੀਤਾ। ਫਿਰ ਇਸ ਵਿਸ਼ਵਵਿਆਪੀ ਵਿਦਵਾਨ ਜਮਾਤ (ਯੂਨੀਵਰਸਲ ਐਜੂਕੇਟਿਡ ਕਲਾਸ) ਨੂੰ ਸਮਾਜਕ ਤਬਦੀਲੀ ਦੀ ਏਜੰਸੀ ਐਲਾਨ ਦਿੱਤਾ। ਇਹ ਨਿਸ਼ਚੇ ਹੀ ਕ੍ਰਾਂਤੀਕਾਰੀ ਕਦਮ ਸੀ। ਉਸ ਦੇ ਕਹਿਣ ਮੁਤਾਬਕ, ਇਸ ਵਿਦਵਾਨ ਜਮਾਤ ਨੂੰ ਨਵੀਂ ਵਿਵਸਥਾ ਦੀ ਸਥਾਪਨਾ ਲਈ ਉਵੇਂ ਸੰਘਰਸ਼ ਕਰਨਾ ਪਵੇਗਾ, ਜਿਵੇਂ ਬੁਰਜੁਆ ਜਮਾਤ ਨੇ ਜਗੀਰੂ ਪ੍ਰਬੰਧ ਨੂੰ ਤਬਦੀਲ ਕਰਨ ਲਈ ਕੀਤਾ ਸੀ।

ਨੋਬੇਲ ਇਨਾਮ (2018) ਜੇਤੂ ਪਾਲ ਰੋਮਰ ਨੇ 1990 ਵਿਚ ਛਪੇ ਆਪਣੇ ਖੋਜ ਪੱਤਰ 'ਐਂਡੋਜੀਨਸ ਟੈਕਨਾਲੋਜੀਕਲ ਚੇਂਜ' ਰਾਹੀਂ ਆਪਣੇ ਤੋਂ ਪਹਿਲੇ ਅਰਥ ਸ਼ਾਸਤਰੀਆਂ, ਜੋ ਵਿਕਾਸ ਦਰ ਦੀ ਗਣਨਾ ਕਰਦੇ ਸਮੇਂ ਤਕਨਾਲੋਜੀ ਨੂੰ ਬਾਹਰ ਰੱਖਦੇ ਸਨ, ਦੀਆਂ ਧਾਰਨਾਵਾਂ ਨੂੰ ਰੱਦ ਕਰਦਿਆਂ ਤਕਨਾਲੋਜੀ ਨੂੰ ਵਿਕਾਸ ਦਰ ਦੀਆਂ ਸਮੀਕਰਨਾਂ ਦਾ ਮੁੱਖ ਕਾਰਕ ਬਣਾਇਆ। ਉਸ ਅਨੁਸਾਰ, ਤਕਨਾਲੋਜੀ ਵਿਚ ਤਬਦੀਲੀ ਕੱਚੇ ਮਾਲ ਨੂੰ ਮਿਲਾਉਣ ਦੀਆਂ ਹਦਾਇਤਾਂ ਵਿਚ ਸੁਧਾਰ ਵਜੋਂ ਦੇਖੀ ਜਾਣੀ ਚਾਹੀਦੀ ਹੈ। ਇਸ ਤਰ੍ਹਾਂ ਹਦਾਇਤਾਂ (ਇਨਫਰਮੇਸ਼ਨ) ਨੂੰ ਭੌਤਿਕ ਅਤੇ ਡਿਜੀਟਲ ਸੰਸਾਰ ਵਿਚ ਵਸਤੂਆਂ ਦੇ ਨਿਰਮਾਣ ਲਈ ਨੁਸਖੇ/ਜੁਗਤ ਵਾਂਗ ਸਮਝਿਆ ਜਾਣ ਲੱਗਾ। ਭੌਤਿਕ ਅਤੇ ਡਿਜੀਟਲ ਵਸਤੂਆਂ ਦੀ ਆਰਥਕਤਾ ਦੇ ਵਖਰੇਵੇਂ ਵੀ ਸਮਝ ਪੈਣੇ ਸ਼ੁਰੂ ਹੋ ਗਏ।

ਡਿਜੀਟਲ ਵਸਤੂਆਂ ਦੇ ਨਿਰਮਾਣ ਲਈ ਕੱਚਾ ਮਾਲ ਇਸਤੇਮਾਲ ਹੁੰਦਾ ਨਹੀਂ; ਹਦਾਇਤਾਂ ਦੀ ਤਿਆਰੀ ਵਾਸਤੇ ਜੋ ਖਰਚਾ ਆਉਂਦਾ ਹੈ, ਉਹ ਵੀ ਇਕੋ ਵਾਰ ਆਉਂਦਾ ਹੈ। ਡਿਜੀਟਲ ਵਸਤੂ ਦੀਆਂ ਕਾਪੀਆਂ ਤਿਆਰ ਕਰਨ ਉਪਰ ਵਾਧੂ ਖਰਚੇ ਦੀ ਸੰਭਾਵਨਾ ਹੀ ਨਹੀਂ। ਅਰਥ ਸ਼ਾਸਤਰੀਆਂ ਦੀ ਭਾਸ਼ਾ ਵਿਚ ਟਰਾਂਜ਼ੈਕਸ਼ਨਲ ਕੌਸਟ ਜ਼ੀਰੋ (ਕਾਰੋਬਾਰੀ ਖਰਚਾ ਸਿਫਰ) ਰਹਿ ਜਾਂਦੀ ਹੈ।

ਕੌਫੀ ਦਾ ਕੱਪ ਮੇਰਾ ਹੈ। ਮੈਂ ਇਹਨੂੰ ਪੰਜਾਹ ਰੁਪਏ ਵਿਚ ਖਰੀਦਿਆ ਹੈ। ਇਸ ਦੀ ਮੁਫਤ ਵਿਚ ਕਾਪੀ ਤਿਆਰ ਨਹੀਂ ਹੋ ਸਕਦੀ, ਇਸ ਲਈ ਤੁਹਾਨੂੰ ਆਪਣੇ ਲਈ ਅਲੱਗ ਖਰੀਦਣਾ ਪਵੇਗਾ ਪਰ ਤੁਹਾਡੇ ਮੋਬਾਈਲ ਫੋਨ ਦੀ ਮੈਮਰੀ ਵਿਚ ਪਈ ਐਮ. ਪੀ. 3 ਫਾਈਲ ਦੀ ਕਾਪੀ ਮੈਂ ਮੁਫਤ ਵਿਚ ਹਾਸਲ ਕਰ ਸਕਦਾ ਹਾਂ। ਉਹ ਬੇਸ਼ੁਮਾਰ ਸਾਫਟਵੇਅਰ, ਐਪਸ, ਫਿਲਮਾਂ, ਸੰਗੀਤ, ਪੁਸਤਕਾਂ ਅਤੇ ਖੇਡਾਂ ਜੋ ਤੁਸੀਂ ਆਪਣੇ ਮੋਬਾਈਲ ਫੋਨ ਵਿਚ ਲੈ ਕੇ ਘੁੰਮਦੇ ਹੋ, ਤੁਸੀਂ ਮੁਫਤ ਵਿਚ ਹੀ ਪ੍ਰਾਪਤ ਕੀਤੀਆਂ ਹਨ। ਇਹ ਵੱਖਰੀ ਗੱਲ ਹੈ ਕਿ ਐਪਲ, ਗੂਗਲ, ਫੇਸਬੁਕ ਅਤੇ ਐਮਾਜ਼ੌਨ ਵਰਗੀਆਂ ਕੰਪਨੀਆਂ ਇਨ੍ਹਾਂ ਪ੍ਰੋਗਰਾਮਾਂ ਰਾਹੀਂ ਪੈਦਾ ਹੋ ਰਹੇ ਡੇਟਾ ਉਪਰ ਸਰਦਾਰੀ ਜਮਾਈ ਬੈਠੀਆਂ ਹਨ। ਸਰਵੇਲੈਂਸ ਅਤੇ ਕੰਟਰੋਲ ਦੇ ਐਲਗੋਰਿਦਮਾਂ (ਕੰਪਿਊਟਰ ਨਿਯਮ ਪ੍ਰਣਾਲੀ) ਰਾਹੀਂ ਅੰਨ੍ਹਾ ਪੈਸਾ ਵੀ ਕਮਾ ਰਹੀਆਂ ਹਨ ਪਰ ਤੇਜ਼ੀ ਨਾਲ ਵਿਕਸਤ ਹੋ ਰਹੀ ਇਸ ਨਵੀਂ ਗਿਆਨ ਆਰਥਕਤਾ ਨੇ ਮਾਰਕਿਟ, ਮੁਨਾਫੇ ਅਤੇ ਥੁੜ੍ਹਾਂ ਦੇ ਸੰਸਾਰ ਵਿਚ ਮੰਡੀ ਦੇ ਤਰਕ ਨੂੰ ਰੱਦ ਕਰਕੇ ਜ਼ੀਰੋ ਮਾਰਜੀਨਲ ਕੌਸਟ ਅਤੇ ਬਹੁਤਾਤ ਦੀ ਨਵੀਂ ਦੁਨੀਆਂ ਦੇ ਦੁਆਰ ਖੋਲ੍ਹ ਕੇ ਸਭ ਨੂੰ ਚਕਾਚੌਂਧ ਕਰ ਦਿੱਤਾ ਹੈ।

ਬਾਕੀ ਰਹਿ ਗਈ ਨਿਜੀ ਮਲਕੀਅਤ ਦੀ ਗੱਲ। ਜਿਉਂ-ਜਿਉਂ ਟਰਾਂਜ਼ੈਕਸ਼ਨਲ ਕੌਸਟਾਂ (ਕਾਰੋਬਾਰੀ ਖਰਚੇ) ਘਟਦੀਆਂ ਜਾਣਗੀਆਂ, ਤਿਉਂ-ਤਿਉਂ ਲੋਕਾਂ ਅੰਦਰ ਮਸ਼ੀਨਾਂ ਖਰੀਦ ਕੇ ਘਰ ਰੱਖਣ ਦੀ ਥਾਂ, ਉਨ੍ਹਾਂ ਮਸ਼ੀਨਾਂ ਦੀਆਂ ਸੇਵਾਵਾਂ ਨੂੰ ਕਿਰਾਏ 'ਤੇ ਲੈਣ ਦਾ ਰੁਝਾਨ ਵਧ ਜਾਵੇਗਾ। ਮਸਲਨ, ਤੁਸੀਂ ਪੰਦਰਾਂ-ਵੀਹ ਲੱਖ ਰੁਪਏ ਦੀ ਕਾਰ ਖਰੀਦ ਕੇ ਘਰੇ ਖੜ੍ਹੀ ਕਰ ਲੈਂਦੇ ਹੋ। ਕੇਵਲ ਦਫਤਰ ਜਾਣ ਲਈ ਇਸਤੇਮਾਲ ਕਰਦੇ ਹੋ। ਕਦੇ-ਕਦੇ ਬੱਚਿਆਂ ਨਾਲ ਘੁੰਮ ਫਿਰ ਵੀ ਆਉਂਦੇ ਹੋ ਪਰ ਬਹੁਤਾ ਸਮਾਂ ਗੈਰਜ ਵਿਚ ਹੀ ਰਹਿੰਦੀ ਹੈ। ਜੇ ਘੱਟ ਕਿਰਾਏ 'ਤੇ ਟੈਕਸੀ ਦੀ ਤੁਰੰਤ ਸੇਵਾ ਉਪਲਬਧ ਹੋਣ ਲੱਗ ਪਵੇ ਤਾਂ ਤੁਸੀਂ ਕਾਰ ਨਾਮ ਦਾ ਚਿੱਟਾ ਹਾਥੀ ਕਿਉਂ ਪਾਲੋਗੇ? ਸ਼ੁਰੂ-ਸ਼ੁਰੂ ਵਿਚ ਨਿੱਜੀ ਕਾਰ ਰੱਖਣਾ ਚੰਗਾ ਵੀ ਲੱਗ ਸਕਦਾ ਹੈ ਪਰ ਸਮਾਂ ਪਾ ਕੇ ਤਾਂ ਮੂਰਖਤਾ ਦੀ ਨਿਸ਼ਾਨੀ ਹੀ ਬਣੇਗਾ। ਆਪਣੇ ਘਰ ਨੂੰ ਮਸ਼ੀਨਾਂ ਅਤੇ ਵਸਤੂਆਂ ਦਾ ਸਟੋਰ ਹਾਊਸ ਬਣਾਉਣ ਦੀ ਥਾਂ ਸੇਵਾਵਾਂ ਨੂੰ ਕਿਰਾਏ 'ਤੇ ਲੈਣ ਦਾ ਰੁਝਾਨ ਨਿਸ਼ਚੇ ਹੀ ਵਧਣ ਵਾਲਾ ਹੈ। ਮਲਕੀਅਤ ਦੀ ਭਾਵਨਾ ਦੇ ਕੋਈ ਅਰਥ ਨਹੀਂ ਰਹਿ ਜਾਣੇ।

ਗਿਣੀਆਂ ਚੁਣੀਆਂ ਸੇਵਾਵਾਂ ਦੀ ਗੱਲ ਨਹੀਂ; ਸਨਅਤੀ ਨਿਰਮਾਣ (ਮੈਨੂਫੈਕਚਰਿੰਗ) ਦਾ ਢਾਂਚਾ ਹੀ ਬਦਲ ਰਿਹਾ ਹੈ। ਇਸੇ ਨੂੰ ਚੌਥੀ ਉਦਯੋਗਿਕ ਕ੍ਰਾਂਤੀ ਦਾ ਨਾਮ ਦਿੱਤਾ ਗਿਆ ਹੈ। ਤੁਹਾਨੂੰ ਕੋਈ ਚੀਜ਼ ਖਰੀਦਣ ਲਈ ਕਿਤੇ ਜਾਣ ਦੀ ਲੋੜ ਨਹੀਂ ਹੋਵੇਗੀ। ਕੋਰੀਅਰ ਰਾਹੀਂ ਵੀ ਨਹੀਂ ਆਵੇਗੀ। ਜੇ ਤੁਸੀਂ ਕਮੀਜ਼ ਖਰੀਦਣੀ ਚਾਹੁੰਦੇ ਹੋ ਤਾਂ ਘਰ ਬੈਠੇ ਹੀ ਕਮੀਜ਼ਾਂ ਦੀ ਵਰਚੂਅਲ ਗੈਲਰੀ ਵਿਚੋਂ, ਆਪਣੇ ਨਾਪ ਤੇ ਪਸੰਦ ਦੀ ਕਮੀਜ਼ ਚੁਣ ਸਕਦੇ ਹੋ। ਤੁਹਾਡੇ ਆਰਡਰ ਕਰਦਿਆਂ ਹੀ ਉਹ ਡਿਜ਼ਾਈਨ ਈ-ਮੇਲ ਰਾਹੀਂ ਤੁਹਾਡੇ ਕੋਲ ਪਹੁੰਚ ਜਾਵੇਗਾ ਜਿਸ ਨੂੰ ਤੁਸੀਂ ਘਰ ਬੈਠਿਆਂ ਹੀ 3-ਡੀ ਪ੍ਰਿੰਟਰ ਉਪਰ ਤਿਆਰ ਕਰ ਸਕਦੇ ਹੋ। ਤੁਹਾਨੂੰ 3-ਡੀ ਪ੍ਰਿੰਟਰ ਵੀ ਖਰੀਦਣ ਦੀ ਵੀ ਲੋੜ ਨਹੀਂ। ਤੁਹਾਡੇ ਮੁਹੱਲੇ ਦੀ ਲਾਇਬ੍ਰੇਰੀ ਵਿਚੋਂ ਮਿਲ ਜਾਵੇਗਾ। ਲਾਇਬ੍ਰੇਰੀ ਦੀ ਧਾਰਨਾ ਵੀ ਬਦਲੇਗੀ।




ਇਕ ਗੱਲ ਦਾ ਧਿਆਨ ਰਹਿਣਾ ਚਾਹੀਦਾ ਹੈ ਕਿ ਇੰਟੈਲੀਜੈਂਟ ਮਸ਼ੀਨ ਕੰਪਿਊਟਰ ਨਹੀਂ, ਨੈਟਵਰਕ ਹੈ। 'ਇੰਟਰਨੈਟ ਆਫ ਐਵਰੀਥਿੰਗ' ਨੇ ਮਨੁੱਖਾਂ, ਮਸ਼ੀਨਾਂ, ਵਸਤੂਆਂ, ਸੇਵਾਵਾਂ ਅਤੇ ਸਾਧਨਾਂ ਨੂੰ ਸੰਚਾਰ ਅਤੇ ਸਬੰਧਾਂ ਦੇ ਨੈਟਵਰਕ ਵਿਚ ਬੰਨ੍ਹ ਕੇ ਕਾਰਜਕੁਸ਼ਲਤਾ ਦੀਆਂ ਅਨੰਤ ਸੰਭਾਵਨਾਵਾਂ ਜਗਾ ਦਿਤੀਆਂ ਹਨ।

ਇੰਟਰਨੈਟ ਆਫ ਐਵਰੀਥਿੰਗ ਦੇ ਨਾਲ ਨਾਲ 'ਕਲਾਊਡ' ਨੂੰ ਸਮਝਣਾ ਵੀ ਜ਼ਰੂਰੀ ਹੈ। ਕਲਾਊਡ ਕੋਈ ਜਗ੍ਹਾ ਜਾਂ ਅਸਮਾਨ ਵਿਚ ਖੜ੍ਹੀ ਕੀਤੀ ਇਮਾਰਤ ਨਹੀਂ ਹੁੰਦੀ। ਕਲਾਊਡ ਦਾ ਸਬੰਧ ਉਨ੍ਹਾਂ ਸਾਫਟਵੇਅਰਾਂ ਅਤੇ ਡਿਜੀਟਲ ਸੇਵਾਵਾਂ ਨਾਲ ਹੈ ਜੋ ਤੁਹਾਨੂੰ ਇੰਟਰਨੈਟ ਉਪਰ ਉਪਲਬਧ ਹਨ। ਤੁਸੀਂ ਉਨ੍ਹਾਂ ਦੀ ਕਦੇ ਵੀ, ਕਿਤੇ ਵੀ ਅਤੇ ਕਿਸੇ ਵੀ ਡਿਵਾਈਸ ਉਪਰ ਵਰਤੋਂ ਕਰ ਸਕਦੇ ਹੋ। ਤੁਸੀਂ ਆਪਣਾ ਨਿਜੀ ਸਮਾਨ ਜਿਵੇਂ ਤਸਵੀਰਾਂ, ਫਿਲਮਾਂ, ਕਿਤਾਬਾਂ, ਡਾਕੂਮੈਂਟ ਆਦਿ ਨੂੰ ਵੀ ਕਲਾਊਡ ਉਪਰ ਰੱਖ ਕੇ ਕੰਮ ਕਰ ਸਕਦੇ ਹੋ। ਮਨਪ੍ਰਚਾਵਾ, ਸਿਹਤ ਸੰਭਾਲ, ਸਿਖਿਆ, ਖਰੀਦੋ-ਫਰੋਖਤ, ਈ-ਗਵਰਨੈਂਸ, ਈ-ਕਾਮਰਸ ਆਦਿ ਸੇਵਾਵਾਂ, ਸਭ ਕਲਾਊਡ ਰਾਹੀਂ ਉਪਲਬਧ ਹੋ ਰਹੀਆਂ ਹਨ।

ਕੀ ਨੈਟਵਰਕ ਆਰਥਕਤਾ ਨਾਲ ਨਵੀਂ ਉਤਪਾਦਨ ਪ੍ਰਣਾਲੀ ਦਾ ਆਰੰਭ ਹੋ ਰਿਹਾ ਹੈ? 'ਦਿ ਵੈਲਥ ਆਫ ਨੈਟਵਰਕਸ' ਦੇ ਲੇਖਕ ਯੋਚੇ ਬੈਂਕਲਰ ਨੇ 2006 ਵਿਚ ਹੀ ਇਹ ਦਾਅਵਾ ਪੇਸ਼ ਕਰ ਦਿੱਤਾ ਸੀ ਕਿ ਨੈਟਵਰਕ ਆਰਥਕਤਾ ਨਵੀਂ ਉਤਪਾਦਨ ਪ੍ਰਣਾਲੀ ਲੈ ਕੇ ਆ ਰਹੀ ਹੈ। ਬੈਂਕਲਰ ਦੇ ਇਸ ਦਾਅਵੇ ਨੂੰ 'ਵਿਕੀਪੀਡੀਆ' ਦੀ ਉਦਾਹਰਣ ਲੈ ਕੇ ਸਮਝਦੇ ਹਾਂ। ਸਾਇੰਸ ਜਗਤ ਦੀ ਖੋਜ ਪਤ੍ਰਿਕਾ 'ਨੇਚਰ' ਵਿਚ ਛਪੇ ਲੇਖ ਮੁਤਾਬਕ ਵਿਕੀਪੀਡੀਆ ਦੀ ਵੀ ਓਨੀ ਹੀ ਭਰੋਸੇਯੋਗਤਾ ਹੈ ਜਿੰਨੀ 'ਐਨਸਾਈਕਲੋਪੀਡੀਆ ਬਰਟੈਨਿਕਾ' ਦੀ ਪਰ ਐਨਸਾਈਕਲੋਪੀਡੀਆ ਬਰਟੈਨਿਕਾ ਨੂੰ ਆਨਲਾਈਨ ਪੜ੍ਹਨ ਵਾਸਤੇ ਤੁਹਾਨੂੰ ਪੰਜ ਹਜ਼ਾਰ ਰੁਪਏ ਸਾਲਾਨਾ ਚੰਦਾ ਭਰਨਾ ਪੈਂਦਾ ਹੈ, ਜਦੋਂ ਕਿ ਵਿਕੀਪੀਡੀਆ ਜੋ ਐਨਸਾਈਕਲੋਪੀਡੀਆ ਬਰਟੈਨਿਕਾ ਨਾਲੋਂ 85 ਗੁਣਾ ਵੱਡਾ ਹੈ, ਤੇ ਜਿਸ ਵਿਚ ਹਰ ਰੋਜ਼ ਪੰਜਾਹ ਹਜ਼ਾਰ ਨਵੇਂ ਲੇਖ ਸ਼ਾਮਲ ਹੋ ਜਾਂਦੇ ਹਨ, ਨੂੰ ਬਿਨਾ ਕੋਈ ਪੈਸਾ ਦਿੱਤੇ ਮੁਫਤ ਪੜ੍ਹ ਸਕਦੇ ਹੋ। ਅਜਿਹਾ ਇਸ ਲਈ, ਕਿਉਂਕਿ ਦੋਹਾਂ ਦੀਆਂ ਪੈਦਾਵਾਰੀ ਵਿਧੀਆਂ ਵੱਖੋ-ਵੱਖਰੀਆਂ ਹਨ।

ਐਨਸਾਈਕਲੋਪੀਡੀਆ ਬਰਟੈਨਿਕਾ, ਨਫਾ ਕਮਾਉਣ ਲਈ ਪੈਸੇ ਦੇ ਕੇ ਲਿਖਵਾਇਆ ਜਾਂਦਾ ਹੈ। ਵਿਕੀਪੀਡੀਆ ਦਾ ਇਸਤੇਮਾਲ ਕਰਨ ਵਾਲੇ ਗਿਆਨੀ ਵਿਗਿਆਨੀ, ਬਿਨਾ ਕੋਈ ਪੈਸਾ ਦਿੱਤੇ ਲਏ, ਇਸ ਨੂੰ ਖੁਦ ਹੀ ਲਿਖਦੇ, ਪੜ੍ਹਦੇ, ਸੰਪਾਦਿਤ ਅਤੇ ਪ੍ਰਕਾਸ਼ਿਤ ਕਰਦੇ ਹਨ। ਵਿਕੀਪੀਡੀਆ ਸਾਂਝਾ ਪਿੜ ਹੈ ਜਿਸ ਦਾ ਉਤਪਾਦਨ ਅਤੇ ਉਪਯੋਗ ਕਰਨ ਵਾਲੇ ਰਜਿਸਟਰਡ ਮੈਂਬਰਾਂ ਦੀ ਗਿਣਤੀ ਚਾਰ ਕਰੋੜ ਹੈ। ਜੇ ਵਿਕੀਪੀਡੀਆ ਵੀ ਐਨਸਾਈਕਲੋਪੀਡੀਆ ਬਰਟੈਨਿਕਾ ਵਾਂਗ ਸਾਲਾਨਾ ਚੰਦਾ ਲੈਣਾ ਸ਼ੁਰੂ ਕਰ ਦੇਵੇ ਤਾਂ ਇਸ ਦਾ ਸਾਲਾਨਾ ਕਾਰੋਬਾਰ ਤਿੰਨ ਅਰਬ ਡਾਲਰ ਤੋਂ ਵੀ ਵਧੇਰੇ ਹੋ ਸਕਦਾ ਹੈ ਪਰ ਅਜਿਹਾ ਹੋਵੇਗਾ ਨਹੀਂ। ਇਹ ਕੰਮ ਤਾਂ ਮੁਨਾਫੇ ਅਤੇ ਮੰਡੀ ਦੇ ਤਰਕ ਤੋਂ ਬਾਹਰ ਰਹਿ ਕੇ, ਬਿਨਾ ਕੁਝ ਦਿਤੇ ਲਏ, ਜਮਹੂਰੀ ਤਰੀਕਿਆਂ ਨਾਲ ਹੀ ਸਿਰੇ ਚੜ੍ਹ ਸਕਦਾ ਸੀ। ਦੋਨਾਂ ਦੀਆਂ ਵੱਖੋ-ਵੱਖਰੀਆਂ ਉਤਪਾਦਨ ਪ੍ਰਣਾਲੀਆਂ ਹਨ। ਇਕ ਗੱਲ ਸਪਸ਼ਟ ਹੈ ਕਿ ਵਿਕੀਪੀਡੀਆ (ਉਤਰ-ਪੂੰਜੀਵਾਦੀ ਉਤਪਾਦਨ ਪ੍ਰਣਾਲੀ) ਦਾ ਐਨਸਾਈਕਲੋਪੀਡੀਆ (ਪੂੰਜੀਵਾਦੀ ਉਤਪਾਦਨ ਪ੍ਰਣਾਲੀ) ਮੁਕਾਬਲਾ ਨਹੀਂ ਕਰ ਸਕਦਾ। ਮੁਕਾਬਲਾ ਕਰਨ ਲਈ ਐਨਸਾਈਕਲੋਪੀਡੀਆ ਤਿਆਰ ਕਰਨ ਵਾਲੀ ਕੰਪਨੀ ਨੂੰ ਇਹ ਮੁਫਤ ਵੰਡਣਾ ਪਵੇਗਾ ਜੋ ਸੰਭਵ ਨਹੀਂ। ਆਉਣ ਵਾਲੇ ਯੁਗ ਦੀ ਦਿਸ਼ਾ ਤੈਅ ਹੈ। ਪੂੰਜੀਵਾਦ ਜੇ ਬਚਦਾ ਹੈ, ਤਾਂ ਉਹ ਵੀ ਹੁਣ ਕੇਵਲ ਉਤਰ-ਪੂੰਜੀਵਾਦ ਦੇ ਬਚਾਇਆਂ ਹੀ ਬਚੇਗਾ।

ਮਾਰਕਸ ਨੇ ਵੀ 1858 ਦੀ ਆਪਣੀ ਇਕ ਲਿਖਤ 'ਫਰੈਗਮੈਂਟ ਆਨ ਮਸ਼ੀਨਜ਼' ਵਿਚ ਮਸ਼ੀਨਾਂ ਅੰਦਰ ਜਮ੍ਹਾਂ ਪਈ ਲੋਕਾਂ ਦੀ ਸਾਂਝੇ (ਸਮਾਜਕ) ਪੱਧਰ 'ਤੇ ਪੈਦਾ ਕੀਤੀ ਸਿਆਣਪ ਤਕਨਾਲੋਜੀ ਨੂੰ ਸਮਾਜਕ ਤਬਦੀਲੀ ਦੇ ਨਵੇਂ ਮਾਰਗ ਵਜੋਂ ਕਲਪਿਤ ਤਾਂ ਕਰ ਲਿਆ ਸੀ ਪਰ ਇਸ ਨੂੰ ਵਿਕਸਤ ਨਹੀਂ ਕਰ ਸਕਿਆ। ਅਸੀਂ ਅੱਜ ਜਿਸ ਕਿਸਮ ਦੇ ਨੌਲਿਜ ਨੈਟਵਰਕ ਵਿਚੋਂ ਦੀ ਲੰਘ ਰਹੇ ਹਾਂ, ਮਾਰਕਸ ਨੇ ਇਸ ਦੀ ਕਲਪਨਾ ਕਰਦੇ ਹੋਏ, ਸਮਾਜਕ ਪੱਧਰ 'ਤੇ ਵਿਕਸਤ ਹੋ ਰਹੇ ਗਿਆਨ, ਜਿਸ ਨੂੰ ਉਹ 'ਜਨਰਲ ਇੰਟਲੈਕਟ' ਦਾ ਨਾਮ ਦਿੰਦਾ ਹੈ, ਰਾਹੀਂ ਨਵੀਂ ਉਤਪਾਦਨ ਪ੍ਰਣਾਲੀ ਨਾਲ ਲੈਸ ਅੱਜ ਦੀ ਨੈਟਵਰਕ ਵਿਚ ਬੱਝੀ ਵਿਦਵਾਨ ਜਮਾਤ ਦੇ ਕ੍ਰਾਂਤੀਕਾਰੀ ਕਿਰਦਾਰ ਵੱਲ ਇਸ਼ਾਰਾ ਕਰ ਹੀ ਦਿੱਤਾ ਸੀ।

**7. ਸਿਰਜਣਾਤਮਕ ਆਰਥਕਤਾ:** ਕਿਸੇ ਦੁਰੇਡੇ ਪਿੰਡੋਂ ਵਿਆਹ ਕੇ ਆਈ ਔਰਤ ਆਪਣੇ ਘਰ ਦੀ ਕੱਚੀ ਕੰਧ ਉਪਰ ਸ਼ੇਰ ਦਾ ਚਿਤਰ ਬਣਾਉਂਦੀ ਹੈ। ਉਸ ਨੂੰ ਦੇਖ ਕੇ ਪਿੰਡ ਦੀਆਂ ਕਈ ਹੋਰ ਔਰਤਾਂ ਵੀ ਆਪਣੀਆਂ ਕੰਧਾਂ ਉਪਰ ਅਜਿਹੇ ਚਿਤਰ ਬਣਾਉਂਦੀਆਂ ਹਨ। ਕੋਈ ਉਸ ਸ਼ੇਰ ਦੇ ਚਿਹਰੇ ਉਪਰ ਆਪਣੇ ਘਰ ਵਾਲੇ ਦੀਆਂ ਕੁੰਡਲਦਾਰ ਮੁੱਛਾਂ ਲਗਾ ਦਿੰਦੀ ਹੈ, ਕੋਈ ਉਸ ਦੀ ਪੂਛ ਖੜ੍ਹੀ ਕਰ ਦਿੰਦੀ ਹੈ। ਤੀਸਰੀ ਕਿਸੇ ਫੁਰਤੀਲੇ ਨੌਜੁਆਨ ਤੋਂ ਆਕਰਸ਼ਿਤ ਹੋ ਕੇ ਸ਼ੇਰ ਦੀ ਦੇਹ ਵਿਚ ਫੁਰਤੀਲਾਪਣ ਭਰਨ ਲਈ ਉਸ ਨੂੰ ਜਿਓਮਿਤੀ ਰੂਪ ਵਿਚ ਢਾਲ ਲੈਂਦੀ ਹੈ। ਹੌਲੀ-ਹੌਲੀ ਸ਼ੇਰ ਦਾ ਸਾਂਝਾ ਚਿਤਰ ਉਭਰਨਾ ਸ਼ੁਰੂ ਹੋ ਜਾਂਦਾ ਹੈ ਜੋ ਕਿਸੇ ਇਕ ਦੀ ਨਹੀਂ, ਪਿੰਡ ਦੀਆਂ ਔਰਤਾਂ ਦੀ ਸਾਂਝੀ ਸਹਿਯੋਗੀ ਸੋਚ/ਸਿਰਜਣਾਤਮਕਤਾ ਵਿਚੋਂ ਪੈਦਾ ਹੁੰਦਾ ਹੈ। ਸ਼ੇਰ ਦੇ ਚਿਤਰ ਦੀ ਸਾਂਝੀ ਸਿਰਜਣਾ ਰਾਹੀਂ ਇਹ ਔਰਤਾਂ ਦਰਅਸਲ ਮਰਦ ਨਾਲ ਆਪਣੇ ਰਿਸ਼ਤੇ ਦੀ ਕਲਪਨਾ ਰਾਹੀਂ ਆਪਣੇ ਸਮਾਜਕ ਵਿਅਕਤਿਤਵ (ਸੈਲਫ) ਦੀ ਹੀ ਪੁਨਰ-ਸਿਰਜਣਾ ਕਰ ਰਹੀਆਂ ਹੁੰਦੀਆਂ ਹਨ। ਸਾਂਝੀ ਸਮਾਜਕ ਸਿਰਜਣਾ ਦੇ ਵਹਾਅ ਰਾਹੀਂ ਲੋਕ ਕੇਵਲ ਵਸਤੂਆਂ ਦਾ ਨਿਰਮਾਣ ਹੀ ਨਹੀਂ ਕਰਦੇ, ਆਪਣੇ ਭਾਈਚਾਰਿਆਂ ਨੂੰ ਵੀ ਲਗਾਤਾਰ ਪੁਨਰ-ਸਿਰਜਿਤ ਕਰਦੇ ਰਹਿੰਦੇ ਹਨ।

ਪਿੰਡ ਵਿਚ ਫੋਟੋਗਰਾਫਰ ਆਉਂਦਾ ਹੈ। ਕੱਚੀ ਕੰਧ ਉਪਰ ਬਣੇ ਇਸ ਸ਼ੇਰ ਦੀ ਫੋਟੋ ਖਿਚ ਕੇ ਉਸ ਉਪਰ ਆਪਣਾ ਨਾਮ ਲਿਖਦਾ ਹੈ। ਪ੍ਰਿੰਟ ਤਿਆਰ ਕਰਦਾ ਹੈ ਤੇ ਫਰੇਮ ਕਰਕੇ ਕਲਾ ਪ੍ਰਦਰਸ਼ਨੀ ਵਿਚ ਸਜਾ ਦਿੰਦਾ ਹੈ। ਕੋਈ ਵਪਾਰੀ ਤੈਅ ਕੀਮਤ ਅਦਾ ਕਰਕੇ ਉਸ ਤਸਵੀਰ ਦਾ ਕਾਪੀਰਾਈਟ ਖਰੀਦ ਲੈਂਦਾ ਹੈ ਤਾਂ ਜੋ ਕੈਲੰਡਰ ਦੇ ਰੂਪ ਵਿਚ ਇਸ ਦੀਆਂ ਹਜ਼ਾਰਾਂ ਕਾਪੀਆਂ ਤਿਆਰ ਕਰਕੇ ਕਲਾ-ਮੰਡੀ ਰਾਹੀਂ ਵਧੇਰੇ ਕਮਾਈ ਕੀਤੀ ਜਾ ਸਕੇ।

ਪਿੰਡ ਦੀਆਂ ਔਰਤਾਂ ਇਹ ਕੰਧ ਚਿਤਰ ਵੇਚਣ ਲਈ ਨਹੀਂ ਬਣਾਉਂਦੀਆਂ। ਕੱਚੇ ਰੰਗਾਂ ਨਾਲ ਬਣੇ ਇਹ ਚਿਤਰ ਬਰਸਾਤਾਂ ਵਿਚ ਮਿਟ ਜਾਂਦੇ ਹਨ। ਉਹ ਨਵੇਂ ਸਿਰੇ ਤੋਂ ਬਣਾ ਲੈਂਦੀਆਂ ਹਨ। ਕਲਾ ਸਾਂਝਾ ਸਿਰਜਣਾਤਮਕ ਕਾਰਜ ਹੈ ਜਿਸ ਰਾਹੀਂ ਪਿੰਡ ਆਪਣੀ ਭਾਈਚਾਰਕ ਪਛਾਣ ਦੀ ਸਿਰਜਣਾ/ਪੁਨਰ-ਸਿਰਜਣਾ ਕਰਦਾ ਹੈ। ਕਲਾਤਮਕ ਵਸਤੂ ਤਾਂ ਇਸ ਦੀ ਵਾਧੂ-ਉਪਜ ਹੈ ਜੋ ਮੰਡੀ ਦੇ ਮਾਧਿਅਮ ਰਾਹੀਂ ਲੋਕਾਂ ਦੀ ਨਿੱਜੀ ਖਪਤ ਦਾ ਮਾਲ ਬਣ ਕੇ ਮੁਨਾਫੇ ਦੀ ਪੈਦਾਵਾਰ ਅਤੇ ਵੰਡ ਨਾਲ ਪੂੰਜੀਵਾਦੀ ਯੁਗ ਦੀ ਸਿਰਜਣਾ ਕਰਦੀ ਹੈ।

ਕਲਾ-ਮੰਡੀ ਬਾਰੇ ਪਰਚਾ ਪੇਸ਼ ਕਰਦਿਆਂ ਜਦੋਂ ਮੈਂ ਇਹ ਕਹਾਣੀ ਸੁਣਾਈ ਤਾਂ ਅਕਾਲ ਗਿੱਲ ਨੇ ਸੁਆਲ ਕੀਤਾ ਜੋ ਬਾਅਦ ਵਿਚ ਉਸ ਦੇ ਖੋਜ ਪੱਤਰ 'ਲੋਕਧਾਰਾ 2.0' ਵਿਚ ਛਪਿਆ। ਉਸ ਨੇ ਪੁਛਿਆ ਕਿ ਜਦੋਂ ਕੋਈ ਫੋਟੋਗਰਾਫਰ ਪਿੰਡ ਦੀ ਕਿਸੇ ਔਰਤ ਦੇ ਬਣਾਏ ਕੰਧ ਚਿਤਰ ਦੀ ਤਸਵੀਰ ਖਿਚ ਕੇ ਛਪਵਾਉਂਦਾ ਹੈ, ਤਾਂ ਉਸ ਤਸਵੀਰ ਉਪਰ ਕਿਸ ਦਾ ਅਧਿਕਾਰ ਮੰਨਿਆ ਜਾਣਾ ਚਾਹੀਦਾ ਹੈ; ਫੋਟੋਗਰਾਫਰ ਦਾ ਜਾਂ ਔਰਤ ਦਾ? ਉਸ ਨੇ ਖੁਦ ਹੀ ਜੁਆਬ ਦਿਤਾ ਕਿ ਉਸ ਤਸਵੀਰ ਉਪਰ ਨਾ ਚਿਤਰ ਬਣਾਉਣ ਵਾਲੀ ਔਰਤ ਦਾ ਅਧਿਕਾਰ ਹੈ ਅਤੇ ਨਾ ਹੀ ਉਸ ਚਿਤਰ ਦੀ ਤਸਵੀਰ ਖਿਚਣ ਵਾਲੇ ਫੋਟੋਗਰਾਫਰ ਦਾ। ਇਹ ਤਾਂ ਉਸ ਪਿੰਡ ਦੀਆਂ ਔਰਤਾਂ ਦੀ ਸਾਂਝੀ ਸਿਰਜਣਾ ਦਾ ਨਤੀਜਾ ਹੈ। ਜਦੋਂ ਕੋਈ ਕਲਾਕਾਰ ਇਸ ਕੰਧ ਚਿਤਰ ਨੂੰ ਕੈਨਵਸ ਉਪਰ ਉਤਾਰ ਕੇ ਕਿਸੇ ਰਜਵਾੜੇ ਜਾਂ ਸੰਸਥਾ ਤੋਂ ਸਰਪ੍ਰਸਤੀ ਪ੍ਰਾਪਤ ਕਰਨ ਲਈ ਉਸ ਨੂੰ ਭੇਟ ਕਰਦਾ ਹੈ, ਤਾਂ ਇਸ ਨੂੰ ਜਗੀਰੂ ਉਤਪਾਦਨ ਪ੍ਰਣਾਲੀ ਕਿਹਾ ਜਾਂਦਾ ਹੈ। ਦੂਸਰੇ ਪਾਸੇ ਜਦੋਂ ਇਸ ਕਲਾ ਕ੍ਰਿਤ ਦੀਆਂ ਮਸ਼ੀਨੀ ਪੁਨਰ-ਉਤਪਾਦਨ ਰਾਹੀਂ ਅਨੇਕਾਂ ਕਾਪੀਆਂ ਤਿਆਰ ਹੋ ਕੇ ਮੰਡੀ ਵਿਚ ਮੁਨਾਫੇ ਲਈ ਵੇਚੀਆਂ ਜਾਂਦੀਆਂ ਹਨ, ਤਾਂ ਇਹ ਪੂੰਜੀਵਾਦੀ ਵਿਧਾ ਅਖਵਾਉਂਦੀ ਹੈ।

ਜਗੀਰੂ ਅਤੇ ਪੂੰਜੀਵਾਦੀ ਵਿਵਸਥਾ ਦੌਰਾਨ ਕਲਾ ਨਹੀਂ, ਸਗੋਂ ਭੂਮੀ ਅਤੇ ਪੂੰਜੀ ਪੈਦਾਵਾਰ ਦੇ ਮੁਖ ਸਰੋਤ ਸਨ ਪਰ ਜਿਵੇਂ ਆਪਾਂ ਪਹਿਲਾਂ ਵੀ ਗੱਲ ਕਰ ਆਏ ਹਾਂ, ਉਤਰ-ਪੂੰਜੀਵਾਦ ਦੇ ਅਜੋਕੇ ਯੁਗ ਵਿਚ ਆ ਕੇ ਭੂਮੀ ਅਤੇ ਪੂੰਜੀ ਦੇ ਮੁਕਾਬਲੇ ਸਿਰਜਣਾਤਮਿਕਤਾ ਪੈਦਾਵਾਰ ਦਾ ਮੁਖ ਸਾਧਨ ਬਣ ਜਾਂਦੀ ਹੈ। ਸਿਰਜਣਾਤਮਿਕਤਾ ਦਾ ਸਬੰਧ ਕੇਵਲ ਕਲਾ ਨਾਲ ਨਹੀਂ; ਭਾਸ਼ਾ, ਗਿਆਨ, ਵਿਗਿਆਨ, ਤਕਨਾਲੋਜੀ, ਡਿਜ਼ਾਈਨ ਆਦਿ ਉਨ੍ਹਾਂ ਸਭ ਵਿਧਾਵਾਂ ਨਾਲ ਹੈ ਜੋ ਮਾਨਵ ਤੇ ਮਸ਼ੀਨ, ਦੋਹਾਂ ਦੀ ਸਮਰੱਥਾ ਵਿਚ ਵਾਧੇ ਰਾਹੀਂ, ਪੈਦਾਵਾਰ ਵਿਚ ਵਾਧੇ ਦੇ ਨਾਲ ਸਮਾਜਕ ਪੁਨਰ-ਸਿਰਜਣਾ ਦਾ ਵੀ ਕੰਮ ਕਰਦੀਆਂ ਹਨ। ਉਤਰ-ਪੂੰਜੀਵਾਦ, ਪੂੰਜੀਵਾਦ ਦੀ ਉਹ ਸਟੇਜ ਹੈ ਜਿਥੇ ਪਹੁੰਚ ਕੇ ਜਿਸਮਾਨੀ ਕਿਰਤ ਦੀ ਥਾਂ ਸਿਰਜਣਾਤਮਿਕ ਕਿਰਤ ਪੈਦਾਵਾਰ ਦੀ ਮੁਖ ਸ਼ਕਤੀ ਬਣ ਜਾਂਦੀ ਹੈ। ਮਿਸ਼ੇਲ ਫੂਕੋ ਤੋਂ ਸੰਕੇਤ ਲੈਂਦਿਆਂ ਮਿਸ਼ੇਲ ਹਾਰਟ ਅਤੇ ਅੰਤੋਨੀਓ ਨੇਗਰੀ ਇਸ ਨੂੰ ਬਾਇਓਪੁਲਿਟੀਕਲ ਪੈਦਾਵਾਰ ਦਾ ਨਾਮ ਦਿੰਦੇ ਹਨ।

ਸਿਰਜਣਾ ਦੇ ਸਮਾਨੰਤਰ ਸੰਭਾਵਨਾਵਾਂ ਪੈਦਾ ਕਰ ਦਿੰਦੀ ਹੈ। ਇਹ ਕੇਵਲ ਵਸਤੂਆਂ ਦਾ ਉਤਪਾਦਨ ਹੀ ਨਹੀਂ ਵਧਾਉਂਦੀ, ਭਾਈਚਾਰਕ ਰਿਸ਼ਤਿਆਂ ਅਤੇ ਨੈਤਿਕ ਕਦਰਾਂ ਕੀਮਤਾਂ ਦਾ ਪੁਨਰ-ਨਿਰਮਾਣ ਵੀ ਕਰਦੀ ਹੈ। ਸੋ, ਪੂੰਜੀਵਾਦੀ

(ਬਾਕੀ ਅਗਲੇ ਸਫੇ 'ਤੇ)

ਉਦਯੋਗ ਦੀ ਪੈਦਾਵਾਰੀ ਸ਼ਕਤੀ ਹੋਣ ਦੇ ਨਾਲ-ਨਾਲ ਸਿਰਜਣਾ ਭਾਈਚਾਰਕ ਪੁਨਰ-ਨਿਰਮਾਣ ਦਾ ਪਿੜ ਵੀ ਬਣ ਜਾਂਦੀ ਹੈ।

ਮੁਨਾਫੇ ਅਤੇ ਸਰਦਾਰੀ (ਮਨਾਪਲੀ) ਖਾਤਰ ਸਿਰਜਣਾਤਮਕਤਾ ਦੇ ਕੰਟਰੋਲ ਅਤੇ ਗਿਆਨ ਉਪਰ ਨਿੱਜੀ ਮਲਕੀਅਤ ਦੀ ਸਥਾਪਨਾ ਰਾਹੀਂ ਗਿਆਨ ਦੇ ਖੁਲ੍ਹੇ ਵਹਾ ਅੱਗੇ ਜੋ ਰੁਕਾਵਟਾਂ ਖੜ੍ਹੀਆਂ ਕੀਤੀਆਂ ਜਾ ਰਹੀਆਂ ਹਨ, ਉਹ ਸਿਰਜਣਾਤਮਕ ਪਿੜਾਂ ਦੀ ਕਾਰਜਕੁਸ਼ਲਤਾ ਘਟਾ ਕੇ ਪੂੰਜੀ ਦੇ ਵਿਸਤਾਰ ਦਾ ਹੀ ਨੁਕਸਾਨ ਕਰ ਰਹੀਆਂ ਹਨ। ਪੂੰਜੀਵਾਦ ਲਈ ਵਾਪਸੀ ਦੇ ਰਸਤੇ ਬੰਦ ਹੋ ਰਹੇ ਹਨ। ਉਸ ਦਾ ਉਤਰ-ਪੂੰਜੀਵਾਦ ਵੱਲ ਵਧਣਾ ਤੈਅ ਹੈ ਪਰ ਇਹ ਵੀ ਸੱਚ ਹੈ ਕਿ ਸਿਖਿਆ ਸੁਧਾਰਾਂ ਨੂੰ ਨਜ਼ਰਅੰਦਾਜ਼ ਕਰਕੇ ਇਸ ਦਿਸ਼ਾ ਵੱਲ ਇਕ ਕਦਮ ਵੀ ਨਹੀਂ ਪੁਟਿਆ ਜਾ ਸਕਦਾ। ਇਸ ਲਈ ਸਿਖਿਆ ਸੁਧਾਰ ਸਾਡੀ ਚੋਣ ਨਹੀਂ, ਸ਼ਰਤ ਬਣ ਗਏ ਹਨ।

ਐਜੂਫੈਕਟਰੀ ਦੇ ਜ਼ੀਰੋ ਅੰਕ ਦਾ ਮੁੱਦਾ ਹੀ ਇਹ ਹੈ ਕਿ ਸਨਅਤੀ ਯੁਗ ਵਿਚ ਜੋ ਸਥਾਨ ਫੈਕਟਰੀ ਦਾ ਸੀ, ਅੱਜ ਦੇ ਗਿਆਨ ਯੁਗ ਵਿਚ ਉਹੋ ਸਥਾਨ ਯੂਨੀਵਰਸਟੀ ਦਾ ਬਣ ਗਿਆ ਹੈ। ਹੁਣ ਪੂੰਜੀ ਨਹੀਂ, ਸਿਖਿਆ ਸਾਡੇ ਭਵਿਖ ਦਾ ਫੈਸਲਾ ਕਰੇਗੀ। ਜਿਹੋ ਜਿਹੀ ਯੂਨੀਵਰਸਟੀ ਬਣਾਵਾਂਗੇ, ਉਹੋ ਜਿਹਾ ਹੀ ਭਵਿਖ ਪਾਵਾਂਗੇ।

**8. ਕੱਚੇ ਮਾਲਕ ਪੱਕੇ ਮਜ਼ਦੂਰ:** ਕੌਮੀ ਸ਼ਾਹਰਾਹਾਂ 'ਤੇ ਆਪਣੇ ਘਰਾਂ ਨੂੰ ਨੰਗੇ ਪੈਰੀਂ ਵਾਪਸ ਜਾ ਰਹੇ ਭੁੱਖੇ-ਭਾਣੇ, ਗਰੀਬ ਅਤੇ ਲਾਚਾਰ ਮਜ਼ਦੂਰ ਪਰਿਵਾਰਾਂ ਦੀਆਂ ਟੋਲੀਆਂ ਨੇ ਲਾਲ ਸਿੰਘ ਦਿਲ ਦੀ ਕਵਿਤਾ 'ਸ਼ਾਮ ਦਾ ਰੰਗ ਫਿਰ ਪੁਰਾਣਾ ਹੈ' (1971) ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ:

ਸ਼ਾਮ ਦਾ ਰੰਗ ਫ਼ਿਰ ਪੁਰਾਣਾ ਹੈ
ਜਾ ਰਹੇ ਨੇ ਬਸਤੀਆਂ ਨੂੰ ਫ਼ੁੱਟਪਾਥ
ਜਾ ਰਹੀ ਹੈ ਝੀਲ ਕੋਈ ਦਫ਼ਤਰੋਂ
ਨੌਕਰੀ ਤੋਂ ਲੈ ਜਵਾਬ
ਪੀ ਰਹੀ ਏ ਝੀਲ ਕੋਈ ਜਲ ਦੀ ਪਿਆਸ
ਤੁਰ ਪਿਆ ਏ ਸ਼ਹਿਰ ਕੁੱਝ ਪਿੰਡਾਂ ਦੇ ਰਾਹ
ਸੁੱਟ ਕੇ ਕੋਈ ਜਾ ਰਿਹਾ ਸਾਰੀ ਕਮਾਈ
ਪੂੰਝਦਾ ਕੋਈ ਆ ਰਿਹਾ ਧੋਤੀ ਦੇ ਨਾਲ਼
ਕਮਜ਼ੋਰ ਪਸ਼ੂਆਂ ਦੇ
ਪਿੰਡੇ ਤੋਂ ਆਰਾਂ ਦਾ ਖ਼ੂਨ
ਸ਼ਾਮ ਦਾ ਰੰਗ ਫ਼ਿਰ ਪੁਰਾਣਾ ਹੈ।

ਜਦੋਂ ਲਾਲ ਸਿੰਘ ਦਿਲ ਨੇ ਇਹ ਕਵਿਤਾ ਲਿਖੀ ਸੀ, ਉਦੋਂ ਤੋਂ ਲੈ ਕੇ ਹੁਣ ਤੱਕ ਸਾਡੇ ਦੇਸ਼ ਦੀ ਆਮਦਨ ਵਿਚ ਸੈਂਕੜੇ ਗੁਣਾ ਵਾਧਾ ਹੋ ਗਿਆ ਹੋਵੇਗਾ ਪਰ ਕਰੋਨਾ ਕਾਰਨ ਘਰਾਂ ਵਿਚ ਡੱਕੇ ਮਜ਼ਦੂਰਾਂ ਨੂੰ ਅਸੀਂ ਅਜੇ ਰੋਟੀ ਦੇਣ ਜੋਗੇ ਵੀ ਨਹੀਂ ਹੋਏ। ਸਾਡੇ ਰਾਕਟ ਦੂਜੇ ਗ੍ਰਹਿਆਂ ਦੀ ਸੈਰ ਕਰ ਰਹੇ ਹਨ ਪਰ ਆਪਣੇ ਮਜ਼ਦੂਰਾਂ ਨੂੰ ਬੰਬਈ ਤੋਂ ਪਟਨੇ ਲਿਆਉਣ ਦੀ ਸਮਰੱਥਾ ਪੈਦਾ ਕਰਨੀ ਅਜੇ ਬਾਕੀ ਹੈ।

ਜੇ ਕਰਮਭੂਮੀ ਇਨ੍ਹਾਂ ਦੀ ਰੋਜ਼ੀ ਰੋਟੀ ਦਾ ਤਸੱਲੀਬਖਸ਼ ਪ੍ਰਬੰਧ ਨਹੀਂ ਕਰ ਸਕੀ ਤਾਂ ਜਨਮਭੂਮੀ ਵੀ ਕੇਵਲ ਸੁਰਜੀਤ ਪਾਤਰ ਦਾ ਇਹ ਸ਼ੇਅਰ ਹੀ ਯਾਦ ਕਰਵਾਏਗੀ:

ਇਕ ਕੈਦ 'ਚੋਂ ਦੂਜੀ ਕੈਦ 'ਚ
ਪਹੁੰਚ ਗਈ ਏਂ
ਕੀ ਖੱਟਿਆ ਮਹਿੰਦੀ ਲਾ ਕੇ
ਵਟਣਾ ਮਲ ਕੇ।

ਰਿਜ਼ਕ ਪਿਛੇ ਤਾਂ ਇਹ ਆਪਣਿਆਂ ਦਾ ਮੋਹ ਤਿਆਗ ਕੇ ਓਪਰਿਆਂ ਵਿਚ ਆਏ ਸਨ; ਪਿਛੇ ਰਹਿ ਗਏ ਮੋਹ ਨੂੰ ਆਪਣੀਆਂ ਖੁਸ਼ੀਆਂ ਮਨੀਆਰਡਰ ਵੀ ਕਰਦੇ ਰਹੇ ਪਰ ਹੁਣ ਜਦੋਂ ਕਰੋਨਾ ਨੇ ਰਿਜ਼ਕ ਹੀ ਖੋਹ ਲਿਆ, ਤਾਂ ਏਥੇ ਰਹਿ ਕੇ ਵੀ ਕੀ ਕਰਨਗੇ! ਖਾਣ ਲਈ ਅਨਾਜ ਨਹੀਂ, ਰਹਿਣ ਲਈ ਕਿਰਾਇਆ ਨਹੀਂ, ਵਾਪਸ ਜਾਣ ਦਾ ਪ੍ਰਬੰਧ ਨਹੀਂ, ਰੋਣ ਦੀ ਇਜਾਜ਼ਤ ਨਹੀਂ। ਮੰਦੇ ਹਾਲੀਂ ਵਾਪਸ ਪਹੁੰਚੇ ਤਾਂ ਦੇਖਿਆ ਕਿ ਕਰੋਨਾ ਦੇ ਭੈਅ ਅਤੇ ਮਨੀਆਰਡਰ ਦੇ ਸੁਖ ਨੇ ਮੋਹ ਮੁਹੱਬਤਾਂ ਦੇ ਅਰਥ ਹੀ ਬਦਲ ਦਿੱਤੇ ਸਨ। ਆਪਣਿਆਂ ਨੂੰ ਵੀ ਹੁਣ ਇਹ ਭਾਰ ਲੱਗਣ ਲੱਗ ਪਏ ਸਨ। ਕਈਆਂ ਨੇ ਤਾਂ ਇਨ੍ਹਾਂ ਲਈ ਆਪਣੇ ਬੂਹੇ ਬੰਦ ਕਰ ਲਏ। ਮੀਡੀਆ ਨੂੰ ਵੀ ਉਦੋਂ ਹੀ ਦਿਖਾਈ ਦਿੱਤੇ, ਜਦੋਂ ਉਹ ਆਪਣੇ ਘਰਾਂ ਨੂੰ ਵਾਪਸ ਜਾਣ ਲਈ ਬੰਦ ਭਾਰਤ ਦੀਆਂ ਸੜਕਾਂ 'ਤੇ ਪੁਲਿਸ ਦੇ ਡੰਡੇ ਖਾ ਰਹੇ ਸਨ। ਸਰਕਾਰ ਨੂੰ ਸ਼ਾਇਦ ਇਸ ਲਈ ਦਿਖਾਈ ਨਹੀਂ ਦਿੱਤੇ ਕਿਉਂਕਿ ਇਹ ਕਰੋਨਾ ਦੀ ਵਕਤੀ ਸਮਸਿਆ ਨਹੀਂ, ਦਿਹਾੜੀਦਾਰ ਕਾਮਿਆਂ ਦਾ ਸਥਾਈ ਸੰਕਟ ਹੈ। ਕਰੋਨਾ ਕਾਰਨ ਇਹ ਸੰਕਟ ਦਿਖਾਈ ਜ਼ਰੂਰ ਦੇਣ ਲੱਗ ਪਿਆ ਹੈ। ਕੇਵਲ ਦਿਹਾੜੀਦਾਰ ਮਜ਼ਦੂਰਾਂ ਦੀਆਂ ਘੱਟ ਉਜਰਤਾਂ ਅਤੇ ਵਧ ਰਹੀ ਸਮਾਜਕ ਨਾਬਰਾਬਰੀ ਦਾ ਹੀ ਸੰਕਟ ਨਹੀਂ, ਸਮਾਜਕ ਸੁਰੱਖਿਆ ਅਤੇ ਸਨਮਾਨ ਦਾ ਵੀ ਮੁੱਦਾ ਹੈ। ਉਹ ਰੋਟੀ ਲਈ ਕਿਸੇ ਅੱਗੇ ਹੱਥ ਕਿਉਂ ਅੱਡਣ!

ਕਿੰਨੀ ਬੇਸ਼ਰਮੀ ਨਾਲ ਆਖ ਦਿਤਾ ਜਾਂਦਾ ਹੈ ਕਿ ਉਹ ਕਿਸੇ ਸਰਕਾਰੀ/ਵਪਾਰਕ ਅਦਾਰੇ ਦੇ ਪੱਕੇ ਮੁਲਾਜ਼ਮ ਨਹੀਂ ਹਨ, ਇਸ ਲਈ ਉਨ੍ਹਾਂ ਨੂੰ ਪੈਨਸ਼ਨ, ਗਰੈਚੁਇਟੀ, ਮੈਡੀਕਲ ਅਤੇ ਹਾਊਸ ਰੈਂਟ ਵਰਗੀਆਂ ਸਹੂਲਤਾਂ ਨਹੀਂ ਮਿਲਣਗੀਆਂ। ਉਹ ਤਾਂ ਹਰ ਰੋਜ਼ ਅੱਠ ਤੋਂ ਸੋਲਾਂ ਘੰਟੇ ਕੰਮ ਕਰਦੇ ਹਨ। ਫਿਰ ਉਹ ਕੱਚੇ ਕਿਵੇਂ ਹੋਏ; ਕੱਚੇ ਤਾਂ ਉਨ੍ਹਾਂ ਦੇ ਮਾਲਕ ਹੋਏ ਜੋ ਹਰ ਰੋਜ਼ ਬਦਲਦੇ ਹਨ। ਜਿਹੜੇ ਲੋਕ ਇਹ ਆਖਦੇ ਹਨ ਕਿ ਇਥੇ ਉਨ੍ਹਾਂ ਦਾ ਰਾਸ਼ਨ ਕਾਰਡ ਨਹੀਂ, ਉਨ੍ਹਾਂ ਨੂੰ ਪ੍ਰਧਾਨ ਮੰਤਰੀ ਮੋਦੀ ਦੇ ਡਿਜੀਟਲ ਇੰਡੀਆ ਵਿਚ ਕੋਈ ਚੰਗਾ ਬਹਾਨਾ ਢੂੰਡਣਾ ਚਾਹੀਦਾ ਸੀ। ਕੰਮ 'ਤੇ ਰਖਵਾਉਣ ਵਾਲੇ ਠੇਕੇਦਾਰਾਂ ਤੋਂ ਲੈ ਕੇ ਮੁਲਕ ਦੇ ਕਾਨੂੰਨ ਤੱਕ ਹਰ ਕੋਈ ਇਨ੍ਹਾਂ ਨਾਲ ਠੱਗੀ ਮਾਰ ਰਿਹਾ ਹੈ। ਜੇ ਕੋਈ ਅਦਾਰਾ/ਘਰ ਕਿਸੇ ਮਜ਼ਦੂਰ ਨੂੰ ਇਕ ਦਿਨ ਲਈ ਵੀ ਦਿਹਾੜੀ 'ਤੇ ਰੱਖਦਾ ਹੈ ਤਾਂ ਉਸ ਮਜ਼ਦੂਰ ਦੇ ਖਾਤੇ ਵਿਚ ਉਸ ਇਕ ਦਿਨ ਦੇ ਫੰਡ (ਗਰੈਚੁਇਟੀ, ਪਰਾਵੀਡੰਟ ਫੰਡ, ਮੈਡੀਕਲ ਅਤੇ ਹਾਊਸ ਰੈਂਟ ਆਦਿ) ਜਮ੍ਹਾਂ ਹੋਣੇ ਚਾਹੀਦੇ ਹਨ। ਉਸੇ ਹਿਸਾਬ ਨਾਲ ਸਰਕਾਰ ਆਪਣਾ ਹਿੱਸਾ ਪਾਵੇ। ਕਾਨੂੰਨ ਵਿਚ ਇਸ ਛੋਟੀ ਜਿਹੀ ਤਬਦੀਲੀ ਨਾਲ ਹੀ ਇਨ੍ਹਾਂ ਦੀ ਸਮਾਜਕ ਸੁਰੱਖਿਆ ਅਤੇ ਮਾਨ-ਸਨਮਾਨ ਦਾ ਮਸਲਾ ਬਹੁਤ ਹੱਦ ਤੱਕ ਹੱਲ ਹੋ ਜਾਵੇਗਾ।

ਇਹ ਕਾਨੂੰਨੀ ਤਬਦੀਲੀ ਇਸ ਲਈ ਵੀ ਜ਼ਰੂਰੀ ਹੈ, ਕਿਉਂਕਿ ਦਿਹਾੜੀਦਾਰਾ ਕੰਮ ਹੁਣ ਹੇਠਲੇ ਪੱਧਰ ਦੇ ਕਾਮਿਆਂ ਤੱਕ ਸੀਮਤ ਰਹਿਣ ਵਾਲਾ ਨਹੀਂ। ਨੌਕਰੀ ਵਿਭਿੰਨ ਕਾਰਜਾਂ ਵਿਚ ਵੰਡੀ ਜਾ ਰਹੀ ਹੈ। ਰੁਟੀਨ ਕਾਰਜ ਰੋਬੋ ਕਰਨਗੇ। ਬਾਕੀ ਬਚਦੇ ਕਾਰਜ, ਉਨ੍ਹਾਂ ਕਾਰਜਾਂ ਵਿਚ ਨਿਪੁੰਨ ਹੁਨਰਮੰਦ ਕਾਮਿਆਂ ਵਿਚ ਵੰਡ ਹੋ ਜਾਣਗੇ। ਇਹ ਵੀ ਜ਼ਰੂਰੀ ਨਹੀਂ ਕਿ ਇਕ ਸੰਸਥਾ ਲਈ ਕੰਮ ਕਰਨ ਵਾਲੇ ਸਾਰੇ ਹੁਨਰਮੰਦ ਕਾਮੇ ਇਕੋ ਥਾਂ ਬੈਠ ਕੇ ਕੰਮ ਕਰਨ। ਆਪਣੇ ਘਰਾਂ ਵਿਚ ਬੈਠ ਕੇ, ਦੂਰੋਂ ਕੰਮ ਕਰਨ ਵਾਲੇ ਆਜ਼ਾਦ ਅਤੇ ਖੁਦਮੁਖਤਾਰ ਰੀਮੋਟ ਵਰਕਰ ਵੀ ਹੋ ਸਕਦੇ ਹਨ। ਕਿਸੇ ਵੀ ਕਾਰਜ ਨੂੰ ਵਧੇਰੇ ਕੁਸ਼ਲਤਾ ਨਾਲ ਕਰਨ ਲਈ ਨਿਤ ਨਵੇਂ ਹੁਨਰਾਂ ਦੀ ਲੋੜ ਪੈਣ ਵਾਲੀ ਹੈ। ਇਸ ਲਈ ਲਰਨਿੰਗ ਅਤੇ ਟਰੇਨਿੰਗ ਕਿਰਤ ਦਾ ਅਨਿਖੜਵਾਂ ਅੰਗ ਬਣ ਜਾਣਗੇ। ਵਧੇਰੇ ਕੰਮ ਪ੍ਰੋਜੈਕਟਾਂ ਦੇ ਰੂਪ ਵਿਚ ਠੇਕੇ 'ਤੇ ਹੋਣ ਦੀ ਸੰਭਾਵਨਾ ਹੈ। ਹੁਨਰਮੰਦ ਕਾਮਾ ਆਪਣੇ ਆਪ ਵਿਚ ਸਟਾਰਟਅੱਪ ਕੰਪਨੀ ਵਿਚ ਰੂਪਾਂਤ੍ਰਿਤ ਹੋ ਰਿਹਾ ਹੈ।

ਪੰਜਾਬ ਵਿਚ ਝੋਨਾ ਲਾਉਣ ਦਾ ਮੌਸਮ ਸਿਰ 'ਤੇ ਹੈ। ਜਿਹੜੇ ਪਰਵਾਸੀ ਮਜ਼ਦੂਰਾਂ ਨੇ ਲਾਉਣਾ ਸੀ, ਉਨ੍ਹਾਂ ਵਿਚੋਂ ਬਹੁਤੇ ਵਾਪਸ ਚਲੇ ਗਏ। ਹਿੰਮਤ ਵਾਲਿਆਂ ਨੇ ਝੋਨਾ ਲਾਉਣ ਵਾਲੀਆਂ ਮਸ਼ੀਨਾਂ ਖਰੀਦ ਲਈਆਂ ਹਨ। ਲੇਬਰ ਉਪਰ ਨਿਰਭਰਤਾ ਘਟਾ ਕੇ ਪੰਜਾਬ ਨੇ ਆਟੋਮੇਸ਼ਨ ਵੱਲ ਅਗਲਾ ਕਦਮ ਪੁਟਣਾ ਸ਼ੁਰੂ ਕਰ ਦਿੱਤਾ ਹੈ। ਇਸੇ ਤਰ੍ਹਾਂ ਵਿਕਸਤ ਮੁਲਕਾਂ ਦੀ ਜਿਹੜੀ ਸਨਅਤ ਸਸਤੀ ਲੇਬਰ ਦੇ ਲਾਲਚ ਵਿਚ ਵਿਕਾਸਸ਼ੀਲ ਮੁਲਕਾਂ ਵਿਚ ਪਰਵਾਸ ਕਰ ਗਈ ਸੀ, ਉਸ ਨੇ ਵਾਪਸ ਆਉਣ ਲਈ ਰੋਬੋ ਤਕਨਾਲੋਜੀ ਨੂੰ ਸਸਤੀ ਲੇਬਰ ਦੇ ਬਦਲ ਵਜੋਂ ਦੇਖਣਾ ਸ਼ੁਰੂ ਕਰ ਦਿੱਤਾ ਹੈ। ਮਸਨੂਈ ਬੌਧਿਕਤਾ (ਆਰਟੀਫੀਸ਼ਲ ਇੰਟੈਲੀਜੈਂਸ) ਅਤੇ ਰੋਬੋ ਤਕਨਾਲੋਜੀ ਦੀ ਖੋਜ ਉਪਰ ਨਿਵੇਸ਼ ਵਧੇਗਾ। ਜਿਹੜੇ ਲੋਕ ਆਰਟੀਫੀਸ਼ਲ ਇੰਟੈਲੀਜੈਂਸ ਦਾ ਇਸ ਲਈ ਵਿਰੋਧ ਕਰ ਰਹੇ ਸਨ ਕਿ ਇਸ ਨਾਲ ਬੇਰੁਜ਼ਗਾਰੀ ਵਧੇਗੀ, ਉਨ੍ਹਾਂ ਦੀ ਹੁਣ ਕੋਈ ਨਹੀਂ ਸੁਣਨ ਵਾਲਾ। ਨਵੀਂ ਤਕਨਾਲੋਜੀ ਦੀ ਖੋਜ, ਸਿਖਿਆ ਅਤੇ ਟਰੇਨਿੰਗ ਵਿਚ ਨਿਵੇਸ਼ ਅਤੇ ਨਵੇਂ ਮਾਈਂਡ ਸੈਟ ਦਾ ਨਿਰਮਾਣ ਹੀ ਭਵਿਖ ਵਿਚ ਮੁਲਕਾਂ ਦੀ ਹੋਣੀ ਤੈਅ ਕਰਨਗੇ।

ਇਹ ਲੋਕ ਰੁਲਣ ਵੀ ਕਿਉਂ ਨਾ! ਭਾਰਤ ਦੀ ਕੁਲ ਪੂੰਜੀ ਦਾ 77 ਪ੍ਰਤੀਸ਼ਤ ਹਿੱਸਾ ਤਾਂ ਉਪਰਲੇ ਇਕ ਪ੍ਰਤੀਸ਼ਤ ਅਮੀਰ ਲੋਕ ਸਾਂਭੀ ਬੈਠੇ ਹਨ। ਅਮੀਰ ਗਰੀਬ ਵਿਚਲਾ ਇਹ ਪਾੜਾ ਘਟਣ ਦੀ ਥਾਂ ਤੇਜ਼ੀ ਨਾਲ ਵਧ ਰਿਹਾ ਹੈ। ਸੜਕਾਂ 'ਤੇ ਨਿਕਲੇ ਤਾਂ ਇਨ੍ਹਾਂ ਦੀ ਕਹਾਣੀ ਮੀਡੀਆ ਦੀ ਮਜਬੂਰੀ ਬਣ ਗਈ। ਝੁਗੀਆਂ ਵਿਚ ਤਾਂ ਉਸੇ ਦਿਨ ਤੋਂ ਸੜ ਰਹੇ ਸਨ ਜਿਸ ਦਿਨ ਇਨ੍ਹਾਂ ਲੋਕਾਂ ਨੇ ਇਕ ਪ੍ਰਤੀਸ਼ਤ ਲੋਕਾਂ ਦੇ ਸਵਰਗ ਦੀ ਸਿਰਜਣਾ ਕਰਨ ਲਈ, ਉਨ੍ਹਾਂ ਤੋਂ ਬਦਲੇ ਵਿਚ ਮਿਲਣ ਵਾਲੇ ਨਰਕ ਨੂੰ ਕਬੂਲ ਕਰ ਲਿਆ ਸੀ।

ਲੌਕਡਾਊਨ ਦੌਰਾਨ ਇਹ ਝੁਗੀਆਂ ਤੋਂ ਬਾਹਰ ਮੁਜ਼ਾਹਰਾ ਕਰਨ ਲਈ ਨਹੀਂ, ਰੋਟੀ ਦੀ ਤਲਾਸ਼ ਵਿਚ ਨਿਕਲੇ ਸਨ। ਜਦੋਂ ਤਲਾਸ਼ ਦੇ ਨਾਲ-ਨਾਲ ਆਸ ਵੀ ਮੁਕ ਗਈ ਤਾਂ ਆਪੋ-ਆਪਣੀ ਗਠੜੀ ਵਿਚ ਪੂਰਾ ਘਰ ਸਮੇਟ ਕੇ ਭੁਖਣ ਭਾਣੇ ਪਿੰਡਾਂ ਨੂੰ ਤੁਰ ਪਏ। ਸ਼ਹਿਰਾਂ ਕੋਲ ਇਨ੍ਹਾਂ ਨੂੰ ਦੇਣ ਲਈ ਅਨਾਜ ਤਾਂ ਬਹੁਤ ਸੀ, ਸਰਕਾਰੀ ਗੋਦਾਮ ਭਰੇ ਪਏ ਸਨ ਪਰ ਇਨ੍ਹਾਂ ਵਿਚ ਢਿਡ ਭਰ ਕੇ ਖਾਣ ਜੋਗਾ ਅਨਾਜ ਖਰੀਦਣ ਦੀ ਸਮਰੱਥਾ ਨਹੀਂ ਸੀ। ਇਨ੍ਹਾਂ ਵਿਚ ਕਿਉਂਕਿ ਅਨਾਜ ਖਰੀਦਣ ਦੀ ਸਮਰੱਥਾ ਨਹੀਂ ਸੀ, ਇਸ ਲਈ ਸਰਕਾਰ ਨੇ ਵਾਧੂ ਪਏ ਅਨਾਜ ਨੂੰ ਸੜਨ ਤੋਂ ਬਚਾਉਣ ਲਈ ਸੈਨੇਟਾਈਜ਼ਰ ਬਣਾਉਣ ਵਾਸਤੇ ਇਸਤੇਮਾਲ ਕਰਨ ਦਾ ਫੈਸਲਾ ਕਰ ਲਿਆ। ਇਨ੍ਹਾਂ ਦੀ ਭੁਖਮਰੀ ਦਾ ਕਾਰਨ ਅਨਾਜ ਦੀ ਘਾਟ ਨਹੀਂ, ਇਨ੍ਹਾਂ ਦੀ ਗਰੀਬੀ ਹੈ। ਜਿੰਨਾ ਖਰਚ ਅਸੀਂ ਪਾਲਤੂ ਕੁੱਤਿਆਂ ਦੀ ਖੁਰਾਕ 'ਤੇ ਕਰਦੇ ਹਾਂ, ਉਸ ਤੋਂ ਵੀ ਘੱਟ ਪੈਸਿਆ ਨਾਲ ਇਨ੍ਹਾਂ ਦੀ ਰੋਟੀ ਅਤੇ ਰਹਾਇਸ਼ ਦਾ ਪ੍ਰਬੰਧ ਕੀਤਾ ਜਾ ਸਕਦਾ ਸੀ। ਭੁਖਮਰੀ ਤੇ ਗਰੀਬੀ ਵਸੀਲਿਆਂ ਦੀ ਘਾਟ ਵਿਚੋਂ ਨਹੀਂ, ਗੰਦੀ ਸਿਆਸਤ ਵਿਚੋਂ ਪੈਦਾ ਹੁੰਦੀ ਹੈ।

ਸਿਆਸਤ ਨੂੰ ਕੋਸਣ ਨਾਲੋਂ ਇਹ ਸੋਚਣਾ ਵਧੇਰੇ ਜ਼ਰੂਰੀ ਹੈ ਕਿ ਅਨਾਜ ਸਸਤਾ ਕਿਵੇਂ ਹੋਵੇ ਅਤੇ ਮਜ਼ਦੂਰਾਂ ਦੀ ਆਮਦਨ ਕਿਵੇਂ ਵਧਾਈ ਜਾਵੇ। ਅਨਾਜ ਦੇ ਪੈਦਾਵਾਰੀ ਖਰਚੇ ਘਟਾਉਣੇ ਅਤੇ ਮਜ਼ਦੂਰਾਂ ਦੀ ਆਮਦਨ ਵਧਾਉਣੀ, ਦੋਵੇਂ ਤਕਨਾਲੋਜੀ ਦੇ ਵਿਕਾਸ ਨਾਲ ਜੁੜੇ ਹੋਏ ਮਸਲੇ ਹਨ। ਇਸ ਲਈ ਹੱਲ ਹੋ ਸਕਦੇ ਹਨ ਪਰ ਥੌਮਸ ਪਿਕਟੀ ਆਪਣੀਆਂ ਜਗਤ ਪ੍ਰਸਿਧ ਪੁਸਤਕਾਂ 'ਕੈਪੀਟਲ ਇਨ ਟਵੈਂਟੀ ਫਸਟ ਸੈਂਚਰੀ' (2013) ਅਤੇ 'ਕੈਪੀਟਲ ਐਂਡ ਆਈਡੀਓਲੋਜੀ' (2020) ਵਿਚ ਆਪਣੇ ਅਧਿਐਨ ਰਾਹੀਂ ਸਪਸ਼ਟ ਕਰਦੇ ਹਨ ਕਿ ਨਵ-ਉਦਾਰਵਾਦੀ ਪੈਦਾਵਾਰੀ ਪ੍ਰਬੰਧ ਵਿਚ ਪੂੰਜੀ ਦੇ ਕਿਰਾਏ ਵਿਚ ਵਾਧੇ ਦੀ ਦਰ ਆਰਥਿਕ ਵਿਕਾਸ ਵਿਚ ਵਾਧੇ ਦੀ ਦਰ ਨਾਲੋਂ ਜ਼ਿਆਦਾ ਹੁੰਦੀ ਹੈ। ਇਸੇ ਕਰਕੇ ਵਰਤਮਾਨ ਸਮਿਆਂ ਵਿਚ ਆਰਥਕ ਨਾਬਰਾਬਰੀ ਬਹੁਤ ਤੇਜ਼ੀ ਨਾਲ ਵਧ ਰਹੀ ਹੈ। ਪਿਕਟੀ ਦੇ ਸੁਝਾਵਾਂ ਜਿਨ੍ਹਾਂ ਦੀ ਅੱਗੇ ਜਾ ਕੇ



ਗੱਲ ਕਰਾਂਗੇ, ਅਨੁਸਾਰ ਇਸ ਸਮੱਸਿਆ ਨੂੰ ਕੇਵਲ ਪਰੋਗਰੈਸਿਵ ਵੈਲਥ ਟੈਕਸ ਦੀਆਂ ਰਾਜਨੀਤਕ ਤਜ਼ਵੀਜ਼ਾਂ ਰਾਹੀਂ ਹੱਲ ਕੀਤਾ ਜਾ ਸਕਦਾ ਹੈ। ਸੋ, ਪੈਦਾਵਾਰ ਵਿਚ ਵਾਧੇ ਨਾਲ ਮਜ਼ਦੂਰਾਂ ਦੀ ਸਮੱਸਿਆ ਘਟੇਗੀ ਨਹੀਂ, ਵਧ ਸਕਦੀ ਹੈ। ਕੇਵਲ ਰਾਜਨੀਤਕ ਪੱਧਰ ਤੇ, ਕਰ ਪਾਲਸੀਆਂ ਵਿਚ ਤਬਦੀਲੀ ਨਾਲ, ਵੈਲਥ ਦੀ ਮੁੜ-ਵੰਡ ਰਾਹੀਂ ਹੀ ਸਮਾਜਕ ਨਿਆਂ ਦਾ ਸਿਲਸਿਲਾ ਸ਼ੁਰੂ ਹੋ ਸਕਦਾ ਹੈ। ਜਿਵੇਂ ਵਿਕਾਸ ਤੋਂ ਵੱਧ ਵਿਕਾਸ ਦੀਆਂ ਪ੍ਰਾਪਤੀਆਂ ਦੀ ਨਿਆਇਕ ਵੰਡ ਜ਼ਰੂਰੀ ਹੈ, ਉਸੇ ਤਰ੍ਹਾਂ ਮਨੁੱਖੀ ਗੌਰਵ ਦੀ ਪ੍ਰਾਪਤੀ ਲਈ ਇਸ ਨਿਆਇਕ ਵੰਡ ਨੂੰ ਜਾਰੀ ਰੱਖਣ ਵਾਸਤੇ ਵਿਦਿਅਕ ਸੁਧਾਰ ਸਭ ਤੋਂ ਜ਼ਰੂਰੀ ਹਨ।

ਜਿਸ ਸਮਾਜ ਵਿਚ ਕੇਵਲ ਰੋਜ਼ੀ ਰੋਟੀ ਹੀ ਨਹੀਂ, ਸਿਖਿਆ ਅਤੇ ਸਿਹਤ ਸੇਵਾਵਾਂ ਵਰਗੀਆਂ ਮੁਢਲੀਆਂ ਜ਼ਰੂਰਤਾਂ ਵੀ ਹਰ ਕਿਸੇ ਦੀ ਪਹੁੰਚ ਵਿਚ ਹੋਣ ਅਤੇ ਜਿਹੜਾ ਸਮਾਜ ਆਪਣਾ ਨਿਰਮਾਣ ਕਰਨ ਵਾਲੇ ਸਮਾਜ-ਸਭਿਆਚਾਰਕ ਅਤੇ ਆਰਥਕ ਰਾਜਨੀਤਕ ਫੈਸਲਿਆਂ ਵਿਚ ਸਭਨਾਂ ਦੀ ਬਰਾਬਰ ਭਾਈਵਾਲੀ ਨੂੰ ਯਕੀਨੀ ਬਣਾਵੇ, ਕੇਵਲ ਉਸੇ ਨੂੰ ਹੀ ਨਿਆਇਕ ਸਮਾਜ ਦਾ ਨਾਮ ਦਿਤਾ ਜਾ ਸਕਦਾ ਹੈ।

**9. ਸਮਾਜਕ ਪੂੰਜੀਵਾਦ:** ਇਕੱਲੇ ਵਿਅਕਤੀ ਦੀ ਮਿਹਨਤ ਨਾਲ ਨਹੀਂ, ਧਨ ਹਮੇਸ਼ਾ ਸਮਾਜਕ ਪ੍ਰਕਿਰਿਆ ਰਾਹੀਂ ਹੀ ਇਕੱਠਾ ਹੁੰਦਾ ਹੈ। ਕਾਨੂੰਨੀ, ਵਿੱਤੀ ਅਤੇ ਸਿਖਿਆ ਪ੍ਰਣਾਲੀਆਂ ਦੇ ਯੋਗਦਾਨ ਅਤੇ ਗਿਆਨ/ਤਕਨਾਲੋਜੀ ਦੇ ਵਿਕਾਸ ਵਿਚ ਲੱਗੀ ਸਦੀਆਂ ਦੀ ਮਿਹਨਤ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਜਿਸ ਭਾਈਚਾਰੇ ਦੀ ਸਹਾਇਤਾ ਨਾਲ ਅਮੀਰ ਲੋਕਾਂ ਨੇ ਏਨਾ ਧਨ ਇਕੱਤਰ ਕੀਤਾ ਹੈ, ਕੀ ਉਸ ਭਾਈਚਾਰੇ ਪ੍ਰਤੀ ਇਨ੍ਹਾਂ ਦਾ ਕੋਈ ਫਰਜ਼ ਨਹੀਂ ਬਣਦਾ। ਕੀ ਇਕੱਤਰ ਕੀਤੇ ਪੂੰਜੀ ਦੇ ਭੰਡਾਰਾਂ ਵਿਚੋਂ ਕੁਝ ਰਕਮ ਸਮਾਜ ਨੂੰ ਵਾਪਸ ਕਰਨਾ ਇਨ੍ਹਾਂ ਦੀ ਨੈਤਿਕ ਜ਼ਿੰਮੇਵਾਰੀ ਨਹੀਂ ਬਣਦੀ। ਵਰਤਮਾਨ ਸਮਿਆਂ ਵਿਚ ਮਾਨਵ-ਪੂੰਜੀ ਪੈਦਾਵਾਰ ਦਾ ਮੁਖ ਸਾਧਨ ਬਣ ਗਈ ਹੈ। ਇਸ ਲਈ ਖੋਜ, ਸਿੱਖਿਆ, ਸੱਭਿਆਚਾਰ ਅਤੇ ਸਿਹਤ ਸੰਭਾਲ ਵਿਚ ਕੀਤੇ ਜਾਣ ਵਾਲੇ ਨਿਵੇਸ਼ ਦਾ ਲਾਭ ਤਾਂ ਆਖਰ ਵਿਚ ਇਨ੍ਹਾਂ ਲੋਕਾਂ ਨੂੰ ਹੀ ਹੋਣ ਵਾਲਾ ਹੈ।

ਵੀਹਵੀਂ ਸਦੀ ਦੇ ਸ਼ੁਰੂ ਤੱਕ ਦਸ ਪ੍ਰਤੀਸ਼ਤ ਲੋਕ 80 ਤੋਂ 90 ਪ੍ਰਤੀਸ਼ਤ ਦੌਲਤ ਦੇ ਮਾਲਕ ਸਨ। ਬਹੁਤੇ ਮੁਲਕਾਂ ਵਿਚ ਤਾਂ ਇਕ ਪ੍ਰਤੀਸ਼ਤ ਲੋਕ 60 ਤੋਂ 70 ਪ੍ਰਤੀਸ਼ਤ ਦੌਲਤ ਸਾਂਭੀ ਬੈਠੇ ਸਨ ਪਰ 1914-1945 ਦੇ ਸੰਕਟ ਨੇ ਦੁਨੀਆਂ ਨੂੰ ਨਵੇਂ ਰਾਹਾਂ 'ਤੇ ਚੱਲਣ ਲਈ ਮਜਬੂਰ ਕਰ ਦਿੱਤਾ। ਦੂਸਰੇ ਵਿਸ਼ਵ ਯੁਧ ਤੋਂ ਬਾਅਦ ਹਾਲਤ ਬਦਲ ਗਈ। ਉਪਰਲੇ ਦਸ ਪ੍ਰਤੀਸ਼ਤ ਲੋਕਾਂ ਕੋਲ 50 ਤੋਂ 60 ਪ੍ਰਤੀਸ਼ਤ ਅਤੇ ਇਕ ਪ੍ਰਤੀਸ਼ਤ ਕੋਲ ਪੂੰਜੀ ਦਾ ਕੇਵਲ 20 ਤੋਂ 30 ਪ੍ਰਤੀਸ਼ਤ ਹਿੱਸਾ ਹੀ ਰਹਿ ਗਿਆ। ਆਰਥਕ ਨਾਬਰਾਬਰੀ ਘਟਣ ਨਾਲ ਵਿਕਾਸ ਦੀ ਦਰ ਵਧਣ ਲੱਗ ਪਈ। ਇਸ ਗੱਲ ਨੇ ਸਾਬਤ ਕਰ ਦਿਤਾ ਸੀ ਕਿ ਪੂੰਜੀ ਦਾ ਕੁਝ ਹੱਥਾਂ ਵਿਚ ਕੇਂਦ੍ਰਿਤ ਹੋਣਾ ਆਰਥਕ ਅਤੇ ਸਨਅਤੀ ਵਿਕਾਸ ਦੀ ਸ਼ਰਤ ਨਹੀਂ ਹੈ। ਇਸ ਦੇ ਉਲਟ ਸਿਖਿਆ, ਸਿਹਤ ਸੰਭਾਲ ਅਤੇ ਸੁਖੀ ਜੀਵਨ ਸਨਅਤੀ ਵਿਕਾਸ ਦੀ ਸ਼ਰਤ ਬਣ ਗਏ ਸਨ।

ਥੈਚਰ-ਰੀਗਨ ਕਾਲ ਵਿਚ 1980ਵਿਆਂ ਤੋਂ ਬਾਅਦ ਕਹਾਣੀ ਫਿਰ ਉਲਟ ਗਈ। ਅਮਰੀਕਾ, ਰੂਸ, ਭਾਰਤ ਅਤੇ ਚੀਨ ਵਰਗੇ ਮੁਲਕਾਂ ਵਿਚ ਪੂੰਜੀ ਗਿਣੇ ਚੁਣੇ ਪਰਿਵਾਰਾਂ ਦੇ ਹੱਥਾਂ ਵਿਚ ਕੇਂਦ੍ਰਿਤ ਹੋ ਰਹੀ ਸੀ ਪਰ ਜਰਮਨੀ ਵਰਗੇ ਯੂਰਪ ਦੇ ਬਹੁਤੇ ਮੁਲਕਾਂ ਨੇ ਆਰਥਕ ਨਾਬਰਾਬਰੀ ਨੂੰ ਬਹੁਤਾ ਵਧਣ ਨਹੀਂ ਸੀ ਦਿੱਤਾ।

2007-2008 ਦੇ ਵਿਤੀ ਸੰਕਟ ਬਾਅਦ ਹੀ ਅਰਥ ਸ਼ਾਸਤਰੀਆਂ ਨੇ ਭਾਵੇਂ ਨਵ-ਉਦਾਰਵਾਦੀ ਪਾਲਸੀਆਂ ਉਪਰ ਉਂਗਲੀ ਉਠਾਉਣੀ ਸ਼ੁਰੂ ਕਰ ਦਿਤੀ ਸੀ ਪਰ ਕਰੋਨਾ ਸੰਕਟ ਤੋਂ ਬਾਅਦ ਤਾਂ ਵਧ ਰਹੇ ਸਮਾਜਕ ਅਨਿਆਂ ਨੂੰ ਠੱਲ੍ਹ ਪਾਉਣੀ ਹਰ ਕਿਸੇ ਦੇ ਏਜੰਡੇ 'ਤੇ ਆ ਗਈ ਹੈ। ਪੂੰਜੀਵਾਦ ਦੇ ਵਰਤਮਾਨ ਦੌਰ ਵਿਚ ਮਾਨਵ-ਪੂੰਜੀ ਹੀ ਆਰਥਕ ਵਿਕਾਸ ਦਾ ਮੁਖ ਸਾਧਨ ਬਣ ਰਹੀ ਹੈ, ਇਸ ਲਈ ਮਾਨਵ ਵਸੀਲਿਆਂ ਦੀ ਸਿਰਜਣਾਤਮਿਕ, ਬੌਧਿਕ, ਮਾਨਸਿਕ, ਭਾਵਾਤਮਿਕ, ਸਰੀਰਕ, ਸਭਿਆਚਾਰਕ ਅਤੇ ਨੈਤਿਕ ਉਨਤੀ ਦਾ ਉਤਰ-ਕਰੋਨਾ ਯੁਗ ਵਿਚ ਪੂੰਜੀਵਾਦੀ ਵਿਕਾਸ ਦਾ ਅਗਲੇਰਾ ਮਾਰਗ ਬਣਨਾ ਤੈਅ ਹੈ।

ਬਹੁਤ ਸਾਰੇ ਅਰਥ ਸ਼ਾਸਤਰੀਆਂ, ਖਾਸ ਕਰਕੇ ਥੌਮਸ ਪਿਕਟੀ ਦੇ ਮੱਤ ਅਨੁਸਾਰ, ਸਿਖਰਾਂ ਛੋਹ ਰਹੀ ਆਰਥਕ ਨਾਬਰਾਬਰੀ ਤੋਂ ਮੋੜਾ ਪਾਉਣ ਲਈ ਵਿਰਾਸਤ ਅਤੇ ਆਮਦਨੀ ਉਪਰ ਟੈਕਸਾਂ ਵੱਲ ਵਾਪਸੀ ਜ਼ਰੂਰੀ ਹੋ ਗਈ ਹੈ। ਵੀਹਵੀਂ ਸਦੀ ਵਿਚ ਅਮਰੀਕਾ ਅਤੇ ਇੰਗਲੈਂਡ ਅੰਦਰ ਵੱਡੇ ਧਨਾਢਾਂ ਦੀ ਆਮਦਨ ਅਤੇ ਜਾਇਦਾਦ ਉਪਰ 70 ਤੋਂ 90 ਪ੍ਰਤੀਸ਼ਤ ਟੈਕਸ ਦਾ ਪ੍ਰਬੰਧਨ ਸੀ। ਅੱਜਕਲ੍ਹ ਅਰਥ ਸ਼ਾਸਤਰੀਆਂ ਦੀ ਇਹ ਰਾਇ ਬਣ ਰਹੀ ਹੈ ਕਿ ਆਰਥਕ ਸੰਕਟ ਤੋਂ ਬਾਹਰ ਆਉਣ ਲਈ ਵਿਰਾਸਤੀ ਟੈਕਸ ਦੇ ਨਾਲ ਜਾਇਦਾਦ ਉਪਰ ਅਗਾਂਹਵਧੂ ਸਾਲਾਨਾ ਟੈਕਸ ਦਾ ਪ੍ਰਬੰਧ ਵਧੇਰੇ ਜ਼ਰੂਰੀ ਹੋ ਗਿਆ ਹੈ। ਵਿਰਾਸਤੀ ਟੈਕਸ ਨੂੰ ਘਟਾ ਕੇ ਜਾਇਦਾਦ 'ਤੇ 1 ਤੋਂ 2 ਪ੍ਰਤੀਸ਼ਤ ਸਾਲਾਨਾ ਟੈਕਸ ਭਰਨਾ ਧਨਾਢਾਂ ਨੂੰ ਵੀ ਸੌਖਾ ਲੱਗੇਗਾ।

ਇਸ ਪ੍ਰਬੰਧਨ ਰਾਹੀਂ ਇਕੱਤਰ ਹੋਈ ਦੌਲਤ ਨੂੰ ਪੱਚੀ ਸਾਲ ਦੀ ਉਮਰ ਵਾਲੇ ਨੌਜੁਆਨਾਂ ਵਿਚ ਬਰਾਬਰ ਵੰਡਿਆ ਜਾ ਸਕਦਾ ਹੈ। ਜੇ ਹਰ ਨੌਜੁਆਨ ਨੂੰ ਔਸਤਨ ਕੌਮੀ ਜਾਇਦਾਦ ਦਾ ਦੋ ਤਿਹਾਈ ਹੀ ਮਿਲ ਜਾਵੇ ਤਾਂ ਵੀ ਉਹ ਬਿਨਾ ਪਰਿਵਾਰਕ ਦਖਲਅੰਦਾਜ਼ੀ ਦੇ ਆਪਣੀ ਮਨਮਰਜ਼ੀ ਦਾ ਕਾਰੋਬਾਰ ਸ਼ੁਰੂ ਕਰ ਸਕਦਾ ਹੈ। ਨੌਜੁਆਨਾਂ ਦੀ ਵੱਡੇ ਪੱਧਰ 'ਤੇ ਸਿਰਜਣਾਤਮਿਕ ਸ਼ਮੂਲੀਅਤ ਨਾਲ ਸਮਾਜ, ਕਾਰੋਬਾਰ ਅਤੇ ਅਰਥਚਾਰੇ ਨੂੰ ਨਵੀਂ ਸ਼ਕਤੀ ਅਤੇ ਉਤਸ਼ਾਹ ਮਿਲੇਗਾ। ਮੈਂ ਕੋਈ ਨਵੀਂ ਗੱਲ ਨਹੀਂ ਕਰ ਰਿਹਾ। ਥੌਮਸ ਪੇਨ ਨੇ ਆਪਣੀ ਪੁਸਤਕ 'ਅਗਰੇਰੀਅਨ ਜਸਟਿਸ' (1795) ਰਾਹੀਂ ਵੱਡੇ ਧਨਾਢਾਂ ਉਪਰ ਵਿਰਾਸਤੀ ਟੈਕਸ ਲਗਾ ਕੇ ਗਰੀਬਾਂ ਦੀ ਰੋਜ਼ੀ ਰੋਟੀ ਦਾ ਪ੍ਰਬੰਧ ਕਰਨ ਦੀ ਗੱਲ ਸ਼ੁਰੂ ਕਰ ਦਿੱਤੀ ਸੀ। ਹਾਰਵਰਡ ਯੂਨੀਵਰਸਟੀ ਦੇ ਪ੍ਰੋਫੈਸਰ ਐਂਥਨੀ ਐਟਕਿਨਸਨ ਨੇ ਆਪਣੀ ਪੁਸਤਕ 'ਇਨਈਕੁਐਲਿਟੀ' (2015) ਵਿਚ ਵਿਰਾਸਤੀ ਟੈਕਸ ਰਾਹੀਂ ਯੂਥ ਸ਼ਕਤੀਕਰਨ ਦੇ ਪ੍ਰੋਗਰਾਮ ਸ਼ੁਰੂ ਕਰਨ ਦੀ ਜੋ ਤਜਵੀਜ਼ ਪੇਸ਼ ਕੀਤੀ ਸੀ, ਉਸੇ ਨੂੰ ਆਧਾਰ ਬਣਾ ਕੇ ਥੌਮਸ ਪਿਕਟੀ ਨੇ ਆਪਣੀ ਪੁਸਤਕ 'ਕੈਪੀਟਲ ਐਂਡ ਆਈਡੀਆਲਿਜੀ' (2020) ਵਿਚ ਕਰ ਦੀਆਂ ਨਵੀਆਂ ਪਾਲਸੀਆਂ ਦੀ ਤਜਵੀਜ਼ ਪੇਸ਼ ਕੀਤੀ ਹੈ।

ਜੇ ਵਿਰਾਸਤੀ ਟੈਕਸ ਅਤੇ ਬਹੁਤ ਥੋੜ੍ਹੇ ਸਾਲਾਨਾ ਜਾਇਦਾਦ ਟੈਕਸ ਰਾਹੀਂ ਕੌਮੀ ਆਮਦਨ ਦਾ ਕੇਵਲ ਪੰਜ ਪ੍ਰਤੀਸ਼ਤ ਹਿਸਾ ਹੀ ਇਕੱਠਾ ਕਰ ਲਿਆ ਜਾਵੇ ਤਾਂ ਵੀ ਹਰ ਨੌਜੁਆਨ ਨੂੰ ਔਸਤਨ ਕੌਮੀ ਜਾਇਦਾਦ ਦਾ 70 ਪ੍ਰਤੀਸ਼ਤ ਹਿੱਸਾ ਮਿਲ ਜਾਵੇਗਾ। ਇਸ ਨਾਲ ਉਹ ਸਹਿਜੇ ਹੀ ਆਪਣਾ ਕੰਮ ਸ਼ੁਰੂ ਕਰ ਸਕਦਾ ਹੈ। ਇਕ ਤਰ੍ਹਾਂ ਨਾਲ ਜਾਇਦਾਦ ਵਿਚ ਸਾਂਝ ਪੈਣ ਵਾਲੀ ਗੱਲ ਹੈ। ਇਸੇ ਲਈ ਥੌਮਸ ਪਿਕਟੀ ਇਨ੍ਹਾਂ ਤਜਵੀਜ਼ਾਂ ਨੂੰ ਸਹਿਯੋਗੀ ਸਮਾਜਵਾਦ (ਪਾਰਟੀਸੀਪੇਟਰੀ ਸੋਸ਼ਲਿਜ਼ਮ) ਦਾ ਨਾਮ ਦਿੰਦੇ ਹਨ। ਮੈਂ ਇਸ ਨੂੰ ਸਮਾਜਕ ਪੂੰਜੀਵਾਦ (ਸੋਸ਼ਲ ਕੈਪੀਟਲਿਜ਼ਮ) ਹੀ ਆਖਾਂਗਾ। ਲੱਖ ਇਛਾਈਆਂ ਅਤੇ ਭਲਾਈਆਂ ਦੇ ਬਾਵਜੂਦ ਮਾਨਵ-ਪੂੰਜੀ ਦੇ ਵਿਕਾਸ ਅਤੇ ਆਪਸੀ ਸਹਿਯੋਗ ਨੂੰ ਅੰਤਿਮ ਰੂਪ ਵਿਚ ਤਾਂ ਪੂੰਜੀ ਦੇ ਵਿਸਤਾਰ ਲਈ ਹੀ ਵਰਤਿਆ ਜਾ ਰਿਹਾ ਹੈ। ਸਮਾਜਕ ਪੂੰਜੀਵਾਦ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਵੀ ਕਈ ਹੋਰ ਸ਼ਰਤਾਂ ਹਨ। ਜਿਵੇਂ ਆਪਾਂ ਪਹਿਲਾਂ ਵੀ ਚਰਚਾ ਕਰ ਆਏ ਹਾਂ, ਇਸ ਤਬਦੀਲੀ ਦਾ ਆਧਾਰ ਤਾਂ ਮਾਨਵ-ਪੂੰਜੀ ਦਾ ਸਿਰਜਣਾਤਮਿਕ, ਬੌਧਿਕ, ਮਾਨਸਿਕ, ਭਾਵਾਤਮਿਕ, ਸਰੀਰਕ, ਸਭਿਆਚਾਰਕ ਅਤੇ ਨੈਤਿਕ ਵਿਕਾਸ ਹੀ ਹੈ, ਇਸ ਲਈ ਜੇ ਉਪਰੋਕਤ ਲੋੜਾਂ ਨੂੰ ਧਿਆਨ ਵਿਚ ਰੱਖਦੇ ਹੋਏ ਅਸੀਂ ਆਪਣੇ ਵਿਦਿਅਕ ਢਾਂਚੇ ਅਤੇ ਪ੍ਰਬੰਧਨ ਵਿਚ ਰੈਡੀਕਲ ਸੁਧਾਰ ਨਾ ਕੀਤੇ ਤਾਂ ਇਹ ਪੈਸਾ ਵੀ ਵਿਅਰਥ ਹੀ ਚਲਾ ਜਾਵੇਗਾ। ਲੋੜੀਂਦੇ ਨਤੀਜੇ ਪੈਦਾ ਨਹੀਂ ਕਰ ਸਕੇਗਾ। ਸਮਾਜਕ ਪੂੰਜੀਵਾਦ ਲਈ ਬੌਧਿਕ ਪੂੰਜੀਵਾਦ ਦਾ ਸਾਥ ਜ਼ਰੂਰੀ ਹੈ। ਦੋਹਾਂ ਨੂੰ ਅਲੱਗ-ਅਲੱਗ ਕਰਕੇ ਤਾਂ ਸ਼ਾਇਦ ਦੇਖਿਆ ਹੀ ਨਹੀਂ ਜਾ ਸਕਦਾ।

ਜਾਇਦਾਦ ਦੀ ਸਾਂਝ ਦੇ ਨਾਲ-ਨਾਲ ਸਰਕਾਰੀ ਅਤੇ ਗੈਰ-ਸਰਕਾਰੀ ਅਦਾਰਿਆਂ ਦੇ ਪ੍ਰਬੰਧ ਦੀ ਸਾਂਝ ਵੀ ਆਵੱਸ਼ਕ ਹੈ। ਕਿਸੇ ਵੀ ਆਰਥਕ, ਰਾਜਨੀਤਕ ਅਤੇ ਸਭਿਆਚਾਰਕ ਫੈਸਲੇ ਰਾਹੀਂ ਪ੍ਰਭਾਵਿਤ ਹੋਣ ਵਾਲੇ ਲੋਕਾਂ ਦੀ ਉਸ ਫੈਸਲੇ ਵਿਚ ਸ਼ਮੂਲੀਅਤ ਜ਼ਰੂਰੀ ਹੋ ਜਾਂਦੀ ਹੈ। ਪਰਵਾਸੀ ਮਜ਼ਦੂਰਾਂ ਨੂੰ ਬਾਹਰ ਰੱਖ ਕੇ ਭਾਰਤ ਬੰਦ ਦੇ ਨੌਕਰਸ਼ਾਹੀ ਫੈਸਲੇ ਨੇ ਮੁਲਕ ਦਾ ਕਿੰਨਾ ਨੁਕਸਾਨ ਕੀਤਾ ਹੈ, ਅਨੁਮਾਨ ਵੀ ਨਹੀਂ ਲਾਇਆ ਜਾ ਸਕਦਾ।

ਪ੍ਰਾਈਵੇਟ ਸਨਅਤੀ ਅਦਾਰਿਆਂ ਦੇ ਪ੍ਰਬੰਧ ਵਿਚ ਮਜ਼ਦੂਰ ਜਮਾਤ ਦੀ ਸ਼ਮੂਲੀਅਤ ਜਰਮਨ ਅਤੇ ਉਤਰੀ ਯੂਰਪ ਦੇ ਮੁਲਕਾਂ ਦੀ ਪਰੰਪਰਾ ਰਹੀ ਹੈ। ਇਸ ਨੂੰ ਵਿਭਿੰਨ ਧਿਰਾਂ ਦੀ ਸ਼ਮੂਲੀਅਤ ਅਤੇ ਵਿਕੇਂਦਰੀਕਰਨ ਉਪਰ ਆਧਾਰਿਤ ਸਮਾਜਕ ਪੂੰਜੀਵਾਦ ਦਾ ਮਾਡਲ ਕਿਹਾ ਜਾ ਸਕਦਾ ਹੈ। ਇਸ ਦੇ ਸਾਹਮਣੇ ਖੜ੍ਹਾ ਹੈ ਕੇਂਦਰੀ ਰਾਜ ਸੱਤਾ ਦੀ ਮਲਕੀਅਤ ਵਾਲਾ ਉਹ ਮਾਡਲ, ਜਿਸ ਨੂੰ ਸੋਵੀਅਤ ਯੂਨੀਅਨ ਅਤੇ ਹੋਰ ਕਮਿਊਨਿਸਟ ਮੁਲਕਾਂ ਵਿਚ ਸਮਾਜਵਾਦੀ ਪ੍ਰਬੰਧ ਦੇ ਨਾਮ ਹੇਠ ਉਸਾਰਿਆ ਗਿਆ ਸੀ। ਇਸ ਨੂੰ ਸਟੇਟ ਕੈਪੀਟਲਿਜ਼ਮ ਕਹਿਣਾ ਵਧੇਰੇ ਵਾਜਬ ਰਹੇਗਾ। ਸਾਡੀ ਸਮਝ ਮੁਤਾਬਕ ਮੌਜੂਦਾ ਹਾਲਾਤ ਵਿਚ ਸਮਾਜਕ ਪੂੰਜੀਵਾਦ ਵਾਲੇ ਮਾਡਲ ਦੀਆਂ ਅਗਾਊਂ ਸੰਭਾਵਨਾਵਾਂ ਨੂੰ ਹੀ ਵਾਚਿਆ ਜਾਣਾ ਚਾਹੀਦਾ ਹੈ।

ਜਰਮਨ ਅਤੇ ਉਤਰੀ ਯੂਰਪ ਦੀਆਂ ਕੰਪਨੀਆਂ ਦੇ ਪ੍ਰਬੰਧ ਵਿਚ 1950ਵਿਆਂ ਤੋਂ ਹੀ ਮਜ਼ਦੂਰ ਜਮਾਤ ਦੀ ਭਾਈਵਾਲੀ ਚਲ ਰਹੀ ਹੈ। ਜਰਮਨ ਕੰਪਨੀਆਂ ਵਿਚ ਅੱਧੇ ਅਤੇ ਸਵੀਡਨ ਦੀਆਂ ਕੰਪਨੀਆਂ ਵਿਚ ਇਕ ਤਿਹਾਈ ਡਾਇਰੈਕਟਰ ਮਜ਼ਦੂਰ ਜਮਾਤ ਚੁਣ ਕੇ ਭੇਜਦੀ ਹੈ। ਪ੍ਰਬੰਧਕੀ ਮਾਮਲਿਆਂ ਵਿਚ ਇਸ ਸ਼ਮੂਲੀਅਤ ਦਾ ਲਾਭ ਕੇਵਲ ਮਜ਼ਦੂਰ ਜਮਾਤ ਨੂੰ ਹੀ ਨਹੀਂ ਹੋਇਆ, ਸ਼ੇਅਰ ਹੋਲਡਰਾਂ ਦੇ ਵਕਤੀ ਮਨਸੂਬਿਆਂ ਨੂੰ ਉਲੰਘ ਕੇ ਲੰਮੇ ਦਾਅ ਵਾਲੀਆਂ ਨੀਤੀਆਂ ਨੂੰ ਅੱਗੇ ਲਿਆਉਣ ਨਾਲ ਕੰਪਨੀਆਂ ਨੂੰ ਸ਼ਾਇਦ ਵਧੇਰੇ ਲਾਭ ਹੋਇਆ ਹੈ। ਮਾਲਕਾਂ ਅਤੇ ਮਜ਼ਦੂਰਾਂ, ਦੋਹਾਂ ਲਈ ਮੁਨਾਫੇ ਵਾਲਾ ਸੌਦਾ ਸਾਬਤ ਹੋਇਆ ਹੈ।

ਸਰਮਾਏਦਾਰ ਕੰਪਨੀਆਂ ਦੇ ਪ੍ਰਬੰਧ ਵਿਚ ਮਜ਼ਦੂਰ ਜਮਾਤ ਦੀ ਸ਼ਮੂਲੀਅਤ ਆਪਣੇ ਤੌਰ 'ਤੇ ਇਕੱਲਿਆਂ ਸਮਾਜਕ ਪੂੰਜੀਵਾਦ ਦੇ ਨਿਰਮਾਣ ਦਾ ਆਧਾਰ ਨਹੀਂ ਬਣ ਸਕਦੀ। ਇਸੇ ਲਈ ਜਰਮਨੀ ਅਤੇ ਸਵੀਡਨ ਵਰਗੇ ਮੁਲਕਾਂ ਦੀਆਂ ਕੰਪਨੀਆਂ ਵਿਚ ਮਜ਼ਦੂਰ ਜਮਾਤ ਦੀ ਚੰਗੀ ਚੋਖੀ ਸ਼ਮੂਲੀਅਤ ਵੀ ਉਥੇ ਸਮਾਜਕ ਤਬਦੀਲੀ ਦਾ ਅਮਲ ਸ਼ੁਰੂ ਨਹੀਂ ਕਰ ਸਕੀ। ਸਮੂਚੇ ਸਮਾਜ, ਖਾਸ ਕਰਕੇ ਕਿਰਤੀ ਜਮਾਤ ਅੰਦਰ ਜਨਤਕ ਬੋਧ ਅਤੇ ਸਿਰਜਣ ਸ਼ਕਤੀ ਦਾ ਉਭਾਰ ਜ਼ਰੂਰੀ ਸ਼ਰਤ ਹੈ। ਇਹ ਉਭਾਰ ਸਮਾਜ ਵਿਚ ਜਮਹੂਰੀ ਅਤੇ ਸਮਾਜਕ ਨਿਆਂ ਦੀਆਂ ਪ੍ਰੰਪਰਾਵਾਂ ਦੇ ਨਿਰਮਾਣ ਲਈ ਹੀ ਨਹੀਂ, ਆਰਥਕ ਵਿਕਾਸ ਲਈ ਵੀ ਓਨਾ ਹੀ ਜ਼ਰੂਰੀ ਹੈ। ਇਸੇ ਲਈ ਕਿਹਾ ਸੀ, ਹੁਣ ਦੁਹਰਾ ਰਿਹਾ ਹਾਂ ਕਿ ਸਮਾਜਕ ਪੂੰਜੀਵਾਦ ਅਤੇ ਬੌਧਿਕ ਪੂੰਜੀਵਾਦ ਇਕੋ ਸਿੱਕੇ ਦੇ ਦੋ ਪਾਸੇ ਹਨ ਜਿਨ੍ਹਾਂ ਦੀ ਇਕ ਦੂਸਰੇ ਬਿਨਾ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਦੋਹਾਂ ਦਾ ਮੂੱਲ ਗਿਆਨ, ਤਕਨਾਲੋਜੀ, ਸਹਿਕਾਰਤਾ, ਸਿਰਜਣਾ ਅਤੇ ਜਨਤਕ ਬੋਧ ਵਿਚ ਪਿਆ ਹੈ ਜੋ ਕੇਵਲ ਵਿਦਿਅਕ ਸੁਧਾਰਾਂ ਰਾਹੀਂ ਹੀ ਪ੍ਰਾਪਤ ਹੋ ਸਕਦੀ ਹੈ।

*(ਚਲਦਾ)*

# ਪੁੱਤਾਂ ਨੂੰ ਪਿਓ ਦੀ ਬੜੀ ਲੋੜ ਹੁੰਦੀ ਏ

## ਪਿਤਾ ਦਿਵਸ 'ਤੇ



**ਸ਼ੰਕਰ ਮਹਿਰਾ, ਲੁਧਿਆਣਾ**
ਫੋਨ: 91-99888-98227

ਸਮਾਜ ਵਿਚ ਵਿਚਰਦਿਆਂ ਮਨੁੱਖ ਕਈ ਰਿਸ਼ਤੇ ਨਿਭਾਉਂਦਾ ਹੈ। ਇਨ੍ਹਾਂ ਵਿਚੋਂ ਪਿਉ-ਪੁੱਤ ਦਾ ਰਿਸ਼ਤਾ ਬੜਾ ਅਹਿਮ ਹੈ। ਜਿੱਥੇ ਮਾਂ ਦੀ ਬੱਚੇ ਨੂੰ ਰੱਬ ਜਿਹੀ ਦੇਣ ਹੁੰਦੀ ਹੈ, ਉਥੇ ਪਿਤਾ ਦਾ ਵੀ ਬੱਚੇ ਦੀ ਜ਼ਿੰਦਗੀ ਵਿਚ ਖਾਸ ਰੋਲ ਹੁੰਦਾ ਹੈ। ਮਾਂ ਬੱਚੇ ਨੂੰ ਨੌਂ ਮਹੀਨੇ ਪੇਟ ਵਿਚ ਰੱਖ ਕੇ ਆਪਣੇ ਲਹੂ ਨਾਲ ਸਿੰਜਦੀ ਹੈ, ਪਿਤਾ ਬੱਚੇ ਨੂੰ ਦਿਮਾਗ ਵਿਚ ਪਾਲਦਾ ਹੈ। ਮਾਂ ਸਾਨੂੰ ਜੀਵਨ ਦਿੰਦੀ ਹੈ ਤੇ ਪਿਤਾ ਸਾਡਾ ਜੀਵਨ ਸੰਵਾਰਦਾ ਹੈ। ਮਾਂ ਬੱਚੇ ਦੀ ਜਾਨ ਦੀ ਫਿਕਰ ਕਰਦੀ ਹੈ, ਪਿਤਾ ਉਸ ਦੇ ਭਵਿੱਖ ਪ੍ਰਤੀ ਫਿਕਰਮੰਦ ਹੁੰਦਾ ਹੈ। ਪਿਤਾ ਦਾ ਭਾਵੇਂ ਅਧਿਕਾਰ ਅਤੇ ਅਨੁਸ਼ਾਸਨੀ ਰੋਅਬ ਪਰਿਵਾਰ ਵਿਚ ਮੰਨਿਆ ਗਿਆ ਹੈ, ਪਰ ਹਿਰਦੇ ਤੋਂ ਪਿਤਾ ਵੀ ਬਹੁਤ ਕੋਮਲ ਭਾਵੀ ਹੁੰਦਾ ਹੈ। ਉਸ ਦਾ ਵੀ ਆਪਣੇ ਬੱਚਿਆਂ ਪ੍ਰਤੀ ਪਿਆਰ ਮਾਂ ਨਾਲੋਂ ਕਿਸੇ ਤਰ੍ਹਾਂ ਘੱਟ ਨਹੀਂ ਹੁੰਦਾ, ਪਰ ਉਸ ਨੂੰ ਪ੍ਰਗਟਾਉਣ ਦਾ ਵੱਲ ਮਾਂ ਜਿੰਨਾ ਨਹੀਂ।

ਪਿਓ ਲੋਰੀ ਵੀ ਹੈ, ਮੋਹ ਭਿੱਜੀ ਘੂਰੀ ਵੀ; ਪਿਓ ਰਾਗ ਵੀ ਹੈ, ਤੋਤਲੇ ਬੋਲ ਵੀ; ਪਿਓ ਗਢ਼ੀਰਾ ਵੀ ਹੈ, ਘਨੇੜੀ ਵੀ। ਪਿਤਾ ਸਿਰਫ ਬੱਚੇ ਨੂੰ ਜਨਮ ਹੀ ਨਹੀਂ ਦਿੰਦਾ, ਸਗੋਂ ਉਸ ਦਾ ਪਾਲਣ ਪੋਸ਼ਣ ਵਧੀਆ ਤੋਂ ਵਧੀਆ ਤਰੀਕੇ ਨਾਲ ਕਰਨ ਲਈ ਸਾਰੀ ਉਮਰ ਸਖਤ ਮਿਹਨਤ ਕਰਦਾ ਹੈ ਤਾਂ ਜੋ ਬੱਚਿਆਂ ਨੂੰ ਦੁਨੀਆਂ ਦੀ ਹਰ ਸੁਖ ਸਹੂਲਤ ਦੇ ਸਕੇ। ਉਨ੍ਹਾਂ ਨੂੰ ਚੰਗੀ ਸਿੱਖਿਆ ਦਿੰਦਾ ਹੈ। ਉਨ੍ਹਾਂ ਦੀ ਸੁਖ ਸਹੂਲਤ ਲਈ ਅਤੇ ਉਨ੍ਹਾਂ ਦਾ ਭਵਿੱਖ ਸੰਵਾਰਨ ਲਈ ਉਹ ਹਰ ਤਰ੍ਹਾਂ ਦਾ ਤਿਆਗ ਕਰਦਾ ਹੈ। ਆਪਣੇ ਬੱਚੇ ਦਾ ਭਵਿੱਖ ਸੰਵਾਰਨ ਲਈ ਆਪਣਾ ਵਰਤਮਾਨ ਕੁਰਬਾਨ ਕਰ ਦਿੰਦਾ ਹੈ। ਬਾਪ ਦਾ ਹੱਥ ਢਾਲ ਬਣ ਕੇ ਬੱਚੇ ਦੇ ਹਮੇਸ਼ਾ ਅੰਗ-ਸੰਗ ਰਹਿੰਦਾ ਹੈ, ਕਦੀ ਸਿਰ ਥੱਲੇ ਸਿਰਹਾਣਾ ਬਣ ਕੇ ਅਤੇ ਕਦੀ ਸਿਰ 'ਤੇ ਅਸ਼ੀਰਵਾਦ ਬਣ ਕੇ। ਬੱਚੇ ਦੇ ਜਨਮ ਤੋਂ ਹੀ ਪਿਤਾ ਉਸ ਦੇ ਵੱਡੇ ਹੋਣ, ਸਿੱਖਿਆ, ਨੌਕਰੀ, ਵਿਆਹ ਤਕ ਦੇ ਸੁਪਨੇ ਦੇਖ ਲੈਂਦਾ ਹੈ। ਉਹ ਆਪਣੀਆਂ ਜ਼ਿੰਮੇਵਾਰੀਆਂ ਨੂੰ ਧਿਆਨ 'ਚ ਰੱਖਦਾ ਹੈ। ਉਹ ਆਪਣੇ ਬੱਚੇ ਨੂੰ ਚੰਗੇ-ਮਾੜੇ ਦੀ ਪਰਖ ਕਰਨਾ, ਮੁਸੀਬਤਾਂ ਦਾ ਸਾਹਮਣਾ ਕਰਨਾ ਸਿਖਾਉਂਦਾ ਹੈ।

ਇਕ ਪਿਤਾ ਰਾਹ ਦਸੇਰਾ ਜਾਂ ਮਾਰਗ ਦਰਸ਼ਕ ਬਣ ਕੇ ਆਪਣੇ ਬੱਚਿਆਂ ਨੂੰ ਦੁਨੀਆਂ ਨਾਲ ਜਾਣੂ ਕਰਵਾਉਂਦਾ ਹੈ; ਗੁਰੂ ਬਣ ਕੇ ਗਿਆਨ ਦਿੰਦਾ ਹੈ, ਮਿੱਤਰ ਬਣ ਕੇ ਮੁਸੀਬਤ 'ਚ ਚੱਟਾਨ ਵਾਂਗ ਖੜ੍ਹਾ ਹੁੰਦਾ ਹੈ; ਲੋੜ ਪੈਣ 'ਤੇ ਹਨੇਰੇ 'ਚ ਪ੍ਰਕਾਸ਼ ਥੰਮ੍ਹ ਬਣ ਜਾਂਦਾ ਹੈ ਅਤੇ ਬੱਚਿਆਂ ਨੂੰ ਉਨ੍ਹਾਂ ਸਭ ਮੁਸੀਬਤਾਂ ਤੇ ਕਮਜ਼ੋਰੀਆਂ ਤੋਂ ਦੂਰ ਰੱਖਣਾ ਚਾਹੁੰਦਾ ਹੈ, ਜਿਸ ਨੂੰ ਉਹ ਆਪਣੇ ਬਚਪਨ 'ਚ ਝੱਲ ਚੁਕਾ ਹੁੰਦਾ ਹੈ। ਹਰ ਬਾਪ ਆਪਣੇ ਬੱਚਿਆਂ ਪ੍ਰਤੀ ਫਿਕਰਮੰਦ ਹੁੰਦਾ ਹੈ ਤੇ ਉਨ੍ਹਾਂ ਨੂੰ ਹਰ ਖੁਸ਼ੀ ਦੇਣ ਦੀ ਕੋਸ਼ਿਸ਼ ਕਰਦਾ ਹੈ। ਉਸ ਦੇ ਜਿਹੜੇ ਸੁਪਨੇ ਆਪਣੇ ਜੀਵਨ 'ਚ ਅਧੂਰੇ ਰਹਿ ਗਏ ਹੁੰਦੇ ਹਨ, ਉਹ ਆਪਣੇ ਬੱਚਿਆਂ ਰਾਹੀਂ ਪੂਰੇ ਹੁੰਦੇ ਦੇਖਣਾ ਚਾਹੁੰਦਾ ਹੈ।

ਜਦੋਂ ਬੱਚਾ ਆਪਣੇ ਪਿਤਾ ਦੀ ਉਂਗਲੀ ਫੜ ਕੇ ਤੁਰਨਾ ਸਿੱਖਦਾ ਹੈ ਤਾਂ ਅਜਿਹੇ ਪਲਾਂ ਵਿਚ ਪਿਤਾ ਦੀ ਖੁਸ਼ੀ ਦੂਣ ਸਵਾਈ ਹੋ ਜਾਂਦੀ ਹੈ। ਪਿਤਾ ਬੱਚੇ ਨੂੰ ਉਸ ਦੀਆਂ ਕੀਤੀਆਂ ਗਲਤੀਆਂ ਲਈ ਟੋਕਦਾ ਹੈ ਤਾਂ ਜੋ ਬੱਚਾ ਜ਼ਿੰਦਗੀ ਦੀਆਂ ਕੁਰਾਹਾਂ ਤੋਂ ਬਚਿਆ ਰਹੇ। ਪਿਤਾ ਦੀ ਘੁਰਕੀ ਵਿਚ ਵੀ ਲਾਡ ਦੀ ਮਹਿਕ ਹੁੰਦੀ ਹੈ, ਜੋ ਜ਼ਿੰਦਗੀ ਦੀਆਂ ਮੁਸੀਬਤਾਂ ਝੱਲਣ ਦੇ ਸਮਰੱਥ ਬਣਾਉਂਦੀ ਹੈ। ਬੱਚੇ ਦੀਆਂ ਗਲਤੀਆਂ ਨੂੰ ਪਿਤਾ ਭੁਲਾ ਕੇ ਉਸ ਨੂੰ ਫਿਰ ਪਿਆਰ ਭਰੀ ਗਲਵੱਕੜੀ ਵਿਚ ਲੈ ਲੈਂਦਾ ਹੈ ਅਤੇ ਭਵਿੱਖ ਵਿਚ ਆਪਣੀ ਭੁੱਲ ਸੁਧਾਰਨ ਦੀ ਸਲਾਹ ਦਿੰਦਾ ਹੈ।

ਗੁਰੂ ਅਰਜਨ ਦੇਵ ਫੁਰਮਾਉਂਦੇ ਹਨ,
ਜੈਸਾ ਬਾਲਕੁ ਭਾਇ ਸੁਭਾਈ
ਲਖ ਅਪਰਾਧ ਕਮਾਵੈ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ
ਬਹੁੜਿ ਪਿਤਾ ਗਲਿ ਲਾਵੈ॥

ਪਿਤਾ ਦੀ ਦੁਤਕਾਰ ਵਿਚ ਵੀ ਉਸ ਦਾ ਪਿਆਰ ਛਿਪਿਆ ਹੁੰਦਾ ਹੈ। ਸਿਆਣੇ ਕਹਿੰਦੇ ਹਨ-ਮਾਪਿਆਂ ਦੀਆਂ ਗਾਲ੍ਹਾਂ, ਘਿਓ ਦੀਆਂ ਨਾਲਾਂ।

ਮਾਂ ਦੇ ਦੁਲਾਰ ਅਤੇ ਪਿਤਾ ਦੀ ਡਾਂਟ-ਫਿਟਕਾਰ ਰੂਪੀ ਪਿਆਰ ਨਾਲ ਬੱਚਾ ਵੱਡਾ ਹੁੰਦਾ ਹੈ। ਸ਼ਾਇਦ ਇਸੇ ਕਰਕੇ ਬੱਚਾ ਵਧੇਰੇ ਆਪਣੀ ਮਾਂ ਦੇ ਨੇੜੇ ਹੁੰਦਾ ਹੈ, ਪਿਤਾ ਦਾ ਸੁਭਾਅ ਨਾਰੀਅਲ ਜਿਹਾ ਹੁੰਦਾ ਹੈ-ਬਾਹਰੋਂ ਸਖਤ ਅਤੇ ਅੰਦਰੋਂ ਨਰਮ। ਸ਼ਾਇਦ ਇਸੇ ਕਰਕੇ ਪਿਤਾ ਨੂੰ ਮਾਂ ਨਾਲੋਂ ਵੱਧ ਜ਼ਿੰਦਗੀ ਦੇ ਕੌੜੇ ਯਥਾਰਥਾਂ ਦਾ ਗਿਆਨ ਹੁੰਦਾ ਹੈ। ਪਿਤਾ ਦੀ ਡਾਂਟ ਘੁਮਿਆਰ ਦੀ ਉਸ ਚੋਟ ਵਾਂਗ ਹੁੰਦੀ ਹੈ, ਜੋ ਉਹ ਆਪਣੇ ਭਾਂਡੇ ਨੂੰ ਇਸ ਲਈ ਦਿੰਦਾ ਹੈ ਤਾਂ ਜੋ ਉਹ ਕਿਸੇ ਘਰ ਦਾ ਸ਼ਿੰਗਾਰ ਬਣ ਸਕੇ। ਇਸ ਪਿੱਛੇ ਪਿਤਾ ਦਾ ਇੱਕੋ ਇੱਕ ਮਕਸਦ ਇਹ ਹੁੰਦਾ ਹੈ ਕਿ ਉਸ ਦਾ ਬੱਚਾ ਜ਼ਿੰਦਗੀ ਵਿਚ ਕੋਈ ਚੰਗਾ ਮੁਕਾਮ ਹਾਸਿਲ ਕਰ ਸਕੇ। ਔਲੇ ਦਾ ਖਾਧਾ ਅਤੇ ਸਿਆਣੇ ਦਾ ਕਿਹਾ ਪਿਛੋਂ ਸਮਝ ਆਉਂਦਾ ਹੈ।

ਜ਼ਿੰਦਗੀ ਦੀਆਂ ਜੋ ਮੌਜਾਂ, ਬਹਾਰਾਂ, ਬੇਫਿਕਰੀ, ਲਾਪ੍ਰਵਾਹੀ ਭਰੇ ਪਲ ਬੱਚਾ ਆਪਣੇ ਮਾਤਾ-ਪਿਤਾ ਦੇ ਸਿਰ 'ਤੇ ਗੁਜ਼ਾਰ ਲੈਂਦਾ ਹੈ, ਉਹ ਮੌਜ ਬਹਾਰਾਂ ਮੁੜ ਕੇ ਨਹੀਂ ਮਿਲ ਸਕਦੀਆਂ। ਕਿਸੇ ਨੇ ਸੱਚ ਹੀ ਕਿਹਾ ਹੈ,

ਮਾਂ ਬਿਨ ਨਾ ਕੋਈ ਘਰ ਬਣਦਾ ਏ
ਪਿਉ ਬਿਨ ਨਾ ਕੋਈ ਤਾਜ।
ਮਾਂ ਦੇ ਸਿਰ 'ਤੇ ਐਸ਼ਾਂ ਹੁੰਦੀਆਂ
ਪਿਉ ਦੇ ਸਿਰ 'ਤੇ ਰਾਜ।

ਜਦੋਂ ਪਿਓ ਦੀ ਜੁੱਤੀ ਪੁੱਤ ਦੇ ਪੈਰ ਵਿਚ ਆਉਣ ਲੱਗ ਜਾਵੇ ਤਾਂ ਉਹ ਦੋਸਤ ਵਾਂਗ ਬਣ ਜਾਂਦਾ ਹੈ। ਪੁੱਤ ਚਾਹੇ ਜਿੰਨਾ ਮਰਜੀ ਵੱਡਾ ਅਫਸਰ ਹੋਵੇ, ਪਰ ਪਿਓ ਦੀ ਥਾਂ ਕਦੇ ਨਹੀਂ ਲੈ ਸਕਦਾ। ਪਿਓ ਨਾ ਹੋਣ ਦਾ ਦੁੱਖ ਤਾਂ ਉਹੀ ਦੱਸ ਸਕਦਾ ਹੈ, ਜਿਸ ਦੇ ਸਿਰ ਤੋਂ ਪਿਓ ਦਾ ਹੱਥ ਉਠ ਜਾਂਦਾ ਹੈ। ਮਾਪਿਆਂ ਦੀ ਅਣਹੋਂਦ ਵਿਚ ਉਸ ਬੱਚੇ ਦੀ ਸ਼ਖਸੀਅਤ ਪੂਰਨ ਵਿਕਸਿਤ ਨਹੀਂ ਹੋ ਸਕਦੀ, ਜਿਸ ਨੂੰ ਮਾਂ ਜਾਂ ਪਿਤਾ ਦੇ ਪਿਆਰ ਤੋਂ ਵਾਂਝਾ ਰਹਿਣਾ ਪਿਆ ਹੋਵੇ। ਪਿਓ ਬਾਰੇ ਇੱਕ ਗੀਤਕਾਰ ਨੇ ਲਿਖਿਆ ਹੈ,

ਰੁੱਖਾਂ ਦੀ ਜੜ੍ਹਾਂ ਨਾਲ, ਪੰਛੀ ਦੀ ਪਰਾਂ ਨਾਲ
ਗੱਲ ਗੂੜ੍ਹੇ ਰਿਸ਼ਤੇ ਦੀ ਜੋੜ ਹੁੰਦੀ ਏ,
ਪੁੱਤਾਂ ਨੂੰ ਪਿਓ ਦੀ ਬੜੀ ਲੋੜ ਹੁੰਦੀ ਏ।

ਪਿਓ ਦੇ ਚਲੇ ਜਾਣ ਪਿਛੋਂ ਹੀ ਉਸ ਦੀਆਂ ਕਮੀਆਂ ਮਹਿਸੂਸ ਹੁੰਦੀਆਂ ਹਨ। ਸੱਚ ਤਾਂ ਇਹ ਹੈ ਕਿ ਇੱਕ ਪਿਤਾ ਜੋ ਪਰਿਵਾਰ ਲਈ ਕਰਦਾ ਹੈ, ਉਹ ਹੋਰ ਕੋਈ ਪਰਿਵਾਰ ਦਾ ਜੀਅ ਨਹੀਂ ਕਰ ਸਕਦਾ। ਦੀਪ ਸਿੰਘ ਲੁਧਿਆਣਵੀ ਨੇ ਇੱਕ ਕਵਿਤਾ 'ਚ ਪਿਤਾ ਦੀ ਵਡਿਆਈ ਇਉਂ ਕੀਤੀ ਹੈ,

ਧੰਨ ਭਾਗ ਨੇ ਮੇਰੇ ਜੋ
ਦੇਵਤੇ ਘਰ ਜਨਮ ਲਿਆ
ਇੱਕੋ ਕੰਮ ਨੇਕ ਰਿਹਾ।
ਉਸ ਰੱਬ ਦੇ ਹੀ ਵਾਂਗੂੰ
ਨਿਰਸਵਾਰਥ ਇਹ ਦਾਤਾ
ਦਾਤਾਂ ਦੇ ਅਨੇਕ ਰਿਹਾ।
ਜੰਮਦਿਆਂ ਛੱਤ ਦਿੱਤੀ
ਲੀੜਾ-ਲੱਤਾ, ਅੰਨੁ ਦਿੱਤਾ
ਸਿਰ 'ਤੇ ਸਦਾ ਟੇਕ ਰਿਹਾ।
ਹੌਸਲੇ ਦੇ ਖੰਭ ਦਿੱਤੇ
ਗਿਆਨ ਦੇ ਨੇਤਰ ਦਿੱਤੇ
ਜਿਨ੍ਹਾਂ ਨਾਲ ਜਗ ਵੇਖ ਰਿਹਾ।
ਹਰ ਰੀਝ ਪੁਗਾਈ ਮੇਰੀ
ਹਰ ਜ਼ਿਦ ਓਸ ਨੇ ਮੰਨੀ
ਦੇਹ ਖੁਸ਼ੀ ਹਰੇਕ ਰਿਹਾ।
ਹਵਾ ਤੱਤੀ ਨਾ ਲੱਗੇ
ਓਹ ਸਦਾ ਹੀ ਸਿਰ ਉਤੇ
ਖੜਿਆ ਬਣ ਧਰੇਕ ਰਿਹਾ।
ਹਰ ਕਾਮਯਾਬੀ ਪਿੱਛੇ
ਓਸੇ ਦੀਆਂ ਨਸੀਹਤਾਂ
ਓਹ ਮਿਰੇ ਲਿਖ ਲੇਖ ਰਿਹਾ।




ਹਰ ਪਿਤਾ ਆਪਣੇ ਬੱਚਿਆਂ ਲਈ ਚੰਗਾ ਘਰ, ਚੰਗਾ ਪਹਿਰਾਵਾ, ਚੰਗੇ ਰਹਿਣ-ਸਹਿਣ ਲਈ ਸੁਖ-ਸਹੂਲਤਾਂ ਦਾ ਉਚਿਤ ਪ੍ਰਬੰਧ ਕਰਨ ਲਈ ਆਪਣੀ ਪੂਰੀ ਵਾਹ ਲਾ ਦਿੰਦਾ ਹੈ। ਆਪ ਉਹ ਸਾਈਕਲ ਉਤੇ ਸਾਰੀ ਉਮਰ ਕੱਟ ਲੈਂਦਾ ਹੈ, ਪਰ ਬੱਚਿਆਂ ਲਈ ਸੁਖ ਦੇਣ ਵਾਲੇ ਸਾਧਨਾਂ ਲਈ ਪੂਰੀ ਮਿਹਨਤ ਕਰਦਾ ਹੈ। ਉਹ ਆਪਣੇ ਬੱਚਿਆਂ ਲਈ ਆਪਣੀਆਂ ਭਾਵਨਾਵਾਂ, ਆਪਣੇ ਸੁਪਨੇ ਤੱਕ ਤਿਆਗ ਦਿੰਦਾ ਹੈ। ਉਹ ਬੱਚਿਆਂ ਦੇ ਵੇਖੇ ਸੁਪਨੇ ਵੀ ਬਿਨਾ ਦੱਸੇ ਹੀ ਪੂਰੇ ਕਰਨ ਲਈ ਜ਼ੋਰ ਲਾ ਦਿੰਦਾ ਹੈ। ਦਰਅਸਲ ਉਹ ਆਪਣੇ ਲਈ ਨਹੀਂ, ਸਗੋਂ ਸੁਪਨੇ ਵੀ ਆਪਣੇ ਬੱਚਿਆਂ ਲਈ ਹੀ ਵੇਖਦਾ ਹੈ। ਬਲਜੀਤ ਮਾਲਵੇ ਦਾ ਗਾਇਆ ਗੀਤ ਵੀ ਗਵਾਹੀ ਭਰਦਾ ਹੈ,

ਬਾਬਲ ਸਾਡਾ ਜਾਨ ਤੋੜ ਕੇ
ਕਰਦਾ ਰਿਹਾ ਕਮਾਈਆਂ ਜੀ।
ਬਈ ਸਾਡਾ ਕੰਮ ਸੀ ਬੁੱਲ੍ਹੇ ਵੱਢਣਾ
ਐਸ਼ਾਂ ਖੂਬ ਉਡਾਈਆਂ ਸੀ।
ਅਲਬੇਲੀ ਉਮਰ ਦੀਆਂ ਖੇਡਾਂ
ਚੇਤੇ ਆਉਂਦੀਆਂ ਬੜੀਆਂ।
ਉਹ ਮੌਜਾਂ ਭੁੱਲਣੀਆਂ ਨਹੀਂ
ਜੋ ਬਾਪੂ ਦੇ ਸਿਰ 'ਤੇ ਕਰੀਆਂ।

ਧੀਆਂ ਵੀ ਆਪਣੇ ਬਾਪ ਦੇ ਹੁੰਦਿਆਂ ਆਪਣੇ-ਆਪ ਨੂੰ ਸਭ ਤੋਂ ਵੱਧ ਸੁਰੱਖਿਅਤ ਸਮਝਦੀਆਂ ਹਨ। ਬਾਪ ਨਾਲ ਵੀ ਧੀਆਂ ਦੀ ਦੁੱਖ-ਸੁੱਖ ਦੀ ਸਾਂਝ ਹੁੰਦੀ ਹੈ। ਕੋਈ ਕੁੜੀ ਜਦੋਂ ਵਿਆਹੀ ਜਾਂਦੀ ਹੈ ਤਾਂ ਉਹ ਭਾਵੇਂ ਨਵੇਂ ਜੀਵਨ ਸਾਥੀ ਦੇ ਪਿਆਰ ਵਿਚ ਭਿੱਜ ਜਾਂਦੀ ਹੈ। ਨਵੇਂ ਟੱਬਰ ਵਿਚ ਰੁੱਝ ਜਾਂਦੀ ਹੈ, ਪਰ ਕਦੇ ਵੀ ਆਪਣੇ ਬਾਬਲ ਦਾ ਘਰ ਨਹੀਂ ਭੁੱਲਦੀ ਤੇ ਸਦਾ ਹੀ ਆਪਣੇ ਬਾਬਲ ਦੇ ਘਰ ਦੀ ਸੁੱਖ ਮਨਾਉਂਦੀ ਰਹਿੰਦੀ ਹੈ, "ਵਸਦਾ ਰਹੇ ਬਾਬੁਲ ਦਾ ਵਿਹੜਾ, ਧੀਆਂ ਦੀ ਇਹੀ ਦੁਆ।"

ਅਜਿਹੀ ਹੀ ਇੱਕ ਭਾਵਨਾ ਨੂੰ ਦਰਸਾਉਂਦੀ ਗੁਰਦੀਸ਼ ਕੌਰ ਗਰੇਵਾਲ ਦੀ ਕਵਿਤਾ ਹੈ,

ਸਿਰ ਉਤੇ ਹੱਥ ਧਰ, ਸੀਨੇ ਨਾਲ ਲਾਂਵਦਾ,
ਅਸੀਸ ਉਹਦੀ ਸੁਣ ਕੇ, ਕਲੇਜਾ ਠਰ ਜਾਂਵਦਾ,
ਦੁੱਖ-ਸੁੱਖ ਪੁੱਛਦਾ ਤੇ ਆਪਣਾ ਸੁਣਾਏ ਨੀਂ।
ਅੱਜ ਮੈਨੂੰ ਯਾਦ ਬੜੀ ਬਾਪ ਦੀ ਸਤਾਏ ਨੀਂ।

ਪੁੱਤਾਂ ਸਾਂਭ ਲੈਣੀਆਂ ਜ਼ਮੀਨਾਂ ਜਾਇਦਾਦਾਂ ਨੀ,
ਧੀਆਂ ਕੋਲ ਰਹਿਣਗੀਆਂ, ਮਿੱਠੀਆਂ ਤਾਂ ਯਾਦਾਂ ਨੀ,
'ਦੀਸ਼' ਨੇ ਤਾਂ ਮਾਪੇ ਸਦਾ, ਦਿਲ 'ਚ ਵਸਾਏ ਨੀ।
ਅੱਜ ਮੈਨੂੰ ਯਾਦ ਬੜੀ ਬਾਪ ਦੀ ਸਤਾਏ ਨੀਂ।

ਪੁਰਾਤਨ ਕਾਲ ਤੋਂ ਹੀ ਮਾਪਿਆਂ ਦੇ ਹੁਕਮ ਨੂੰ ਸਿਰ ਮੱਥੇ ਮੰਨਣਾ, ਉਸ ਉਤੇ ਅਮਲ ਕਰਨਾ ਅਤੇ ਜਿੱਥੋਂ ਤਕ ਹੋ ਸਕੇ, ਉਨ੍ਹਾਂ ਦੀ ਸੇਵਾ ਕਰਨਾ ਭਾਰਤੀ ਸਭਿਅਤਾ ਦਾ ਇੱਕ ਖੂਬਸੂਰਤ ਅੰਗ ਰਿਹਾ ਹੈ। ਉਪਨਿਸ਼ਦਾਂ ਵਿਚ "ਮਾਤ੍ਰ ਦੇਵੋ ਭਵ:, ਪਿਤ੍ਰ ਦੇਵੋ ਭਵ:" ਕਹਿ ਕੇ ਮਾਤਾ-ਪਿਤਾ ਨੂੰ ਦੇਵਤਿਆਂ ਬਰਾਬਰ ਰੁਤਬਾ ਦਿੱਤਾ ਗਿਆ ਹੈ।

ਪਿਤਾ ਦੇ ਆਦੇਸ਼ ਦਾ ਸਤਿਕਾਰ ਕਰਨ ਲਈ ਹੀ ਸ੍ਰੀ ਰਾਮ ਚੰਦਰ ਰਾਜ ਸਿੰਘਾਸਣ ਤਿਆਗ ਕੇ ਬਾਰਾਂ ਸਾਲ ਬਨਵਾਸ ਦੇ ਕਸ਼ਟ ਸਹਾਰਦੇ ਰਹੇ। ਪਿਤਾ ਦਾ ਸਤਿਕਾਰ ਕਰਦਿਆਂ ਹੀ ਸਰਵਣ ਆਪਣੇ ਅੰਨ੍ਹੇ ਮਾਪਿਆਂ ਨੂੰ ਤੀਰਥਾਂ 'ਤੇ ਘੁਮਾਉਂਦਾ ਫਿਰਿਆ ਅਤੇ ਇਸੇ ਦੌਰਾਨ ਹੀ ਆਪਣੀ ਜਾਨ ਵੀ ਗੁਆ ਬੈਠਾ।

ਪਿਓ ਨੇ ਆਪਣੀ ਸਾਰੀ ਉਮਰ ਹੀ ਆਪਣੇ ਬੱਚਿਆਂ ਲਈ ਲਾਈ ਹੁੰਦੀ ਹੈ। ਬਹੁਤ ਸਾਰੇ ਬਲੀਦਾਨ ਕਰਕੇ ਆਪਣੇ ਬੱਚਿਆਂ ਨੂੰ ਮੰਜ਼ਿਲ ਤੱਕ ਪਹੁੰਚਾਇਆ ਹੁੰਦਾ ਹੈ। ਉਸ ਨੂੰ ਬੁਢਾਪੇ ਵਿਚ ਵੱਧ ਤੋਂ ਵੱਧ ਸੁਖ-ਸਹੂਲਤਾਂ ਪ੍ਰਦਾਨ ਕਰਕੇ ਆਪਣਾ ਫਰਜ਼ ਅਦਾ ਕਰਨਾ ਚਾਹੀਦਾ ਹੈ। ਉਸ ਨੇ ਜੋ ਰੀਝਾਂ ਸਾਡੇ ਲਈ ਆਪਣੇ ਮਨ ਵਿਚ ਹੀ ਦਬਾ ਲਈਆਂ ਸਨ, ਸਾਨੂੰ ਉਸ ਦੀਆਂ ਉਹ ਰੀਝਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ। ਪਿਤਾ ਦਾ ਅਸਲੀ ਸਤਿਕਾਰ ਤਾਂ ਲਗਾਤਾਰ ਉਸ ਦੀ ਆਗਿਆ ਦਾ ਪਾਲਣ ਕਰਕੇ, ਬੁਢਾਪੇ ਵਿਚ ਉਸ ਦੀ ਸੇਵਾ ਕਰਕੇ, ਉਸ ਪ੍ਰਤੀ ਹਮੇਸ਼ਾ ਪਿਆਰ ਅਤੇ ਸਤਿਕਾਰ ਭਰੀ ਭਾਸ਼ਾ ਦਾ ਪ੍ਰਯੋਗ ਕਰਕੇ, ਬਜੁਰਗ ਅਵਸਥਾ ਵਿਚ ਉਸ ਦੀਆਂ ਲੋੜਾਂ ਦਾ ਧਿਆਨ ਰੱਖ ਕੇ ਅਤੇ ਆਪਣਾ ਵੱਧ ਤੋਂ ਵੱਧ ਸਮਾਂ ਉਸ ਨੂੰ ਦੇ ਕੇ ਹੀ ਕੀਤਾ ਜਾ ਸਕਦਾ ਹੈ। ਜਿਸ ਮਾਂ-ਬਾਪ ਨੇ ਬਚਪਨ ਵਿਚ ਉਂਗਲ ਫੜ ਕੇ ਤੁਹਾਨੂੰ ਚਲਣਾ ਸਿਖਾਇਆ, ਉਸ ਦਾ ਬੁੱਢੀ ਉਮਰ ਵਿਚ ਹੱਥ ਨਾ ਛੱਡੋ। ਮਾਪਿਆਂ ਦੀ ਅਸੀਸ ਬਟੋਰੋ। ਮਾਂ-ਬਾਪ ਪ੍ਰਤੀ ਹਮੇਸ਼ਾ ਅਹਿਸਾਨਮੰਦ ਰਹੀਏ ਅਤੇ ਉਨ੍ਹਾਂ ਪ੍ਰਤੀ ਕੋਈ ਵੀ ਐਸਾ ਵਤੀਰਾ ਨਾ ਅਪਨਾਈਏ, ਜਿਸ ਕਾਰਨ ਉਨ੍ਹਾਂ ਨੂੰ ਦੁਖੀ ਹੋਣਾ ਪਵੇ।

ਭਾਈ ਗੁਰਦਾਸ ਲਿਖਦੇ ਹਨ,
ਮਾਂ ਪਿਓ ਪਰਹਰਿ ਸੁਣੈ
ਵੇਦੁ ਭੇਦੁ ਨ ਜਾਣੈ ਕਹਾਣੀ।
ਮਾਂ ਪਿਓ ਪਰਹਰਿ ਕਰੈ
ਤਪੁ ਵਣਖੰਡਿ ਭੁਲਾ ਫਿਰੈ ਬਿਬਾਣੀ।
ਮਾਂ ਪਿਓ ਪਰਹਰਿ ਕਰੈ
ਪੂਜੁ ਦੇਵੀ ਦੇਵ ਨ ਸੇਵ ਸਮਾਣੀ।
ਮਾਂ ਪਿਓ ਪਰਹਰਿ ਨ੍ਹਾਵਣਾ
ਅਠਸਠਿ ਤੀਰਥ ਘੁੰਮਣ ਵਾਣੀ।
ਮਾਂ ਪਿਓ ਪਰਹਰਿ ਵਰਤ ਕਰਿ
ਮਰਿ ਮਰਿ ਜੰਮੈ ਭਰਮਿ ਭੁਲਾਣੀ।
ਮਾਂ ਪਿਓ ਪਰਹਰਿ ਕਰੈ
ਦਾਨ ਬੇਈਮਾਨ ਅਗਿਆਨ ਪਰਾਣੀ।
ਗੁਰ ਪਰਮੇਸਰੁ ਸਾਰੁ ਨ ਜਾਣੀ॥
(ਵਾਰ 37, ਪਉੜੀ 13ਵੀਂ)

ਭਾਈ ਗੁਰਦਾਸ ਕਹਿ ਰਹੇ ਹਨ, ਜੋ ਮਾਂ-ਪਿਉ ਨੂੰ ਛੱਡ ਕੇ ਬਹੁਤ ਵੱਡਾ ਧਰਮੀ ਹੋਣ ਦਾ ਦਾਅਵਾ ਕਰਦਾ ਫਿਰੇ, ਉਹ ਸਭ ਤੋਂ ਵੱਡਾ ਬੇਈਮਾਨ ਮਨੁੱਖ ਹੈ, ਜੋ ਮਾਂ-ਬਾਪ ਪ੍ਰਤੀ ਆਪਣੇ ਫਰਜ਼ਾਂ ਨੂੰ ਭੁੱਲ ਕੇ ਹੋਰ ਫੋਕੇ ਕਰਮਕਾਂਡਾਂ ਦਾ ਦਿਖਾਵਾ ਕਰਦਾ ਹੈ। ਜ਼ਰਾ ਆਪਣੇ ਅੰਦਰ ਝਾਤੀ ਮਾਰੀਏ।

ਮਾਂ ਬਾਪ ਦਾ ਸਾਡੀ ਜ਼ਿੰਦਗੀ ਵਿਚ ਅਹਿਮ ਸਥਾਨ ਹੈ, ਇਹ ਪਰਮਾਤਮਾ ਦੀ ਦਿੱਤੀ ਉਹ ਅਨਮੋਲ ਦਾਤ ਹੈ, ਜੋ ਕਿਤਿਓਂ ਵੀ ਲੱਭਿਆਂ ਨਹੀਂ ਲੱਭਦੀ। ਤਿੰਨ ਰੰਗ ਨਹੀਂ ਲੱਭਣੇ-ਹੁਸਨ, ਜਵਾਨੀ ਤੇ ਮਾਪੇ। ਮਾਂ-ਬਾਪ ਦਾ ਕਰਜਾ ਅਸੀਂ ਸਾਰੀ ਉਮਰ ਨਹੀਂ ਲਾਹ ਸਕਦੇ। ਬਜੁਰਗਾਂ ਦਾ ਹਰ ਹਾਲ ਮਾਣ ਸਤਿਕਾਰ ਕਾਇਮ ਰੱਖਣਾ ਸਾਡਾ ਫਰਜ਼ ਹੈ। ਮਰਨ ਉਪੰਰਤ ਬਜੁਰਗਾਂ ਨਮਿਤ ਕੀਤੇ ਗਏ ਦਿਖਾਵੇ ਵਾਲੇ ਆਡੰਬਰਾਂ ਦਾ ਕੋਈ ਲਾਭ ਨਹੀਂ। ਜੇ ਇਨ੍ਹਾਂ ਦੀ ਸੇਵਾ ਨਹੀਂ ਕਰਨੀ ਤਾਂ ਧਾਰਮਿਕ ਸਥਾਨਾਂ 'ਤੇ ਮੱਥਾ ਟੇਕਣ ਦਾ ਕੋਈ ਫਾਇਦਾ ਨਹੀ। ਬਜੁਰਗ ਘਰ ਦੇ ਤਾਲੇ ਹੁੰਦੇ ਹਨ, ਇਨ੍ਹਾਂ ਨੂੰ ਬਣਦਾ ਮਾਣ-ਸਤਿਕਾਰ ਦੇਣਾ ਬਹੁਤ ਜ਼ਰੂਰੀ ਹੈ। ਜਸਵਿੰਦਰ ਚਾਹਲ ਦੀ ਕਵਿਤਾ ਦੇ ਬੋਲ ਹਨ,

ਬਜੁਰਗ ਹੁੰਦੇ ਨੇ ਘਰਾਂ ਦੀਆਂ ਰੌਣਕਾਂ
ਨਾ ਰੌਣਕਾਂ ਘਟਾਇਓ ਸੋਹਣਿਓ।
ਇਹ ਮਾਲੀ ਨੇ ਬੂਟੇ ਲਾਉਣ ਵਾਲੇ
ਧੁੱਪੇ ਨਾ ਬਿਠਾਇਓ ਸੋਹਣਿਓ।

## ਫਾਦਰ'ਜ਼ ਡੇਅ

ਇਨ੍ਹਾਂ ਦੇਸ਼ਾਂ ਵਿਚ ਮਾਪੇ ਲੱਭਣੇ
ਕੋਈ ਸੌਖੀ ਨਹੀਂ ਹੈ ਗੱਲ।
ਮਾਂ ਤਾਂ ਫਿਰ ਵੀ ਲੱਭ ਜਾਵੇਗੀ
ਪਰ ਬਾਪੂ ਦਾ ਔਖਾ ਹੱਲ।
ਜਨਮ ਸਰਟੀਫਿਕੇਟ ਵਿਚ ਸਦਾ
ਹੁੰਦੀ ਮਾਂ ਦੇ ਨਾਂ ਦੀ ਗੱਲ,
ਕਿਉਂਕਿ ਬਾਪੂ ਦਾ ਬਦਲ ਜਾਣਾ
ਇੱਥੇ ਆਮ ਜਿਹੀ ਹੈ ਗੱਲ।

ਸਮਾਜ ਦੀ ਇਹ ਹੈ ਤ੍ਰਾਸਦੀ
ਬਹੁਤੇ ਸਥਿਰ ਨਹੀਂ ਪਰਿਵਾਰ।
ਰਿਸ਼ਤੇ ਅੱਲੜ੍ਹ ਉਮਰੇ ਬਣਦੇ
ਫਿਰ ਬੱਚੇ ਜੰਮਦੇ ਵਾਰੋ ਵਾਰ।

ਕੱਚੇ ਰਿਸ਼ਤੇ ਨਾ ਪੱਕੇ ਹੋਵਣ
ਟੁੱਟ ਜਾਵਣ ਅੱਧ ਵਿਚਕਾਰ।
ਬੱਚੇ ਦਾ ਕੋਈ ਫਿਕਰ ਨਹੀਂ ਹੈ
ਆਪੇ ਸੰਭਾਲੇਗੀ ਸਰਕਾਰ।

ਸਰਕਾਰ ਦੇਵੇ ਜੱਚਾ ਬੱਚਾ ਭੱਤਾ,
ਇੱਥੋਂ ਦਾ ਹੈ ਚੰਗਾ ਅਸੂਲ।
ਪਾਲਦੀਆਂ ਨਾਨੀਆਂ ਬੱਚੇ
ਮਾਂਵਾਂ ਜਾਵਣ ਪੜ੍ਹਨ ਸਕੂਲ।
ਕਾਫੀ ਗੋਰੇ ਗੋਰੀਆਂ ਜੰਮਣ ਨੂੰ
ਸਮਝਦੇ ਨੇ ਕੰਮ ਫਜ਼ੂਲ।
ਬੱਚੇ ਪਾਲਣ ਫਿਰ ਗੋਦੀ ਲੈ ਕੇ
ਜ਼ਿੰਦਗੀ ਦਾ ਨੇਕ ਅਸੂਲ।

ਇੰਜ ਹੀ ਇੱਥੇ ਚੱਲਦੀ ਦੁਨੀਆਂ
ਫਾਦਰ'ਜ਼ ਡੇਅ ਵੀ ਚੇਤੇ ਰੱਖਦੇ।

ਵੱਡੇ ਭਾਗਾਂ ਵਾਲੇ ਉਹ ਹੁੰਦੇ ਨੇ
ਜਿਹੜੇ ਬਾਪੂ ਨੂੰ ਜਾ ਲੱਭਦੇ।
ਲੈ ਕੇ ਜਾਂਦੇ ਫੁੱਲ ਗੁਲਦਸਤੇ
ਪਾ ਘੁੱਟ ਕੇ ਜੱਫੀਆਂ ਮਿਲਦੇ।
ਇੰਜ ਪਰਿਵਾਰ ਇਕੱਠੇ ਹੋਵਣ
ਪਰ ਸ਼ਾਮ ਨੂੰ ਜਾ ਵਿਛੜਦੇ।

ਲੈ ਕੇ ਯਾਦਾਂ ਦਾ ਸਰਮਾਇਆ
ਤੁਰ ਜਾਂਦੇ ਸਭ ਆਪਣੀ ਥਾਂ।
ਬੁੱਢੜੇ ਰਹਿ ਜਾਣ ਇਕੱਲੇ
ਤੱਕਦੇ ਚੁੰਨ੍ਹੀਆਂ ਅੱਖਾਂ 'ਚੋਂ ਛਾਂ।
ਲੰਘ ਜਾਂਦੀਆਂ ਉਮਰਾਂ ਇਵੇਂ
ਕੋਈ ਨਾ ਪੁੱਛਦਾ ਥਾਂ-ਕੁਥਾਂ।
ਰੁੱਖੇ ਲੋਕ ਇਸ ਧਰਤੀ ਦੇ
ਦੋਸਤ ਮਿੱਤਰ ਨੇ ਆਪਣੀ ਥਾਂ।

*-ਸੇਵਾ ਸਿੰਘ ਨੂਰਪੁਰੀ*



# ਪਿਤਾ ਦਾ ਦਿਨ

ਪ੍ਰੋ. ਪਰਮਜੀਤ ਕੌਰ
paramjitk1953@yahoo.com

ਮੈਨੂੰ ਯਾਦ ਹੈ, ਜਦੋਂ ਮੈਂ ਯੂਨੀਵਰਸਿਟੀ 'ਚ ਪੜ੍ਹਦੀ ਸਾਂ, ਮਹੀਨੇ ਪਿਛੋਂ ਜਦੋਂ ਘਰੋਂ ਪੈਸੇ ਲੈਣ ਜਾਣਾ ਤਾਂ ਮੇਰੀ ਮਾਂ ਨੇ ਅਕਸਰ ਕਹਿਣਾ, "ਬੇਟਾ ਇਸ ਵਾਰ ਪੈਸੇ ਥੋੜ੍ਹੇ ਘੱਟ ਲੈ ਜਾ।" ਪਰ ਪਿਤਾ ਜੀ ਨੇ ਵਿਚੋਂ ਹੀ ਟੋਕ ਦੇਣਾ, "ਨਹੀਂ, ਇਸ ਨੂੰ ਪੂਰੇ ਪੈਸੇ ਦੇ ਦੇਹ, ਆਪਾਂ ਔਖੇ-ਸੌਖੇ ਗੁਜ਼ਾਰਾ ਕਰ ਲਵਾਂਗੇ।" ਭਾਵੇਂ ਮੇਰੇ ਮਾਂ-ਬਾਪ ਪ੍ਰਾਇਮਰੀ ਸਕੂਲ ਟੀਚਰ ਸਨ ਤੇ ਜ਼ਮੀਨ ਵੀ ਥੋੜ੍ਹੀ-ਬਹੁਤ ਸੀ, ਪਰ ਵੱਡਾ ਪਰਿਵਾਰ, ਸਾਰੇ ਹੀ ਭੈਣ-ਭਰਾ ਸਕੂਲਾਂ-ਕਾਲਜਾਂ ਵਿਚ ਪੜ੍ਹਦੇ ਹੋਣ ਕਾਰਨ ਅਕਸਰ ਤੰਗੀ ਤੁਰਸ਼ੀ ਵਿਚੋਂ ਵੀ ਮਾਂ-ਬਾਪ ਨੂੰ ਲੰਘਣਾ ਪੈਂਦਾ ਸੀ, ਪਰ ਉਨ੍ਹਾਂ ਦੀ ਇਸ ਮਾਇਕ ਤੰਗੀ ਦੀ ਕਨਸੋ ਵੀ ਕਦੇ ਸਾਡੇ ਕੰਨੀਂ ਨਹੀਂ ਸੀ ਪਈ। ਪਿਤਾ ਜੀ ਤਾਂ ਖੇਤਾਂ ਵਿਚ ਵੀ ਸਖਤ ਮਿਹਨਤ ਕਰਦੇ। ਤੜਕੇ ਜਾਗਦੇ, ਘਰ ਦੇ ਕੰਮ ਨਿਪਟਾ ਸਕੂਲ ਚਲੇ ਜਾਂਦੇ ਤੇ ਸਕੂਲੋਂ ਆਉਂਦਿਆਂ ਹੀ ਖੇਤਾਂ ਦੇ ਕੰਮਾਂ ਵਿਚ ਜੁਟ ਜਾਂਦੇ। ਇਹ ਹੀ ਉਨ੍ਹਾਂ ਦੀ ਰੋਜ਼ਮੱਰਾ ਦੀ ਜ਼ਿੰਦਗੀ ਸੀ, ਤਾਂ ਜੋ ਉਹ ਸਾਨੂੰ ਉਚੇਰੀ ਵਿਦਿਆ ਅਤੇ ਜ਼ਿੰਦਗੀ ਦੀ ਹਰ ਸੁੱਖ ਸੁਵਿਧਾ ਦੇ ਸਕਣ। ਕਦੇ ਕਦੇ ਜਦੋਂ ਉਹ ਸਾਨੂੰ ਆਪਣੇ ਮੁਸ਼ਕਿਲਾਂ ਭਰੇ ਬਚਪਨ ਦੀਆਂ ਗੱਲਾਂ ਸੁਣਾਉਂਦੇ ਕਿ ਕਿਵੇਂ ਉਨ੍ਹਾਂ ਨੂੰ ਸਕੂਲ ਜਾਣ ਲਈ ਜੁੱਤੀ ਤਾਂ ਕੀ, ਪੂਰੇ ਕੱਪੜੇ ਵੀ ਨਸੀਬ ਨਹੀਂ ਸਨ ਹੁੰਦੇ, ਆਪ ਮੁਹਾਰੇ ਅੱਖਾਂ ਨਮ ਹੋ ਜਾਂਦੀਆਂ। ਭਾਵੇਂ ਉਸ ਸਮੇਂ ਪਿਤਾ ਦੇ ਦਿਨ ਦਾ ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਸੀ, ਪਰ ਸਾਡੇ ਲਈ ਉਦੋਂ ਵੀ ਸਾਡੇ ਪਿਤਾ ਜੀ ਸਤਿਕਾਰਤ ਸਨ ਤੇ ਹੁਣ ਵੀ ਹਨ।

ਗੱਲ ਇਥੇ ਮੈਂ ਕਰਨੀ ਹੈ ਪਿਤਾ ਦੇ ਦਿਨ ਦੀ। ਮਾਂ ਦੇ ਦਿਨ ਵਾਂਗ ਪਿਤਾ ਦਾ ਦਿਨ ਵੀ ਆਧੁਨਿਕ ਯੁੱਗ ਦੀ ਦੇਣ ਹੈ। ਇਸ ਦੀ ਸ਼ੁਰੂਆਤ ਵੀ ਅਮਰੀਕਾ 'ਚ ਹੋਈ। ਪਹਿਲੀ ਵਾਰ 19 ਜੂਨ 1910 ਨੂੰ ਪਿਤਾ ਦਾ ਦਿਨ ਸਪੋਕੇਨ, ਵਾਸ਼ਿੰਗਟਨ ਵਿਚ ਸੋਨੋਰਾ ਸਮਾਰਟ ਡੋਡ ਨੇ ਆਪਣੇ ਪਿਤਾ ਵਿਲੀਅਮ ਜੈਕਸਨ ਸਮਾਰਟ, ਜੋ ਇਕ ਫੌਜੀ ਸੀ ਤੇ ਜਿਸ ਨੇ ਇਕੱਲਿਆਂ ਆਪਣੇ ਛੇ ਬੱਚਿਆਂ ਨੂੰ ਪਾਲਿਆ ਸੀ, ਦੇ ਪਿਆਰ ਅਤੇ ਕੁਰਬਾਨੀ ਨੂੰ ਸਮਰਪਿਤ ਮਨਾਇਆ।

ਪਿਤਾ ਲਈ ਅਥਾਹ ਪਿਆਰ ਨੂੰ ਪ੍ਰਗਟਾਉਣ ਦਾ ਇਕ ਵਧੀਆ ਢੰਗ ਹੋਣ ਕਾਰਨ ਸਮੁੱਚੇ ਸੰਸਾਰ ਨੇ ਇਸ ਨੂੰ ਅਪਨਾ ਲਿਆ। ਬਹੁਤ ਸਾਰੇ ਦੇਸ਼ਾਂ ਵਿਚ ਪਿਤਾ ਦਾ ਦਿਨ ਜੂਨ ਦੇ ਤੀਜੇ ਹਫਤੇ ਦੇ ਐਤਵਾਰ ਨੂੰ ਮਨਾਇਆ ਜਾਂਦਾ ਹੈ, ਪਰ ਸੋਚਣ ਦੀ ਗੱਲ ਇਹ ਹੈ ਕਿ ਅਸੀਂ ਆਪਣੇ ਪਿਤਾ ਅਤੇ ਉਨ੍ਹਾਂ ਜਿਹੀਆਂ ਮਹਾਨ ਸ਼ਖਸੀਅਤਾਂ ਲਈ ਸਿਰਫ ਇਕ ਹੀ ਦਿਨ ਕਿਉਂ ਸਮਰਪਿਤ ਹੁੰਦੇ ਹਾਂ? ਜਦੋਂ ਕਿ ਉਹ ਆਪਣੀ ਸਾਰੀ ਜ਼ਿੰਦਗੀ ਸਾਡੇ ਲਈ ਕੁਰਬਾਨ ਕਰ ਦਿੰਦੇ ਹਨ। ਦੁਨੀਆਂ ਵਿਚ ਬਹੁਤ ਸਾਰੇ ਲੋਕ ਅਜਿਹੇ ਹੁੰਦੇ ਹਨ, ਜੋ ਸਾਰੀ ਜ਼ਿੰਦਗੀ ਜੀਅ ਕੇ ਵੀ ਜ਼ਿੰਦਗੀ ਦਾ ਅਸਲ ਮਕਸਦ ਨਹੀਂ ਸਮਝ ਪਾਉਂਦੇ। ਮਿਸਾਲ ਵਜੋਂ ਇਕ ਪਿਤਾ ਜਾਂ ਪਿਤਾ ਦੇ ਦਿਨ ਨੂੰ ਉਨੀ ਇੱਜਤ ਤੇ ਅਹਿਮੀਅਤ ਨਹੀਂ ਦਿੰਦੇ, ਜਿੰਨੀ ਮਾਂ ਦੇ ਦਿਨ ਨੂੰ। ਭਾਵੇਂ ਜ਼ਿੰਦਗੀ ਵਿਚ ਹਰੇਕ ਦਾ ਕਦੇ ਨਾ ਕਦੇ ਆਪਣਿਆਂ ਨਾਲ ਮਨ ਮੁਟਾਵ ਹੋ ਜਾਂਦਾ ਹੈ, ਪਰ ਕਦੇ ਮਾਂ ਨਾਲ ਪਿਆਰ ਵਿਚ ਕਮੀ ਨਹੀਂ ਆਉਂਦੀ। ਪਿਤਾ ਦੇ ਸੰਦਰਭ ਵਿਚ ਬਹੁਤੀ ਵਾਰ ਅਜਿਹਾ ਨਹੀਂ ਹੁੰਦਾ। ਵਿਗਿਆਨਕ ਨਜ਼ਰੀਏ ਤੋਂ ਵੇਖੀਏ ਤਾਂ ਮਰਦ ਵਿਚ ਕੁਝ ਖਾਸ ਵਿਲੱਖਣਤਾਵਾਂ ਹੁੰਦੀਆਂ ਹਨ। ਵਿਕਾਸਵਾਦੀ ਥਿਊਰੀ ਵਾਲੇ ਵੀ ਇਹੀ ਮੰਨਦੇ ਹਨ ਕਿ ਮਰਦ ਵਿਚ ਹਾਰਮੋਨਜ਼ ਕਾਰਨ ਹੀ ਗੁੱਸਾ ਅਤੇ ਅਪਰਾਧ ਬੋਧ ਵਧੇਰੇ ਹੁੰਦਾ ਹੈ। ਮਰਦ ਵਿਚ ਔਰਤ ਦੇ ਮੁਕਾਬਲੇ ਸ਼ਾਂਤ ਰਹਿਣ ਜਾਂ ਦੂਜਿਆਂ ਨੂੰ ਸ਼ਾਂਤ ਕਰਨ ਦੀ ਸਮਰੱਥਾ ਘੱਟ ਹੁੰਦੀ ਹੈ। ਜੇ ਦੁਨਿਆਵੀ ਪ੍ਰਸੰਗ ਵਿਚ ਵੀ ਵੇਖੀਏ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਮਰਦ ਵਿਚ ਆਪਣੇ ਬੱਚਿਆਂ ਸਾਹਮਣੇ ਆਪਣੀਆਂ ਭਾਵਨਾਵਾਂ ਪ੍ਰਗਟਾਉਣੀਆਂ ਬਹੁਤ ਮੁਸ਼ਕਿਲ ਹੁੰਦੀਆਂ ਹਨ। ਇਸੇ ਕਰਕੇ ਕਈ ਬੱਚੇ ਸਾਰੀ ਉਮਰ ਇਸੇ ਗਲਤਫਹਿਮੀ ਦਾ ਸ਼ਿਕਾਰ ਹੋਏ ਰਹਿੰਦੇ ਹਨ ਕਿ ਉਨ੍ਹਾਂ ਦੇ ਬਾਪ ਉਨ੍ਹਾਂ ਨੂੰ ਪਿਆਰ ਨਹੀਂ ਕਰਦੇ।

ਇਹ ਸੋਚ ਆਪਣੇ ਆਪ ਵਿਚ ਬਹੁਤ ਨਿਰਾਸ਼ਾਜਨਕ ਹੈ, ਕਿਉਂਕਿ ਸਮਾਜ ਨੇ ਵੀ ਬੱਚਿਆਂ ਦਾ ਬੋਝ ਪਿਤਾ ਸਿਰ ਪਾਇਆ ਹੈ। ਪਿਤਾ ਕਈ ਕਈ ਘੰਟਿਆਂ ਤੱਕ ਸਖਤ ਮਿਹਨਤ ਕਰਦਾ ਹੈ, ਤਾਂ ਕਿ ਬੱਚਿਆਂ ਦੀ ਹਰ ਲੋੜ ਪੂਰੀ ਕਰ ਸਕੇ। ਉਸ ਦੇ ਅੰਦਰ ਸਦਾ ਇਹ ਹੀ ਲਾਲਸਾ ਪਨਪਦੀ ਰਹਿੰਦੀ ਹੈ ਕਿ ਉਸ ਦੇ ਬੱਚੇ ਉਸ ਤੋਂ ਵੱਧ ਉਚਾ ਉਠਣ, ਉਸ ਤੋਂ ਵੱਧ ਤਰੱਕੀ ਕਰਨ, ਦੁਨੀਆਂ ਵਿਚ ਇਮਾਨਦਾਰੀ ਨਾਲ ਸਿਰ ਚੁੱਕ ਕੇ ਵਿਚਰਨ ਦੇ ਕਾਬਿਲ ਹੋ ਸਕਣ; ਪਰ ਆਪਣੇ ਬੱਚਿਆਂ ਨੂੰ ਇੰਤਹਾ ਪਿਆਰ ਕਰਨ ਵਾਲੇ ਪਿਤਾ ਨੂੰ ਪਿਆਰ ਪ੍ਰਗਟਾਉਣ ਦਾ ਢੰਗ ਨਹੀਂ ਆਉਂਦਾ।

ਇਕ ਆਦਮੀ ਤੇ ਉਸ ਦੇ ਪੁੱਤਰ ਦੇ ਜੀਵਨ ਦੀ ਇਕ ਅਹਿਮ ਘਟਨਾ ਇਹ ਸੀ, "ਪੁੱਤਰ ਆਪਣੇ ਬਾਪ ਨੂੰ ਇਹ ਯਾਦ ਕਰਾਉਂਦਾ ਰਹਿੰਦਾ ਸੀ ਕਿ ਉਸ ਦੇ ਆਉਣ ਵਾਲੇ ਜਨਮ ਦਿਨ 'ਤੇ ਉਹ ਉਸ ਨੂੰ ਉਹ ਕਾਰ ਤੋਹਫੇ ਵਜੋਂ ਲੈ ਕੇ ਦੇਵੇ, ਜੋ ਉਸ ਨੂੰ ਬਹੁਤ ਪਸੰਦ ਸੀ; ਪਰ ਬਾਪ 'ਚ ਕਾਰ ਖਰੀਦਣ ਦੀ ਸਮਰਥਾ ਨਹੀਂ ਸੀ। ਪੁੱਤਰ ਇਹ ਗੱਲ ਵੀ ਭਲੀਭਾਂਤ ਜਾਣਦਾ ਸੀ ਕਿ ਉਸ ਦਾ ਬਾਪ ਉਸ ਨੂੰ ਕਦੇ ਵੀ ਨਿਰਾਸ਼ ਨਹੀਂ ਕਰੇਗਾ। ਪੁੱਤਰ ਦੇ ਜਨਮ ਦਿਨ 'ਤੇ ਪਿਤਾ ਨੇ ਉਸ ਨੂੰ ਆਪਣੇ ਦਫਤਰ ਸੱਦਿਆ, ਗਲ ਨਾਲ ਲਾਇਆ ਤੇ ਸ਼ੁਭ ਇੱਛਾਵਾਂ ਦਿੱਤੀਆਂ। ਪੁੱਤਰ ਨੇ ਸ਼ੁਭ ਇੱਛਾਵਾਂ ਤਾਂ ਕਬੂਲ ਕੀਤੀਆਂ, ਪਰ ਨਾਲ ਹੀ ਆਪਣੇ ਤੋਹਫੇ ਦੀ ਵੀ ਮੰਗ ਕਰ ਲਈ। ਪਿਤਾ ਨੇ ਹੱਸ ਕੇ ਉਸ ਨੂੰ ਤੋਹਫੇ ਵਾਲਾ ਡੱਬਾ ਫੜਾ ਦਿੱਤਾ। ਉਸ ਨੇ ਬੜੀ ਤੇਜੀ ਨਾਲ ਡੱਬੇ ਉਪਰਲਾ ਪੇਪਰ ਉਤਾਰਿਆ, ਡੱਬਾ ਖੋਲ੍ਹਿਆ। ਡੱਬੇ ਵਿਚ 'ਸਕਾਰਾਤਮਕ ਸੋਚ' ਸਿਰਲੇਖ ਵਾਲੀ ਕਿਤਾਬ ਸੀ। ਪੁੱਤਰ ਇਹ ਦੇਖ ਗੁੱਸੇ ਵਿਚ ਅੱਗ ਭਬੂਕਾ ਹੋ ਕਿਤਾਬ ਨੂੰ ਪਿਤਾ ਦੇ ਮੇਜ਼ 'ਤੇ ਪਟਕਦਾ ਚਿਲਾਇਆ ਕਿ ਮੈਂ ਅਜਿਹੇ ਪਿਤਾ ਦਾ ਪੁੱਤਰ ਹੋਣ 'ਤੇ ਬਹੁਤ ਸ਼ਰਮਿੰਦਾ ਹਾਂ। ਉਹ ਇਹ ਵੀ ਜਾਣਦਾ ਹੈ ਕਿ ਉਸ ਦਾ ਪਿਤਾ ਉਸ ਨੂੰ ਪਿਆਰ ਨਹੀਂ ਕਰਦਾ। ਉਸ ਦਿਨ ਤੋਂ ਲੈ ਕੇ ਉਹ ਆਪਣੇ ਪਿਤਾ ਨੂੰ ਕਦੇ ਨਾ ਮਿਲਿਆ।

ਇਕ ਦਿਨ ਉਸ ਨੂੰ ਉਸ ਦੀ ਮਾਂ ਦਾ ਫੋਨ ਆਇਆ ਕਿ ਉਹ ਘਰ ਆਵੇ, ਕਿਉਂਕਿ ਉਸ ਦਾ ਬਾਪ ਬਹੁਤ ਬਿਮਾਰ ਹੈ, ਪਰ ਉਸ ਨੇ ਇਹ ਕਹਿ ਕੇ ਘਰ ਆਉਣ ਤੋਂ ਨਾਂਹ ਕਰ ਦਿੱਤੀ ਕਿ ਉਸ ਦਾ ਬਾਪ ਆਪਣੇ ਆਰਾਮ ਲਈ ਆਪਣਾ ਪੈਸਾ ਵਰਤ ਲਵੇ। ਕੁਝ ਹਫਤਿਆਂ ਪਿਛੋਂ ਉਸ ਦੀ ਮਾਂ ਨੇ ਉਸ ਨੂੰ ਬਾਪ ਦੀ ਮੌਤ ਦੀ ਖਬਰ ਦਿੱਤੀ ਤੇ ਕਿਹਾ ਕਿ ਘਰ ਆ ਕੇ ਆਪਣੇ ਬਾਪ ਦੀਆਂ ਅੰਤਿਮ ਰਸਮਾਂ ਪੂਰੀਆਂ ਕਰ ਲਵੇ, ਪਰ ਪੁੱਤਰ ਨੇ ਇਹ ਕਹਿ ਕੇ ਘਰ ਆਉਣ ਤੋਂ ਨਾਂਹ ਕਰ ਦਿੱਤੀ ਕਿ ਪਿਤਾ ਦਾ ਪੈਸਾ ਵਰਤ ਕੇ ਉਸ ਦੀਆਂ ਆਖਰੀ ਰਸਮਾਂ ਪੂਰੀਆਂ ਕਰ ਲਵੇ। ਕੁਝ ਮਹੀਨਿਆਂ ਪਿਛੋਂ ਉਸ ਨੂੰ ਮਾਂ ਦੇ ਮਰਨ ਦੀ ਖਬਰ ਵੀ ਮਿਲ ਗਈ। ਹੁਣ ਘਰ ਖਾਲੀ ਸੀ। ਉਸ ਨੂੰ ਵੇਚਿਆ ਜਾ ਸਕਦਾ ਸੀ। ਉਸ ਨੇ ਘਰ ਜਾਣ ਦਾ ਫੈਸਲਾ ਕੀਤਾ। ਘਰ ਜਾ ਕੇ ਉਸ ਨੇ ਆਪਣੇ ਪਿਤਾ ਨਾਲ ਆਪਣੀਆਂ ਹੱਸਦਿਆਂ ਮੁਸਕਰਾਉਂਦਿਆਂ ਦੀਆਂ ਤਸਵੀਰਾਂ ਵੇਖੀਆਂ। ਇਕ ਅਜਿਹੀ ਤਸਵੀਰ ਵੀ ਉਸ ਦੀ ਨਜ਼ਰੀਂ ਪਈ, ਜਿਸ ਵਿਚ ਉਨ੍ਹਾਂ ਦੋਹਾਂ ਪਿਤਾ-ਪੁੱਤਰ ਨੇ ਇਕੋ ਜਿਹੇ ਕੱਪੜੇ ਪਾਏ ਹੋਏ ਸਨ ਤੇ ਇਕ ਦੂਜੇ ਨੂੰ ਗਲਵੱਕੜੀ ਵਿਚ ਲਿਆ ਹੋਇਆ ਸੀ। ਤਸਵੀਰ ਦੇ ਫਰੇਮ 'ਤੇ ਲਿਖਿਆ ਸੀ, 'ਪਿਤਾ ਤੇ ਪੁੱਤਰ, ਪਿਆਰ ਸਦਾ ਲਈ।'

ਜਦੋਂ ਉਹ ਆਪਣੇ ਪਿਤਾ ਦੇ ਦਫਤਰ ਪਹੁੰਚਿਆ ਤਾਂ ਪਿਤਾ ਦੀ ਮੇਜ 'ਤੇ ਓਹੀ ਕਿਤਾਬ ਜਿਉਂ ਦੀ ਤਿਉਂ ਪਈ ਸੀ, ਜਿਸ ਨੂੰ ਉਹ ਆਪਣੇ ਜਨਮ ਦਿਨ 'ਤੇ ਪਟਕ ਆਇਆ ਸੀ। ਉਹ ਕਿਤਾਬ ਚੁੱਕ ਉਸ ਤੋਂ ਧੂੜ ਸਾਫ ਕਰ ਰਿਹਾ ਸੀ ਕਿ ਅਚਨਚੇਤ ਕਿਤਾਬ ਉਸ ਹੱਥੋਂ ਛੁਟ ਕੇ ਫਰਸ਼ 'ਤੇ ਡਿਗ ਪਈ। ਜਿਉਂ ਹੀ ਉਸ ਨੇ ਕਿਤਾਬ ਚੁੱਕੀ ਤਾਂ ਉਸ ਵਿਚੋਂ ਕਾਗਜ਼ ਵਿਚ ਲਪੇਟੀ ਕੋਈ ਚੀਜ਼ ਉਸ ਦੀ ਨਜ਼ਰੀਂ ਪਈ। ਉਹ ਇਕ ਰਸੀਦ ਸੀ, ਜਿਸ 'ਤੇ 'ਭੁਗਤਾਨ' ਲਿਖਿਆ ਹੋਇਆ ਸੀ, ਨਾਲ ਇਕ ਚਾਬੀਆਂ ਦਾ ਗੁੱਛਾ ਤੇ ਇਕ ਚਿੱਠੀ ਸੀ। ਚਿੱਠੀ ਪੜ੍ਹ ਰੋਂਦਿਆਂ ਉਹ ਫਰਸ਼ 'ਤੇ ਡਿੱਗ ਪਿਆ। ਪਛਤਾਵੇ ਦੀ ਅੱਗ ਵਿਚ ਝੁਲਸਦਿਆਂ ਅੱਜ ਉਹ ਉਸ ਵਕਤ ਨੂੰ ਵਾਪਿਸ ਲਿਆਉਣਾ ਲੋੜਦਾ ਸੀ, ਜਦੋਂ ਉਸ ਨੇ ਬਾਪ ਦੇ ਦਿੱਤੇ ਤੋਹਫੇ ਨੂੰ ਪਟਕਾ ਮਾਰਿਆ ਸੀ ਤੇ ਉਸ ਨਾਲ ਬੜਾ ਭੱਦਾ ਸਲੂਕ ਕੀਤਾ ਸੀ। ਚਿੱਠੀ ਵਿਚ ਲਿਖਿਆ ਸੀ, ਮੇਰੇ ਪੁੱਤਰ ਮੈਨੂੰ ਪਤਾ ਹੈ ਤੂੰ ਕਾਰ ਲੈਣੀ ਚਾਹੁੰਦਾ ਹੈਂ। ਮੈਂ ਪੈਸੇ ਬਚਾ ਬਚਾ ਕੇ ਤੇਰੇ ਲਈ ਉਹ ਕਾਰ ਖਰੀਦ ਲਈ ਹੈ।

ਸਦਾ ਯਾਦ ਰੱਖਣਾ, ਪਿਤਾ ਤੇਰੇ 'ਤੇ ਮਾਣ ਕਰਦਾ ਹੈ, ਤੈਨੂੰ ਪਿਆਰ ਕਰਦਾ ਹੈ ਤੇ ਸਦਾ ਹੀ ਕਰਦਾ ਰਹੇਗਾ।"

ਬਹੁਤ ਸਾਰੇ ਬੱਚਿਆਂ ਨੂੰ ਇਹ ਅਹਿਸਾਸ ਹੀ ਨਹੀਂ ਹੁੰਦਾ ਕਿ ਉਨ੍ਹਾਂ ਦੇ ਪਿਤਾ ਦਾ ਉਨ੍ਹਾਂ ਦੀ ਜ਼ਿੰਦਗੀ ਵਿਚ ਕਿੰਨਾ ਅਹਿਮ ਯੋਗਦਾਨ ਹੈ। ਕਿਸੇ ਸੱਚ ਹੀ ਤਾਂ ਕਿਹਾ ਹੈ, ਪਿਤਾ ਦਾ ਹੱਥ ਘੁੱਟ ਕੇ ਫੜ ਲਵੋ, ਦੁਨੀਆਂ ਵਿਚ ਕਿਸੇ ਦੇ ਪੈਰ ਫੜਨ ਦੀ ਲੋੜ ਨਹੀਂ ਪਵੇਗੀ। ਇਕ ਪਿਤਾ ਹੈਰਾਨਕੁਨ ਸਾਧਾਰਨ ਹੋਣ ਦੇ ਨਾਲ ਨਾਲ ਮੋਹਿਤ ਕਰਨ ਵਾਲਾ ਗੁੰਝਲਦਾਰ ਵੀ ਹੁੰਦਾ ਹੈ। ਉਹ ਤੁਹਾਨੂੰ ਪੈਸੇ ਨੂੰ ਸਾਵਧਾਨੀ ਨਾਲ ਵਰਤਣ ਦੀ ਸਲਾਹ ਦੇਣ ਦੇ ਬਾਵਜੂਦ ਆਪਣੇ ਬਟੂਏ ਦਾ ਆਖਰੀ ਰੁਪਿਆ ਵੀ ਤੁਹਾਡੇ ਤੋਂ ਵਾਰ ਦਿੰਦਾ ਹੈ। ਉਹ ਤੁਹਾਨੂੰ ਦੇਰ ਰਾਤ ਬਾਹਰ ਰਹਿਣ ਤੋਂ ਰੋਕਦਾ ਹੈ, ਪਰ ਆਪ ਦੇਰ ਤੱਕ ਤੁਹਾਡੇ ਫਿਕਰ ਵਿਚ ਜਾਗਦਾ ਹੈ। ਉਹ ਤੁਹਾਨੂੰ ਚੰਗੇ ਮਨੁੱਖ ਬਣਨ ਦੇ ਰਾਹ ਦੱਸਦਾ ਹੈ, ਪਰ ਹਰ ਕਿਸੇ ਨੂੰ ਦੱਸਦਾ ਹੈ ਕਿ ਤੁਸੀਂ ਸੰਸਾਰ ਦੇ ਸਭ ਤੋਂ ਚੰਗੇ ਬੱਚੇ ਹੋ। ਉਹ ਤੁਹਾਨੂੰ ਦੱਸਦਾ ਹੈ ਕਿ ਉਸ ਨੂੰ ਬਹੁਤ ਭਾਵੁਕ ਹੋਣਾ ਪਸੰਦ ਨਹੀਂ, ਪਰ ਆਪਣਾ ਪਿਆਰ ਹਜਾਰਾਂ ਹੀ ਤਰੀਕਿਆਂ ਨਾਲ ਤੁਹਾਡੇ ਤੋਂ ਨਿਛਾਵਰ ਕਰ ਦਿੰਦਾ ਹੈ। ਪਿਤਾ ਪਰਮਾਤਮਾ ਵਲੋਂ ਦਿੱਤਾ ਉਹ ਵਡਮੁੱਲਾ ਤੋਹਫਾ ਹੈ, ਜਿਸ ਨੂੰ ਵੱਖ ਵੱਖ ਖਿੱਤਿਆਂ, ਦੇਸ਼ਾਂ ਦੇ ਲੋਕ ਅਣਗਿਣਤ ਨਾਂਵਾਂ ਨਾਲ ਮੁਖਾਤਿਬ ਹੁੰਦੇ ਹਨ-ਕੋਈ ਡੈਡੀ, ਕੋਈ ਅੱਬਾ, ਕੋਈ ਪਿਤਾ ਤੇ ਕੋਈ ਭਾਈਆ ਆਖਦਾ ਹੈ, ਪਰ ਹਰ ਨਾਮ ਵਿਚੋਂ ਇੱਜਤ ਸਤਿਕਾਰ ਝਲਕਦਾ ਹੈ।

ਕਿਹਾ ਜਾਂਦਾ ਹੈ ਕਿ ਮਾਂ ਦੇ ਪੈਰਾਂ ਥੱਲੇ ਸਵਰਗ ਹੈ, ਪਰ ਮੈਨੂੰ ਇਹ ਦਲੀਲ ਅਧੂਰੀ ਲਗਦੀ ਹੈ। ਮਾਤਾ-ਪਿਤਾ ਦੇ ਪੈਰਾਂ ਥੱਲੇ ਸਵਰਗ ਹੈ ਤਾਂ ਇਹ ਦਲੀਲ ਹੋਰ ਵੀ ਸਾਰਥਕ ਹੋ ਜਾਂਦੀ ਹੈ। ਪਿਤਾ ਹੀ ਉਹ ਸ਼ਖਸ ਹੈ, ਜੋ ਸਾਨੂੰ ਡਿਗਣ ਤੋਂ ਪਹਿਲਾਂ ਹੀ ਬੋਚ ਲੈਂਦਾ ਹੈ। ਗਲਤੀ ਕਰਨ ਤੋਂ ਪਹਿਲਾਂ ਚੇਤੰਨ ਕਰਦਾ ਹੈ। ਫੇਲ੍ਹ ਹੋਣ 'ਤੇ ਵੀ ਸਾਡੇ ਉਤੇ ਵਿਸ਼ਵਾਸ ਰੱਖਦਾ ਹੈ। ਜ਼ਿੰਦਗੀ ਵਿਚ ਸਫਲ ਹੋਣ ਦੇ ਰਾਹ ਦੱਸਦਾ ਹੈ। ਉਹ ਹੀ ਦੱਸਦਾ ਹੈ ਕਿ ਸਫਲਤਾ ਲਈ ਨਿਸ਼ਚਿਤ ਨਹੀਂ ਕਿ ਉਹ ਇਸ ਦਿਨ ਮਿਲਣੀ ਹੈ, ਸਗੋਂ ਸਫਲਤਾ ਪ੍ਰਾਪਤੀ ਲਈ ਰਸਤੇ 'ਤੇ ਤੁਰਨਾ ਪੈਂਦਾ ਹੈ। ਜਿਸ ਤਰ੍ਹਾਂ ਅਸਮਾਨ ਦੀ ਕੋਈ ਹੱਦ ਨਹੀਂ, ਇਵੇਂ ਹੀ ਸਾਡੇ ਲਈ ਵੀ ਕੋਈ ਹੱਦ ਨਿਰਧਾਰਤ ਨਹੀਂ। ਸਖਤ ਮਿਹਨਤ ਅਤੇ ਦ੍ਰਿੜ ਵਿਸ਼ਵਾਸ ਹੀ ਸਫਲਤਾ ਦੀ ਕੁੰਜੀ ਹੈ, ਪਰ ਅਫਸੋਸ! ਅਜੋਕੀ ਪੀੜ੍ਹੀ ਮਾਣ-ਮਰਿਆਦਾ ਬਿਲਕੁਲ ਭੁੱਲਦੀ ਜਾ ਰਹੀ ਹੈ। ਉਨ੍ਹਾਂ ਲਈ ਮਾਪਿਆਂ ਦੀ ਅਹਿਮੀਅਤ ਉਦੋਂ ਤੱਕ ਹੈ, ਜਦੋਂ ਤੱਕ ਉਨ੍ਹਾਂ ਦੀ ਲੋੜ ਹੈ, ਜਦੋਂ ਕਿ ਇਹ ਰਿਸ਼ਤਾ ਪਿਆਰ ਅਤੇ ਸਤਿਕਾਰ ਦਾ ਹੈ। ਸਾਨੂੰ ਇਨ੍ਹਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ, ਕੋਈ ਵਾਦ-ਵਿਵਾਦ ਹੋਵੇ ਵੀ ਤਾਂ ਉਸ ਨੂੰ ਭੁੱਲ ਜਾਓ। ਉਨ੍ਹਾਂ ਨੂੰ ਮਾਫ ਕਰ ਦਿਓ। ਪਰਮਾਤਮਾ ਨੇ ਸਾਨੂੰ ਪਿਤਾ ਦੀ ਬਖਸ਼ਿਸ਼ ਕੀਤੀ ਹੈ, ਉਹ ਸਾਡਾ ਸੱਚਾ ਮਿੱਤਰ ਹੈ, ਸੱਚਾ ਰਾਹ ਦਸੇਰਾ ਹੈ।

ਮਾਂ ਦੀ ਸਿਫਤ ਤਾਂ ਹਰ ਕੋਈ ਕਰ ਜਾਂਦਾ
ਪਿਤਾ ਕਿਸੇ ਨੂੰ ਨਹੀਓਂ ਯਾਦ ਰਹਿੰਦਾ।
ਹੁੰਦਾ ਪਿਉ ਹੈ ਰੱਬ ਦਾ ਰੂਪ ਯਾਰੋ
ਜਿਸ ਦੇ ਸਿਰ 'ਤੇ ਘਰ ਆਬਾਦ ਰਹਿੰਦਾ।

---

# ਜਿੱਥੇ ਚਾਹ, ਉਥੇ ਰਾਹ

ਅੰਮ੍ਰਿਤ ਕੌਰ, ਬਡਰੁੱਖਾਂ
ਫੋਨ: 91-98767-14004

"ਭਾਈ ਆਪ ਦੇ ਜਵਾਕਾਂ ਨੂੰ ਸੰਭਾਲ ਕੇ ਰੱਖੋ। ਸਮਾਂ ਮਾੜਾ ਚੱਲ ਰਿਹੈ।" ਬੂਹੇ ਅੱਗੋਂ ਲੰਘਦੇ ਗਿਆਨੀ ਜੀ ਨੇ ਜਰਨੈਲ ਸਿੰਘ ਨੂੰ ਸਾਹਮਣੇ ਬੈਠਾ ਦੇਖ ਕੇ ਕਿਹਾ।

"ਅਜੇ ਤੱਕ ਤਾਂ ਗਿਆਨੀ ਜੀ ਕਿਰਪੈ ਮਾਲਕ ਦੀ। ਫਿਰ ਉਹਦੀ ਮਰਜ਼ੀ।" ਜਰਨੈਲ ਸਿੰਘ ਨੇ ਰਸਮੀ ਜਿਹਾ ਜਵਾਬ ਦਿੱਤਾ।

ਗਿਆਨੀ ਜੀ ਤਾਂ ਜਰਨੈਲ ਸਿੰਘ ਦੀ ਗੱਲ ਸੁਣ ਕੇ ਅੱਗੇ ਲੰਘ ਗਏ, ਪਰ ਜਰਨੈਲ ਸਿੰਘ ਦੇ ਮੱਥੇ 'ਤੇ ਚਿੰਤਾ ਦੀਆਂ ਲਕੀਰਾਂ ਉਭਰ ਆਈਆਂ। ਗਿਆਨੀ ਜੀ ਨੂੰ ਸਾਰੇ ਪਿੰਡ ਦੀ ਖਬਰ ਰਹਿੰਦੀ ਹੈ, ਫਿਰ ਉਨ੍ਹਾਂ ਮੈਨੂੰ ਦੇਖ ਕੇ ਹੀ ਇਹ ਗੱਲ ਕਿਉਂ ਆਖੀ? ਉਹ ਸੋਚ ਰਿਹਾ ਸੀ, ਕਿਤੇ ਉਸ ਦਾ ਪੁੱਤਰ ਪਾਲੀ ਮਾੜੀ ਸੰਗਤ...? ਨਹੀਂ, ਨਹੀਂ! ਪਾਲੀ ਨੂੰ ਤਾਂ ਪੜ੍ਹਾਈ ਤੋਂ ਹੀ ਵਿਹਲ ਨਹੀਂ। ਉਸ ਦਾ ਸੋਚਣ ਨੂੰ ਵੀ ਦਿਲ ਨਹੀਂ ਸੀ ਕਰਦਾ ਕਿ ਉਸ ਦਾ ਪੁੱਤ ਗਲਤ ਪਾਸੇ ਜਾ ਸਕਦਾ ਏ।

ਕਹਿੰਦੇ ਕਹਾਉਂਦੇ ਘਰਾਂ ਦੇ ਜਵਾਨ ਮੁੰਡੇ ਨਸ਼ੇੜੀ ਬਣ ਕੇ ਜਵਾਨ ਹੋਣ ਤੋਂ ਪਹਿਲਾਂ ਹੀ ਬੁੱਢੇ ਹੋ ਚੁਕੇ ਸਨ। ਨਸ਼ਿਆਂ ਨੇ ਅੱਧੋਂ ਵੱਧ ਪਿੰਡ ਦੇ ਪਰਿਵਾਰਾਂ ਦੀ ਜ਼ਿੰਦਗੀ ਨਰਕ ਬਣਾ ਦਿੱਤੀ ਸੀ। ਹੁਣ ਤਾਂ ਨਸ਼ੇ ਵੀ ਸ਼ਰਾਬ, ਭੁੱਕੀ, ਅਫੀਮ ਤੋਂ ਅੱਗੇ ਵੱਧ ਕੇ ਸਮੈਕ, ਚਿੱਟਾ ਹੋਰ ਪਤਾ ਨਹੀਂ ਕੀ ਕੀ ਹੋ ਗਏ। ਕਈ ਘਰਾਂ ਵਿਚ ਤਾਂ ਪਹਿਲਾਂ ਤੋਂ ਹੀ ਸ਼ਰਾਬ ਪੀਤੀ ਜਾਂਦੀ ਸੀ, ਪਰ ਜਦੋਂ ਬਜੁਰਗਾਂ ਨੇ ਛੱਡੀ ਤਾਂ ਉਦੋਂ ਤੱਕ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਨੂੰ ਆਦਤ ਲੱਗ ਚੁਕੀ ਸੀ। ਅਜਿਹੇ ਪਰਿਵਾਰਾਂ 'ਚ ਜਦੋਂ ਬਜੁਰਗ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੇ ਤਾਂ ਅੱਗੋਂ ਸੁਣਨ ਨੂੰ ਮਿਲਦਾ ਕਿ ਉਹ ਆਪਣੇ ਦਿਨ ਯਾਦ ਕਰਨ। ਅਦਬ ਸਤਿਕਾਰ ਤਾਂ ਜਿਵੇਂ ਖਤਮ ਹੀ ਹੋ ਚੁਕਾ ਸੀ।

ਮਿੰਟਾਂ-ਸਕਿੰਟਾਂ 'ਚ ਜਰਨੈਲ ਸਿੰਘ ਦੀਆਂ ਅੱਖਾਂ ਅੱਗੋਂ ਸਾਰੇ ਪਿੰਡ ਦੇ ਘਰਾਂ ਦੀ ਹਾਲਤ ਲੰਘ ਗਈ। ਜੇ ਉਸ ਦੇ ਵੱਸ ਹੁੰਦਾ ਤਾਂ ਉਹ ਆਪਣੇ ਬੱਚੇ ਨੂੰ ਲੈ ਕੇ ਅਜਿਹੀ ਥਾਂ ਚਲਾ ਜਾਂਦਾ, ਜਿੱਥੇ ਨਸ਼ੇ ਨਾ ਹੋਣ। ਕਹਿੰਦੇ ਨੇ, ਜੇ ਸਰਕਾਰ ਚਾਹੇ ਤਾਂ ਨਸ਼ੇ ਬੰਦ ਹੋ ਸਕਦੇ ਹਨ, ਪਰ ਜਦੋਂ ਇਹ ਗੱਲਾਂ ਸੁਣਨ 'ਚ ਆਉਂਦੀਆਂ ਹਨ ਕਿ ਨਸ਼ਿਆਂ ਨੂੰ ਵੇਚਣ ਵਾਲਿਆਂ ਦੀ ਪਿੱਠ 'ਤੇ ਲੀਡਰਾਂ ਤੇ ਸਰਕਾਰੀ ਅਫਸਰਾਂ ਦਾ ਹੱਥ ਹੈ ਤਾਂ ਇਸ ਤੋਂ ਅੱਗੇ ਨਿਰਾਸ਼ਾ ਦਾ ਘੋਰ ਅੰਧਕਾਰ ਹੀ ਦਿੱਸਦਾ ਹੈ। ਜਿੱਥੇ ਵਾੜ ਹੀ ਖੇਤ ਨੂੰ ਖਾਵੇ ਤਾਂ ਖੇਤ ਨਹੀਂ ਬਚਦੇ।

ਜਰਨੈਲ ਸਿੰਘ ਨੂੰ ਸੋਚੀਂ ਪਿਆ ਦੇਖ ਕੇ ਉਸ ਦੀ ਮਾਂ ਨੇ ਮੋਢੇ 'ਤੇ ਹੱਥ ਰੱਖਦਿਆਂ ਪੁੱਛਿਆ, "ਕੀ ਗੱਲ ਪੁੱਤ ਸੁੱਖ ਤਾਂ ਹੈ?"

"ਹਾਂ ਬੇਬੇ, ਸੁੱਖ ਤਾਂ ਹੈ, ਪਰ ਜਿਹੜੇ ਆਹ ਭਾਂਤ ਭਾਂਤ ਦੇ ਨਸ਼ੇ ਚੱਲ ਪਏ, ਇਨ੍ਹਾਂ ਨੇ ਕਹਿੰਦੇ-ਕਹਾਉਂਦੇ ਘਰਾਂ ਨੂੰ ਬਲ੍ਹੇਟਾ ਪਾ ਲਿਆ, ਅਸੀਂ ਕੀਹਦੇ...।" ਜਰਨੈਲ ਸਿੰਘ ਨੇ ਗੱਲ ਪੂਰੀ ਵੀ ਨਹੀਂ ਸੀ ਕੀਤੀ, ਬੇਬੇ ਬੋਲ ਪਈ, "ਨਾ ਪੁੱਤ, ਐਂ ਨਹੀਂ ਸੋਚੀਦਾ। ਪਾਲੀ ਦਾ ਮਨ ਐਨਾ ਕਮਜ਼ੋਰ ਨਹੀਂ ਕਿ ਉਹਨੂੰ ਕੋਈ ਪਿੱਛੇ ਲਾ ਲਵੇ। ਨਾਲੇ ਉਹਦੀ ਪੜ੍ਹਾਈ ਹੋਰ ਹੈ। ਉਹਨੂੰ ਵਿਹਲ ਕਿੱਥੇ?"

ਉਹ ਅਜੇ ਗੱਲਾਂ ਕਰ ਹੀ ਰਹੇ ਸਨ ਤਾਂ ਗਲੀ ਵਿਚੋਂ ਰੌਲੇ ਦੀਆਂ ਅਵਾਜ਼ਾਂ ਆਈਆਂ। ਪਾਲੀ ਦੀ ਮਾਂ ਨੇ ਦੇਖਿਆ, ਲੋਕ ਨੰਬਰਦਾਰਾਂ ਦੇ ਘਰ ਵੱਲ ਨੂੰ ਭੱਜੇ ਜਾ ਰਹੇ ਸਨ। ਪੁੱਛਣ 'ਤੇ ਪਤਾ ਲੱਗਾ ਕਿ ਉਨ੍ਹਾਂ ਦਾ ਜਵਾਈ ਪੂਰਾ ਹੋ ਗਿਆ। ਕਹਿੰਦੇ ਨੇ, ਵਿਆਹ ਤੋਂ ਪਹਿਲਾਂ ਦਾ ਨਸ਼ੇ ਕਰਦਾ ਸੀ। ਘਰਦਿਆਂ ਨੇ ਵਿਆਹ ਦਿੱਤਾ, ਬਈ ਆਪੇ ਸੁਧਰ ਜੂ। ਪਹਿਲਾਂ ਤਾਂ ਕੁੜੀ ਨੇ ਵੀ ਲੁਕੋ ਰੱਖਿਆ, ਪਰ ਜਦੋਂ ਟੂੰਮਾਂ ਜਾਣ ਲੱਗੀਆਂ ਤਾਂ ਮਾਂ ਨੂੰ ਦੱਸਿਆ। ਫਿਰ ਬਥੇਰੇ ਇਲਾਜ ਕਰਵਾਏ, ਪਰ ਨਹੀਂ ਬਚਿਆ। ਚਾਰ ਸਾਲਾਂ ਵਿਚ ਦੋ ਜਵਾਕ ਹੋ ਗਏ, ਹੁਣ ਨਰਕ ਭੋਗੂ ਵਿਚਾਰੀ। ਜਿੰਨੇ ਮੂੰਹ, ਓਨੀਆਂ ਗੱਲਾਂ ਕਰ ਰਹੇ ਸਨ ਲੋਕ। ਸੁਣ ਕੇ ਜਰਨੈਲ ਸਿੰਘ ਦੀ ਜਿਵੇਂ ਜਾਨ ਨਿਕਲ ਗਈ।

"ਪਾਲੀ ਨ੍ਹੀਂ ਆਇਆ ਅਜੇ?" ਉਸ ਨੇ ਘਬਰਾਹਟ ਵਿਚ ਪੁੱਛਿਆ।

"ਆਉਂਦਾ ਈ ਹੋਊ, ਦਸ ਮਿੰਟ ਰਹਿੰਦੇ ਨੇ, ਉਹਦੇ ਆਉਣ 'ਚ।" ਪਾਲੀ ਦੀ ਮਾਂ ਨੇ ਕਿਹਾ।

"ਬੇਬੇ ਤੂੰ ਜਾਹ ਨੰਬਰਦਾਰਾਂ ਦੇ, ਮੈਂ ਆਉਨਾਂ।" ਫਿਰ ਪਤਾ ਨਹੀਂ ਕੀ ਸੋਚ ਕੇ ਆਪਣੀ ਮਾਂ ਦੇ ਨਾਲ ਹੀ ਤੁਰ ਪਿਆ। ਰਾਤ ਨੂੰ ਦੋਵੇਂ ਮਾਂ-ਪੁੱਤ ਘਰ ਵਾਪਸ ਆਏ। ਦੋਵੇਂ ਬਹੁਤ ਉਦਾਸ ਸਨ। ਹੱਥ-ਮੂੰਹ ਧੋ ਕੇ ਫਿਰ ਨੰਬਰਦਾਰਾਂ ਨਾਲ ਵਰਤੇ ਭਾਣੇ ਦੀਆਂ ਗੱਲਾਂ ਕਰਨ ਲੱਗ ਪਏ।

ਜਰਨੈਲ ਸਿੰਘ ਨੇ ਦੇਖਿਆ, ਪਾਲੀ ਥੋੜ੍ਹਾ ਚਿਰ ਉਨ੍ਹਾਂ ਕੋਲ ਬੈਠ ਕੇ ਮੋਬਾਈਲ ਹੱਥ ਵਿਚ ਫੜੀ ਚੁਬਾਰੇ 'ਚ ਜਾ ਵੜਿਆ। ਜਰਨੈਲ ਸਿੰਘ ਨੂੰ ਪਾਲੀ ਦੀ ਹਰੇਕ ਹਰਕਤ 'ਤੇ ਸ਼ੱਕ ਹੋ ਰਿਹਾ ਸੀ। ਉਹ ਪੜ੍ਹਦਾ ਘੱਟ ਤੇ ਮੋਬਾਈਲ 'ਤੇ ਵੱਧ ਸਮਾਂ ਲੱਗਾ ਰਹਿੰਦਾ। ਕਦੇ ਕਮਰੇ ਦਾ ਦਰਵਾਜਾ ਬੰਦ ਕਰਕੇ ਕਿੰਨਾ ਚਿਰ ਗੱਲਾਂ ਕਰਦਾ ਰਹਿੰਦਾ। ਕਦੇ ਕੰਨਾਂ ਵਿਚ ਡਾਟ ਜਿਹੇ ਫਸਾਈ ਕਿੰਨਾ ਕਿੰਨਾ ਚਿਰ ਗਾਣੇ ਸੁਣਦਾ ਰਹਿੰਦਾ। ਫੀਸਾਂ ਤਾਂ ਕਾਲਜ ਵਾਲਿਆਂ ਨੇ ਉਨੀਆਂ ਹੀ ਲੈ ਲੈਣੀਆਂ ਨੇ, ਥੱਬਾ ਨੋਟਾਂ ਦਾ-ਕੋਈ ਪੜ੍ਹੇ, ਭਾਵੇਂ ਨਾ; ਪਰ ਸ਼ੱਕ ਦੇ ਆਧਾਰ 'ਤੇ ਜਵਾਨ ਪੁੱਤ ਨੂੰ ਕੁਝ ਕਿਹਾ ਵੀ ਨਹੀਂ ਜਾ ਸਕਦਾ।

ਜਰਨੈਲ ਸਿੰਘ ਦਾ ਮਨ ਘੁੰਮਣ-ਘੇਰੀਆਂ ਵਿਚ ਫਸਿਆ ਰਹਿੰਦਾ। ਉਸ ਨੇ ਗਿਆਨੀ ਜੀ ਨੂੰ ਜਾ ਕੇ ਪੁੱਛਿਆ ਤਾਂ ਉਨ੍ਹਾਂ ਨੇ ਇਹ ਜਵਾਬ ਦਿੱਤਾ ਕਿ ਇੱਕ ਦਿਨ ਪਿੰਡ ਦੇ ਵਿਹਲੜ ਮੁੰਡਿਆਂ ਕੋਲ ਪਾਲੀ ਨੂੰ ਬੈਠਿਆਂ ਦੇਖਿਆ ਸੀ। ਹੋਰ ਕੁਝ ਨਹੀਂ ਸੁਣਿਆ। ਇੱਕ ਦਿਨ ਤਾਂ ਹੱਦ ਈ ਹੋ ਗਈ। ਪਿੰਡ ਦੇ ਵਿਹਲੜ ਮੁੰਡੇ ਪਾਲੀ ਨੂੰ ਕਹਿ ਰਹੇ ਸਨ ਕਿ ਉਹ ਆਪਣੇ ਬਾਪੂ ਕੋਲੋਂ ਮੋਟਰਸਾਈਕਲ ਤੇ ਵਧੀਆ ਮੋਬਾਈਲ ਮੰਗ ਲਵੇ। 'ਡਿਗਰੀ ਪੂਰੀ ਹੋ ਲਵੇ, ਫਿਰ ਦੇਖ ਲਾਂਗੇ।' ਪਾਲੀ ਦਾ ਜਵਾਬ ਸੀ।

ਜਰਨੈਲ ਸਿੰਘ ਨੇ ਆਪਣੇ ਕੰਨਾਂ ਨਾਲ ਸਭ ਕੁਝ ਸੁਣਿਆ ਸੀ, ਜਾਂਦੇ ਹੋਏ ਉਨ੍ਹਾਂ ਵਿਚੋਂ ਇੱਕ ਨੇ ਕਿਹਾ, "ਐਤਕੀਂ ਏਹ ਪਾਸ ਨ੍ਹੀਂ ਹੁੰਦਾ। ਪੇਪਰਾਂ ਵੇਲੇ ਆਪਾਂ ਨੇ ਇਹਨੂੰ ਪੜ੍ਹਨ ਤਾਂ ਦਿੱਤਾ ਨ੍ਹੀਂ, ਇੰਜੀਨੀਅਰ ਬਣੂ ਏਹ।" ਸਾਰੇ ਤਾੜੀ ਮਾਰ ਕੇ ਹੱਸ ਪਏ। ਇਹ ਬੋਲ ਜਰਨੈਲ ਸਿੰਘ ਦੇ ਕੰਨਾਂ ਵਿਚ ਹਥੌੜੇ ਵਾਂਗ ਵੱਜੇ। ਨਾਲ ਹੀ ਉਸ ਦੇ ਮੂੰਹੋਂ ਗਾਲ੍ਹ ਨਿਕਲੀ। ਇਨ੍ਹਾਂ ਨੂੰ ਘਰੋਂ ਆਉਣੋਂ ਕਿਵੇਂ ਹਟਾਵੇ? ਉਹ ਸੋਚ ਰਿਹਾ ਸੀ। ਕਦੇ ਸੋਚਦਾ, ਉਨ੍ਹਾਂ ਦੇ ਮਾਪਿਆਂ ਨੂੰ ਉਲਾਂਭਾ ਦੇਵੇ, ਪਰ ਆਪਣੇ ਮਾਪਿਆਂ ਦੀ ਗੱਲ ਕਿੱਥੇ ਮੰਨਣ ਵਾਲੀ ਸੀ ਇਹ ਰਾਹੋਂ ਭਟਕੀ ਮੁੰਡੀਰ੍ਹ! ਜੇ ਸਿੱਧਾ ਕਿਹਾ ਤਾਂ ਇਹ ਪਾਲੀ ਨੂੰ ਪਤਾ ਨਹੀਂ ਕੀ ਪੁੱਠੀ ਪੱਟੀ ਪੜ੍ਹਾਉਣਗੇ। ਉਹ ਬੜਾ ਲਾਚਾਰ ਸੀ ਤੇ ਪਹਿਲਾਂ ਤਾਂ ਉਸ ਨੇ ਚੁੱਪ ਰਹਿਣਾ ਹੀ ਠੀਕ ਸਮਝਿਆ, ਪਰ ਉਹ ਚੁੱਪ ਵੀ ਕਿਵੇਂ ਰਹਿ ਸਕਦਾ ਸੀ। ਉਸ ਦੇ ਮਨ ਨੂੰ ਚੈਨ ਨਹੀਂ ਸੀ। ਉਹ ਕਈ ਵਾਰੀ ਪਾਲੀ ਨਾਲ ਵੀ ਰੁੱਖਾ ਬੋਲਦਾ। ਪਾਲੀ ਆਪਣੀ ਮਾਂ ਤੇ ਦਾਦੀ ਦਾ ਬਹੁਤ ਲਾਡਲਾ ਸੀ। ਜਦੋਂ ਮਾਂ ਤੇ ਦਾਦੀ ਨਾਲ ਬੱਚਿਆਂ ਵਾਂਗ ਸ਼ਰਾਰਤਾਂ ਕਰਦਾ ਤਾਂ ਜਰਨੈਲ ਸਿੰਘ ਥੋੜ੍ਹਾ ਦੂਰ ਜਾ ਕੇ ਬੈਠ ਜਾਂਦਾ, ਅੰਦਰੋ-ਅੰਦਰੀ ਖਿੱਝਦਾ।

ਇੱਕ ਦਿਨ ਪਾਲੀ ਫੋਨ 'ਤੇ ਖੁਸ਼ ਹੋ ਕੇ ਕਿਸੇ ਨਾਲ ਗੱਲ ਕਰ ਰਿਹਾ ਸੀ, ਫੋਨ ਬੰਦ ਕਰਕੇ ਉਸ ਨੇ ਆਪਣੀ ਮਾਂ ਤੇ ਦਾਦੀ ਨੂੰ ਇਕੱਠਿਆਂ ਹੀ ਜੱਫੀ ਪਾਈ ਅਤੇ ਖੁਸ਼ ਹੁੰਦਿਆਂ ਆਖਿਆ, "ਬੇਬੇ ਮੇਰਾ ਨਤੀਜਾ ਆ ਗਿਆ, ਵਧੀਆ ਨੰਬਰ ਲੈ ਕੇ ਪਾਸ ਹੋ ਗਿਆ ਮੈਂ।" ਦਾਦੀ ਨੇ ਸੌ ਸੌ ਅਸੀਸਾਂ ਦਿੱਤੀਆਂ। ਮਾਂ ਨੇ ਢੇਰ ਸਾਰਾ ਪਿਆਰ ਦਿੱਤਾ।

ਜਰਨੈਲ ਸਿੰਘ ਇਸ ਸਮੇਂ ਖੇਤ ਗਿਆ ਹੋਇਆ ਸੀ। ਜਦੋਂ ਉਹ ਖੇਤੋਂ ਵਾਪਸ ਆ ਰਿਹਾ ਸੀ ਤਾਂ ਰਸਤੇ ਵਿਚ ਉਸ ਨੂੰ ਮਾਸਟਰ ਜੀ ਮਿਲ ਪਏ, ਜੋ ਕਈ ਸਾਲਾਂ ਤੋਂ ਇਸੇ ਪਿੰਡ ਵਿਚ ਰਹਿ ਰਹੇ ਸਨ। ਪਾਲੀ ਆਮ ਕਰਕੇ ਦੂਜੇ ਤੀਜੇ ਦਿਨ ਮਾਸਟਰ ਜੀ ਕੋਲ ਚਲਾ ਜਾਂਦਾ ਸੀ।

"ਜਰਨੈਲ ਸਿੰਘ ਜੀ ਮੁਬਾਰਕਾਂ।" ਮਾਸਟਰ ਜੀ ਨੇ ਆਖਿਆ।

"ਕਾਹਦੀਆਂ ਮੁਬਾਰਕਾਂ ਜੀ।"

"ਪਾਲੀ ਦੇ ਪਾਸ ਹੋਣ ਦੀਆਂ ਤੇ ਵਧੀਆ ਨੰਬਰ ਲੈਣ ਦੀਆਂ।"

ਜਰਨੈਲ ਸਿੰਘ ਨੂੰ ਯਕੀਨ ਨਹੀਂ ਸੀ ਆ ਰਿਹਾ, ਉਸ ਨੂੰ ਇਹ ਖੁਸ਼ੀ ਹਜ਼ਮ ਨਹੀਂ ਸੀ ਹੋ ਰਹੀ। ਉਸ ਨੇ ਮਾਸਟਰ ਜੀ ਨਾਲ ਉਹ ਸਭ ਗੱਲਾਂ ਕੀਤੀਆਂ, ਜੋ ਉਸ ਅੰਦਰ ਡਰ ਪੈਦਾ ਕਰ ਰਹੀਆਂ ਸਨ। ਮਾਸਟਰ ਜੀ ਨੇ ਦੱਸਿਆ ਕਿ ਗਿਆਨੀ ਜੀ ਨੇ ਵਿਹਲੜ ਜੁੰਡਲੀ ਨੂੰ ਪਾਲੀ ਨੂੰ ਵਿਗਾੜਨ ਦੀਆਂ ਸ਼ਰਤਾਂ ਲਾਉਂਦੇ ਸੁਣਿਆ ਸੀ ਅਤੇ ਇਸ ਬਾਰੇ ਪਾਲੀ ਨੂੰ ਸੁਚੇਤ ਰਹਿਣ ਲਈ ਵੀ ਕਿਹਾ ਸੀ। ਪਾਲੀ ਨੇ ਆਪਣਾ ਪੜ੍ਹਾਈ ਕਰਨ ਦਾ ਤਰੀਕਾ ਬਦਲ ਲਿਆ ਸੀ। ਉਸ ਨੇ ਆਪਣੀ ਪੜ੍ਹਾਈ ਮੋਬਾਈਲ ਨਾਲ ਜੋੜ ਲਈ। ਜਦੋਂ ਮਾਸਟਰ ਜੀ ਨੇ ਪੜ੍ਹਨ ਦੇ ਤਰੀਕੇ ਬਾਰੇ ਦੱਸਿਆ ਤਾਂ ਜਰਨੈਲ ਸਿੰਘ ਖੁਸ਼ ਵੀ ਸੀ ਤੇ ਹੈਰਾਨ ਵੀ। ਗੱਲਾਂ ਕਰਦਿਆਂ ਦੋਵੇਂ ਘਰ ਪਹੁੰਚ ਗਏ। ਮਾਸਟਰ ਜੀ ਨੇ ਸਭ ਨੂੰ ਵਧਾਈ ਦਿੱਤੀ ਤੇ ਪਾਲੀ ਨੂੰ ਆਪਣਾ ਮੋਬਾਈਲ ਲਿਆਉਣ ਲਈ ਕਿਹਾ। ਮਾਸਟਰ ਜੀ ਨੇ ਜਰਨੈਲ ਸਿੰਘ ਦੇ ਨਾਂਹ ਨਾਂਹ ਕਰਦਿਆਂ ਉਸ ਦੇ ਕੰਨਾਂ ਵਿਚ ਟੂਟੀਆਂ ਜਿਹੀਆਂ ਲਾ ਦਿੱਤੀਆਂ। ਉਹ ਸੁਣ ਕੇ ਹੈਰਾਨ ਵੀ ਹੋ ਰਿਹਾ ਸੀ ਅਤੇ ਖੁਸ਼ ਵੀ।

"ਇਹ ਗਾਣੇ ਨਹੀਂ, ਕੋਈ ਪੜ੍ਹਾਈ ਦੀ ਗੱਲ ਲੱਗਦੀ ਹੈ।" ਥੋੜ੍ਹਾ ਜਿਹਾ ਸੁਣਾ ਕੇ ਮਾਸਟਰ ਜੀ ਨੇ ਫੋਨ ਬੰਦ ਕਰ ਦਿੱਤਾ।

"ਇਹ ਇਸ ਤਰ੍ਹਾਂ ਵੀ ਪੜ੍ਹਿਆ ਜਾ ਸਕਦੈ?" ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਕੀ ਕਹੇ, ਪਰ ਉਹ ਸਾਰਾ ਕੁਝ ਸਮਝ ਚੁਕਾ ਸੀ ਅਤੇ ਬਹੁਤ ਖੁਸ਼ ਸੀ। ਪਾਲੀ ਦੀ ਦਾਦੀ ਪਾਲੀ ਦੇ ਮੋਢੇ 'ਤੇ ਹੱਥ ਫੇਰ ਰਹੀ ਸੀ, "ਇਹ ਤਾਂ ਮੇਰਾ ਸੂਰਮਾ ਪੁੱਤ ਹੈ।" ਦਾਦੀ ਦੀ ਗੱਲ ਸੁਣ ਕੇ ਮਾਸਟਰ ਜੀ ਬੋਲੇ, "ਹਾਂ ਮਾਤਾ ਜੀ, ਕੋਈ ਜ਼ਰੂਰੀ ਨਹੀਂ ਹੱਥਾਂ ਵਿਚ ਹਥਿਆਰ ਫੜ ਕੇ ਤੇ ਲੜ ਕੇ ਹੀ ਕੋਈ ਬੰਦਾ ਸੂਰਮਾ ਕਹਾਵੇ। ਜਿਹੜਾ ਬੰਦਾ ਬੁਰਾਈਆਂ ਤੋਂ ਆਪਣੇ ਆਪ ਨੂੰ ਬਚਾ ਕੇ ਰੱਖੇ, ਉਹ ਵੀ ਸੂਰਮਾ ਹੈ। ਨਾਲੇ ਜਦੋਂ ਕੋਈ ਇਨਸਾਨ ਚੰਗੇ ਕੰਮ ਕਰਨ ਦੀ ਇੱਛਾ ਰੱਖਦਾ ਹੋਵੇ ਤੇ ਕੋਸ਼ਿਸ਼ ਕਰਦਾ ਹੋਵੇ ਤਾਂ ਸੌ ਰਾਹ ਮਿਲ ਜਾਂਦੇ ਨੇ।"

# ਜੇ ਬੁੱਤ ਬੋਲਦੇ

ਸੁਖਦੇਵ ਸਿੱਧੂ
sidhu@ntlworld.com



ਹਟਾਏ ਜਾਣ ਪਿਛੋਂ ਸੈਸੱਲ ਦਾ ਬੁੱਤ

ਵਲੈਤ ਦਾ ਵੱਡਾ ਹਿੱਸਾ ਇਤਿਹਾਸ ਧੱਕਾ ਜ਼ੋਰੀ ਤੇ ਜ਼ੁਲਮਾਂ ਨਾਲ ਤਰੋ ਤਰ ਹੈ। ਵਡੇਰੇ ਰਾਜ ਪਸਾਰੇ ਚ ਅਨਿਆਂ ਵੀ ਬਥੇਰਾ ਹੋਇਆ। ਇਸ ਰਾਜ ਦੀ ਮੁੱਖ ਟੇਕ ਤਾਂ ਦੂਜਿਆਂ ਦੀ ਲੁਟ ਕਰਕੇ ਆਪਣਾ ਢਿੱਡ ਭਰਨਾ ਹੀ ਸੀ। ਲੋਕਾਂ ਦਾ ਭਲਾ ਕਰਨ ਲਈ ਕੋਈ ਦੂਰ ਦੁਰੇਡੇ ਕਿਉਂ ਭਾਉਂਦਾ ਫਿਰੇ! ਸਿੱਟਾ ਸਭ ਦੇ ਸਾਹਮਣੇ ਹੈ।

ਬ੍ਰਿਟਿਸ਼ ਰਾਜ ਦੇ ਕਾਰਿੰਦਿਆਂ ਤੇ ਨਾਗਰਿਕਾਂ ਨੇ 1640 ਤੋਂ ਲੈ ਕੇ 1807 ਤੀਕ ਤੀਹ ਲੱਖ ਕਾਲੇ ਅਫਰੀਕਨਾਂ ਨੂੰ ਗੁਲਾਮ ਬਣਾ ਕੇ ਰਾਜ ਦੀਆਂ ਦੂਜੀਆਂ ਕਾਲੋਨੀਆਂ 'ਚ ਪਹੁੰਚਾਇਆ, ਹੋਰ ਥਾਂਈਂ ਵੀ ਵੇਚਿਆ ਗਿਆ। ਇਨ੍ਹਾਂ 'ਚੋਂ ਤੀਹ ਹਜ਼ਾਰ ਦੇ ਕਰੀਬ ਰਾਹ 'ਚ ਹੀ ਪਾਣੀ ਵਾਲੇ ਜਹਾਜ਼ਾਂ ਦੇ ਸਫਰ ਦੌਰਾਨ ਮਾਰੇ ਗਏ। ਇਨ੍ਹਾਂ 'ਚੋਂ ਹੋਈ ਕਮਾਈ ਨਾਲ ਵਲੈਤ ਦੀਆਂ ਕਈ ਨਾਮੀ ਇਮਾਰਤਾਂ ਤੇ ਹੋਰ ਅਦਾਰਿਆਂ 'ਤੇ ਅਸਰ ਦਿਸਦੇ ਹਨ। ਦਸਤਾਵੇਜ਼ਾਂ ਮੁਤਾਬਕ ਜੋਹਨ ਲੋਕ ਨੇ ਗੁਲਾਮ ਖਰੀਦਣ ਵੇਚਣ ਦੀ ਪਹਿਲ 1555 'ਚ ਕੀਤੀ। ਇਹਨੇ ਪੰਜ ਗੁਲਾਮ ਵਲੈਤ ਨੂੰ ਲਿਆਂਦੇ। ਵਿਲੀਅਮ ਟਾਵਰਸਨ ਨੇ ਵੀ ਬੈਰ੍ਹੀ ਜਹਾਜ਼ਾਂ ਦੇ ਸਫਰਾਂ ਦੌਰਾਨ 1656 ਤੋਂ 1657 ਤੀਕ ਗੁਲਾਮ ਖਰੀਦਣ ਵੇਚਣ ਦਾ ਧੰਦਾ ਕੀਤਾ, ਪਰ ਇਸ ਕਰਤੂਤ ਦੀ ਰਹਿਨੁਮਾਈ ਦਾ ਸਿਹਰਾ ਜੋਹਨ ਹੋਕਿਨਜ਼ ਦੇ ਸਿਰ ਟਿਕਦਾ ਹੈ। ਇਸ ਨੂੰ ਹੀ ਇਸ ਕੰਮ ਦਾ ਮੋਢੀ ਮਿਥਿਆ ਗਿਆ ਹੈ। ਇਹਨੇ ਇਕੱਲੇ ਨੇ 1200 ਗੁਲਾਮ ਸੀਐਰਾ ਲੀਓਨ ਤੋਂ ਲਿਆ ਕੇ ਡੋਮੀਨਿੱਕ ਰੀਪਬਲਿਕ ਤੇ ਹੇਤੀ 'ਚ ਵੇਚੇ। ਵਲੈਤ ਤੋਂ ਅਫਰੀਕਾ ਨੂੰ ਤੁਰੇ ਜਹਾਜ਼ ਸੋਨੇ, ਹਾਥੀਦੰਦ ਦੇ ਇਵਜ਼ 'ਚ ਗੁਲਾਮ ਖਰੀਦ ਲੈਂਦੇ। ਅਫਰੀਕਾ ਤੋਂ ਸਿੱਧਾ ਕੈਰਿਬੀਅਨ ਤੇ ਅਮਰੀਕੀ ਮੁਲਕਾਂ 'ਚ ਜਾ ਕੇ ਵੇਚ ਦਿੰਦੇ; ਜਦ ਜਹਾਜ਼ ਵਾਪਸ ਵਲੈਤ ਨੂੰ ਮੁੜਦੇ ਤਾਂ ਆਉਂਦੇ ਹੋਏ ਯੂਰਪੀਅਨਾਂ ਲਈ ਤੰਬਾਕੂ, ਖੰਡ ਤੇ ਰੱਮ ਲਈ ਆਉਂਦੇ ਯਾਨਿ ਦੋਹਰੀ-ਤੀਹਰੀ ਲੁੱਟ ਕੀਤੀ ਜਾਂਦੀ। ਇਨ੍ਹਾਂ ਵਪਾਰੀਆਂ ਦਾ ਛੇਤੀ ਅਮੀਰ ਹੋ ਜਾਣਾ, ਹੈਰਾਨ ਕਰਨ ਵਾਲਾ ਨਹੀਂ ਹੈ।

ਸਮਾਂ ਬੜਾ ਬਲਵਾਨ ਹੈ, ਬੇਕਿਰਕ ਵੀ ਹੈ। ਬ੍ਰਿਟਿਸ਼ ਸਾਮਰਾਜ ਦਾ ਦੀਵਾ ਹੌਲੀ ਹੌਲੀ ਗੁੱਲ ਹੋ ਗਿਆ। ਕਿਸੇ ਨੂੰ ਕੀ ਪਤਾ ਸੀ ਕਿ ਕਾਲੇ ਅਫਰੀਕੀਆਂ ਨੂੰ ਵੇਚ-ਵੱਟ ਕੇ ਵਲੈਤ 'ਚ ਰੁਤਬੇ ਪਾਉਣ ਵਾਲਿਆਂ ਦੇ ਬੁਰੇ ਦਿਨ ਵੀ ਆ ਜਾਣਗੇ।

ਪੁਰਾਣਾ ਵਾਕਿਆ ਹੈ। ਮੇਰਾ ਬਾਪ ਦਸਦਾ ਹੈ ਕਿ ਸਾਡੇ ਪਿੰਡਾਂ ਲਾਗੇ ਸਤਲੁਜ ਦਰਿਆ ਕੰਢੇ ਵਸਦੇ ਕਿਸੇ ਪਿੰਡ 'ਚ ਚੋਰ ਆ ਵੜੇ। ਘਰ ਦਾ ਬਜ਼ੁਰਗ ਉਂ ਈਂ ਦੇਖਣ ਲਈ ਉਠਿਆ ਕਿ ਕੋਈ ਜੰਗਲੀ ਜਾਨਵਰ ਤਾਂ ਨਹੀਂ ਆ ਵੜਿਆ। ਦਰਿਆ ਕੰਢੇ ਬੇਆਬਾਦ ਜ਼ਮੀਨ 'ਚ ਜੰਗਲ ਹੀ ਜੰਗਲ ਸੀ। ਜੰਗਲੀ ਜਾਨਵਰ ਰਾਤ ਨੂੰ ਫਸਲਾਂ ਤਾਂ ਖਾਂਦੇ ਹੀ ਸੀ, ਘਰੀਂ ਵੀ ਆ ਵੜਦੇ ਸਨ। ਚੋਰ ਕੱਚੇ ਸੀ, ਬਾਬੇ ਤੋਂ ਡਰ ਗਏ। ਉਨ੍ਹਾਂ 'ਚੋਂ ਕਿਸੇ ਨੇ ਘੁਮਾ ਕੇ ਡਾਂਗ ਮਾਰੀ; ਬੁੜੇ ਦੀ ਪੁੜਪੁੜੀ 'ਚ ਜਾ ਵੱਜੀ। ਹੰਢਿਆ ਸਰੀਰ ਸੀ। ਉਮਰ ਵੀ ਲੱਗੀ ਹੋਈ ਸੀ। ਸੱਟ ਔਹਰੇ ਥਾਂ ਵੱਜ ਗਈ ਤੇ ਬਜ਼ੁਰਗ ਭੁਆਂਟਣੀ ਖਾ ਕੇ ਡਿੱਗਾ ਤੇ ਸਰੀਰ ਛੱਡ ਗਿਆ। ਰੌਲਾ ਪੈ ਗਿਆ। ਓ ਰਾਤੀਂ ਡਾਕਾ ਪੈ ਗਿਆ, ਓ ਰਾਤੀਂ ਡਾਕਾ ਪੈ ਗਿਆ। ਸਰਦਾਰਾਂ ਦਾ ਬੁੜਾ ਮਰ ਗਿਆ। ਵਿਚੋਂ ਹੀ ਕਹਿਣ ਲੱਗ ਪਏ; ਨਹੀਂ, ਨਹੀਂ, ਉਹ ਤਾਂ ਡਾਕੂਆਂ ਨਾਲ ਲੜਦਾ-ਭਿੜਦਾ ਸ਼ਹੀਦ ਹੋ ਗਿਆ। ਪਿੰਡ ਵਾਲੇ ਸੱਚ ਜਾਣਦੇ ਸਨ ਤੇ ਆਲੇ-ਦੁਆਲੇ ਦੇ ਪਿੰਡਾਂ ਦੇ ਵੀ, ਪਰ ਘਰ ਤਕੜਾ ਸੀ। ਸਿਆਸੀ ਅਸਰ ਰਸੂਖ ਵੀ ਸੀ। ਯਾਦਗਾਰੀ ਪ੍ਰੋਗਰਾਮ ਰੱਖ ਲਿਆ। ਭੀਮ ਸੈਨ ਸੱਚਰ ਦੀ ਸਰਕਾਰ ਸੀ। ਅਜੇ ਗੋਰੇ ਮੁਲਕ 'ਚੋਂ ਗਏ ਹੀ ਸਨ ਤੇ ਭਾਰਤੀਆਂ ਹੱਥ ਤਾਕਤ ਨਵੀਂ ਨਵੀਂ ਆਈ ਸੀ; ਪਰ ਅਫਸਰਸ਼ਾਹੀ ਅੰਗਰੇਜ਼ੀ ਭਾਅ ਦੀ ਸੀ, ਸਰਕਾਰੀ ਅਮਲੇ ਫੈਲੇ ਨੇ ਸਕੂਲਾਂ 'ਚੋਂ ਨਿਆਣੇ ਸੱਦ ਲਏ। ਭੀਮ ਸੈਨ ਸੱਚਰ ਇਲਾਕੇ 'ਚ ਆਪਣੀ ਸਿਆਸੀ ਸਾਖ ਖੜੀ ਕਰਨ ਖਾਤਿਰ ਆਇਆ ਸੀ। ਵੇਲੇ ਦਾ ਮੁੱਖ ਮੰਤਰੀ ਸੀ। ਪੱਛੜੇ ਪਿੰਡ ਆਇਆ ਸੀ। ਸ਼ਹੀਦ ਦੇ ਨਾਂ ਯਾਦਗਾਰ ਸਥਾਪਿਤ ਕਰ ਗਿਆ। ਨਵੇਂ ਬਣੇ ਮੁੱਖ ਮੰਤਰੀ ਨੇ ਸ਼ਹੀਦ ਦੀ ਬਹਾਦਰੀ ਦੀ ਮਹਿਮਾ ਕੀਤੀ। ਸੱਚਰ ਦੀ ਇਲਾਕੇ 'ਚ ਜੈ ਜੈ ਕਾਰ ਹੋ ਗਈ। ਹੁਣ ਕਿਸੇ ਨੂੰ ਚਿੱਤ ਚੇਤਾ ਨਹੀਂ, ਉਹ 'ਸ਼ਹੀਦ' ਕੌਣ ਸੀ, ਯਾਦਗਾਰ ਕਿਤੇ ਹੈ ਨਹੀਂ।

ਪਿਛਲੇ ਕੁਝ ਸਾਲਾਂ ਤੋਂ ਭਾਰਤ ਤੇ ਪੰਜਾਬ ਦੀਆਂ ਸਰਕਾਰਾਂ ਨੂੰ ਬੁੱਤ ਲਾਉਣ ਤੇ ਯਾਦਗਾਰਾਂ ਬਣਾਉਣ ਦਾ ਚਾਅ ਚੜ੍ਹਿਆ ਹੋਇਆ ਹੈ। ਜਿਨ੍ਹਾਂ ਦੀ ਕਦੇ ਪੁੱਛ ਪ੍ਰਤੀਤ ਨਾ ਹੋਈ, ਉਨ੍ਹਾਂ ਦੇ ਬੁੱਤ ਲੱਗ ਗਏ ਹਨ ਤੇ ਕਈ ਯਾਦਗਾਰਾਂ ਬਣ ਗਈਆਂ ਹਨ। ਇਹਦੇ ਪਿਛਲੀ ਭਾਵਨਾ ਕਿਸੇ ਨੂੰ ਦੱਸਣ ਦੀ ਲੋੜ ਨਹੀਂ ਹੈ। ਇਹ ਲੁਕੀ ਛਿਪੀ ਨਹੀਂ ਹੈ।

ਹਾਲਤ ਬਦਲੇ ਤਾਂ ਅੰਦਰੋਂ ਜ਼ੋਰ ਪੈਣਾ ਸ਼ੁਰੂ ਹੋ ਗਿਆ ਸੀ। ਗੁਲਾਮਾਂ ਦੇ ਵਪਾਰ ਦੀ ਹਮਾਇਤ ਕਰਨ ਵਾਲਿਆਂ ਦਾ ਦਾਅਵਾ ਸੀ ਕਿ ਇਸ ਸਦਕਾ, ਵਲੈਤ ਦੇ ਅਰਥਚਾਰੇ ਨੂੰ ਬੜਾਵਾ ਮਿਲਿਆ ਹੈ ਤੇ ਲੋਕਾਂ ਦੀ ਹਾਲਤ ਸੁਧਰੀ ਹੈ; ਤਾਂ ਵੀ ਵਲੈਤ ਦੀ ਪਾਰਲੀਮੈਂਟ ਨੇ ਗੁਲਾਮ ਤਜਾਰਤ ਦੇ ਖਾਤਮੇ ਦਾ ਕਦਨੂੰਨ ਪਾਸ ਕਰ ਦਿੱਤਾ। ਇਸ ਕਦਨੂੰਨ ਰਾਹੀਂ ਸਰਕਾਰ ਨੇ 1807 'ਚ ਗੁਲਾਮਾਂ ਦਾ ਖਰੀਦਣਾ-ਵੇਚਣਾ ਗੈਰਕਦਨੂੰਨੀ ਕਰ ਦਿੱਤਾ, ਪਰ ਅਸਲ 'ਚ ਗੁਲਾਮਾਂ ਦੀ ਖਰੀਦੋ ਫਰੋਖਤ 1838 ਤੀਕ ਵੀ ਹੁੰਦੀ ਰਹੀ। ਘੱਟੀ ਵੀ ਹੁੰਦੀ ਰਹੀ।

ਪਾ ਲਾ ਕੇ ਬਹੱਤਰ ਐਸੇ ਬੁੱਤ ਹਨ, ਜਿਨ੍ਹਾਂ ਦਾ ਸਿੱਧਾ ਸਬੰਧ ਗੁਲਾਮਾਂ ਦੀ ਤਜ਼ਾਰਤ ਜਾਂ ਬਸਤੀਵਾਦ ਨਾਲ ਰਿਹਾ ਹੈ। ਇਨ੍ਹਾਂ 'ਚੋਂ ਵੀਹ ਇਕੱਲੇ ਲੰਡਨ 'ਚ ਹਨ। ਹੁਣ ਇਨ੍ਹਾਂ ਦੀ ਸ਼ਾਮਤ ਆਈ ਹੋਈ ਹੈ। ਭਾਰਤ ਨਾਲ ਸਬੰਧਿਤ ਰੌਬਰਟ ਕਲਾਈਵ ਤੇ ਲਾਰਡ ਕਿਚਨਰ ਵੀ ਲਿਸਟ 'ਤੇ ਹਨ। ਹੋਰ ਕਿਸ ਕਿਸ ਦੀ ਵਾਰੀ ਕਦ ਕਦ ਆਉਂਦੀ ਹੈ, ਬਲਵਾਨ ਸਮਾਂ ਦੱਸ ਦਏਗਾ। ਵਲੈਤ ਦੀ ਸਰਕਾਰ ਨੇ ਚਰਚਿਲ ਦੇ ਬੁੱਤ ਦੁਆਲੇ ਰੱਖਿਆ ਪਹਿਰਾ ਕਾਇਮ ਕਰ ਦਿੱਤਾ ਹੈ ਤੇ ਸਰਕਾਰ ਨੇ ਤਾਬੜਤੋੜ ਬਿਆਨਬਾਜ਼ੀ ਵਾਧੂ ਕਰ ਦਿੱਤੀ ਹੈ।

ਗੁਲਾਮਾਂ ਦੇ ਵਪਾਰ ਸਿਰੋਂ ਅਮੀਰ ਤਰੀਨ ਹੋਏ ਐਡਵਰਡ ਕੋਲਸਟਨ ਦਾ ਬੁੱਤ ਬ੍ਰਿਸਟਲ ਸ਼ਹਿਰ 'ਚ ਸੀ। ਜੋ ਹਾਲ ਬੁੱਤ ਦਾ ਹੋਇਆ, ਸਭ ਨੇ ਤੱਕਿਆ। ਇਹ ਸਬਰ ਟੁੱਟਣ ਦਾ ਝਲਕਾਰਾ ਹੈ। ਇਹ ਗੋਰਾ ਅਫਰੀਕੀ ਨਸਲ ਦੇ ਮਨੁੱਖਾਂ ਦਾ ਵਪਾਰੀ ਸੀ। ਵੈਸਟ ਇੰਡੀਜ਼ 'ਚ ਗੁਲਾਮ ਅਫਰੀਕਨਾਂ ਨੂੰ ਵੇਚਦਾ ਸੀ। ਇਸ ਨੇ ਮਨੁੱਖੀ ਤਸਕਰੀ ਤੋਂ ਏਨੀ ਖੱਟੀ ਕੀਤੀ ਕਿ ਇਹਨੇ ਆਪਣੀ ਕੰਪਨੀ 'ਲੰਡਨ ਡੌਕਸ' ਬਣਾ ਲਈ। ਬੁੱਤ ਲੱਗਣ ਵੇਲੇ ਸਰਮਾਏ ਤੇ ਹੋਰ ਅਸਰ ਰਸੂਖ ਕਾਰਨ ਬੁੱਤ ਲਾਇਆ ਤਾਂ ਗੁਣਗਾਨ ਕੀਤਾ ਗਿਆ। ਇਹ ਹਾਲ ਦੇਖ ਕੇ ਲੰਡਨ ਦੇ ਮਿਊਜ਼ੀਅਮ ਮੂਹਰੇ ਲੱਗੇ ਰੌਬਰਟ ਮਿਲੀਗਨ ਦੇ ਬੁੱਤ ਨੂੰ ਸਰਕਾਰ ਨੇ ਆਪੇ ਲਾਹ ਲਿਆ ਹੈ। ਕਈ ਹੋਰਾਂ ਦੇ ਲਾਹੁਣ ਦਾ ਅਮਲ ਜਾਰੀ ਹੈ ਤੇ ਕਈਆਂ ਦੁਆਲੇ ਰੱਖਿਆ ਕੱਸੀ ਗਈ ਹੈ।






ਬ੍ਰਿਸਟਲ ਸ਼ਹਿਰ 'ਚ ਲੱਗਾ ਐਡਵਰਡ ਕੋਲਸਟਨ ਦਾ ਬੁੱਤ ਅਤੇ (ਖੱਬੇ) ਲੰਡਨ 'ਚ ਲੱਗਾ ਚਰਚਿਲ ਦਾ ਬੁੱਤ

ਆਕਸਫੋਰਡ ਯੂਨੀਵਰਸਿਟੀ ਦੇ ਓਰੀਅਲ ਕਾਲਜ ਨਾਲ ਸੈਸੱਲ ਰੋਡਜ਼ ਦਾ ਲਾਗਾ ਦੇਗਾ ਹੈ; ਇਹਦੇ ਨਾਂ ਦੇ ਸਕਾਲਰਸ਼ਿਪ ਵੀ ਚਲਦੀ ਹੈ। ਸ਼ਹਿਰ 'ਚ ਲੱਗਾ ਬੁੱਤ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਮੁਜ਼ਾਹਰੇ ਹੋਈ ਜਾ ਰਹੇ ਹਨ। ਪੁਲਿਸ ਪਹਿਰੇ 'ਤੇ ਖੜੀ ਰਹਿੰਦੀ ਹੈ ਕਿ ਕਿਤੇ ਬ੍ਰਿਸਟਲ ਵਾਲੀ ਨਾ ਹੋ ਜਾਏ। ਆਕਸਫੋਰਡ 'ਚ ਵਿਦਿਆਰਥੀ ਬਹੁਤ ਗਿਣਤੀ ਚ ਹੁੰਦੇ ਹਨ ਤੇ ਜੋੜ ਮੇਲਾ ਫੁਰਤੀ ਨਾਲ ਹੋ ਜਾਂਦਾ ਹੈ। ਬਿਜਲੱਈ ਜੁੱਗ ਚ ਇਹ ਹੋਰ ਸੌਖਾ ਹੋ ਗਿਆ ਹੈ। ਪੁਲਸ ਤੇ ਬੁੱਤ ਵਿਰੋਧੀਆਂ ਚ ਚੂਹੇ ਬਿੱਲੀ ਵਾਲੀ ਲੱਗੀ ਰਹਿੰਦੀ ਹੈ। ਸਮਾਂ ਹੈ, ਆਪਣਾ ਰੰਗ ਦਿਖਾਉਂਦਾ ਹੀ ਰਹਿੰਦਾ ਹੈ। ਗੁਲਾਮਾਂ ਦੀ ਕੀਤੀ ਖੱਟੀ ਕਮਾਈ ਚੋਂ ਏਸੇ ਦੇ ਨਾਂ ਤੇ ਚਲਦੇ ਟਰੱਸਟ ਨੇ ਸਕਾਲਰਸ਼ਿਪ ਵੀ ਲਾਈਆਂ ਹੋਈਆ ਹਨ।

ਔਕਸਫਰਡ ਯੂਨੀਵਰਸਿਟੀ ਦੇ ਚਾਂਸਲਰ ਨੇ ਸੈਸੱਲ ਦਾ ਬੁੱਤ ਹਟਾਉਣ ਦੀ ਮੰਗ ਕਰਨ ਵਾਲਿਆਂ ਦੀ ਨਿਖੇਧੀ ਕੀਤੀ ਹੈ। ਉਸ ਨੇ ਕਿਹਾ ਹੈ ਕਿ ਇਹ ਬੁੱਤ ਨਹੀਂ ਹਟੇਗਾ। ਚਾਂਸਲਰ ਬਣਨ ਤੋਂ ਪਹਿਲਾਂ ਇਹ ਟੋਰੀ ਪਾਰਟੀ ਦਾ ਵੱਡਾ ਸਿਆਸਤਦਾਨ ਰਿਹਾ ਹੈ ਤੇ ਪਾਰਟੀ ਦਾ ਚੈਅਰਮੈਨ ਵੀ। ਇਹ ਥੈਚਰ ਦੀ ਸਰਕਾਰ 'ਚ ਮੰਤਰੀ ਵੀ ਰਿਹਾ। ਇਹ ਮੰਗ 2016 'ਚ ਵੀ ਉਠੀ ਸੀ ਤੇ ਏਸੇ ਚਾਂਸਲਰ ਦਾ ਕਹਿਣਾ ਸੀ ਕਿ ਜਿਨ੍ਹਾਂ ਨੂੰ ਸੈਸੱਲ ਰੋਡਜ਼ ਚੰਗਾ ਨਹੀਂ ਲਗਦਾ, ਓਹ ਕਿਸੇ ਹੋਰ ਯੂਨੀਵਰਸਿਟੀ 'ਚ ਜਾ ਕੇ ਪੜ੍ਹ ਲੈਣ। ਆਕਸਫੋਰਡ ਯੂਨੀਵਰਸਿਟੀ ਦੀ ਡੀਬੇਟਿੰਗ ਸੁਸਾਇਟੀ 'ਚ ਹੋਈ ਬਹਿਸ ਸਮੇਂ 457 'ਚੋਂ 245 ਵੋਟਰਾਂ ਨੇ ਬੁੱਤ ਲਾਹੇ ਜਾਣ ਦੇ ਹੱਕ 'ਚ ਵੋਟ ਪਾਈ। ਅਫਰੀਕਾ 'ਚ ਪਹਿਲਾਂ ਹੀ ਸੈਸੱਲ ਦਾ ਬੁੱਤ ਹਟਾਇਆ ਜਾ ਚੁੱਕਾ ਹੈ; ਅਫਰੀਕਾ 'ਚ ਹੀ ਇਹਨੇ ਸੋਨੇ ਤੇ ਹੀਰਿਆਂ ਦੀਆਂ ਖਾਣਾਂ ਹਥਿਆ ਕੇ ਪੈਸਾ ਬਣਾਇਆ ਸੀ। ਆਕਸਫੋਰਡ 'ਚ ਬੁੱਤ ਹਟਾਉਣ ਜਾਂ ਲੱਗੇ ਰਹਿਣ ਦਾ ਫੈਸਲਾ 'ਕੱਲੇ ਚਾਂਸਲਰ ਦਾ ਨਹੀਂ ਹੋਣਾ। ਲੋਕ ਰਾਏ ਦੀ ਅਹਿਮੀਅਤ ਵੀ ਹੁੰਦੀ ਹੈ। ਵੱਡੀ ਦਲੀਲ ਤਾਂ ਇਹੋ ਹੈ ਕਿ ਅਣਮਨੁੱਖੀ ਕਰਤੂਤ ਕਰਨ ਵਾਲਿਆਂ ਦਾ ਨਾਂ ਇਤਿਹਾਸ 'ਚ ਤਾਂ ਰਹਿਣਾ ਹੈ, ਪਰ ਇਨ੍ਹਾਂ ਦੀ ਏਨੀ ਮਹਿਮਾ ਕਿਉਂ ਕੀਤੀ ਜਾਵੇ? ਇਨ੍ਹਾਂ ਦਾ ਇਹ ਰੁਤਬਾ ਕਿਸ ਲਈ? ਮਨੁੱਖਾਂ ਦਾ ਏਨਾ ਜੀਆਘਾਤ ਕਰਨ ਵਾਲੇ ਇਸ ਦੇ ਹੱਕਦਾਰ ਹਨ! ਜੇ ਇਹੋ ਗੱਲ ਹੈ ਤਾਂ ਸੱਦਾਮ ਹੁਸੈਨ ਦੇ ਬੁੱਤ ਕਿਉਂ ਤੁੜਵਾਏ ਗਏ?

ਮਨੁੱਖਾਂ ਨੂੰ ਗੁਲਾਮ ਬਣਾ ਕੇ ਵਪਾਰ 'ਚੋਂ ਪੈਸਾ ਬਣਾਉਣ ਵਾਲਿਆਂ ਦੇ ਬੁੱਤਾਂ ਦਾ ਦੱਬੀ ਜ਼ੁਬਾਨੇ ਹੁੰਦਾ ਵਿਰੋਧ ਜ਼ੋਰ ਫੜ ਗਿਆ; ਹੁਣ ਇਹ ਪੂਰੇ ਜਲੌਅ 'ਤੇ ਹੈ। ਆਮ ਲੋਕ ਰਾਏ ਤਾਂ ਬੁੱਤ ਹਟਾਏ ਜਾਣ ਦੇ ਹੱਕ 'ਚ ਹੈ। ਹੱਕ 'ਚ ਬੋਲਣ ਵਾਲੇ ਆਟੇ 'ਚ ਲੂਣ ਹਨ। ਹੱਕ 'ਚ ਬੋਲਣ ਵਾਲੇ ਭਾਰਤੀਆਂ ਦੀ ਘਾਟ ਨਹੀਂ। ਜਿਹੜੇ ਬੁੱਤਾਂ ਨੂੰ ਹਟਾਉਣ ਦੇ ਹੱਕ 'ਚ ਹਨ, ਪਰ ਅਮਲੇ ਫੈਲੇ ਦੀ ਸੁਲਾਹ ਨਾਲ ਬੁੱਤ ਬਾਰੇ ਫੈਸਲਾ ਲੈਣ ਦੇ ਹੱਕ 'ਚ ਹਨ, ਉਨ੍ਹਾਂ ਲਈ ਔਖ ਦੀ ਘੜੀ ਹੁੰਦੀ ਹੈ। ਕਈ ਬੁੱਤ ਢਾਹੇ ਜਾਣ 'ਤੇ ਖੁਸ਼ ਤਾਂ ਹੋਏ ਹਨ, ਪਰ ਸਿਆਸੀ ਰੁਤਬਿਆਂ ਕਾਰਨ ਖੁੱਲ੍ਹ ਕੇ ਪ੍ਰਸ਼ੰਸਾ ਨਹੀਂ ਕਰਦੇ।

ਜਿੱਥੇ ਜਿੱਥੇ ਲੇਬਰ ਪਾਰਟੀ ਤਾਕਤ 'ਚ ਹੈ, ਉਨ੍ਹਾਂ 'ਚੋਂ ਬਹੁਤਿਆਂ ਨੇ ਬੁੱਤ ਹਟਾਉਣ ਦਾ ਫੈਸਲਾ ਕਰ ਲਿਆ ਹੈ। ਬਾਲਾਦਸਤੀ ਵਾਲਿਆਂ ਦੇ ਬੁੱਤ ਢਹਿ ਰਹੇ ਹਨ। ਹਾਂ, ਹਟਾਉਣ ਦਾ ਫੈਸਲਾ ਹੋ ਗਿਆ ਹੈ।

'ਹੇਠਲੀ ਉਤੇ ਆਉਣੀ' ਦੀ ਸਹੀ ਤਸਵੀਰ ਇਹੋ ਹੈ। ਵਲੈਤ 'ਚ ਕਈ ਥਾਂਈਂ ਨੈਲਸਨ ਮੰਡੇਲਾ ਦੇ ਬੁੱਤ ਲੱਗੇ। ਕਈ ਇਮਾਰਤਾਂ ਦੇ ਨਾਂ ਵੀ ਉਹਦੇ ਨਾਂ 'ਤੇ ਰੱਖੇ ਗਏ। ਮੇਰੇ ਆਪਣੇ ਸ਼ਹਿਰ, ਨੈਲਸਨ ਆਪ ਆ ਕੇ ਬੁੱਤ ਦਾ ਉਦਘਾਟਨ ਕਰਕੇ ਗਿਆ। ਮੈਂ ਖੁਸ਼ ਸਾਂ। ਇਹਦੀ ਰਿਹਾਈ ਲਈ ਅਸੀਂ ਮੁਜ਼ਾਹਰਿਆਂ 'ਚ ਹਿੱਸਾ ਲੈਂਦੇ ਰਹੇ ਸਾਂ। ਗਾਂਧੀ ਦੇ ਬੁੱਤ ਵੀ ਕਈ ਥਾਂਈਂ ਲੱਗੇ ਹਨ। ਹੋਰ ਤਾਂ ਹੋਰ ਮੁਹੰਮਦ ਅਲੀ ਦੇ ਬੁੱਤ ਲੱਗੇ ਤੇ ਇਮਾਰਤਾਂ ਦੇ ਨਾਂ ਵੀ ਉਹਦੇ ਨਾਂ 'ਤੇ ਰੱਖੇ ਗਏ।

ਮਨ ਬਚਨ ਕਰਦਾ ਹੈ ਕਿ ਜੇ ਬੁੱਤ ਬੋਲਦੇ ਹੁੰਦੇ ਤਾਂ ਆਪਣੀਆਂ ਕੀਤੀਆਂ ਦਾ ਪਛਤਾਵਾ ਕਰਦੇ ਜਾਂ ਜ਼ਿੰਦ ਕਰਦੇ ਕਿ ਅਸੀਂ ਸਹੀ ਕੀਤਾ ਜਾਂ ਉਸ ਵੇਲੇ ਇਹ ਸਹੀ ਸੀ। ਕੀ ਉਸ ਵੇਲੇ ਕੀਤਾ ਗਲਤ ਕੰਮ ਸਹੀ ਹੁੰਦਾ ਹੈ? ਕੀ ਇਨ੍ਹਾਂ ਤੋਂ ਅਫਰੀਕਾ ਦੇ ਟਰੁਥ ਐਂਡ ਰੀਕੰਸਿਲੀਏਸ਼ਨ ਕਮਿਸ਼ਨ ਦੀ ਤਰਜ਼ 'ਤੇ ਇਮਾਨਦਾਰੀ ਨਾਲ ਸਵੈ ਬਿਆਨੀ ਕਰਵਾਈ ਜਾ ਸਕਦੀ? ਪਰ ਬੁੱਤ ਤਾਂ ਬੋਲਦੇ ਨਹੀਂ। ਬੁੱਤਾਂ ਵਾਲਿਆਂ ਦੇ 'ਕੰਮ' ਜ਼ਰੂਰ ਬੋਲੀ ਜਾ ਰਹੇ ਹਨ।

ਸਾਡੇ ਪੰਜਾਬੀਆਂ 'ਚ ਕੀਲੇ 'ਤੇ ਜ਼ੋਰ ਤੀਂਗੜਨ ਵਾਲੀ ਗੱਲ ਆਮ ਬੋਲੀ-ਦੱਸੀ ਜਾਂਦੀ ਹੈ। ਬੁੱਤ ਵੀ ਕੀਲੇ ਦੇ ਜ਼ੋਰ 'ਤੇ ਹੀ ਬੋਲਦੇ ਹਨ। ਚੁੱਪ ਵੀ ਕੀਲੇ ਦੇ ਜ਼ੋਰ ਬਿਨਾ ਹੀ ਹੋ ਜਾਂਦੇ ਹਨ। ਭਲਾ ਜੇ ਇਹ ਬੁੱਤ ਬੋਲਣ ਜੋਗੇ ਹੁੰਦੇ ਤਾਂ ਹੁਣ ਕੀ ਕਹਿੰਦੇ?

## ਮਿਨੀ ਕਹਾਣੀ

## ਪੈਮਾਨਾ

ਰੋਜ਼ਾਨਾ ਦੀ ਆਦਤ ਅਨੁਸਾਰ ਮੈਂ ਘਰ ਦੇ ਨਾਲ ਦੀ ਲੰਘਦੀ ਸੜਕ 'ਤੇ ਮੂੰਹ ਹਨੇਰੇ ਹੀ ਸੈਰ ਲਈ ਨਿਕਲ ਜਾਂਦਾ ਹਾਂ। ਆਸੇ-ਪਾਸੇ ਵਾਲੇ ਇੱਕ ਤਾਂ ਉਠਦੇ ਦੇਰ ਨਾਲ ਹਨ ਤੇ ਦੂਜਾ ਸਵੇਰੇ ਹੀ ਅਜਿਹੀਆਂ ਗੱਲਾਂ ਛੋਹ ਲੈਂਦੇ ਹਨ, ਜੋ ਮੈਨੂੰ ਪਸੰਦ ਨਹੀਂ। ਪੇਂਡੂ ਪਿਛੋਕੜ ਹੋਣ ਕਰਕੇ ਮੈਂ ਉਨ੍ਹਾਂ ਵਾਂਗ ਕੱਪੜੇ ਵੀ ਨਵੀਂ ਕਿਸਮ ਦੇ ਬਜ਼ਾਰੂ ਨਹੀਂ ਪਾਉਂਦਾ, ਸਗੋਂ ਆਮ ਕੁੜਤਾ ਪਜਾਮਾ, ਗਰਮੀ ਹੋਣ ਕਰਕੇ ਉਹ ਵੀ ਪੁਰਾਣਾ ਘਸਿਆ ਹੋਇਆ ਪਾ ਲੈਂਦਾ ਹਾਂ।

ਇਸ ਤਰ੍ਹਾਂ ਹੀ ਇੱਕ ਦਿਨ ਘਰ ਤੋਂ ਕੁਝ ਦੂਰੀ 'ਤੇ ਇੱਕ ਮੁੰਡਾ ਕਾਰ ਕਿਨਾਰੇ 'ਤੇ ਰੋਕ ਖੜਾ ਸੀ। ਉਟ-ਪਟਾਂਗ ਜਿਹੇ ਕੱਪੜੇ, ਥਾਂ ਥਾਂ ਤੋਂ ਪਾਟੀ ਹੋਈ ਜੀਨ ਪੈਂਟ, ਪੁੱਠੇ ਜਿਹੇ ਵਾਹੇ ਵਾਲ, ਰੰਗਦਾਰ ਐਨਕ ਵੇਖ ਕੇ ਮੈਂ ਇਕਦਮ ਡਰ ਗਿਆ। ਸ਼ਹਿਰ ਵਿਚ ਕਈ ਦਿਨਾਂ ਤੋਂ ਚੋਰੀ ਤੇ ਲੁੱਟ ਖੋਹ ਬਹੁਤ ਵੱਧ ਗਈ ਸੀ। ਭਾਵੇਂ ਮੇਰੇ ਕੋਲ ਇਸ ਵਕਤ ਕੁਝ ਵੀ ਨਹੀਂ ਸੀ, ਪਰ ਇਹ ਲੋਕ ਨਾ ਕੁਝ ਮਿਲਣ 'ਤੇ ਸੱਟ ਫੇਟ ਮਾਰਨ ਲੱਗੇ ਵੀ ਨਹੀਂ ਸਨ ਝਿਜਕਦੇ।

ਮੈਂ ਨੇੜੇ ਆਇਆ ਤਾਂ ਉਹ ਮੁੰਡਾ ਕਾਰ ਦੁਆਲੇ ਗੇੜੇ ਜਿਹੇ ਕੱਢਣ ਲੱਗਾ। ਮੈਂ ਹੌਸਲਾ ਕਰ ਲੰਘ ਗਿਆ। ਮੈਂ ਇਸੇ ਖਿਚੋਤਾਣ ਵਿਚ ਦੋ-ਤਿੰਨ ਗੇੜੇ ਪੂਰੇ ਕਰ ਲਏ।

"ਅੰਕਲ ਕਾਰ ਬਾਰੇ ਤਾਂ ਨਹੀਂ ਜਾਣਦੇ ਹੋਵੋਂਗੇ, ਬੰਦ ਹੋ ਗਈ, ਚਾਲੂ ਨਹੀਂ ਹੋ ਰਹੀ।" ਮੁੰਡੇ ਨੇ ਝਿਜਕਦਿਆਂ ਕਿਹਾ।

"ਨਹੀਂ, ਕਾਕਾ।" ਹਾਲਾਂਕਿ ਮੈਂ ਕਈ ਸਾਲਾਂ ਤੋਂ ਕਾਰ ਚਲਾ ਰਿਹਾ ਹਾਂ ਅਤੇ ਕੁਝ ਮੁਢਲੀ ਜਾਣਕਾਰੀ ਵੀ ਰੱਖਦਾ ਹਾਂ, ਪਰ ਉਸ ਕੋਲ ਜਾਣ ਤੋਂ ਡਰ ਰਿਹਾ ਸਾਂ।

"ਕੱਪੜਿਆਂ ਤੋਂ ਹੀ ਲੱਗਦਾ ਸੀ ਕਿ ਕਾਰ ਵਾਲੇ ਤਾਂ ਲੱਗਦੇ ਨਹੀਂ।" ਮੁੰਡੇ ਨੇ ਨੀਵੀਂ ਅਵਾਜ਼ 'ਚ ਆਪਣੇ ਆਪ ਨੂੰ ਕਿਹਾ, ਪਰ ਚੁਫੇਰੇ ਚੁੱਪ ਪਸਰੀ ਹੋਣ ਕਰਕੇ ਮੈਨੂੰ ਸਾਫ ਸੁਣ ਗਿਆ ਸੀ।

-ਗੁਰਮੀਤ ਸਿੰਘ ਮਰਾੜ੍ਹ

# ਜ਼ਿੰਦਗੀ ਨਾਲ ਮੋਹ-ਮੁਹੱਬਤ ਅਤੇ ਫਿਲਮ '24 ਫਰੇਮਜ਼'

**ਵਿਰਾਸਤ-ਏ-ਸਿਨੇਮਾ**



ਡਾ. ਕੁਲਦੀਪ ਕੌਰ
ਫੋਨ: +91-98554-04330

***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਇਸ ਵਾਰ ਇਰਾਨ ਦੇ ਫਿਲਮਸਾਜ਼ ਅੱਬਾਸ ਕਇਰੋਸਤਮੀ ਦੀ ਫਿਲਮ '24 ਫਰੇਮਜ਼' ਬਾਰੇ ਗੱਲ ਕੀਤੀ ਗਈ ਹੈ। -ਸੰਪਾਦਕ***




ਫਿਲਮ '24 ਫਰੇਮਜ਼' ਦੀ ਇਕ ਝਲਕ।

ਇਰਾਨੀ ਫਿਲਮਸਾਜ਼ ਅੱਬਾਸ ਕਰਿਓਸਤਮੀ ਦੀ ਫਿਲਮ '24 ਫਰੇਮਜ਼' ਦੇ ਸ਼ੁਰੂ ਤੋਂ ਹੀ ਦਰਸ਼ਕ ਇਸ ਗੱਲ ਦੀ ਹੈਰਾਨੀ ਵਿਚ ਡੁੱਬ ਜਾਂਦਾ ਹੈ ਕਿ ਉਸ ਨੇ ਇਸ ਫਿਲਮ ਨੂੰ ਸੋਚਿਆ ਕਿਵੇਂ ਹੋਵੇਗਾ। ਇਹ ਅੱਬਾਸ ਦੀ ਤਿੰਨ ਸਾਲਾਂ ਦੀ ਮਿਹਨਤ 'ਤੇ ਆਧਾਰਿਤ ਅਜਿਹੀ ਫਿਲਮ ਹੈ ਜਿਸ ਵਿਚ ਚੌਵੀ ਛੋਟੀਆਂ ਫਿਲਮਾਂ ਸੰਗੀਤ ਅਤੇ ਕਵਿਤਾ ਦੀ ਤਰਜ਼ 'ਤੇ ਸੋਚੀਆਂ ਅਤੇ ਫਿਲਮਾਈਆਂ ਗਈਆਂ ਹਨ। ਇਨ੍ਹਾਂ ਫਿਲਮਾਂ ਵਿਚ ਆਪਸੀ ਬਿਰਤਾਂਤ ਦੀ ਲਗਾਤਾਰਤਾ ਕੈਮਰਾ ਘੜਦਾ ਹੈ। ਦਰਸ਼ਕ ਨੂੰ ਫਰੇਮ ਵਿਚ ਜੜੀ ਫੋਟੋ ਖਿੱਚਣ ਤੋਂ ਪਹਿਲਾਂ ਉਸ ਵਿਚ ਪਈਆਂ ਚੀਜ਼ਾਂ ਅਤੇ ਕਿਰਦਾਰਾਂ ਨੂੰ ਫੋਟੋ ਦੇ ਮੁਕੰਮਲ ਹੋ ਜਾਣ ਜਾਂ ਖਿੱਚੇ ਜਾਣ ਤੋਂ ਬਾਅਦ ਦੀ ਹਾਲਤ ਦਾ ਅੰਦਾਜ਼ਾ ਕੈਮਰੇ ਰਾਹੀ ਸਪਸ਼ਟ ਕਰਨ ਦਾ ਮੌਕਾ ਮਿਲਦਾ ਹੈ। ਅੱਬਾਸ ਅਨੁਸਾਰ, "ਕੋਈ ਫੋਟੋ ਜਾਂ ਚਿੱਤਰ ਖਿੱਚੇ ਜਾਂ ਵਾਹੇ ਜਾਣ ਤੋਂ ਪਹਿਲਾਂ ਕਿਸ ਤਰ੍ਹਾਂ ਦਾ ਹੁੰਦਾ ਹੈ? ਇਸ ਦੇ ਖਿੱਚੇ ਅਤੇ ਵਾਹੇ ਜਾਣ ਤੋਂ ਬਾਅਦ ਇਹ ਕਿਸ ਤਰ੍ਹਾਂ ਦਾ ਹੋਵੇਗਾ?" ਇਹ ਮਹਤੱਵਪੂਰਨ ਸਵਾਲ ਹਰ ਘੜੀ, ਹਰ ਚੀਜ਼ ਬਾਰੇ ਦਿਮਾਗ ਵਿਚ ਘੁੰਮਦੇ ਰਹਿੰਦੇ ਹਨ। ਅਸੀਂ ਤਾਂ ਸਿਰਫ ਉਸ ਚੀਜ਼ ਜਾਂ ਸਮੇਂ ਦਾ ਨਿੱਕਾ ਜਿਹਾ ਟੋਟਾ ਹੀ ਫੜ ਸਕਦੇ ਹਾਂ ਪਰ ਇਸ ਨਾਲ ਉਸ ਦੀ ਗਤੀ ਜਾਂ ਹਾਲਤ 'ਤੇ ਕੋਈ ਜ਼ਿਆਦਾ ਅਸਰ ਨਹੀਂ ਪੈਂਦਾ।

ਇਸ ਫਿਲਮ ਵਿਚ ਐਨੀਮੇਸ਼ਨ ਅਤੇ ਗ੍ਰਾਫਿਕਸ ਦੀ ਵਰਤੋਂ ਕੀਤੀ ਗਈ ਹੈ ਜਿਹੜੀ ਅੱਬਾਸ ਦੀ ਕਿਸੇ ਹੋਰ ਫਿਲਮ ਵਿਚ ਦੇਖਣ ਨੂੰ ਨਹੀਂ ਮਿਲਦੀ। ਇਸ ਫਿਲਮ ਦਾ ਹਰ ਫਰੇਮ ਖਾਲੀ ਸਟਿੱਲ ਇਮੇਜ ਤੋਂ ਸ਼ੁਰੂ ਹੁੰਦਾ ਹੈ ਅਤੇ ਅਨੰਤਤਾ ਨੂੰ ਫੜਨ ਦੀ ਕੋਸ਼ਿਸ ਕਰਦਾ ਹੈ। ਇਸ ਵਿਚ ਗਤੀਸ਼ੀਲਤਾ ਦੀ ਹੋਣੀ ਵੀ ਸਥਿਰਤਾ ਵਿਚ ਲੋਪ ਹੋ ਜਾਣ ਦੀ ਹੈ। ਖਿੜਕੀ ਤੋਂ ਬਾਹਰ ਦਰੱਖਤ ਲਹਿਰਾ ਰਿਹਾ ਹੈ, ਦਰੱਖਤਾਂ ਦੇ ਅੱਗਿਉਂ ਕੁਝ ਜਾਨਵਰ ਭੱਜੇ ਜਾ ਰਹੇ ਹਨ, ਚਿਮਨੀਆਂ ਵਿਚੋਂ ਧੂੰਆਂ ਉਠ ਰਿਹਾ ਹੈ, ਸਮੁੰਦਰ ਦੀਆਂ ਲਹਿਰਾਂ ਉਪਰ ਬਾਰਿਸ਼ ਦੀਆਂ ਬੂੰਦਾਂ ਡਿਗ ਕੇ ਉਸ ਵਿਚ ਜਜ਼ਬ ਹੋ ਰਹੀਆਂ ਹਨ। ਕਿਤੇ ਵੀ ਕੁਝ ਨਹੀਂ ਬਦਲ ਰਿਹਾ ਅਤੇ ਕਿਤੇ ਸਾਰਾ ਕੁਝ ਹੀ ਬਦਲ ਗਿਆ ਹੈ। ਇਸ ਬਦਲਣ ਅਤੇ ਨਾ-ਬਦਲਣ ਦੇ ਵਿਚਕਾਰ ਹੀ ਸੰਗੀਤ ਇਸ ਸਾਰੇ ਦ੍ਰਿਸ਼ ਦੀ ਕਲਪਨਾ ਨੂੰ ਜ਼ੁਬਾਨ ਦਿੰਦਾ ਹੈ। ਇਸ ਫਿਲਮ ਦੇ ਚੌਥੇ ਫਰੇਮ ਵਿਚ ਬਹੁਤ ਸਾਰੇ ਦਰੱਖਤਾਂ ਦੇ ਅੱਗਿਉਂ ਜਾਨਵਰ ਭੱਜੇ ਜਾ ਰਹੇ ਹਨ। ਦਰਸ਼ਕ ਨੂੰ ਨਹੀਂ ਪਤਾ ਇਹ ਕਿੱਥੋਂ ਆਏ ਹਨ, ਦਰਸ਼ਕ ਨੂੰ ਨਹੀਂ ਪਤਾ ਇਹ ਕਿੱਥੇ ਜਾ ਰਹੇ ਹਨ; ਇਹੀ ਟਿੱਪਣੀ ਸਾਡੀ ਆਪਣੀ ਜ਼ਿੰਦਗੀ ਦਾ ਕੌੜਾ ਸੱਚ ਹੈ।

'24 ਫਰੇਮ' ਦਾ ਛੇਵਾਂ ਫਰੇਮ ਆਪਣੀ ਗਤੀਸ਼ੀਲਤਾ ਅਤੇ ਖੂਬਸੂਰਤੀ ਦੇ ਦਮ 'ਤੇ ਹਮੇਸ਼ਾ ਦਰਸ਼ਕਾਂ ਦੇ ਚੇਤਿਆਂ ਵਿਚ ਟਿਕਿਆ ਰਹਿ ਸਕਦਾ ਹੈ। ਇਸ ਦੀ ਕਹਾਣੀ ਸਿਰਫ ਇੰਨੀ ਹੈ ਕਿ ਇੱਕ ਖਿੜਕੀ ਹੈ ਜਿਸ ਦੇ ਬਾਹਰ ਦਰੱਖਤ ਹੈ। ਤੇਜ਼ ਹਵਾ ਚੱਲਣ ਨਾਲ ਇਸ ਦਰੱਖਤ ਵਿਚ ਇੰਨੀ ਜਾਨ ਆ ਗਈ ਹੈ ਕਿ ਇਸ ਨੇ ਆਪਣੀ ਲਹਿਰਾਉਣ ਦੀ ਗਤੀ ਦੇ ਬਲ 'ਤੇ ਇਸ ਫਰੇਮ ਵਿਚ ਸ਼ਾਮਿਲ ਸਾਰੀਆਂ ਚੀਜ਼ਾਂ ਤੋਂ ਅੱਖ ਦਾ ਧਿਆਨ ਹਟਾ ਕੇ ਆਪਣੇ 'ਤੇ ਕੇਂਦਰਿਤ ਕਰ ਲਿਆ ਹੈ। ਤੁਸੀਂ ਫਿਲਮਸਾਜ਼, ਦਰਸ਼ਕ, ਕੈਮਰੇ ਜਾਂ ਅੱਖ ਵਜੋਂ ਇਸ ਨੂੰ ਆਪਣੇ ਧਿਆਨ ਵਿਚੋਂ ਬੇਦਖਲ ਨਹੀਂ ਕਰ ਸਕਦੇ ਹਨ। ਤੁਸੀਂ ਇਸ ਵੱਲ ਪਿੱਠ ਭੁਆ ਕੇ ਖੜ੍ਹੇ ਨਹੀਂ ਰਹਿ ਸਕਦੇ। ਇਸ ਦੀ ਖੂਬਸੂਰਤੀ ਇਸ ਦੀ ਛਿਣ-ਭੰਗਰਤਾ ਵਿਚ ਹੈ। ਥੋੜ੍ਹੀ ਦੇਰ ਤੱਕ ਇਸ ਤੂਫਾਨ ਨੇ ਥੰਮ੍ਹ ਜਾਣਾ ਹੈ। ਇਸ ਦਰਖੱਤ ਨੂੰ ਵੀ ਉਸ ਦੇ ਨਾਲ ਹੀ ਰੁਕਣਾ ਪੈਣਾ ਹੈ। ਸਾਡੀ ਅੱਖ ਅਤੇ ਚੇਤੇ ਨੇ ਵੀ ਵਾਪਸ ਪਰਤਣਾ ਹੈ। ਇਹ ਰੋਜ਼ ਨਹੀਂ ਹੋਣਾ ਪਰ ਇਸ ਦੇ ਦੁਬਾਰਾ ਵਾਪਰਨ ਦੀ ਉਮੀਦ ਉਦੋਂ ਤੱਕ ਬਣੀ ਰਹਿਣੀ ਹੈ, ਜਦੋਂ ਤੱਕ ਇਹ ਦਰੱਖਤ ਇੱਥੇ ਹੈ, ਇਹ ਖਿੜਕੀ ਇੱਥੇ ਹੈ, ਸਾਡੀ ਅੱਖ ਜਿਊਂਦੀ ਹੈ ਅਤੇ ਇਸ ਧਰਤੀ 'ਤੇ ਹਵਾ ਦੀ ਹੋਂਦ ਹੈ।




ਫਿਲਮ '24 ਫਰੇਮਜ਼' ਦਾ ਪੋਸਟਰ।

ਇਸ ਫਿਲਮ ਦਾ ਹਰ ਫਰੇਮ ਚਾਰ ਮਿੰਟ ਸਕਰੀਨ 'ਤੇ ਰਹਿੰਦਾ ਹੈ। ਫਿਲਮ ਦੇ 15ਵੇਂ ਫਰੇਮ ਵਿਚ ਵੀ ਪੂਰੀ ਫਿਲਮ ਵਾਪਰਦੀ ਹੈ। ਆਈਫਲ ਟਾਵਰ ਦੇ ਸਾਹਮਣੇ ਬਣੇ ਪੁਲ ਦੀ ਕੰਧੀ 'ਤੇ ਕੈਮਰੇ ਵੱਲ ਪਿੱਠ ਕਰੀ ਤਿੰਨ ਬਜ਼ੁਰਗ ਔਰਤਾਂ ਅਤੇ ਤਿੰਨ ਬਜ਼ੁਰਗ ਮਰਦ ਖੜ੍ਹੇ ਹਨ। ਉਹ ਸਾਹਮਣੇ ਦੇ ਦ੍ਰਿਸ਼ ਵਿਚ ਪੂਰੀ ਤਰ੍ਹਾਂ ਖੁੱਭੇ ਹੋਏ ਹਨ। ਇਹ ਸਟਿੱਲ ਫੋਟੋ ਹੈ। ਇਸ ਵਿਚ ਫਿਲਮਸਾਜ਼ ਕੰਪਿਊਟਰ ਅਤੇ ਗ੍ਰਾਫਿਕ ਡਿਜ਼ਾਈਨਿੰਗ ਦੀ ਮਦਦ ਨਾਲ ਜ਼ਿੰਦਗੀ ਦੀਆਂ ਕਤਰਨਾਂ ਜੋੜਦਾ ਚਲਾ ਜਾਂਦਾ ਹੈ। ਉਨ੍ਹਾਂ ਸਾਰੇ ਬੁਜ਼ਰਗਾਂ ਦੀ ਪਿੱਠ ਪਿਛੇ ਇੱਕ ਕੰਮਕਾਜੀ ਕੁੜੀ ਫੁਰਤੀ ਨਾਲ ਗੁਜ਼ਰਦੀ ਹੈ। ਇੱਕ ਦੋ ਜੋੜੇ ਮਟਰਗਸ਼ਤੀ ਕਰਦਿਆਂ ਲੰਘਦੇ ਹਨ। ਇੱਕ ਮਾਂ ਆਪਣੇ ਬੱਚੇ ਨਾਲ ਲਾਡ ਕਰਦਿਆਂ ਉਥੋਂ ਗੁਜ਼ਰਦੀ ਹੈ। ਹੁਣ ਬਰਫ ਪੈਣੀ ਸ਼ੁਰੂ ਹੋ ਗਈ ਹੈ। ਕੋਈ ਸੰਗੀਤਕਾਰ ਆਪਣਾ ਆਰਕੇਡੀਅਨ ਵਜਾਉਂਦਾ ਉਥੋਂ ਗੁਜ਼ਰ ਰਿਹਾ ਹੈ। ਇੰਦਾਂ ਹੀ ਸਭ ਗੁਜ਼ਰ ਜਾਂਦਾ ਹੈ ਇੱਕ ਦਿਨ ... ਯਾਦਾਂ ਵੀ। ਅੱਬਾਸ ਗੁਜ਼ਰਨ ਦੇ ਇਸ ਅਹਿਸਾਸ ਨੂੰ ਵੀ ਸੰਗੀਤ ਦੀ ਘੁੰਡੀ ਨਾਲ ਫੜ ਲੈਂਦਾ ਹੈ ਅਤੇ ਇਸ ਦ੍ਰਿਸ਼ ਦਾ ਗੁਜ਼ਰਨਾ ਕੁਝ ਦੇਰ ਲਈ ਚੇਤਿਆਂ ਵਿਚੋਂ ਵੀ ਮਨਸੂਖ ਹੋ ਜਾਂਦਾ ਹੈ।

ਇਸ ਫਿਲਮ ਦੇ ਇੱਕ ਹੋਰ, ਫਰੇਮ ਨੰਬਰ 24 ਵਿਚ ਇੱਕ ਖਿੜਕੀ ਹੈ, ਉਸ ਵਿਚ ਪੇਂਟਿੰਗ ਦਿਸਦੀ ਹੈ। ਇਸ ਪੇਂਟਿੰਗ ਨੂੰ ਦੇਖਦਿਆਂ ਜਾਪਦਾ ਹੈ ਕਿ ਇਹ ਬੋਲ ਰਹੀ ਹੈ। ਕੈਮਰਾ ਖਿੜਕੀ ਵਿਚੋਂ ਅੰਦਰ ਛਣ ਕੇ ਆ ਰਹੇ ਰੋਸ਼ਨੀ ਦੇ ਟੁਕੜੇ 'ਤੇ ਫੋਕਸ ਹੈ। ਇਉਂ ਇਸ ਪੂਰੀ ਫਿਲਮ ਵਿਚ ਅੱਬਾਸ ਵੱਖ-ਵੱਖ ਸਮੇਂ ਅਤੇ ਸਪੇਸ ਵਿਚ ਅਟਕ ਗਏ ਕਿਰਦਾਰਾਂ, ਚੀਜ਼ਾਂ ਅਤੇ ਗਤੀਵਿਧੀਆਂ ਦੀ ਗਵਾਹੀ ਭਰਦਾ ਹੈ। ਹਰ ਫਰੇਮ ਵਿਚਲਾ ਭਾਰਾਪਣ ਸੰਗੀਤ ਜਾਂ ਹਵਾ ਜਾਂ ਰੰਗਾਂ ਦੀ ਗਤੀਸ਼ੀਲਤਾ ਨਾਲ ਟਕਰਾਉ ਵਿਚ ਹੈ।

ਫਿਲਮ '24 ਫਰੇਮ' ਵਿਚ ਅੱਬਾਸ ਸਟਿੱਲ ਫੋਟੋਗਰਾਫੀ ਅਤੇ ਸਿਨੇਮਾ ਦੇ ਆਪਸੀ ਲੈਣ-ਦੇਣ ਦੀ ਪ੍ਰਕਿਰਿਆ ਅਤੇ ਲਗਾਤਾਰਤਾ ਬਣਾਈ ਰੱਖਦਾ ਹੈ। ਅੱਬਾਸ ਆਪਣੇ ਫਿਲਮਸਾਜ਼ੀ ਦੀ ਕਲਾ ਤੋਂ ਬਿਨਾਂ ਨਾ ਸਿਰਫ ਬੱਚਿਆਂ ਲਈ ਕਿਤਾਬਾਂ ਦੇ ਸਰਵਰਕ ਤੇ ਸਿਲੇਬਸ ਡਿਜ਼ਾਇਨ ਕਰਦਾ ਰਿਹਾ ਹੈ ਸਗੋਂ ਉਹਨੇ ਗ੍ਰਾਫਿਕਸ ਡਿਜ਼ਾਈਨਿੰਗ ਦੇ ਖੇਤਰ ਵਿਚ ਵੀ ਲੰਮਾ ਸਮਾਂ ਕੰਮ ਕੀਤਾ। ਉਹਨੇ ਸਕੂਲ ਦੇ ਬੱਚਿਆਂ ਦੀ ਰੋਜ਼ਾਨਾ ਜ਼ਿੰਦਗੀ 'ਤੇ ਆਧਾਰਿਤ ਕਈ ਛੋਟੀਆਂ ਫਿਲਮਾਂ ਦਾ ਨਿਰਮਾਣ ਵੀ ਕੀਤਾ। ਇਸ ਫਿਲਮ ਵਿਚ ਉਹਦੀ ਸਿਨੇਮਾ ਅਤੇ ਜ਼ਿੰਦਗੀ ਬਾਰੇ ਫਿਲਮਾਂ ਛੋਟੀਆਂ-ਛੋਟੀਆਂ ਪਰ ਆਪਣੇ-ਆਪ ਵਿਚ ਮੁਕੰਮਲ ਹਨ। ਇਹ ਫਿਲਮਾਂ ਬਣਾਉਦਿਆਂ ਅੱਬਾਸ ਆਪਣੀ ਕਵਿਤਾ ਵਾਂਗ ਸਹਿਜ ਅਤੇ ਕੁਦਰਤ ਨਾਲ ਇੱਕ-ਮਿੱਕ ਨਜ਼ਰ ਆਉਂਦਾ ਹੈ। ਇਸ ਵਿਚ ਕੁਦਰਤ ਦੇ ਦ੍ਰਿਸ਼ਾਂ ਵਿਚ ਕੁਝ ਵੀ ਬਦਲਣ ਦੀ ਕੋਸ਼ਿਸ ਕੀਤੇ ਬਿਨਾਂ ਮਨੁੱਖੀ ਕਲਪਨਾ ਦੀ ਸਮਰੱਥਾ ਉਭਾਰਨ ਦਾ ਸਾਰਥਿਕ ਯਤਨ ਹੈ। ਕੁਦਰਤ 'ਮਾਣਨ' ਨਾਲੋਂ ਉਸ ਨੂੰ ਸੁਣਨ ਅਤੇ ਸਮਝਣ ਦਾ ਯਤਨ ਹੈ। ਫਿਲਮ ਵਿਚ ਖਾਸ ਕਿਸਮ ਦੀ ਇਕੱਲ ਹੈ, ਗਹਿਰੀ ਅਨਿਸ਼ਚਤਤਾ ਹੈ, ਨਾ-ਮੁੱਕਣ ਵਾਲੀ ਜਗਿਆਸਾ ਹੈ। ਫਿਲਮ ਦੇਖਦਿਆਂ ਇਹ ਮੁਮਕਿਨ ਹੀ ਨਹੀਂ ਕਿ ਦਰਸ਼ਕ ਆਪਣੀਆਂ ਬਹੁਤ ਸਾਰੀਆਂ ਨਵੀਆਂ ਕਹਾਣੀਆਂ ਅਤੇ ਮਿੱਥਾਂ ਨਾ ਘੜੇ। ਇਹ ਸਿਰਜਣਾ ਲਈ ਪ੍ਰੇਰਨ ਵਾਲੀ ਕਲਾ-ਫਿਲਮ ਹੈ। ਫਿਲਮ ਦੇ ਪਹਿਲੇ ਦ੍ਰਿਸ਼ ਵਿਚ ਆਈ ਪੇਂਟਿੰਗ ਹੀ ਅਗਲੇ ਸਾਰੇ ਫਰੇਮਾਂ ਵਿਚ ਖੁੱਲ੍ਹਦੀ ਚਲੀ ਜਾਂਦੀ ਹੈ। ਇਸ ਫਿਲਮ ਨਾਲ ਅੱਬਾਸ ਨੇ ਦਰਸ਼ਕਾਂ ਦੇ ਵਰਗੀਕਰਨ ਦੀ ਮਿੱਥ ਨੂੰ ਵੀ ਤੋੜਿਆ ਹੈ। ਇਸ ਨੂੰ ਨੱਬੇ ਸਾਲਾਂ ਬੁਜ਼ਰਗ ਤੋਂ ਲੈ ਕੇ 3-4 ਸਾਲ ਤੱਕ ਦਾ ਬੱਚਾ ਆਰਾਮ ਨਾਲ ਦੇਖ ਅਤੇ ਸਮਝ ਸਕਦਾ ਹੈ। ਇਹ ਜ਼ਿੰਦਗੀ ਵਾਂਗ ਹੈ। ਇਸ ਵਿਚ ਬਿਰਤਾਂਤ ਘੜਿਆ ਨਹੀਂ ਗਿਆ।

ਹੁਣ ਇਸ ਫਿਲਮ ਦੇ ਅੰਤ 'ਤੇ ਪਹੁੰਚਦੇ ਹਾਂ। ਇਸ ਵਿਚ ਇਰਾਨ ਦੀ ਸੈਂਸਰਸ਼ਿਪ ਦਾ ਹਵਾਲਾ ਹੈ, ਭਾਵੇਂ ਅੱਬਾਸ ਬਾਰੇ ਮੰਨਿਆ ਜਾਂਦਾ ਹੈ ਕਿ ਉਸ ਦਾ ਸਿਨੇਮਾ ਸਿਆਸੀ ਨਹੀਂ। ਇੱਕ ਗਾਣਾ ਫਿਲਮ ਦੇ ਅੰਤ ਵਿਚ ਵੱਜਦਾ ਹੈ: ਮੁਹੱਬਤ ਕਦੇ ਨਹੀਂ ਮਰਦੀ; ਇਹ ਰਹੇਗੀ, ਤੁਸੀਂ ਰਹੋ ਨਾ ਰਹੋ। ... ਅੱਬਾਸ ਦਾ ਸਿਨੇਮਾ ਦੇਖਦਿਆਂ ਮਹਿਸੂਸ ਹੁੰਦਾ ਹੈ ਕਿ ਇਹ ਸਤਰਾਂ ਕਿੰਨੀਆਂ ਸੱਚੀਆਂ ਹਨ।

# ਸਿਨੇਮਾ, ਸਾਹਿਤ ਅਤੇ ਬਾਸੂ ਚੈਟਰਜੀ

ਭਾਰਤੀ ਫਿਲਮਸਾਜ਼ੀ ਦਾ ਨਵਾਂ ਸਫਾ ਲਿਖਣ ਵਾਲੇ ਰੁਮਾਨੀ ਤੇ ਸਮਾਜਿਕ ਫਿਲਮਸਾਜ਼ ਬਾਸੂ ਚੈਟਰਜੀ ਉਰਫ ਬਾਸੂ ਦੇ ਅਚਾਨਕ ਚੁੱਪ-ਚਾਪ ਨੀਂਦ ਵਿਚ ਹੀ ਇਸ ਸੰਸਾਰ ਤੋਂ ਵਿਦਾ ਹੋ ਜਾਣ ਨਾਲ ਭਾਰਤੀ ਸਿਨੇਮਾ ਦਾ ਇਕ ਯੁੱਗ ਖਤਮ ਹੋ ਗਿਆ। ਫਿਲਮੀ ਪਰਦੇ 'ਤੇ ਸਮਾਜ ਅਤੇ ਸਾਹਿਤ ਦੀ ਜ਼ਿੰਦਾਦਿਲੀ ਦੀ ਕਥਾ ਨੂੰ 1970 ਤੋਂ 1980 ਤੱਕ ਬਾਸੂ ਚੈਟਰਜੀ ਨੇ ਜਿਸ ਤਰ੍ਹਾਂ ਬਾਖੂਬੀ ਵਰਨਣ ਕੀਤਾ, ਉਹ ਉਸ ਦੀਆਂ ਫਿਲਮਾਂ ਦੇਖ ਕੇ ਪਤਾ ਲੱਗਦਾ ਹੈ। ਅਸਲ 'ਚ ਉਹ ਸੁਪਨਸਾਜ਼ ਸੀ।

'ਸਾਰਾ ਆਕਾਸ਼' (1969) ਬਾਸੂ ਦੀ ਅਜਿਹੀ ਫਿਲਮ ਸੀ ਜਿਸ ਨੂੰ ਸਮਾਜ ਵਿਚ ਮਾਨਤਾ ਮਿਲੀ ਅਤੇ ਉਸ ਨੇ ਫਿਲਮੀ ਆਕਾਸ਼ 'ਤੇ ਇਕ ਤਰ੍ਹਾਂ ਕਬਜ਼ਾ ਕਰ ਲਿਆ; ਹਾਲਾਂਕਿ 1966 ਵਿਚ ਬਾਸੂ ਨੇ ਬੇਹੱਦ ਚਰਚਿਤ ਫਿਲਮ 'ਤੀਸਰੀ ਕਸਮ' ਦੇ ਸਹਾਇਕ ਨਿਰਦੇਸ਼ਕ ਦੇ ਤੌਰ 'ਤੇ ਵੀ ਕੰਮ ਕੀਤਾ ਸੀ। ਉਹਨੇ ਸਾਹਿਤਕ ਕਿਰਤਾਂ ਨੂੰ ਬੇਹੱਦ ਖੂਬਸੂਰਤੀ ਨਾਲ ਫਿਲਮ ਪਰਦੇ 'ਤੇ ਲਿਆਂਦਾ। 'ਚਿੱਤਚੋਰ', 'ਓਸ ਪਾਰ', 'ਛੋਟੀ ਸੀ ਬਾਤ', 'ਖੱਟਾ ਮਿੱਠਾ', 'ਰੁਕਾ ਹੂਆ ਫੈਸਲਾ', 'ਪੀਆ ਕਾ ਘਰ', 'ਜੀਵਨ ਯਹਾਂ' ਤੋਂ ਬਿਨਾਂ 'ਰਜਨੀਗੰਧਾ', 'ਪ੍ਰਿਯਤਮਾ', 'ਅਪਨੇ ਪਰਾਏ' ਵਰਗੀਆਂ ਫਿਲਮਾਂ ਨੇ ਮੱਧ ਵਰਗੀ ਭਾਰਤੀ ਸਮਾਜ ਦੇ ਜਨ-ਜੀਵਨ ਤੇ ਸਭਿਆਚਾਰ ਨੂੰ ਫਿਲਮੀ ਪਰਦੇ 'ਤੇ ਪੇਸ਼ ਕੀਤਾ।

1970 ਅਤੇ 1980 ਦੌਰਾਨ ਅਸਲ ਵਿਚ ਫਿਲਮ ਸੰਸਾਰ ਅਤੇ ਸਾਹਿਤ ਵਿਚਕਾਰ ਖਾਸ ਲਾਗਾ-ਦੇਗਾ ਰਿਹਾ। ਬਾਸੂ ਚੈਟਰਜੀ ਇਕ ਪਾਸੇ ਤਾਂ ਸਿਨੇਮਾ ਰਾਹੀਂ ਸਾਹਿਤ, ਸਮਾਜ ਤੇ ਫਿਲਮਸਾਜ਼ੀ ਅਤੇ ਦੂਸਰੇ ਪਾਸੇ 'ਕਮਰਸ਼ੀਅਲ ਸਿਨੇਮਾ' ਨੂੰ ਚੁਣੌਤੀ ਦੇ ਰਹੇ ਸਨ। ਇਹ ਤੱਤ ਉਨ੍ਹਾਂ ਦੀਆਂ ਸਾਰੀਆਂ ਫਿਲਮਾਂ 'ਚ ਹੀ ਦੇਖਿਆ ਜਾ ਸਕਦਾ ਹੈ।

ਬਾਸੂ ਚੈਟਰਜੀ ਨੂੰ ਭਾਰਤੀ ਸਿਨੇਮਾ ਅੰਦਰ ਇਸ ਲਈ ਵੀ ਯਾਦ ਕੀਤਾ ਜਾਵੇਗਾ ਕਿ ਉਹ ਸਟਾਰਡਮ, ਅਰਥਾਤ ਮਹਿੰਗੇ ਹੀਰੋ ਹੀਰੋਇਨ ਤੇ ਵਿਦੇਸ਼ੀ ਸਥਾਨਾਂ ਦੀ ਜਗ੍ਹਾ ਭਾਰਤ ਦੇ ਹੀ ਛੋਟੇ ਸ਼ਹਿਰਾਂ ਅਤੇ ਭਾਰਤੀ ਪਹਿਰਾਵੇ ਤੇ ਆਮ ਬੋਲ-ਚਾਲ ਦੀ ਭਾਸ਼ਾ ਵਿਚ ਆਮ ਸਾਧਾਰਨ ਲੋਕਾਂ ਦੀ ਜ਼ਿੰਦਗੀ ਨੂੰ ਪਰਦੇ 'ਤੇ ਉਤਾਰਦਾ ਸੀ। ਮੱਧਵਰਗੀ ਪਰਿਵਾਰਕ ਉਥਲ-ਪੁਥਲ, ਸੰਜੀਦਾ ਚੁਲਬੁਲੀ ਬਹਿਸ ਅਤੇ ਆਮ ਜਗ੍ਹਾ ਦੀ ਸ਼ੂਟਿੰਗ, ਉਹਦੀਆਂ ਫਿਲਮਾਂ ਦੀ ਪਹਿਲੀ ਪਛਾਣ ਹੈ। ਆਮੋਲ ਪਾਲੇਕਰ ਅਤੇ ਸ਼ਬਾਨਾ ਆਜ਼ਮੀ ਵਰਗੇ ਸਾਧਾਰਨ ਚਿਹਰਿਆਂ ਵਾਲੇ ਅਦਾਕਾਰਾਂ ਦੇ ਨਾਲ-ਨਾਲ ਉਸ ਨੇ ਵਿਦਿਆ ਸਿਨਹਾ ਵਰਗੀਆਂ ਸਾਧਾਰਨ ਅਭਿਨੇਤਰੀਆਂ ਨੂੰ ਨਵੀਂ ਜ਼ਮੀਨ ਦਿੱਤੀ। ਇਸ ਲਈ ਹੀ ਉਹਨੂੰ ਸੜਕ ਅਤੇ ਸਿਨੇਮਾ ਦੇ ਚਿਤੇਰੇ ਵਜੋਂ ਵੀ ਦੇਖਿਆ ਜਾਂਦਾ ਹੈ।





ਫਿਲਮਸਾਜ਼ ਬਾਸੂ ਚੈਟਰਜੀ ਅਤੇ ਉਸ ਦੀ ਬਣਾਈ ਪ੍ਰਸਿੱਧ ਫਿਲਮ 'ਰਜਨੀਗੰਧਾ' ਦੀ ਝਲਕ।

ਬਾਸੂ ਨੇ 40 ਤੋਂ ਜ਼ਿਆਦਾ ਫਿਲਮਾਂ ਬਣਾਈਆਂ, ਮਗਰੋਂ ਉਹ ਟੀ. ਵੀ. ਸੀਰੀਅਲਾਂ ਵਾਲੇ ਪਾਸੇ ਵੀ ਉਤਰੇ। ਉਹਦੇ ਬਣਾਏ ਸੀਰੀਅਲਾਂ 'ਕੱਕਾ ਜੀ ਕਹਿਨ' ਅਤੇ 'ਰਜਨੀ' ਨੇ ਦੇਸ਼ ਤੇ ਵਿਦੇਸ਼ ਵਿਚ ਚੇਤਨਾ ਜਗਾਈ ਸੀ। ਬਾਸੂ ਚੈਟਰਜੀ ਨੇ ਕਈ ਫਿਲਮੀ ਸਿਤਾਰਿਆਂ ਨੂੰ ਮੌਕਾ ਦਿੱਤਾ। ਦੂਰਦਰਸ਼ਨ ਲਈ 'ਬਿਊਮਕੇਸ਼ ਬਖਸ਼ੀ' ਅਤੇ 'ਰਜਨੀ' ਨੇ ਭਾਰਤੀ ਟੈਲੀਵਿਜ਼ਨ 'ਚ ਪਾਤਰ ਰਚਨਾ ਅਤੇ ਸਮਾਜ ਪ੍ਰਵਾਨਗੀ ਦੀ ਨਵੀਂ ਪਰਿਭਾਸ਼ਾ ਲਿਖ ਦਿੱਤੀ। ਉਹਦੀਆਂ ਸਾਰੀਆਂ ਫਿਲਮਾਂ 'ਚ ਬਿਹਤਰੀਨ ਸੰਗੀਤ ਵੀ ਇਕ ਪਹਿਲੂ ਰਿਹਾ ਹੈ। ਓ -ਣਾ. ਕ੍ਰਿਨ ਕੁਮਾਰ ਰੱਤੂਹਨੇ ਸੱਤ ਵਾਰ ਫਿਲਮਫੇਅਰ ਐਵਾਰਡ ਜਿਤਿਆ ਅਤੇ 1992 ਵਿਚ ਨੈਸ਼ਨਲ ਐਵਾਰਡ ਵੀ ਮਿਲਿਆ। ਆਇਫਾ ਨੇ ਉਹਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡ ਨਾਲ ਨਵਾਜਿਆ।

***-ਡਾ. ਕ੍ਰਿਸ਼ਨ ਕੁਮਾਰ ਰੱਤੂ***

Tel.: 317-426-5410
Ext 311 or 340

XPressCargo

Cell : 317-701-4230
Fax : 317-308-6424

Pay Every Week
Single upto 42 Cent + Team Upto 50 Cent

100%
OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਉਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੋਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com